# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 12 | Issue 51 | 28 Dec., 2022 to 3 January, 2023 | Ph.: (510) 240-5949 | Email: asrtimes@gmail.com



## ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

### ਵੱਲੋਂ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ

## ਲੱਖ-ਲੱਖ ਵਧਾਈਆਂ



# ‘ਵੀਰ ਬਾਲ ਦਿਵਸ’ ਦਾ ਨਾਮ ਬਦਲਣ ਦੀ ਸ਼੍ਰੋਮਣੀ ਕਮੇਟੀ ਦੀ ਅਪੀਲ ਕੇਂਦਰ ਨੇ ਕੀਤੀ ਅੱਖੋਂ ਪਰੋਖੇ

**ਸਿਰਫ਼ ਸਿਆਸੀ ਮੰਤਵ ਨਾਲ ਕੀਤਾ ਜਾ ਰਿਹੈ ਵਿਰੋਧ : ਸਿਰਸਾ**

- ਕੇਂਦਰ ਨੇ ਕੌਮੀ ਤੇ ਕੌਮਾਂਤਰੀ ਪੱਧਰ ’ਤੇ ਪਹਿਲੀ ਵਾਰ ਮਨਾਇਆ ‘ਵੀਰ ਬਾਲ ਦਿਵਸ’
- ਸ਼੍ਰੋਮਣੀ ਕਮੇਟੀ ਤੇ ਪੰਥਕ ਜਥੇਬੰਦੀਆਂ ਵਲੋਂ ਸਾਹਿਬਜ਼ਾਦਿਆਂ ਦੇ ਨਾਮਕਰਨ ਦਾ ਵਿਰੋਧ

ਅੰਮ੍ਰਿਤਸਰ/ਏ.ਟੀ.ਨਿਊਜ਼ :- ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ‘ਵੀਰ ਬਾਲ ਦਿਵਸ’ ਦਾ ਨਾਂ ਬਦਲਣ ਦੀ ਸ਼੍ਰੋਮਣੀ ਕਮੇਟੀ ਦੀ ਅਪੀਲ ਨੂੰ ਫਿਲਹਾਲ ਕੇਂਦਰ ਸਰਕਾਰ ਨੇ ਅਣਡਿੱਠ ਕਰਕੇ ਕੇਂਦਰ ਸਰਕਾਰ ਵੱਲੋਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਦੀ ਸ਼ਹਾਦਤ ਸਬੰਧੀ ਦਿਵਸ ਨੂੰ ਵੀਰ ਬਾਲ ਦਿਵਸ ਦੇ ਰੂਪ ਵਿੱਚ ਹੀ ਮਨਾਇਆ ਗਿਆ। ਹਾਲਾਂਕਿ ਅੰਗਰੇਜ਼ੀ ਵਿੱਚ ਕੀਤੇ ਟਵੀਟ ਤੋਂ ਲਗਭਗ ਦੋ ਘੰਟੇ ਬਾਅਦ ਪ੍ਰਧਾਨ ਮੰਤਰੀ ਵੱਲੋਂ ਪੰਜਾਬੀ ’ਚ ਵੀ ਟਵੀਟ ਕੀਤੇ ਗਏ, ਜਿਨ੍ਹਾਂ ਵਿੱਚ ਸਾਹਿਬਜ਼ਾਦਿਆਂ ਲਈ ਬਾਬਾ ਸ਼ਬਦ ਦੀ ਵਰਤੋਂ ਕੀਤੀ ਗਈ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫ਼ਤਹਿ ਸਿੰਘ ਜੀ ਦੀ ਸ਼ਹਾਦਤ ਨੂੰ ਸਮਰਿਪਤ ‘ਵੀਰ ਬਾਲ ਦਿਵਸ’ ਪ੍ਰੋਗਰਾਮ ’ਚ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ 300 ਸਾਲ ਪਹਿਲਾਂ ਔਰੰਗਜ਼ੇਬ ਦੀ ਹਕੂਮਤ ਤਲਵਾਰ ਦਾ ਡਰ ਵਿਖਾ ਕੇ ਸਾਹਿਬਜ਼ਾਦਿਆਂ ਦਾ ਧਰਮ ਬਦਲਣਾ ਚਾਹੁੰਦੀ ਸੀ, ਪਰ ਸਾਹਿਬਜ਼ਾਦਿਆਂ ਦੀ ਬਹਾਦਰੀ, ਦ੍ਰਿੜ੍ਹਤਾ ਤੇ ਸ਼ਹਾਦਤ ਨੇ ਜ਼ੁਲਮੀ ਹਕੂਮਤ ਦੇ ਸਾਰੇ ਮਨਸੂਬੇ ਫੇਲ੍ਹ ਕਰਕੇ ਲਾਸਾਨੀ ਇਤਿਹਾਸ ਰਚ ਦਿੱਤਾ। ਮੋਦੀ ਨੇ ਕਿਹਾ ਕਿ 7 ਤੇ 9 ਸਾਲ ਦੀ ਉਮਰ ਵਿਚ ਸ਼ਹਾਦਤ ਦੇ ਕੇ ਉਨ੍ਹਾਂ ਇਹ ਵੀ ਸਾਬਤ ਕੀਤਾ ਕਿ ਬਹਾਦਰੀ ਲਈ, ‘ਉਮਰ’ ਮਾਅਨੇ ਨਹੀਂ ਰੱਖਦੀ। ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਹੁਣ ਹਰ ਸਾਲ 26 ਦਸੰਬਰ ਨੂੰ ਸਰਕਾਰੀ ਪੱਧਰ ’ਤੇ ਕਰਵਾਇਆ ਜਾਇਆ ਕਰੇਗਾ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ‘ਵੀਰ ਬਾਲ ਦਿਵਸ’ ਮੌਕੇ ਸ੍ਰੀ ਗੁਰੂ ਗੋਬਿੰਦ ਸਿੰਘ, ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਪ੍ਰੋਗਰਾਮ ਤੋਂ ਬਾਅਦ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ, ਦਿੱਲੀ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਉਪਰੋਕਤ ਉਪਰਾਲੇ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਭਾਰਤ ਸਰਕਾਰ ਦਾ ਧੰਨਵਾਦ ਕੀਤਾ।



ਉਨ੍ਹਾਂ ਕਿਹਾ ਕਿ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਕਿਸੇ ਸਰਕਾਰ ਨੇ ਹਰ ਸਾਲ ਵੱਡੀ ਪੱਧਰ ’ਤੇ ਮਨਾਉਣ ਦਾ ਫ਼ੈਸਲਾ ਕੀਤਾ ਹੋਵੇ। ਕੇਂਦਰੀ ਸੰਸਕ੍ਰਿਤੀ ਮੰਤਰਾਲੇ ਵਲੋਂ ਮੇਜਰ ਧਿਆਨਚੰਦ ਸਟੇਡੀਅਮ ਵਿਖੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ (ਬਾਕੀ ਸਫ਼ਾ 32 ’ਤੇ)

## 319 ਬੱਚਿਆਂ ਵਲੋਂ ਗੁਰਬਾਣੀ ਕੀਰਤਨ



ਪ੍ਰੋਗਰਾਮ ਦੀ ਸ਼ੁਰੂਆਤ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ 319 ਬੱਚਿਆਂ ਵਲੋਂ ਗੁਰਬਾਣੀ ਕੀਰਤਨ ਰਾਹੀਂ ਕੀਤੀ ਗਈ। ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ 319ਵਾਂ ਦਿਹਾੜਾ ਹੋਣ ਦੇ ਮੱਦੇਨਜ਼ਰ ਹੀ 319 ਬੱਚਿਆਂ ਨੇ ਇਕ ਸਟੇਜ ਤੋਂ ਇਕਸੁਰ ਸ਼ਬਦ ਗਾਇਨ ਕੀਤਾ। ਪ੍ਰੋਗਰਾਮ ਦੇ ਅਖੀਰ ਵਿਚ ਸਕੂਲ ਤੇ ਕਾਲਜ ਦੇ ਬੱਚਿਆਂ ਵਲੋਂ ਮੇਜਰ ਧਿਆਨਚੰਦ ਸਟੇਡੀਅਮ ਤੋਂ ਕਰਤੱਵਯ ਪਥ (ਵਿਜੇ ਪੱਥ) ਤੱਕ ਮਾਰਚ ਪਾਸਟ ਵੀ ਕੱਢਿਆ ਗਿਆ, ਇਸ ਮਾਰਚ ਪਾਸਟ ਨੂੰ ਪ੍ਰਧਾਨ ਮੰਤਰੀ ਮੋਦੀ ਨੇ ਰਵਾਨਾ ਕੀਤਾ। ਇਸ ਮਾਰਚ ਵਿਚ ਕਾਲਜ ਤੇ ਸਕੂਲ ਦੇ 3000 ਬੱਚਿਆਂ, ਐਨ. ਸੀ. ਸੀ. ਕੈਡਿਟਾਂ ਤੋਂ ਇਲਾਵਾ ਪੰਜਾਬ ਤੇ ਸਿੱਖ ਰੈਜੀਮੈਂਟ ਦੇ ਬੈਂਡ ਵੀ ਸ਼ਾਮਿਲ ਸਨ।

# ਦਾੜ੍ਹੀ ਤੇ ਪਗੜੀ ਵਾਲੇ ਸਿੱਖ ਅਮਰੀਕਨ ਮਰੀਨ ’ਚ ਹੋ ਸਕਣਗੇ ਸ਼ਾਮਲ

**ਸਿੱਖ ਕੋਲੀਸ਼ਨ ਐਡਵੋਕੇਸੀ ਗਰੁੱਪ ਦੇ ਸੀਨੀਅਰ ਸਟਾਫ ਅਟਾਰਨੀ ਗਿਜੇਨ ਕਲੈਪਰ ਵਲੋਂ ਅਦਾਲਤੀ ਫੈਸਲੇ ’ਤੇ ਖੁਸ਼ੀ ਜ਼ਾਹਰ**

ਵਾਸ਼ਿੰਗਟਨ/ਏ.ਟੀ.ਨਿਊਜ਼ :- ਅਮਰੀਕਾ ਦੀ ਇਕ ਅਦਾਲਤ ਨੇ ਫੈਸਲਾ ਸੁਣਾਇਆ ਹੈ ਕਿ ਜਲ ਸੈਨਾ ਹੁਣ ਦਾੜ੍ਹੀ ਰੱਖਣ ਤੇ ਦਸਤਾਰ ਸਜਾਉਣ ਵਾਲੇ ਸਿੱਖਾਂ ਦੇ ਦਾਖਲੇ ਤੋਂ ਇਨਕਾਰ ਨਹੀਂ ਕਰ ਸਕਦੀ। ਇਹ ਉਨ੍ਹਾਂ ਸਿੱਖਾਂ ਲਈ ਵੱਡੀ ਜਿੱਤ ਹੈ ਜੋ ਅਮਰੀਕੀ ਜਲ ਸੈਨਾ ਵਿਚ ਚੁਣੇ ਜਾਣ ਤੋਂ ਬਾਅਦ ਵੀ ਆਪਣੇ ਧਾਰਮਿਕ ਵਿਸ਼ਵਾਸ਼ਾਂ ਦਾ ਤਿਆਗ ਕੀਤੇ ਬਿਨਾਂ ਸਿਖਲਾਈ ਵਿਚ ਸ਼ਾਮਲ ਨਹੀਂ ਹੋ ਸਕਦੇ ਸੀ। ਦੱਸ ਦੇਈਏ ਕਿ ਅਕਾਸ਼ ਸਿੰਘ, ਜਸਕੀਰਤ ਸਿੰਘ ਤੇ ਮਿਲਾਪ ਸਿੰਘ ਚਹਿਲ ਨਾਂ ਦੇ ਤਿੰਨ ਸਿੱਖ ਨੌਜਵਾਨਾਂ ਨੇ ਅਮਰੀਕੀ ਜਲ ਸੈਨਾ ’ਚ ਚੁਣੇ ਜਾਣ ਤੋਂ ਬਾਅਦ ਮਰੀਨ ਗਰੂਮਿੰਗ ਰੂਲ ਤੋਂ ਛੋਟ ਮੰਗੀ ਸੀ, ਜਿਸ ਵਿੱਚ ਮਰਦਾਂ ਨੂੰ ਦਾੜ੍ਹੀ ਮੁੰਡਵਾਉਣ ਤੇ ਪੱਗ ਨਾ ਬੰਨਣ ਦੀ ਲੋੜ ਸੀ, ਪਰ ਉਨ੍ਹਾਂ ਨੂੰ ਇਸ ਗੱਲ ਦੀ ਇਜਾਜ਼ਤ ਨਹੀਂ ਮਿਲੀ। ਮਰੀਨ ਕਾਰਪਸ ਨੇ ਤਿੰਨ ਸਿੱਖਾਂ ਨੂੰ ਸਪੱਸ਼ਟ ਕਿਹਾ ਕਿ ਉਹ ਸਿਰਫ ਤਾਂ ਹੀ ਕੰਮ ਕਰ ਸਕਦੇ ਹਨ ਜੇਕਰ ਉਹ ਸਿਖਲਾਈ ਤੋਂ ਪਹਿਲਾਂ ਆਪਣੀ ਦਾੜ੍ਹੀ ਕਟਵਾ ਲੈਣ। ਇਸ ਤੋਂ ਬਾਅਦ ਉਨ੍ਹਾਂ ਨੇ ਸਤੰਬਰ ’ਚ ਅਮਰੀਕੀ ਅਦਾਲਤ ਵਿਚ ਅਪੀਲ ਕੀਤੀ। ਫਿਰ ਯੂਐਸ ਕੋਰਟ ਆਫ ਅਪੀਲਜ਼ ਦੇ ਤਿੰਨ ਜੱਜਾਂ ਦੀ ਬੈਂਚ ਨੇ ਬੀਤੇ ਦਿਨੀਂ ਆਪਣਾ ਫੈਸਲਾ ਸੁਣਾਇਆ। ਅਮਰੀਕਾ ਦੀ ਅਦਾਲਤ ਨੇ ਅਮਰੀਕੀ ਮਰੀਨ ਵਿੱਚ ਭਰਤੀ ਸਿੱਖ ਨੌਜਵਾਨਾਂ ਨੂੰ ਦਾੜ੍ਹੀ ਰੱਖਣ ਅਤੇ ਪੱਗ ਬੰਨ੍ਹਣ ਦੀ ਇਜਾਜ਼ਤ ਦੇ ਦਿੱਤੀ ਹੈ। ਅਦਾਲਤ ਨੇ ਕੁਲੀਨ ਇਕਾਈ ਦੀ ਇਸ ਦਲੀਲ ਨੂੰ ਰੱਦ ਕਰ ਦਿੱਤਾ ਕਿ ਧਾਰਮਿਕ ਆਧਾਰ ’ਤੇ ਛੋਟ ਦੇਣ ਨਾਲ ਆਪਸ ਵਿਚ ਏਕਤਾ ਕਮਜ਼ੋਰ ਹੋਵੇਗੀ।



ਅਮਰੀਕੀ ਫੌਜ, ਨੇਵੀ, ਏਅਰ ਫੋਰਸ ਅਤੇ ਕੋਸਟ ਗਾਰਡ ਸਮੇਤ ਕਈ ਵਿਦੇਸ਼ੀ ਬਲ ਸਿੱਖਾਂ ਨੂੰ ਧਾਰਮਿਕ ਆਧਾਰ ’ਤੇ ਸਹੂਲਤਾਂ ਪ੍ਰਦਾਨ ਕਰਦੇ ਹਨ, (ਬਾਕੀ ਸਫ਼ਾ 33 ’ਤੇ)

## ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੀ ਯਾਦ ’ਚ ਜ਼ਮੀਨ ’ਤੇ ਸੌਣ ਨੂੰ ਤਰਜੀਹ ਦਿੰਦੇ ਨੇ ਕਈ ਪਰਿਵਾਰ

ਫ਼ਤਹਿਗੜ੍ਹ ਸਾਹਿਬ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਯਾਦ ਕਰਦੇ ਹੋਏ ਸ਼ਰਧਾਂਜਲੀ ਭੇਟ ਕਰਨ ਲਈ ਜ਼ਿਲ੍ਹੇ ਅਤੇ ਆਸ-ਪਾਸ ਦੇ ਕਈ ਪਰਿਵਾਰ, 26 ਤੋਂ 28 ਦਸੰਬਰ ਨੂੰ ਜ਼ਮੀਨ ’ਤੇ ਸੁਤੇ। ਕੁਝ ਪਰਿਵਾਰਾਂ ਨੇ ਪੋਹ ਚੜ੍ਹਨ ਸਾਰ ਹੀ ਜ਼ਮੀਨ ’ਤੇ ਸੌਣਾ ਸ਼ੁਰੂ ਕਰ ਦਿੱਤਾ ਸੀ। ਸੰਗਤ ਕੜਾਕੇ ਦੀ ਠੰਢ ’ਚ ਸੋਗ ਮਨਾਉਣ, ਸ਼ਹੀਦਾਂ ਨੂੰ ਮੱਥਾ ਟੇਕਣ ਤੇ ਸ਼ਹੀਦੀ ਦੇ ਉਨ੍ਹਾਂ ਦਿਨਾਂ ਨੂੰ ਯਾਦ ਕਰਨ ਲਈ ਅਜਿਹਾ ਕਰਦੀ ਹੈ। ਇਨ੍ਹਾਂ 15 ਦਿਨਾਂ ਦੌਰਾਨ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਗਿਣਤੀ ’ਚ ਸੰਗਤ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜਦੀ ਹੈ। (ਬਾਕੀ ਸਫ਼ਾ 32 ’ਤੇ)

# ਪੰਜਾਬ ਸਰਕਾਰ ਦੀ ਡੋਰੀ ਹੁਣ ਕੇਜਰੀਵਾਲ ਦੇ ਹੱਥ

## ਪੰਜਾਬ ਵਿਚ ਦਿੱਲੀ ਦੇ ਅਧਿਕਾਰੀਆਂ ਨੂੰ ਮਿਲਣ ਲੱਗੀਆਂ ਅਹਿਮ ਨਿਯੁਕਤੀਆਂ



ਅਰਵਿੰਦ ਕੇਜਰੀਵਾਲ ਅਕਸਰ ਆਪਣੀਆਂ ਗੱਲਾਂ ਵਿਚ ਕਹਿੰਦੇ ਨੇ ਕਿ ਉਹ ਰੰਗਲਾ ਪੰਜਾਬ ਬਣਾਉਣਾ ਚਾਹੁੰਦੇ ਨੇ ਏ ਲਾਇ ਜਿਥੁ ਵੀ ਕੋਈ ਵੱਡਾ ਲਲਾਰੀ ਮਿਲਦਾ ਉਹ ਪੰਜਾਬ ਲਾਇ ਆਉਂਦੇ ਨੇ। ਜਿਹਦੀ ਇੱਕ ਉਦਾਹਰਣ ਹੁਣੇ ਜਿਹੇ ਉਹਨਾਂ ਵੱਲੋਂ ਰੀਅਲ ਅਸਟੇਟ ਰੈਗੂਲੇਟਰੀ ਅਥਾਰਿਟੀ (ਰੇਰਾ) ਪੰਜਾਬ ਦਾ ਚੇਅਰਮੈਨ ਮਿਸਟਰ ਸੱਤਿਆ ਗੋਪਾਲ ਨੂੰ ਅਤੇ ਆਈਆਰਐਸ ਅਧਿਕਾਰੀ ਰਾਕੇਸ਼ ਗੋਇਲ ਨੂੰ ਇਸ ਦਾ ਮੈਂਬਰ ਨਿਯੁਕਤ ਕਰਨ ਤੋਂ ਮਿਲਦੀ ਹੈ। ਇਨ੍ਹਾਂ ਅਧਿਕਾਰੀਆਂ ਦੀ ਨਿਯੁਕਤੀ ਤੋਂ ਹੁਣ ਨਵਾਂ ਸਿਆਸੀ ਵਿਵਾਦ ਖੜ੍ਹਾ ਹੋ ਗਿਆ ਹੈ। ਕਾਂਗਰਸ ਪਾਰਟੀ ਦੇ ਰਾਜਾ ਵੜਿੰਗ ਨੇ ਸੱਤਾਧਾਰੀ ਧਿਰ ਤੇ ਇਲਜ਼ਾਮ ਲਗਾਇਆ ਹੈ ਕਿ ਉਹ ਗੈਰ ਪੰਜਾਬੀਆਂ ਜਿਹਨਾਂ ਨੂੰ ਪੰਜਾਬੀ ਬੋਲਣੀ ਤੱਕ ਨਹੀਂ ਆਉਂਦੀ ਉਹਨਾਂ ਨੂੰ ਪੰਜਾਬ ਦੇ ਮਸਲਿਆਂ ਦੀ ਪ੍ਰਤੀਨਿਧਤਾ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਪਹਿਲਾਂ 'ਆਪ' ਨੇ ਰਾਜ ਸਭਾ ਸੀਟਾਂ ਲਈ ਜ਼ਿਆਦਾਤਰ ਗੈਰ-ਪੰਜਾਬੀਆਂ ਅਤੇ ਗੈਰ-ਸਿਆਸਤਦਾਨਾਂ ਨੂੰ ਨਾਮਜ਼ਦ ਕੀਤਾ ਸੀ ਅਤੇ ਹੁਣ ਸੂਬੇ ਦੇ ਪ੍ਰਸ਼ਾਸਨ ਵਿਚ ਬਾਹਰੀ ਲੋਕਾਂ ਦੀ ਘੁਸਪੈਠ ਦੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਹੈ। ਸ੍ਰੀ ਵੜਿੰਗ ਨੇ ਕਿਹਾ ਕਿ ਰੇਰਾ 'ਚ ਚੇਅਰਮੈਨ ਜਾਂ ਮੈਂਬਰਾਂ ਦੇ ਅਹੁਦਿਆਂ ਲਈ ਕੋਈ ਪੰਜਾਬੀ ਕਿਉਂ ਨਹੀਂ ਮਿਲਿਆ। ਜਿਸ ਕਾਰਨ ਆਪ ਨੂੰ ਬਾਹਰੋਂ ਲੋਕ ਲਿਆਉਣੇ ਪੈ ਰਹੇ ਹਨ। ਇਸ ਲਈ ਸਾਰੀਆਂ ਵਿਰੋਧੀ ਧਿਰਾਂ ਨੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਨਿਸ਼ਾਨੇ 'ਤੇ ਲਿਆ ਹੈ। ਜ਼ਿਕਰਯੋਗ ਹੈ ਕਿ ਸੱਤਿਆ ਗੋਪਾਲ ਬਿਹਾਰ ਦੇ ਬਾਸ਼ਿੰਦੇ ਹਨ ਅਤੇ ਦਿੱਲੀ ਸਰਕਾਰ 'ਚੋਂ ਬਤੌਰ ਵਧੀਕ ਮੁੱਖ ਸਕੱਤਰ ਜੁਲਾਈ ਮਹੀਨੇ ਹੀ ਸੇਵਾਮੁਕਤ ਹੋਏ ਹਨ। ਦੀਊ, ਦਮਨ ਤੇ ਦਾਦਰਾ ਦੇ ਪ੍ਰਬੰਧਕ ਰਹਿਣ ਦੌਰਾਨ ਵੀ ਪ੍ਰਬੰਧਕੀ ਬੇਨਿਯਮੀਆਂ ਦੇ ਇਲਜ਼ਾਮਾਂ ਕਾਰਨ ਉਹ 2011 ਵਿੱਚ ਵਿਵਾਦਾਂ 'ਚ ਘਿਰੇ ਸਨ ਤੇ ਕੋਵਿਡ ਦੇ ਮਾਮਲੇ 'ਤੇ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ ਦਿੱਲੀ ਦੇ



ਵਧੀਕ ਮੁੱਖ ਸਕੱਤਰ ਹੁੰਦੇ ਹੋਏ 'ਕਾਰਨ ਦੱਸੋ ਨੋਟਿਸ' ਜਾਰੀ ਕੀਤਾ ਸੀ। ।ਸਾਈਂ ਬਾਬਾ ਦੇ ਭਗਤ ਵਜੋਂ ਜਾਣੇ ਜਾਂਦੇ ਸੱਤਿਆ ਗੋਪਾਲ ਅਰਵਿੰਦ ਕੇਜਰੀਵਾਲ ਦੇ ਨੇੜਲੇ ਦੱਸੇ ਜਾ ਰਹੇ ਹਨ।ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਦਿੱਲੀ ਦੇ ਸਾਬਕਾ ਵਧੀਕ ਮੁੱਖ ਸਕੱਤਰ ਸੱਤਿਆ ਗੋਪਾਲ ਅਤੇ ਸੇਵਾਮੁਕਤ ਅਧਿਕਾਰੀ ਰਾਕੇਸ਼ ਗੋਇਲ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ



ਵਿਸ਼ਵਾਸਪਾਤਰ ਹਨ। ਸ੍ਰੀ ਬਾਜਵਾ ਨੇ ਕਿਹਾ "ਮੈਨੂੰ ਸ਼ੱਕ ਹੈ ਕਿ ਦਿੱਲੀ ਵਿੱਚ ਬੈਠੀ 'ਆਪ' ਦੀ ਸੀਨੀਅਰ ਲੀਡਰਸ਼ਿਪ ਦੀ ਪੰਜਾਬ ਦੇ ਮੁਨਾਫ਼ੇ ਵਾਲੇ ਕਾਰੋਬਾਰਾਂ 'ਤੇ ਨਜ਼ਰ ਹੈ ਤਾਂ ਜੋ ਉਹ ਪਾਰਟੀ ਫ਼ੰਡ ਇਕੱਠਾ ਕਰ ਸਕਣ।"ਬਾਜਵਾ ਦੇ ਅਨੁਸਾਰ 75 ਦੇ ਕਰੀਬ ਸੀਨੀਅਰ ਆਈਏਐੱਸ ਅਤੇ ਆਈਪੀਐੱਸ ਅਧਿਕਾਰੀਆਂ ਨੇ ਇਸ ਲਈ ਅਰਜ਼ੀ ਦਿੱਤੀ ਸੀ ਅਤੇ ਇੰਟਰਵਿਊ ਤਿੰਨ ਦਿਨ ਚੱਲੀ। ਜਪਾ ਦੀ ਕੌਮੀ ਕਾਰਜਕਰਨੀ ਦੇ ਮੈਂਬਰ ਸੁਨੀਲ ਜਾਖੜ ਨੇ ਵੀ ਰੇਰਾ ਦੇ ਚੇਅਰਮੈਨ ਦੀ ਨਿਯੁਕਤੀ 'ਤੇ ਸੁਆਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਬਾਹਰਲੇ ਸੇਵਾਮੁਕਤ ਅਧਿਕਾਰੀ ਨੂੰ ਚੇਅਰਮੈਨ ਲਗਾ ਕੇ ਇਹ ਸਾਫ ਸੁਨੇਹਾ ਦਿੱਤਾ ਹੈ ਕਿ ਪੰਜਾਬ ਵਿਚ ਹੁਣ ਕੋਈ ਕਾਬਲ ਅਧਿਕਾਰੀ ਅਤੇ ਮਾਹਿਰ ਨਹੀਂ ਰਿਹਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਰਾਜਪਾਲ ਨੂੰ ਪੱਤਰ ਲਿਖ ਕੇ ਚੰਡੀਗੜ੍ਹ ਪ੍ਰਸ਼ਾਸਨ 'ਚ ਪੰਜਾਬ ਦੇ ਅਧਿਕਾਰੀਆਂ ਦੀ ਥਾਂ 'ਤੇ ਏਜੀਐੱਮਯੂਟੀ ਕਾਡਰ ਦੇ ਅਧਿਕਾਰੀ ਲਾਏ ਜਾਣ 'ਤੇ ਇਤਰਾਜ਼ ਕੀਤਾ ਸੀ। ਪਰ ਹੁਣ ਜਦੋਂ ਉਹਨਾਂ ਦੀ ਸਰਕਾਰ ਆਪ ਇਹ ਕਰ ਰਹੀ ਹੈ ਤਾਂ ਹੁਣ ਉਨ੍ਹਾਂ ?ਦਾ ਤਰਕ ਕੀ ਹੋਵੇਗਾ ਇਸ ਬਾਰੇ ਮੁਖ ਮੰਤਰੀ ਦੀ ਜਵਾਬਦੇਹੀ ਬਣਦੀ ਹੈ।

# ਅਮਰੀਕਾ ਵਿਚ ਬਰਫ਼ੀਲੇ ਤੂਫਾਨ ਦਾ ਕਹਿਰ ਜਾਰੀ

## ਘਰਾਂ ਤੇ ਸੜਕਾਂ ਉਪਰ ਫਸੀਆਂ ਗੱਡੀਆਂ 'ਚ ਮਰ ਰਹੇ ਹਨ ਲੋਕ, ਮੌਤਾਂ ਦੀ ਗਿਣਤੀ 50 ਤੋਂ ਟੱਪੀ



ਸੈਕਰਮੈਂਟੋ/ਹੁਸਨ ਲੜੋਆ ਬੰਗਾ : - ਅਮਰੀਕਾ ਵਿਚ ਭਿਆਨਕ ਬਰਫ਼ੀਲੇ ਤੂਫਾਨ ਤੇ ਬਰਫ਼ਬਾਰੀ ਦਾ ਕਹਿਰ ਥਮਣ ਦਾ ਨਾਂ ਨਹੀਂ ਲੈ ਰਿਹਾ ਤੇ ਹਰ ਰੋਜ ਇਸ ਦੀ ਜਦ ਵਿਚ ਆ ਕੇ ਮਰਨ ਵਾਲੇ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਬਿਜਲੀ ਤੋਂ ਬਿਨਾਂ ਘਰਾਂ ਵਿਚ ਰਹਿ ਰਹੇ ਲੋਕਾਂ ਦੀਆਂ ਮੌਤਾਂ ਹੋ ਰਹੀਆਂ ਹਨ ਤੇ ਸੜਕਾਂ ਉਪਰ ਫਸੀਆਂ ਕਾਰਾਂ ਤੇ ਹੋਰ ਵਾਹਨਾਂ ਵਿਚ ਲੋਕ ਮਰ ਰਹੇ ਹਨ।

ਹੁਣ ਤੱਕ 50 ਤੋਂ ਵਧ ਮੌਤਾਂ ਹੋ ਚੁੱਕੀਆਂ ਹਨ ਤੇ ਜਿਸ ਤਰਾਂ ਦੇ ਹਾਲਾਤ ਬਣੇ ਹੋਏ ਹਨ, ਉਸ ਤੋਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਮੌਤਾਂ ਦੀ ਗਿਣਤੀ ਕਿਤੇ ਜਿਆਦਾ ਹੋ ਸਕਦੀ ਹੈ। ਪੱਛਮੀ ਨਿਊਯਾਰਕ ਜਿੱਥੇ ਰਿਕਾਰਡਤੋੜ 40 ਇੰਚ ਤੋਂ ਵਧ ਬਰਫ਼ਬਾਰੀ ਹੋਈ ਹੈ, ਵਿਚ 27 ਮੌਤਾਂ ਹੋਣ ਦੀ ਪੁਸ਼ਟੀ ਹੋਈ ਹੈ। ਬੁਫਾਲੋ (ਨਿਊਯਾਰਕ) ਖੇਤਰ ਵਿਚ ਤੂਫਾਨ ਨੇ ਭਿਆਨਕ ਤਬਾਹੀ ਮਚਾਈ ਹੈ ਜਿਥੇ ਸੜਕਾਂ ਉਪਰ ਖੜੇ ਵਾਹਨਾਂ ਵਿਚ ਫਸੇ ਲੋਕਾਂ ਨੂੰ ਬਚਾਉਣ ਲਈ ਹੰਗਾਮੀ ਹਾਲਾਤ ਐਲਾਨਣ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਰਿਹਾ। ਈਰੀ ਕਾਊਂਟੀ ਦੇ ਅਧਿਕਾਰੀ ਮਾਰਕ ਪੋਲੋਨਕਾਰਜ਼ ਨੇ ਕਿਹਾ ਹੈ ਕਿ ਮੈਂ ਆਪਣੀ ਜਿੰਦਗੀ ਵਿਚ ਪਹਿਲੀ ਵਾਰ ਅਜਿਹਾ ਭਿਆਨਕ ਬਰਫ਼ੀਲਾ ਤੂਫਾਨ ਵੇਖਿਆ ਹੈ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਮੌਤਾਂ ਦੀ ਗਿਣਤੀ ਵਧ ਸਕਦੀ ਹੈ। ਪਿਛਲੇ ਦੋ ਦਿਨਾਂ ਦੇ ਵੀ ਵਧ ਸਮੇਂ ਤੋਂ ਲੋਕ ਸੜਕਾਂ ਉਪਰ ਆਪਣੇ ਵਾਹਨਾਂ ਵਿਚ ਰਹਿਣ ਲਈ ਮਜ਼ਬੂਰ ਹਨ। ਰਾਸ਼ਟਰਪਤੀ ਜੋਅ ਬਾਈਡਨ ਨੇ ਨਿਊਯਾਰਕ ਦੇ ਗਵਰਨਰ ਕੈਥੀ ਹੋਛਲ ਨਾਲ ਫੋਨ ਉਪਰ ਗੱਲਬਾਤ ਕਰਕੇ ਹਾਲਾਤ ਦਾ ਜਾਇਜ਼ਾ ਲਿਆ ਹੈ ਤੇ ਮਦਦ ਦੀ ਪੇਸ਼ਕਸ਼ ਕੀਤੀ ਹੈ। ਬੁਫਾਲੋ ਵਿਚਲੇ ਕੌਮੀ ਮੌਸਮ ਸੇਵਾ ਕੇਂਦਰ ਨੇ ਕਿਹਾ ਹੈ ਕਿ ਇਸ ਹਫਤੇ ਦੇ ਅੰਤ ਵਿਚ ਤੂਫ਼ਾਨ ਦੀ ਰਫਤਾਰ ਘਟ ਸਕਦੀ ਹੈ ਤੇ ਹਾਲਾਤ ਸੁਖਾਵੇਂ ਬਣ ਸਕਦੇ ਹਨ ਪ੍ਰੰਤੂ ਹਾਲੇ ਵੀ 6 ਤੋਂ 12 ਇੰਚ ਤੱਕ ਹੋਰ ਬਰਫ਼ਬਾਰੀ ਹੋ ਸਕਦੀ ਹੈ।



# 2022 'ਚ ਚਰਚਿਤ ਰਹੀਆਂ ਸਿੱਖ ਬੀਬੀਆਂ






ਅੱਜ ਅਸੀਂ ਨਜ਼ਰ ਮਾਰਦੇ ਹਾਂ 2022 ਦੇ ਉਹਨਾਂ ਖਾਸ ਚਿਹਰਿਆ ਤੇ ਜਿਹਨਾਂ ਨੇ ਆਪਣੀ ਮਿਹਨਤ ਨਾਲ ਪੂਰੀ ਦੁਨੀਆ ਵਿੱਚ ਨਾਮਣਾ ਖੱਟਿਆ।

ਇਨ੍ਹਾਂ ਮਾਣਮੱਤੀਆਂ ਸਖਸ਼ੀਅਤਾਂ ਵਿੱਚੋ ਇੱਕ ਹਨ ਨਵਜੀਤ ਕੌਰ ਬਰਾੜ। ਉਹ ਕੈਨੇਡਾ ਦੀ ਪਹਿਲੀ ਪਗੜੀਧਾਰੀ ਸਿੱਖ ਬੀਬੀ ਕੌਂਸਲਰ ਹੈ। ਉਹਨਾਂ ਨੇ ਕੋਵਿਡ ਦੌਰਾਨ ਲੋਕਾਂ ਦੀ ਮਦਦ ਕੀਤੀ ਅਤੇ ਰਾਜਨੀਤਿਕ ਜੀਵਨ ਵਿਚ ਕਦਮ ਰੱਖਿਆ।

ਕੈਲੇਫੋਰਨੀਆ ਵਿੱਚ ਜਸਮੀਤ ਕੌਰ ਬੈਂਸ ਪਹਿਲੀ ਪੰਜਾਬੀ ਅਸੈਂਬਲੀ ਮੈਂਬਰ ਹਨ। ਕ੍ਰਿਕਟਰ ਹਰਮਨਪ੍ਰੀਤ ਕੌਰ ਨੂੰ ਕੌਣ ਨਹੀਂ ਜਾਣਦਾ। ਉਹ ਸਤੰਬਰ 2022 ਦੇ ਖਿਡਾਰੀ ਪੁਰਸਕਾਰ ਨਾਲ ਹੈ ਤੇ ਇਕ ਵਿੱਚ 3000 ਦੌੜਾਂ ਬਣਾਉਣ ਵਾਲੀ ਦੂਜੀ ਭਾਰਤੀ ਖਿਡਾਰਨ ਹੈ। ਸਿੱਖ ਕੌਮ ਨੂੰ ਆਪਣੀ ਇਸ ਧੀ ਤੇ ਮਾਣ ਹੈ।

ਬੀਬੀ ਆਹਲੂਵਾਲੀਆ ਨੂੰ ਸਰਵੀ ਉੱਤਮ ਪ੍ਰੋਫੈਸ਼ਨਲ ਆਈ.ਪੀ.ਐੱਸ. ਹੋਣ ਤੇ ਪ੍ਰਧਾਨ ਮੰਤਰੀ ਦੀ ਬੈਟਨ ਨਾਲ ਸਨਮਾਨਿਤ ਕੀਤਾ ਗਿਆ ਹੈ।

ਸੁਰਿੰਦਰ ਕੌਰ ਭੂਈ ਵਰਗੀ ਨਰਸ ਤੇ ਵੀ ਸਾਨੂੰ ਮਾਣ ਹੈ ਜਿਹਨਾਂ ਨੂੰ ਸ਼ਾਨਦਾਰ ਸੇਵਾਵਾ ਦੇਣ ਦੇ ਬਦਲੇ ਰਾਸ਼ਟਰਪਤੀ ਵੱਲੋਂ ਸਨਮਾਨਿਤ ਕੀਤਾ ਗਿਆ। ਸਾਨੂੰ ਮਾਣ ਹੈ ਕੈਪਟਨ ਹਰਪ੍ਰੀਤ ਕੌਰ ਚੰਦੀ ਤੇ ਜੋ ਪਹਿਲੀ ਸਿੱਖ ਬੀਬੀ ਹਨ ਜੋ ਦੱਖਣੀ ਧੁਰੁਵ ਦੀ ਯਾਤਰਾ ਕਰਕੇ ਆਏ ਹਨ।

ਬੀਬੀ ਹਰਿੰਦਰ ਕੌਰ ਪੁਰੇਵਾਲ ਬ੍ਰਿਟਿਸ਼ ਕੋਲੰਬੀਆ ਵਿੱਚ ਜੱਜ ਬਣੇ ਹਨ।

ਇੰਗਲੈਂਡ ਵਿੱਚ ਪਹਿਲੀ ਦਸਤਾਰਧਾਰੀ ਕੌਂਸਲਰ ਬਣਨ ਦਾ ਮਾਣ ਕਮਲਪ੍ਰੀਤ ਕੌਰ ਨੂੰ ਹਾਸਿਲ ਹੋਇਆ। ਕਿਰਨ ਕੌਰ ਗਿੱਲ ਯੂ.ਐੱਸ. ਹੋਮਲੈਂਡ ਦੀ ਸੁਰੱਖਿਆ ਸਲਾਹਕਾਰ ਕੌਂਸਲ ਵਿਚ ਨਿਯੁਕਤ ਹੋਏ ਹਨ। ਇਹੀ ਨਹੀਂ ਸੰਗਰੂਰ ਦੀ ਕਮਲਜੀਤ ਕੌਰ ਨੇ ਵਿਸ਼ਵ ਪਾਵਰਲਿਫਟਿੰਗ ਚੈਂਪੀਨਸ਼ਿਪ 'ਚ ਸੋਨ ਤਗਮਾ ਜਿੱਤਿਆ ਤਾਂ ਯੂ ਕੇ ਦੀ ਕਿਰਨਜੀਤ ਕੌਰ ਬੈਂਸ ਨੇ ਤਾਂ ਇੱਕ ਮਿੰਟ ਵਿਚ 44 ਬੈਠਕਾਂ ਕੱਢਣ ਦਾ ਰਿਕਾਰਡ ਹੀ ਬਣਾ ਦਿੱਤਾ।ਨਿਰਲੇਪ ਕੌਰ ਸਿੱਧੂ ਨੇ ਵੀ ਐਬਟਸਫੋਰਡ ਦੀ ਬੇਹਤਰੀਨ ਅਧਿਆਪਕਾ ਹੋਣ ਦਾ ਮਾਨ ਹਾਸਿਲ ਕੀਤਾ ਹੈ।

ਕੱਪੜਿਆਂ ਦੇ ਮਹਿੰਗੇ ਬਰੈਂਡ ਬਰਬਰੀ ਨੇ ਇਸ ਵਾਰ ਬੱਚਿਆਂ ਦੇ ਕੱਪੜਿਆਂ ਦੀ ਮਸ਼ਹੂਰੀ ਲਈ ਸਿੱਖ ਬੱਚੇ ਨੂੰ ਚੁਣਿਆ ਹੈ ਤੇ ਇਹ ਪੂਰੀ ਸਿੱਖ ਕੌਮ ਲਈ ਮਾਣ ਵਾਲੀ ਗੱਲ ਹੈ ਕਿ ਇਹ ਇੱਕ ਤਰਾਂ ਨਾਲ ਦੁਨੀਆ 'ਚ ਸਿੱਖਾਂ ਦੀ ਵੱਖਰੀ ਪਛਾਣ ਅਤੇ ਅਹਿਮੀਅਤ ਨੂੰ ਮਿਲ ਰਹੀ ਸਹਿਮਤੀ ਦਾ ਚਿੰਨ੍ਹ ਹੈ। ਇਸ ਬੱਚੇ ਦਾ ਨਾਂ ਸਾਹਿਬ ਸਿੰਘ ਹੈ ਜਿਸ ਦੀ ਉਮਰ ਚਾਰ ਸਾਲ ਹੈ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਬਰਬੇਰੀ ਨੇ ਆਪਣੀਆਂ ਮੁਹਿੰਮਾਂ ਵਿੱਚ ਦੱਖਣੀ ਏਸ਼ੀਆਈ ਚਿਹਰਿਆਂ ਨੂੰ ਪ੍ਰਦਰਸ਼ਿਤ ਕੀਤਾ ਹੈ। 2013 ਵਿੱਚ, ਬ੍ਰਿਟਿਸ਼-ਪੰਜਾਬੀ ਲੰਡਨ ਦੀ ਨੀਲਮ ਗਿੱਲ ਬ੍ਰਾਂਡ ਦੀ ਪਹਿਲੀ ਭਾਰਤੀ ਮਾਡਲ ਸੀ, ਜਿਸ ਵਿੱਚ ਅਭਿਨੇਤਾ ਜੈਮੀ ਕੈਂਪਬੈਲ ਬੋਵਰ ਅਤੇ ਨੌਜਵਾਨ ਕੁਲੀਨ ਲੇਡੀ ਜੀਨ ਕੈਂਪਬੈਲ ਦੇ ਨਾਲ ਕਾਸਟ ਸੀ।



## ਆਸਟ੍ਰੇਲੀਆ ਦੇ ਗੋਰੇ ਕਲਾਕਾਰ ਜੈਮੀ ਕੂਪਰ ਨੇ ਸ੍ਰੀ ਦਰਬਾਰ ਸਾਹਿਬ ਦਾ ਅਦਭੁਤ ਚਿੱਤਰ ਬਣਾਇਆ




ਸਿੱਖ ਧਰਮ ਦੁਨੀਆ ਦੇ ਸਭ ਤੋਂ ਆਧੁਨਿਕ ਧਰਮਾਂ ਵਿੱਚੋ ਇੱਕ ਹੈ ਤੇ ਇਹ ਅੰਤਰਰਾਸ਼ਟਰੀ ਪੱਧਰ ਤੇ ਆਪਣੀ ਵੱਖਰੀ ਪਛਾਣ ਰੱਖਦਾ ਹੈ। ਇਸ ਦੀ ਮਿਸਾਲ ਹੈ ਆਸਟ੍ਰੇਲੀਆ ਦੇ ਗੋਰੇ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਅਦਭੁੱਤ ਪੇਟਿੰਗ ਬਣਾਏ ਜਾਣਾ।ਇਹ ਪੇਂਟਿੰਗ ਅਗਸਤ 2022 ਵਿਚ ਨੇਪਰੇ ਚੜੀ।ਜ਼ਿਕਰਯੋਗ ਹੈ ਕਿ ਇਸ ਪੇਟਿੰਗ ਚ ਸੱਚਖੰਡ ਅੰਦਰ 20ਵੀ ਸਦੀ ਦੇ ਮਹਾਨ ਸਿੱਖਾ ਨੂੰ ਕੀਰਤਨ ਕਰਦੇ, ਸਰਵਣ ਕਰਦੇ ਤੇ ਮਹਾਰਾਜ ਦੀ ਤਾਬਿਆ ਬੈਠੇ ਤੇ ਖੜੇ ਦਿਖਾਇਆ ਗਿਆ ਹੈ। ਆਸਟ੍ਰੇਲੀਆ ਕਲਾਕਾਰ ਜੇਮੀ ਕੂਪਰ ਜਿਹਨਾਂ ਨੇ ਇਸ ਪੇਂਟਿੰਗ ਨੂੰ ਬਣਾਇਆ ਗਿਆ ਹੈ ਦਾ ਕਹਿਣਾ ਹੈ ਕਿ ਉਸਦੇ 25 ਸਾਲਾ ਦੇ ਕਿੱਤੇ ਵਿਚ ਇਹ ਸਭ ਤੋ ਖਾਸ ਪੇਟਿੰਗ ਹੈ। ਇਹ ਸਵੀਕਾਰ ਕਰਦੇ ਹੋਏ ਕਿ ਉਹ ਇਸ ਪੇਂਟਿੰਗ ਤੋਂ ਪਹਿਲਾਂ ਸਿੱਖ ਭਾਈਚਾਰੇ ਬਾਰੇ ਬਹੁਤ ਘੱਟ ਜਾਣਦੇ ਸਨ, ਮਿਸਟਰ ਕੂਪਰ ਨੇ ਕਿਹਾ ਕਿ ਉਹ ਇੱਕ ਦਿਨ ਹਰਿਮੰਦਰ ਸਾਹਿਬ ਨੂੰ ਵਿਅਕਤੀਗਤ ਰੂਪ ਵਿੱਚ ਦੇਖਣ ਦੀ ਉਮੀਦ ਕਰਦੇ ਹਨ।ਪੇਂਟਿੰਗ ਬੌਬੀ ਗਿੱਲ, ਕਾਮ ਕੌਰ ਅਤੇ ਹਰਸਿਮਰਨ ਸਿੰਘ ਦੁਆਰਾ ਤਿਆਰ ਕੀਤੀ ਗਈ ਸੀ, ਜਿਨ੍ਹਾਂ ਨੇ ਕਲਾਕਾਰ ਨੂੰ ਇੱਕ ਨਕਸ਼ਾ ਪ੍ਰਦਾਨ ਕੀਤਾ ਸੀ ਕਿ ਹਰੇਕ ਇਤਿਹਾਸਕ ਚਿੱਤਰ ਨੂੰ ਕਿੱਥੇ ਰੱਖਿਆ ਜਾਣਾ ਚਾਹੀਦਾ ਹੈ।

## ਪੰਜਾਬੀ ਮਾਂ ਬੋਲੀ ਨੂੰ ਆਸਟ੍ਰੇਲੀਆ 'ਚ ਮਿਲਿਆ ਮਾਣ-ਸਨਮਾਨ



ਮੇਰਾ ਦਾਗ਼ਿਸਤਾਨ ਕਿਤਾਬ ਵਿੱਚ ਰਸੂਲ ਹਮਜ਼ਾਤੋਵ ਲਿਖਦਾ ਹੈ ਕਿ ਉਸ ਦੇ ਦੇਸ਼ ਵਿੱਚ ਜਦੋਂ ਕਿਸੇ ਨੂੰ ਸਭ ਤੋਂ ਵੱਡੀ ਬਦ-ਦੁਆ ਦੇਣੀ ਹੋਵੇ ਤਾਂ ਅਕਸਰ ਕਿਹਾ ਜਾਂਦਾ ਹੈ-ਰੱਬ ਕਰੇ ਤੈਨੂੰ ਤੇਰੀ ਮਾਂ ਬੋਲੀ ਭੁੱਲ ਜਾਵੇ। ਜਿਵੇਂ ਮਾਂ ਦਾ ਦਰਜਾ ਕਿਸੇ ਹੋਰ ਔਰਤ ਨੂੰ ਨਹੀਂ ਦਿੱਤਾ ਜਾ ਸਕਦਾ, ਉਸੇ ਤਰ੍ਹਾਂ ਦੁਨੀਆ ਦੀ ਕਿਸੇ ਵੀ ਬੋਲੀ ਨੂੰ ਅਸੀਂ ਮਾਂ ਬੋਲੀ ਦੀ ਜਗ੍ਹਾ ਨਹੀਂ ਦੇ ਸਕਦੇ। ਇਹ ਹੈ ਮਾਂ ਬੋਲੀ ਦੀ ਮਹਾਨਤਾ। ਇਸੇ ਤਰਾਂ ਮਾਂ ਬੋਲੀ ਦੀ ਮਹੱਤਤਾ ਨੂੰ ਸਮਝਦੇ ਹੋਏ ਆਸਟ੍ਰੇਲੀਆ ਸਰਕਾਰ ਨੇ ਪੰਜਾਬੀ ਭਾਈਚਾਰੇ ਲਈ ਇੱਕ ਵੱਡਾ ਫ਼ੈਸਲਾ ਲਿਆ। 2022 ਦੇ ਵਿੱਚ ਸੱਤ ਸਮੁੰਦਰੋਂ ਪਾਰ ਪੰਜਾਬੀ ਬੋਲੀ ਦੇ ਸਤਿਕਾਰ ਵਿਚ ਹੋਰ ਵਾਧਾ ਹੋਇਆ। ਪੰਜਾਬੀ ਭਾਸ਼ਾ ਨੂੰ ਆਸਟ੍ਰੇਲੀਆ ਦੀਆਂ ਪਹਿਲੀਆਂ 10 ਭਾਸ਼ਾਵਾਂ ਵਿੱਚ ਸ਼ਾਮਲ ਕੀਤਾ ਗਿਆ। ਆਸਟ੍ਰੇਲੀਆ ਵਿਚ ਪੰਜਾਬੀ ਭਾਈਚਾਰੇ ਦੀ ਵੱਡੀ ਗਿਣਤੀ ਵੱਸਦੀ ਹੈ। ਆਸਟ੍ਰੇਲੀਆ ਵਿੱਚ ਰਹਿਣ ਵਾਲੇ ਸਕੂਲੀ ਵਿਦਿਆਰਥੀ ਵਿਸ਼ੇ ਵਜੋਂ ਪੰਜਾਬੀ ਪੜ੍ਹ ਸਕਣਗੇ। ਇਹ ਆਸਟ੍ਰੇਲੀਆ ਦੀ ਸਰਕਾਰ ਦਾ ਖੁਲ੍ਹਦਿਲੀ ਦਾ ਸਬੂਤ ਹੈ।

## ਕਿਤਾਬਾਂ ਦੇ ਪਾਠਕਾਂ ਲਈ ਨਵੀਂ ਇਬਾਰਤ ਲਿਖ ਗਿਆ ਸਾਲ 2022




ਸਾਲ 2022 ਮੁੱਕਣ ਕਿਨਾਰੇ ਹੈ। ਜੇਕਰ 2022 ਦੇ ਮਰਦਮਸ਼ੁਮਾਰੀ ਦੇ ਅੰਕੜਿਆਂ ਤੇ ਨਜ਼ਰ ਮਾਰੀਏ ਤਾਂ ਭਾਰਤ ਵਿੱਚ ਸਿੱਖ ਭਾਈਚਾਰੇ ਦੀ ਗਿਣਤੀ 20.8 ਮਿਲੀਅਨ ਦੇ ਕਰੀਬ ਹੈ ਜੋ ਦੇਸ਼ ਦੀ ਕੁਲ ਆਬਾਦੀ ਦਾ 1.72% ਹੈ ਜੋ ਕੁੱਲ ਆਬਾਦੀ ਦਾ 2% ਵੀ ਪੂਰਾ ਨਹੀਂ ਬਣਦਾ। ਇਸ ਦੇ ਬਾਵਜੂਦ ਵੀ ਸਿੱਖ ਭਾਈਚਾਰੇ ਨੇ ਵੱਖ ਵੱਖ ਖੇਤਰਾਂ ਵਿੱਚ ਵੱਖਰੀ ਪਹਿਚਾਣ ਬਣਾਈ ਹੈ ਸੋ 2022 ਦੇ ਵਿਚ ਕੁਝ ਕਿਤਾਬਾਂ ਨੇ ਨੌਜਵਾਨ ਪੀੜ੍ਹੀ ਨੂੰ ਸਿੱਖ ਧਰਮ ਬਾਰੇ ਵੱਧ ਤੋਂ ਵੱਧ ਜਾਨਣ ਦੀ ਚੇਟਕ ਲਾਈ। ਅੱਜ ਅਸੀਂ ਨਜ਼ਰ ਮਾਰਦੇ ਹਾਂ 2022 'ਚ ਪ੍ਰਕਾਸ਼ਿਤ ਹੋਈਆਂ ਓਹਨਾ ਸਿੱਖ ਲੇਖਕਾਂ ਦੀਆਂ ਕਿਤਾਬਾਂ 'ਤੇ ਜਿਹਨਾਂ ਨੇ ਸਿੱਖ ਭਾਈਚਾਰੇ ਦੀ ਵੱਖਰੀ ਹੋਂਦ ਦੀ ਪਛਾਣ ਲੋਕਾਂ ਦੀ ਨਜ਼ਰ 'ਚ ਹੋਰ ਵੀ ਪ੍ਰਪੱਕ ਕੀਤੀ।

ਸਭ ਤੋਂ ਪਹਿਲਾਂ ਅਸੀਂ ਭਾਈ ਦਲਜੀਤ ਸਿੰਘ ਬਿੱਟੂ ਦੁਆਰਾ ਲਿਖੀ ਕਿਤਾਬ 'ਖਾੜਕੂ ਸੰਘਰਸ਼ ਦੀ ਸਾਖੀ' ਦੀ ਗੱਲ ਕਰਦੇ ਹਾਂ ਜੋ ਕਿ ਇੱਕ ਵੱਖਰੀ ਪਛਾਣ ਰੱਖਦੀ ਹੈ। ਇਸ ਕਿਤਾਬ ਵਿੱਚ ਅਣਜਾਣੇ ਅਣਗੌਲੇ ਸਿਦਕੀ ਸਿੱਖ ਯੋਧਿਆਂ ਦੀ ਦਾਸਤਾਨ ਦਾ ਬਿਆਨ ਕੀਤਾ ਗਿਆ ਹੈ। ਪੰਜਾਬ ਦੇ ਇਤਿਹਾਸ 'ਤੇ ਅਧਾਰਤ ਇਸ ਕਿਤਾਬ ਨੂੰ ਬਿਬੇਕਗੜ੍ਹ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਹੈ। ਕਿਤਾਬ ਵਿਚ ਝੂਠੇ ਮੁਕਾਬਲਿਆਂ ਅਤੇ ਕਾਲੀ ਪੱਤਰਕਾਰੀ ਨੂੰ ਤਫ਼ਸੀਲ ਵਿੱਚ ਬਿਆਨ ਕੀਤਾ ਗਿਆ ਹੈ। ਇਹ ਮਹੱਤਵਪੂਰਨ ਰਚਨਾ 1980 ਦੇ ਦਹਾਕੇ ਦੇ ਮੱਧ ਤੋਂ 1990 ਦੇ ਦਹਾਕੇ ਦੇ ਅੱਧ ਤੱਕ ਦੇ ਸਿੱਖ ਹਥਿਆਰਬੰਦ ਸੰਘਰਸ਼ ਦੇ ਅਣਗੌਲੇ ਨਾਇਕਾਂ ਦੇ ਬਿਰਤਾਂਤ ਦਾ ਵੇਰਵਾ ਦਿੰਦੀ ਹੈ। ਭਾਈ ਦਲਜੀਤ ਸਿੰਘ ਬਿੱਟੂ ਪੰਥਕ ਕਮੇਟੀ ਦੇ ਆਗੂ ਸਨ ਜਿਨ੍ਹਾਂ ਨੇ ਸਾਂਝੇ ਮੋਰਚੇ ਵਜੋਂ ਸੰਘਰਸ਼ ਦੀ ਅਗਵਾਈ ਕੀਤੀ ਸੀ। ਭਾਈ ਦਲਜੀਤ ਸਿੰਘ ਸਿੱਖ ਹਥਿਆਰਬੰਦ ਸੰਘਰਸ਼ ਦੇ ਬਹੁਤ ਸਾਰੇ ਭਾਗੀਦਾਰਾਂ ਅਤੇ ਸਮਰਥਕਾਂ ਬਾਰੇ ਗੱਲ ਕਰਦੇ ਹਨ, ਜਿਨ੍ਹਾਂ ਦੀ ਭੂਮਿਕਾ ਤੋਂ ਸਿੱਖ ਪੰਥ ਵਿਆਪਕ ਤੌਰ 'ਤੇ ਅਣਜਾਣ ਹੈ।

ਅਗਲੀ ਕਿਤਾਬ ਹੈ 'ਹੰਨੈ ਹੰਨੈ ਪਾਤਿਸ਼ਾਹੀ' ਜੋ ਕਿ ਜਗਦੀਪ ਸਿੰਘ ਦੀ ਰਚਨਾਂ ਹੈ। ਇਹ ਕਿਤਾਬ ਵੀ ਪੰਜਾਬੀ ਗਲਿਆਰਿਆਂ ਦੇ ਵਿੱਚ ਬਹੁਤ ਮਸ਼ਹੂਰ ਹੋਈ। ਇਸ ਕਿਤਾਬ ਵਿੱਚ ਸਿੱਖ ਧਰਮ ਬਾਰੇ ਡੂੰਘੀ ਜਾਣਕਾਰੀ ਮਿਲਦੀ ਹੈ। ਇਹ ਰਚਨਾ ਭਾਈ ਰਤਨ ਸਿੰਘ ਭੰਗੂ ਦੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦੇ ਆਧਾਰ 'ਤੇ 18 ਵੀਂ ਸਦੀ ਦੇ ਸਿੱਖ ਇਤਿਹਾਸ ਦੀ ਗਾਲਪਨਿਕ ਪੇਸ਼ਕਾਰੀ ਹੈ। ਇਸ ਵਿਚੋਂ ਸਿੱਖੀ ਸਿਦਕ, ਦ੍ਰਿੜ੍ਹਤਾ, ਕੁਰਬਾਨੀ ਤੋਂ ਇਲਾਵਾ ਉੱਚੇ-ਸੁੱਚੇ ਖ਼ਾਲਸਈ ਕਿਰਦਾਰ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ। ਖ਼ਾਲਸਈ ਜਜ਼ਬੇ ਨਾਲ ਸ਼ਰਸਾਰ ਇਹ ਰਚਨਾ ਲਹੂ-ਵੀਟਵੇਂ ਸਿੱਖ ਇਤਿਹਾਸ ਦਾ ਪ੍ਰੇਰਨਾ-ਭਰਪੂਰ ਪੁਨਰ-ਕਥਨ ਹੈ। ਇਹ ਕਿਤਾਬ ਬਾਹਰਲੇ ਮੁਲਕਾਂ ਵਿਚ ਅੰਗਰੇਜ਼ੀ ਵਿੱਚ ਵੀ ਛਪ ਰਹੀ ਹੈ।

ਜਿਸ ਕਿਤਾਬ ਬਾਰੇ ਅਸੀਂ ਅੱਗੇ ਗੱਲ ਕਰਨੀ ਹੈ ਉਹ ਹੈ ਕਿਤਾਬ 'ਅਕੀਦਤ'। ਇਹ ਕਿਤਾਬ ਨਵਾਬ ਖ਼ਾਨ ਅਮਲੋਹ ਦੀ ਲਿਖੀ ਪਹਿਲੀ ਕਿਤਾਬ ਹੈ ਜੋ ਕਿ ਬਹੁਤ ਮਸ਼ਹੂਰ ਹੋਈ। ਇਸ ਕਿਤਾਬ ਬਾਰੇ ਖੁਦ ਲੇਖਕ ਨਵਾਬ ਖਾਨ ਕਹਿੰਦੇ ਹਨ ਕਿ ਸਿੱਧਾਂ ਤੇ ਨਾਥਾਂ ਦੀਆਂ ਧੂਣੀਆਂ ਦੀ ਅੱਗ ਚੋਂ ਪੰਜਾਬੀ ਮਾਂ ਬੋਲੀ ਦਾ ਜਨਮ 'ਕੁਕਨੂਸ' ਵਾਂਗ ਹੋਇਆ। ਫਿਰ ਸ਼ੇਖ ਫ਼ਰੀਦ ਦੀ ਸੋਹਬਤ ਵਿੱਚ ਮਿੱਠਤ ਦੇ ਜਮਜਮ ਚੋਂ ਘੁੱਟਾਂ ਭਰਦੀ ਹੋਈ ਤੇਰਾਂ ਤੋਂ ਤੇਰਾ ਤੱਕ ਦੇ ਸਫ਼ਰ ਨੂੰ ਨਿਹਾਰਦੇ ਹੋਏ ਬਾਬੇ ਨਾਨਕ ਤੱਕ ਅੱਪੜੀ। ਜਿਸ ਕਿਤਾਬ ਦੀ ਉਮਰ ਲੇਖਕ ਤੋਂ ਵੀ ਘੱਟ ਹੋਵੇ ਉੱਥੇ ਫਿਰ ਸਾਹਿਤਕ ਪੁਰਸਕਾਰ ਛੋਟੇ ਰਹਿ ਜਾਂਦੇ ਹਨ। ਪਰ ਕਿਤਾਬ ਤਾਂ ਬੰਦੇ ਦੇ ਗੁਜ਼ਰਨ ਬਾਅਦ ਵੀ ਠਹਿਰੀ ਰਹੇ ਇਹ ਅਨੁਭਵ ਸ਼ਾਇਦ ਸਦੀਵੀ ਹੈ। ਇਹੀ ਲੇਖਕ ਦੀ ਕਮਾਈ ਹੈ।ਦੱਸਣਾ ਚਾਹਾਂਗੇ ਕਿ ਦਾਨਿਸ਼ਵਰਾਂ ਜਾਂ ਸਾਹਿਤ ਨਾਲ ਜੁੜੇ ਲੋਕਾਂ ਦਾ ਕਿਤਾਬਾਂ ਵੱਲ ਰੁਝਾਨ ਕੋਈ ਨਵੀਂ ਗੱਲ ਨਹੀਂ ਪਰੰਤੂ ਨੌਜਵਾਨ ਪੀੜ੍ਹੀ ਦੇ ਦਿਲਾਂ ਵਿੱਚ ਉਪਰੋਕਤ ਕਿਤਾਬਾਂ ਦੀ ਇਸ ਕਦਰ ਖਿੱਚ ਦਾ ਵੱਡਾ ਕਾਰਨ ਹਰਮਨਜੀਤ ਸਿੰਘ ਦੁਆਰਾ ਲਿਖੀ ਗਈ ਉਹਨਾਂ ਦੀ ਪਹਿਲੀ ਕਿਤਾਬ 'ਰਾਣੀ ਤੱਤ' ਵੀ ਹੈ ਕਿਉਂਕਿ ਇਹ ਕਿਤਾਬ ਵਿਸ਼ਵ ਪੱਧਰ ਤੇ ਲੋਕਾਂ ਦੁਆਰਾ ਪੜ੍ਹੀ ਗਈ ਤੇ ਉਹਨਾਂ ਲੋਕਾਂ ਨੂੰ ਪੰਜਾਬੀ ਸਾਹਿਤ ਤੇ ਸੱਭਿਆਚਾਰ ਨਾਲ ਜੋੜਨ ਦੇ ਨਾਲ ਨਾਲ ਹੋਰ ਕਿਤਾਬਾਂ ਪੜ੍ਹਨ ਲਈ ਵੀ ਪ੍ਰੇਰਿਤ ਕੀਤਾ। ਸੋ ਇਹ ਹਨ ਉਹ ਕਿਤਾਬਾਂ ਜਿਹਨਾਂ ਦੀ ਬਾਦਸ਼ਾਹਤ 2022 ਵਿੱਚ ਬੁੱਧੀਜੀਵੀਆਂ ਦੇ ਨਾਲ ਨਾਲ ਨੌਜਵਾਨਾਂ ਦੇ ਦਿਲਾਂ ਅਤੇ ਕਿਤਾਬ ਘਰਾਂ ਤੇ ਕਾਇਮ ਰਹੀ।

# ਬਾਬਾ ਬਿਕਰਮਾ ਸਿੰਘ ਬੇਦੀ ਦੇ ਸੰਦਰਭ 'ਚ ਲਿਖੀ ਬਲਵਿੰਦਰ ਪਾਲ ਸਿੰਘ ਦੀ 'ਜੰਗ ਹਿੰਦ ਪੰਜਾਬ ਦਾ' ਪੁਸਤਕ ਕੈਨੇਡਾ ਵਿਚ ਰਿਲੀਜ਼

## ਇਹ ਪੁਸਤਕ ਸਿੱਖ ਇਤਿਹਾਸ ਵਿਚ ਅਹਿਮ ਦਰਜਾ ਰੱਖਦੀ ਹੈ ਜਿਸ ਵਿਚ ਪੁਰਾਤਨ ਦਸਤਾਵੇਜ਼ ਤੇ ਖਾਲਸਾ ਰਾਜ ਦੀਆਂ ਯਾਦਾਂ ਤੇ ਸਿੱਖ ਸ਼ਹਾਦਤਾਂ ਦਾ ਵਰਣਨ ਹੈ : ਡਾਕਟਰ ਗੁਰਵਿੰਦਰ ਸਿੰਘ

## ਦਸ਼ਮੇਸ਼ ਦਰਬਾਰ ਗੁਰੂਘਰ ਦੀ ਪ੍ਰਬੰਧਕ ਕਮੇਟੀ ਨੇ ਕੀਤਾ ਗੁਰਮਤਿ ਸਮਾਗਮ

ਸਰੀ/ਏ.ਟੀ.ਨਿਊਜ਼ :- ਪ੍ਰੋਫੈਸਰ ਬਲਵਿੰਦਰ ਪਾਲ ਸਿੰਘ ਦੀ ਲਿਖੀ 'ਜੰਗ ਹਿੰਦ ਪੰਜਾਬ ਦਾ' ਬਾਬਾ ਬਿਕਰਮਾ ਸਿੰਘ ਬੇਦੀ ਦੇ ਸੰਦਰਭ ਵਿੱਚ ਪੁਸਤਕ ਬੀਤੇ ਦਿਨੀਂ ਗੁਰਦਵਾਰਾ ਸਾਹਿਬ ਦਸ਼ਮੇਸ਼ ਦਰਬਾਰ ਸਰੀ ਕੈਨੇਡਾ ਵਿਖੇ ਲੋਕ ਅਰਪਿਤ ਕੀਤੀ ਗਈ। ਇਸ ਮੌਕੇ 'ਤੇ ਸਿੱਖ ਵਿਦਵਾਨ ਪ੍ਰਿੰਸੀਪਲ ਰਾਮ ਸਿੰਘ ਕੁਲਾਰ, ਪ੍ਰਸਿੱਧ ਸਾਹਿਤਕਾਰ ਡਾਕਟਰ ਪੂਰਨ ਸਿੰਘ, ਭਾਈ ਜਗਤਾਰ ਸਿੰਘ ਸੰਧੂ, ਬਲਦੇਵ ਸਿੰਘ ਬਾਠ, ਪ੍ਰੋਫ਼ੈਸਰ ਗੋਬਿੰਦਰ ਸਿੰਘ ਗਾੜ੍ਹਾ, ਦਵਿੰਦਰ ਸਿੰਘ ਗਰੇਵਾਲ ਅਤੇ ਹੋਰ ਸ਼ਖਸੀਅਤਾਂ ਸ਼ਾਮਲ ਹੋਈਆਂ। ਸੰਗਤਾਂ ਨੇ ਇਸ ਪੁਸਤਕ ਨੂੰ ਵੱਡਾ ਹੁੰਗਾਰਾ ਦਿਤਾ। ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਸਾਹਿਬ ਅਤੇ ਕੈਨੇਡੀਅਨ ਸਿੱਖ ਸਟੱਡੀਜ਼ ਦੇ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕੀਤਾ। 'ਸਿੱਖ ਵਿਦਵਾਨ ਤੇ ਸਾਹਿਤਕਾਰ ਡਾਕਟਰ ਪੂਰਨ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰੋ. ਬਲਵਿੰਦਰ ਪਾਲ ਸਿੰਘ ਦੀ ਪੁਸਤਕ 'ਬਾਬਾ ਬਿਕਰਮਾ ਸਿੰਘ ਬੇਦੀ : ਜੰਗ ਹਿੰਦ ਪੰਜਾਬ ਦਾ' ਦਾ ਪੜ੍ਹਨੀ ਲਾਜ਼ਮੀ ਹੈ, ਜੋ ਕਿ ਇਹ ਬਿਆਨ ਕਰਦੀ ਹੈ ਕਿ ਖ਼ਾਲਸਾ ਫੌਜਾਂ ਦਾ ਮਨੋਬਲ ਕਾਇਮ ਰੱਖਣ ਲਈ ਬਾਬਾ ਬਿਕਰਮਾ ਸਿੰਘ ਬੇਦੀ ਦਸਮੇਸ਼ ਪਿਤਾ ਸਤਿਗੁਰੂ ਗੋਬਿੰਦ ਸਿੰਘ ਜੀ ਦੇ 'ਸੰਤ-ਸਿਪਾਹੀ' ਦੇ ਸਿਧਾਂਤ 'ਤੇ ਖਰੇ ਉਤਰੇ ਦੇਸ਼ ਪੰਜਾਬ ਦੀ ਅਜ਼ਾਦੀ ਲਈ ਸ਼ਹਾਦਤ ਦਿਤੀ। ਉਨ੍ਹਾਂ ਦੀ ਇਤਿਹਾਸਕ ਭੂਮਿਕਾ ਨੂੰ ਕੇਂਦਰੀ ਸਥਾਨ ਦਿੰਦੇ ਹੋਏ, ਕਰੜੀ ਮਿਹਨਤ ਨਾਲ ਖੋਜ ਭਰਪੂਰ ਇਤਿਹਾਸਕ ਪੁਸਤਕ ਲਿਖ ਕੇ ਪ੍ਰੋ. ਬਲਵਿੰਦਰ ਪਾਲ ਸਿੰਘ ਨੇ ਮਾਅਰਕੇ ਦਾ ਕਾਰਜ ਕੀਤਾ ਹੈ। ਇਸ ਇਤਿਹਾਸਕ ਨੂੰ ਪ੍ਰਮਾਣਿਕਤਾ ਨਾਲ ਲਿਖਕੇ ਪੰਜਾਬ ਦੇ ਪਹਿਲੇ ਗਦਰ ਨੂੰ ਇਤਿਹਾਸ ਦੇ ਪੰਨਿਆਂ ਵਿਚ ਸ਼ਾਮਲ ਕੀਤਾ ਹੈ।

ਡਾ. ਗੁਰਵਿੰਦਰ ਸਿੰਘ, ਕੈਨੇਡਾ ਗਿਆਨੀ ਦਿੱਤ ਸਿੰਘ ਸਭਾ, ਸਰੀ (ਬੀ.ਸੀ.) ਨੇ ਕਿਹਾ ਕਿ ਭਾਰਤ ਵਿਚ ਬ੍ਰਿਟਿਸ਼ ਸਾਮਰਾਜ ਦੇ ਉਸ ਵੇਲੇ ਦੇ ਵਾਇਸਰਾਏ ਲਾਰਡ ਡਲਹੌਜ਼ੀ ਦਾ ਇਹ ਕਥਨ ਹੈ ਕਿ ਜੇਕਰ ਅੰਗਰੇਜ਼ ਪੰਜਾਬ ਦੀ ਖ਼ਾਲਸਾ ਫ਼ੌਜ ਨਾਲ ਹੋਈ ਗੁਜਰਾਤ ਦੀ ਜੰਗ ਹਾਰ ਜਾਂਦੇ ਤਾਂ ਉਨ੍ਹਾਂ ਨੂੰ ਹਿੰਦੋਸਤਾਨ ਛੱਡਣ ਲਈ ਮਜਬੂਰ ਹੋਣਾ ਪੈ ਸਕਦਾ ਸੀ। ਇਹ ਜੰਗ ਉਸ ਵੇਲੇ ਤੱਕ ਦੀਆਂ ਸਭ ਤੋਂ ਅਹਿਮ ਅਤੇ ਖਤਰਨਾਕ ਲੜਾਈਆਂ ਵਿੱਚੋਂ ਇਕ ਸੀ, ਜਿਸ ਦੌਰਾਨ ਸਿੱਖ



ਸਿਪਾਹੀ ਬਹੁਤ ਜੁਝਾਰੂ ਢੰਗ ਨਾਲ ਲੜੇ ਅਤੇ ਕਿਸੇ ਨੇ ਵੀ ਮੈਦਾਨ ਨਾ ਛੱਡਿਆ। ਇਹ ਗਵਾਹੀਆਂ ਫੀਲਡ ਮਾਰਸ਼ਲ ਗਫ਼, ਲਾਰਡ ਡਲਹੌਜ਼ੀ ਆਦਿ ਨੇ ਵੀ ਆਪਣੀਆਂ ਡਾਇਰੀਆਂ ਵਿਚ ਦਿੱਤੀਆਂ ਹਨ। ਇਸ ਪੁਸਤਕ ਵਿਚ ਅਹਿਮ ਦਸਤਾਵੇਜ਼ ਦਾ ਦਰਜ ਹੈ ਕਿ ਬਾਬਾ ਬਿਕਰਮਾ ਸਿੰਘ ਬੇਦੀ ਦਾ ਸੁਨੇਹਾ ਸੀ ਜਿਥੇ ਅੰਗਰੇਜ਼ ਦੇਖੋ ਉਸਨੂੰ ਖਤਮ ਕਰ ਦਿਉ, ਜੇ ਆਪਣੇ ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਬਚਾਉਣਾ ਹੈ।ਡਾ. ਗੁਰਵਿੰਦਰ ਸਿੰਘ ਨੇ ਕਿਹਾ ਕਿ ਬਹੁਤੇ ਭਾਰਤੀ ਇਤਿਹਾਸਕਾਰ ਤੇ ਖੱਬੇਪੱਖੀ ਵਿਚਾਰਵਾਨ 1857 ਦੇ ਵਿਦਰੋਹ ਨੂੰ ਤਾਂ 'ਗ਼ਦਰ' ਦਾ ਨਾਂ ਦਿੰਦੇ ਹਨ, ਪਰ 'ਦੇਸ਼ ਪੰਜਾਬ' ਅਤੇ 'ਬ੍ਰਿਟਿਸ਼ ਹਿੰਦ ਸਰਕਾਰ' ਵਿਚਕਾਰ ਹੋਈ ਗੁਜਰਾਤ ਦੀ ਇਤਿਹਾਸਕ ਜੰਗ ਬਾਰੇ ਹੀਣ-ਭਾਵਨਾ ਰੱਖਦੇ ਹਨ। ਸੱਚ ਤਾਂ ਇਹ ਹੈ ਕਿ ਜੇਕਰ 1849 ਦੀ ਲੜਾਈ ਦੌਰਾਨ ਅੰਗਰੇਜ਼ ਦੀ ਅਗਵਾਈ ਵਿਚ ਹਿੰਦੋਸਤਾਨੀ ਫੌਜ ਦਾ ਸਾਥ ਡੋਗਰੇ, ਪਹਾੜੀਏ ਅਤੇ ਪਟਿਆਲੀਏ ਰਾਜੇ ਆਦਿ ਨਾ ਦਿੰਦੇ ਤਾਂ ਇਤਿਹਾਸ ਕੁਝ ਹੋਰ ਹੋਣਾ ਸੀ। ਨਿਰਸੰਦੇਹ ਖ਼ਾਲਸਾ ਰਾਜ ਨੂੰ ਹਿੰਦੋਸਤਾਨ ਦੀ ਗੁਲਾਮੀ ਤੋਂ ਬਚਾਉਣ ਲਈ ਹਜ਼ਾਰਾਂ ਸਿੱਖ ਸਿਪਾਹੀਆਂ, ਜਰਨੈਲਾਂ ਅਤੇ ਸਹਿਯੋਗੀ ਫੌਜਾਂ ਦੀ ਇਤਿਹਾਸਕ ਦੇਣ ਅੱਖੋਂ-ਪਰੋਖੇ ਨਹੀਂ ਕੀਤੀ ਜਾ ਸਕਦੀ।

ਇਹ ਅਤਿਕਥਨੀ ਨਹੀਂ ਹੋਵੇਗੀ ਕਿ ਸਿੱਖ ਫ਼ੌਜਾਂ ਅੰਦਰ ਜੂਝਣ ਦਾ ਜਜ਼ਬਾ ਉਸ ਵੇਲੇ ਦੇ, ਖਾਲਸਾ ਰਾਜ ਦੇ ਪੰਥਕ ਆਗੂ ਅਤੇ ਸੰਤ-ਸਿਪਾਹੀ ਬਾਬਾ ਬਿਕਰਮਾ ਸਿੰਘ ਬੇਦੀ ਨੇ ਭਰਿਆ ਸੀ। ਬਾਬਾ ਬਿਕਰਮਾ ਸਿੰਘ ਬੇਦੀ ਖ਼ਾਲਸਾ ਰਾਜ ਦੀ ਅਜ਼ਾਦੀ ਅਤੇ ਪ੍ਰਭੁਸੱਤਾ ਕਾਇਮ ਰੱਖਣ ਲਈ ਆਖਰੀ ਦਮ ਤਕ ਲੜੇ। ਇਥੋਂ ਤਕ ਕਿ ਗੁਜਰਾਤ ਦੀ ਜੰਗ ਹਾਰਨ ਦੇ ਮਗਰੋਂ ਵੀ, ਉਨ੍ਹਾਂ ਸਿੱਖ ਫ਼ੌਜਾਂ ਇਕੱਠੀਆਂ ਕਰਕੇ ਇਕ ਵਾਰ ਫਿਰ ਰਾਵਲਪਿੰਡੀ ਜਾਂ ਹਸਨ ਅਬਦਾਲ ਵਿਚ ਅੰਗਰੇਜ਼ਾਂ ਨਾਲ ਦੋ ਹੱਥ ਕਰਨ ਦਾ ਸੱਦਾ ਦਿੱਤਾ, ਪਰ ਹੋਰਨਾਂ ਸਿੱਖ ਜਰਨੈਲਾਂ ਦੀ ਸਹਿਮਤੀ ਨਾ ਮਿਲਣ ਕਾਰਨ ਅਜਿਹਾ ਸੰਭਵ ਨਾ ਹੋ ਸਕਿਆ। ਅਜਿਹੀ ਬੁਜ਼ਦਿਲੀ ਤੋਂ ਖਫ਼ਾ ਹੋਏ ਬਾਬਾ ਬਿਕਰਮਾ ਸਿੰਘ ਬੇਦੀ ਸਿੱਖ ਜਰਨੈਲਾਂ ਤੋਂ ਵੱਖ ਹੋ ਗਏ। ਕੁਝ ਸਮੇਂ ਮਗਰੋਂ ਸਿੱਖ ਰਾਜ ਦੇ ਗ਼ੱਦਾਰਾਂ ਅਤੇ ਮੁਖ਼ਬਰਾਂ ਦੀ ਸਾਜ਼ਿਸ਼ ਰਾਹੀਂ ਆਪ ਨੂੰ 28 ਦਸੰਬਰ 1849 ਈਸਵੀ ਨੂੰ ਹੁਸ਼ਿਆਰਪੁਰ ਦੇ (ਬਾਕੀ ਸਫ਼ਾ 35 'ਤੇ)

# ਕੁਝ ਗੈਰ ਪ੍ਰਵਾਸੀ ਵੀਜ਼ਾ ਸ਼੍ਰੇਣੀਆਂ ਲਈ ਅਮਰੀਕਾ ਨੇ ਵਧਾਈ ਇੰਟਰਵਿਊ ਛੋਟ

## ਇਸ ਫੈਸਲੇ ਨਾਲ ਕਈ ਭਾਰਤੀਆਂ ਸਮੇਤ ਵਿਦੇਸ਼ੀ ਕਾਮਿਆਂ ਨੂੰ ਹੋਵੇਗਾ ਫਾਇਦਾ

ਵਾਸ਼ਿੰਗਟਨ/ਏ.ਟੀ.ਨਿਊਜ਼ :- ਅਮਰੀਕਾ ਵਿੱਚ ਕੁਝ ਗੈਰ-ਪ੍ਰਵਾਸੀ ਵੀਜ਼ਾ ਬਿਨੈਕਾਰਾਂ ਲਈ ਇੰਟਰਵਿਊ ਛੋਟ ਵਧਾ ਦਿੱਤੀ ਗਈ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਇਹ ਵੀ ਐਲਾਨ ਕੀਤਾ ਕਿ ਉਹ ਗੈਰ-ਪ੍ਰਵਾਸੀ ਯਾਤਰਾ ਦੀ ਸਹੂਲਤ ਅਤੇ ਵੀਜ਼ਾ ਉਡੀਕ ਸਮੇਂ ਨੂੰ ਘਟਾਉਣ ਲਈ ਵਚਨਬੱਧ ਹੈ। ਇੰਟਰਵਿਊ ਦੀ ਛੋਟ ਦੀ ਸਹੂਲਤ ਗ੍ਰਹਿ ਸੁਰੱਖਿਆ ਵਿਭਾਗ ਦੀ ਸਹਿਮਤੀ ਨਾਲ ਵਧਾਈ ਗਈ ਹੈ। ਨਵੇਂ ਐਲਾਨ ਦੇ ਅਨੁਸਾਰ ਅਥਾਰਟੀ ਨੂੰ ਪਿਛਲੇ ਵੀਜ਼ੇ ਦੀ ਮਿਆਦ ਪੁੱਗਣ ਦੇ 48 ਮਹੀਨਿਆਂ ਦੇ ਅੰਦਰ ਉਸੇ ਵਰਗੀਕਰਣ ਵਿੱਚ ਵੀਜ਼ਾ ਰੀਨਿਊ ਕਰਨ ਵਾਲੇ ਬਿਨੈਕਾਰਾਂ ਲਈ ਵਿਅਕਤੀਗਤ ਇੰਟਰਵਿਊ ਨੂੰ ਮੁਆਫ ਕਰਨ ਦੇ ਉਦੇਸ਼ ਨੂੰ ਅਗਲੇ ਨੋਟਿਸ ਤੱਕ ਵਧਾਉਣ ਲਈ ਕਿਹਾ ਗਿਆ ਹੈ।

ਇਸ ਫੈਸਲੇ ਨਾਲ ਕਈ ਭਾਰਤੀਆਂ ਸਮੇਤ ਵਿਦੇਸ਼ੀ ਕਾਮਿਆਂ ਨੂੰ ਫਾਇਦਾ ਹੋਵੇਗਾ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਅਸੀਂ ਕੁਝ ਗੈਰ-ਪ੍ਰਵਾਸੀ ਵੀਜ਼ਾ ਸ਼੍ਰੇਣੀਆਂ ਲਈ ਇੰਟਰਵਿਊ ਨੂੰ ਮੁਆਫ ਕਰਨ ਦਾ ਸੰਕਲਪ ਲਿਆ ਹੈ।ਵੀਜ਼ਾ ਸ਼੍ਰੇਣੀਆਂ ਵਿੱਚ ਅਸਥਾਈ ਖੇਤੀਬਾੜੀ ਅਤੇ ਗੈਰ-ਖੇਤੀ ਕਾਮੇ (8-2 ਵੀਜ਼ਾ), ਵਿਦਿਆਰਥੀ (6 ਅਤੇ $ ਵੀਜ਼ਾ), ਅਕਾਦਮਿਕ ਐਕਸਚੇਂਜ ਵਿਜ਼ਟਰ (ਅਕਾਦਮਿਕ ਜੇ ਵੀਜ਼ਾ), ਅਤੇ ਗੈਰ-ਮਨਜ਼ੂਰ ਵਿਅਕਤੀਗਤ ਪਟੀਸ਼ਨਾਂ ਦੇ ਕੁਝ ਲਾਭਪਾਤਰੀ ਸ਼ਾਮਲ ਹਨ। ਇੰਟਰਵਿਊ ਮੁਆਫ ਕਰਨ ਵਾਲੇ ਅਧਿਕਾਰੀਆਂ ਨੇ ਕਈ ਦੂਤਘਰਾਂ ਅਤੇ ਕੌਂਸਲੇਟਾਂ ਵਿੱਚ ਵੀਜ਼ਾ ਉਡੀਕ ਸਮੇਂ ਨੂੰ ਵੀ ਘਟਾ ਦਿੱਤਾ ਹੈ। ਹੁਣ ਇੰਟਰਵਿਊ ਦੀ ਲੋੜ ਵਾਲੇ ਹੋਰ ਬਿਨੈਕਾਰਾਂ ਲਈ ਨਿੱਜੀ ਮੁਲਾਕਾਤਾਂ ਬਹੁਤ ਆਸਾਨ ਹੋ ਜਾਣਗੀਆਂ।

**ਵੀਜ਼ਾ ਉਡੀਕ ਮਿਆਦ ਨੂੰ ਘਟਾਉਣ ਦੇ ਯਤਨ**

ਵਿੱਤੀ ਸਾਲ 2022 ਵਿੱਚ ਵਿਦੇਸ਼ ਵਿਭਾਗ ਦੁਆਰਾ ਜਾਰੀ ਕੀਤੇ ਗਏ ਲਗਭਗ 70 ਲੱਖ ਗੈਰ-ਪ੍ਰਵਾਸੀ ਵੀਜ਼ਿਆਂ ਵਿੱਚੋਂ ਅੱਧੇ ਨੂੰ ਵਿਅਕਤੀਗਤ ਇੰਟਰਵਿਊ ਤੋਂ ਬਿਨਾਂ ਬਰਕਰਾਰ ਰੱਖਿਆ ਗਿਆ ਹੈ। ਮੰਤਰਾਲੇ ਨੇ ਕਿਹਾ ਕਿ ਮਹਾਂਮਾਰੀ ਦੇ ਬਾਅਦ ਵੀ ਅਸੀਂ ਦੁਨੀਆ ਭਰ ਵਿੱਚ ਵੀਜ਼ਾ ਉਡੀਕ ਸਮੇਂ ਨੂੰ ਘਟਾ ਰਹੇ ਹਾਂ। ਸਾਡੀ ਕੋਸ਼ਿਸ਼ ਹੈ ਕਿ ਇੰਤਜ਼ਾਰ ਦੀ ਮਿਆਦ ਨੂੰ ਜਲਦੀ ਤੋਂ ਜਲਦੀ ਘਟਾਉਣ ਲਈ ਹਰ ਕੋਸ਼ਿਸ਼ ਕੀਤੀ ਜਾਵੇ। ਇਸ ਵਿੱਚ ਪਹਿਲੀ ਵਾਰ ਟੂਰਿਸਟ ਵੀਜ਼ਾ ਅਰਜ਼ੀ ਵੀ ਸ਼ਾਮਲ ਹੈ। ਹਾਲਾਂਕਿ ਸਥਾਨਕ ਸਥਿਤੀਆਂ ਦੇ ਆਧਾਰ 'ਤੇ ਦੂਤਘਰਾਂ ਅਤੇ ਕੌਂਸਲੇਟਾਂ ਨੂੰ ਆਪਣੇ ਪੱਧਰ 'ਤੇ ਨਿੱਜੀ ਇੰਟਰਵਿਊ ਦੀ ਲੋੜ ਹੋ ਸਕਦੀ ਹੈ। ਕਈ ਕੋਸ਼ਿਸ਼ਾਂ ਦੇ ਬਾਵਜੂਦ ਅਮਰੀਕਾ ਵਿੱਚ ਵੀਜ਼ਾ ਲਈ ਉਡੀਕ ਦਾ ਸਮਾਂ ਅਜੇ ਤੱਕ ਆਪਣਾ ਟੀਚਾ ਹਾਸਲ ਨਹੀਂ ਕਰ ਸਕਿਆ ਹੈ। ਹਾਲਾਂਕਿ ਵਿਦੇਸ਼ ਮੰਤਰਾਲੇ ਨੇ ਇਸ ਸਬੰਧ ਵਿੱਚ ਸਬੰਧਤ ਵਿਭਾਗਾਂ ਨੂੰ ਵੀ ਅਪੀਲ ਕੀਤੀ ਹੈ।

## ਸਿਆਟਲ 'ਚ 22 ਪ੍ਰਾਣੀ ਅੰਮ੍ਰਿਤ ਛਕ ਕੇ ਸਿੰਘ ਸਜੇ

ਸਿਆਟਲ/ਏ.ਟੀ.ਨਿਊਜ਼ :- ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਗੁਰਦੁਆਰਾ ਕੈਂਟ ਵਿਚ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੇ ਸ਼ਹੀਦੀ ਸਮਾਗਮਾਂ ਮੌਕੇ 22 ਪ੍ਰਾਣੀ ਅੰਮ੍ਰਿਤ ਛੱਕ ਕੇ ਸਿੰਘ ਤੇ ਸਿੰਘਣੀਆਂ ਸਜੇ। ਗੁਰਦੁਆਰੇ ਦੇ ਬੁਲਾਰੇ ਹਰਦਿਆਲ ਸਿੰਘ, ਹੈੱਡ ਗ੍ਰੰਥੀ ਭਾਈ ਦਲਜੀਤ ਸਿੰਘ ਤੇ ਕੈਪਟਨ ਬਲਦੇਵ ਸਿੰਘ ਨੇ ਦੱਸਿਆ ਕਿ ਸਿੱਖ ਕੌਮ ਨੂੰ ਨਸ਼ਿਆਂ ਤੋਂ ਬਚਾਉਣ ਲਈ ਵੱਧ ਤੋਂ ਵੱਧ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ।

## ਮੱਧ ਪ੍ਰਦੇਸ਼ 'ਚ ਟਰੈਕਟਰ 'ਤੇ ਸੰਤ ਭਿੰਡਰਾਂਵਾਲੇ ਦੀ ਤਸਵੀਰ ਲਗਾਉਣ 'ਤੇ ਸਿੱਖ ਨੌਜਵਾਨ ਗ੍ਰਿਫ਼ਤਾਰ

### ਸਿੱਖ ਨੌਜਵਾਨ 'ਤੇ ਕੀਤਾ ਪਰਚਾ ਰੱਦ ਹੋਵੇ : ਸ਼੍ਰੋਮਣੀ ਕਮੇਟੀ

ਜਬਲਪੁਰ/ਏ.ਟੀ.ਨਿਊਜ਼ :- ਮੱਧ ਪ੍ਰਦੇਸ਼ ਦੇ ਜਬਲਪੁਰ ਵਿਚ ਨਗਰ ਕੀਰਤਨ ਦੌਰਾਨ ਟਰੈਕਟਰ 'ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਤਸਵੀਰ ਲਗਾਉਣ ਦੇ ਦੋਸ਼ ਵਿਚ ਬੀਤੇ ਦਿਨੀਂ ਇਕ 21 ਸਾਲਾ ਸਿੱਖ ਨੌਜਵਾਨ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਪੁਲਿਸ ਸੁਪਰਡੈਂਟ ਸਿਧਾਰਥ ਬਹੁਗੁਣਾ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਰਾਂਝੀ ਇਲਾਕੇ ਵਿਚ ਨਗਰ ਕੀਰਤਨ ਸਜਾਇਆ ਗਿਆ ਸੀ। ਸੂਚਨਾ ਮਿਲਣ ਤੋਂ ਬਾਅਦ ਪੁਲਿਸ ਨੇ ਘਟਨਾ ਦੀ ਸੀ.ਸੀ.ਟੀ.ਵੀ. ਫੁਟੇਜ ਦੀ ਜਾਂਚ ਕੀਤੀ ਅਤੇ ਨੌਜਵਾਨ ਨੂੰ ਧਾਰਾ 505 (ਜਨਤਕ ਸ਼ਰਾਰਤ) ਅਤੇ 153 (ਦੰਗਾ ਭੜਕਾਉਣ ਦੇ ਇਰਾਦੇ ਨਾਲ ਉਕਸਾਉਣਾ) ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਅਗਲੇਰੀ ਜਾਂਚ ਜਾਰੀ ਹੈ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਸਿੱਖ ਨੌਜਵਾਨ 'ਤੇ ਕੇਸ ਪਾਉਣ ਅਤੇ ਉਸ ਨੂੰ ਗ੍ਰਿਫ਼ਤਾਰ ਕਰਨ ਦੀ ਕਰੜੀ ਨਿੰਦਾ ਕਰਦਿਆਂ ਆਖਿਆ ਕਿ ਪੁਲਿਸ ਵਲੋਂ ਕੀਤੀ ਕਾਰਵਾਈ ਘੱਟਗਿਣਤੀ ਸਿੱਖਾਂ ਨਾਲ ਵੱਡੀ ਬੇਇਨਸਾਫੀ ਤੇ ਧੱਕਾ ਹੈ, ਜਿਸ ਨਾਲ ਸਿੱਖ ਭਾਵਨਾਵਾਂ ਨੂੰ ਸੱਟ ਵੱਜੀ ਹੈ। ਉਨ੍ਹਾਂ ਕਿਹਾ ਕਿ ਸੰਤ ਭਿੰਡਰਾਂਵਾਲੇ ਸਿੱਖਾਂ ਦੇ ਕੌਮੀ ਸ਼ਹੀਦ ਹਨ, ਜਿਨ੍ਹਾਂ ਨੇ ਜੂਨ 1984 ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਵਿਰੁੱਧ ਸੰਘਰਸ਼ ਕਰਦਿਆਂ ਸ਼ਹਾਦਤ ਪ੍ਰਾਪਤ ਕੀਤੀ ਸੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਸ਼ਿਵਰਾਜ ਸਿੰਘ ਚੌਹਾਨ ਅਤੇ ਗ੍ਰਹਿ ਮੰਤਰੀ ਸ੍ਰੀ ਨਰੋਤਮ ਮਿਸ਼ਰਾ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਵਿਚ ਦਖਲ ਦੇ ਕੇ ਬੇਕਸੂਰ ਸਿੱਖ ਨੌਜਵਾਨ ਵਿਰੁੱਧ ਦਰਜ ਕੀਤੇ ਪਰਚੇ ਨੂੰ ਰੱਦ ਕਰਨ ਦੇ ਨਿਰਦੇਸ਼ ਜਾਰੀ ਕਰਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Sarbjeet Kaur Sarb Online Interview Host: Balraj Pannu

Proof Editor: Prabhjot KaurDesigner: Anil Kumar Content Composer: Amritpal Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.



# ਤਾਲਿਬਾਨ ਵੱਲੋਂ ਅਫ਼ਗਾਨਿਸਤਾਨ 'ਚ ਔਰਤਾਂ ਲਈ ਯੂਨੀਵਰਸਿਟੀ ਦੀ ਸਿੱਖਿਆ 'ਤੇ ਲਾਈ ਪਾਬੰਦੀ

## ਵਿਸ਼ਵ ਭਰ ਦੇ ਮੁਸਲਿਮ ਭਾਈਚਾਰੇ 'ਚ ਰੋਸ ਦੀ ਲਹਿਰ

## ਧੀਆਂ ਦੇ ਪਿਤਾ ਹੋਣ ਦੇ ਨਾਤੇ, ਮੈਂ ਅਜਿਹੀ ਦੁਨੀਆਂ ਦੀ ਕਲਪਨਾ ਨਹੀਂ ਕਰ ਸਕਦਾ : ਰਿਸ਼ੀਸੁਨਕ



ਸਰਬਜੀਤ ਕੌਰ ਸਰਬ

ਤਾਲਿਬਾਨ ਸਰਕਾਰ ਨੇ ਅਫ਼ਗਾਨਿਸਤਾਨ ਵਿੱਚ ਔਰਤਾਂ ਦੇ ਯੂਨੀਵਰਸਿਟੀ ਵਿੱਚ ਜਾਣ ਜਾਂ ਪੜ੍ਹਾਉਣ 'ਤੇ ਪਾਬੰਦੀ ਲਾ ਦਿੱਤੀ ਹੈ । ਜਿਸ ਨਾਲ ਦੇਸ਼ ਦੇ ਨੌਜਵਾਨਾਂ ਵਿਚ ਅੰਤਰਰਾਸ਼ਟਰੀ ਨਿੰਦਾ ਅਤੇ ਨਿਰਾਸ਼ਾ ਪੈਦਾ ਹੋ ਗਈ ਹੈ। ਉੱਚ ਸਿੱਖਿਆ ਮੰਤਰੀ ਨੇ ਬੀਤੇ ਦਿਨੀਂ ਰਿਗਰੇਸ਼ਨ ਦਾ ਐਲਾਨ ਕਰਦੇ ਹੋਏ ਕਿਹਾ ਕਿ ਇਹ ਤੁਰੰਤ ਲਾਗੂ ਹੋਵੇਗਾ। ਤਾਲਿਬਾਨ ਦੇ ਉੱਚ ਸਿੱਖਿਆ ਦੇ ਕਾਰਜਕਾਰੀ ਮੰਤਰੀ ਨੇ ਕੁੜੀਆਂ ਲਈ ਯੂਨੀਵਰਸਿਟੀਆਂ ਨੂੰ ਬੰਦ ਕਰਨ ਦੇ ਤਿੰਨ ਕਾਰਨ ਦੱਸੇ। ਜਿਸ 'ਚ ਪਹਿਲਾ, ਔਰਤਾਂ ਦੇ ਹੋਸਟਲ ਦੀ ਹੋਂਦ, ਦੂਜਾ ਪੁਰਸ਼ ਸਰਪ੍ਰਸਤ ਤੋਂ ਬਿਨਾਂ ਕੁੜੀਆਂ ਦਾ ਇੱਕ ਸੂਬੇ ਤੋਂ ਦੂਜੇ ਸੂਬੇ ਵਿੱਚ ਆਉਣਾ ਅਤੇ ਤੀਜਾ, ਹਿਜਾਬ ਦਾ ਪਾਲਣ ਨਾ ਕਰਨਾ ਮੁੱਖ ਰੂਪ 'ਚ ਸ਼ਾਮਿਲ ਹੈ।

ਜਦੋਂ ਤੋਂ ਤਾਲਿਬਾਨ ਦੀ ਸੱਤਾ ਵਿੱਚ ਵਾਪਸੀ ਹੋਈ ਹੈ ਉਦੋਂ ਤੋਂ ਹੀ ਕੁੜੀਆਂ ਦੇ ਸੈਕੰਡਰੀ ਸਕੂਲ ਵਿੱਚ ਜਾਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ ਤੇ ਹੁਣ ਉਨ੍ਹਾਂ ਨੂੰ ਪ੍ਰਾਇਮਰੀ ਸਕੂਲ ਵਿਚ ਜਾਣ ਤੋਂ ਵੀ ਰੋਕਿਆ ਜਾ ਰਿਹਾ ਹੈ। ਹਜ਼ਾਰਾਂ ਮਹਿਲਾ ਸਰਕਾਰੀ ਕਰਮਚਾਰੀਆਂ ਨੂੰ ਘਰ ਰਹਿਣ ਲਈ ਕਿਹਾ ਗਿਆ ਹੈ। ਸਰਕਾਰ ਵੱਲੋਂ ਦਿੱਤੇ ਤਾਜ਼ਾ ਹੁਕਮ ਔਰਤਾਂ ਨੂੰ ਕਿਸੇ ਮਰਦ ਰਿਸ਼ਤੇਦਾਰ ਤੋਂ ਬਿਨਾਂ ਯਾਤਰਾ ਕਰਨ ਜਾਂ ਮਸਜਿਦਾਂ ਜਾਂ ਧਾਰਮਿਕ ਮਦਰੱਸਿਆਂ ਵਿੱਚ ਜਾਣ ਤੋਂ ਰੋਕਦੇ ਹਨ। ਪਿਛਲੇ ਮਹੀਨੇ ਲੜਕੀਆਂ ਅਤੇ ਔਰਤਾਂ ਦੇ ਪਾਰਕਾਂ ਸਮੇਤ ਜਨਤਕ ਥਾਂਵਾਂ 'ਤੇ ਜਾਣ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ।

ਸੰਸਾਰ ਭਰ ਦੇ ਲੋਕ ਹੁਣ ਇਸ ਭਰਮ ਵਿੱਚ ਚੁੱਪ ਨਹੀਂ ਰਹਿ ਸਕਦੇ ਕਿ ਇਹ ਪਾਬੰਦੀਆਂ ਅਸਥਾਈ ਹਨ। ਇਹ ਸਮਾਂ ਤਾਲਿਬਾਨ ਨੂੰ ਆਪਣੇ ਆਪ ਸੰਭਾਲਣ ਦਾ ਹੈ ਕਿਉਂਕਿ ਦੁਨੀਆ ਭਰ ਦੇ ਮੁਸਲਿਮ ਰਾਸ਼ਟਰ ਦੇ ਲੋਕ, ਜੋ ਔਰਤਾਂ ਅਤੇ ਲੜਕੀਆਂ ਦੀ ਸਿੱਖਿਆ ਨੂੰ ਬਰਕਰਾਰ ਰੱਖਣ ਲਈ ਇਸਲਾਮੀ ਕਾਨੂੰਨ ਦੀ ਪਾਲਣਾ ਕਰਦੇ ਹਨ, ਅਤੇ ਇਸ ਨੂੰ ਇਸਲਾਮੀ ਸਿੱਖਿਆ ਦਾ ਕੇਂਦਰ ਮੰਨਦੇ ਹਨ। ਅਫ਼ਗਾਨਿਸਤਾਨ ਵਿੱਚ ਔਰਤਾਂ ਅਤੇ ਲੜਕੀਆਂ ਦੇ ਅਧਿਕਾਰਾਂ ਨੂੰ ਬਹਾਲ ਕਰਨ ਦੀ ਕੁੰਜੀ ਮੁਸਲਿਮ ਦੇਸ਼ਾਂ ਕੋਲ ਹੈ।

### ਵਿਸ਼ਵ ਭਰ 'ਚ ਸਿਆਸਤ ਗਰਮਾਈ

ਤਾਲਿਬਾਨ ਦੁਆਰਾ ਔਰਤਾਂ ਦੀ ਯੂਨੀਵਰਸਿਟੀ ਪਾਬੰਦੀ ਤੋਂ ਬਾਅਦ ਵਿਸ਼ਵ ਭਰ 'ਚ ਸਿਆਸਤ ਗਰਮਾਈ ਹੋਈ ਹੈ। ਕਤਰ ਦੇ ਵਿਦੇਸ਼ ਮੰਤਰਾਲੇ, ਜੋ ਕਿ ਤਾਲਿਬਾਨ ਅਤੇ ਪੱਛਮ ਵਿਚਕਾਰ ਵਿਚੋਲਾ ਰਿਹਾ ਹੈ, ਨੇ ਤੁਰੰਤ ਕਾਰਵਾਈਆਂ ਦੀ ਨਿੰਦਾ ਕੀਤੀ ਅਤੇ 'ਚਿੰਤਾ ਅਤੇ ਨਿਰਾਸ਼ਾ' ਜ਼ਾਹਰ ਕੀਤੀ ਕਿਉਂਕਿ ਉਸਨੇ ਅਫ਼ਗਾਨਿਸਤਾਨ ਨੂੰ ਆਪਣੀ ਪਾਬੰਦੀ ਖਤਮ ਕਰਨ ਦੀ ਅਪੀਲ ਕੀਤੀ ਸੀ। ਸਾਊਦੀ ਵਿਦੇਸ਼ ਮੰਤਰਾਲੇ ਨੇ ਹੈਰਾਨੀ ਅਤੇ ਅਫਸੋਸ ਪ੍ਰਗਟ ਕੀਤਾ, ਅਤੇ ਸਰਕਾਰ ਨੂੰ ਫੈਸਲਾ ਵਾਪਸ ਲੈਣ ਦੀ ਮੰਗ ਕੀਤੀ। ਇਹ ਵੀ ਕਿਹਾ ਗਿਆ ਹੈ, ਕਿ ਅਫਗਾਨ ਔਰਤਾਂ ਨੂੰ ਉਨ੍ਹਾਂ ਦੇ ਪੂਰੇ ਜਾਇਜ਼ ਅਧਿਕਾਰ ਦੇਣ ਦੇ ਉਲਟ ਸੀ, ਜਿਨ੍ਹਾਂ ਵਿੱਚੋਂ ਸਭ ਤੋਂ ਪਹਿਲਾਂ ਸਿੱਖਿਆ ਦਾ ਅਧਿਕਾਰ ਹੈ, ਜੋ ਅਫ਼ਗਾਨਿਸਤਾਨ ਵਿੱਚ ਸੁਰੱਖਿਆ, ਸਥਿਰਤਾ, ਵਿਕਾਸ ਅਤੇ ਖੁਸ਼ਹਾਲੀ ਵਿੱਚ ਸਹਾਇਤਾ ਕਰਨ ਵਿੱਚ ਯੋਗਦਾਨ ਪਾਉਂਦਾ ਹੈ÷।

ਸੰਯੁਕਤ ਰਾਸ਼ਟਰ ਵਿੱਚ ਯੂਏਈ ਦੇ ਪ੍ਰਤੀਨਿਧੀ ਦੁਆਰਾ ਇਸ ਕਦਮ ਨੂੰ ÷ਜਨਤਕ ਜੀਵਨ ਤੋਂ ਔਰਤਾਂ ਨੂੰ ਮਿਟਾਉਣ÷ ਤੋਂ ਘੱਟ ਕੁਝ ਸੁਰੱਖਿਅਤ ਕਰਨ ਦੀ ਕੋਸ਼ਿਸ਼ ਵਜੋਂ ਲੇਬਲ ਕੀਤੇ ਜਾਣ ਤੋਂ ਬਾਅਦ, ਯੂਏਈ ਦੇ ਇੱਕ ਅਧਿਕਾਰਤ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਹ ਫੈਸਲਾ ਨਾ ਸਿਰਫ ÷ਮੌਲਿਕ ਅਧਿਕਾਰਾਂ÷ ਦੀ ਉਲੰਘਣਾ ਕਰਦਾ ਹੈ, ਬਲਕਿ ÷ਇਸਲਾਮ ਦੀਆਂ ਸਿੱਖਿਆਵਾਂ, ਅਤੇ ਜਲਦੀ ਹੱਲ ਕੀਤਾ ਜਾਣਾ ਚਾਹੀਦਾ ਹੈ÷ਅਤੇ ਇਸਲਾਮੀ ਕਾਨੂੰਨ ਨੂੰ ਬਰਕਰਾਰ ਰੱਖਣ ਦੀਆਂ ਇਹ ਮੰਗਾਂ ਨੀਤੀ ਨੂੰ ਉਲਟਾਉਣ ਨੂੰ ਸੁਰੱਖਿਅਤ ਕਰ ਸਕਦੀਆਂ ਹਨ। ਵਿਦੇਸ਼ ਸਕੱਤਰ ਐਂਟਨੀ ਬਲਿੰਕਨ ਨੇ ਇੱਕ ਬਿਆਨ ਵਿੱਚ ਕਿਹਾ, ÷ਤਾਲਿਬਾਨ ਉਦੋਂ ਤੱਕ ਅੰਤਰਰਾਸ਼ਟਰੀ ਭਾਈਚਾਰੇ ਦੇ ਇੱਕ ਜਾਇਜ਼ ਮੈਂਬਰ ਬਣਨ ਦੀ ਉਮੀਦ ਨਹੀਂ ਕਰ ਸਕਦੇ ਜਦੋਂ ਤੱਕ ਉਹ ਅਫ਼ਗਾਨਿਸਤਾਨ ਵਿੱਚ ਸਾਰਿਆਂ ਦੇ ਅਧਿਕਾਰਾਂ ਦਾ ਸਨਮਾਨ ਨਹੀਂ ਕਰਦੇ।

ਰਿਸ਼ੀਸੁਨਕ ਯੂਨਾਈਟਿਡ ਕਿੰਗਡਮ ਦੇ ਪ੍ਰਧਾਨ ਮੰਤਰੀ ਨੇ ਤਾਲੀਬਾਨ ਦੇ ਇਸ ਕਦਮ 'ਤੇ ਚਿੰਤਾ ਪ੍ਰਗਟ ਕਰਦੇ ਕਿਹਾ, ਧੀਆਂ ਦੇ ਪਿਤਾ ਹੋਣ ਦੇ ਨਾਤੇ, ਮੈਂ ਅਜਿਹੀ ਦੁਨੀਆਂ ਦੀ ਕਲਪਨਾ ਨਹੀਂ ਕਰ ਸਕਦਾ ਜਿਸ ਵਿੱਚ ਉਨ੍ਹਾਂ ਨੂੰ ਸਿੱਖਿਆ ਤੋਂ ਇਨਕਾਰ ਕੀਤਾ ਗਿਆ ਹੋਵੇ।

### ਮੁਸਲਿਮ ਸੰਸਾਰ ਦੀ ਮੁੱਖ ਧਾਰਾ ਇਸਲਾਮੀ ਸਿੱਖਿਆ

ਇਸ ਮੁੱਦੇ 'ਤੇ ਏਕਤਾ ਸੰਭਵ ਹੈ ਕਿਉਂਕਿ ਧਾਰਮਿਕ ਸਿੱਖਿਆ ਲੜਕੀਆਂ ਦੇ ਸਿੱਖਿਆ ਦੇ ਅਧਿਕਾਰ ਨੂੰ ਬਰਕਰਾਰ ਰੱਖਦੀ ਹੈ। ਇਕਰਾ , ਜਿਸਦਾ ਅਰਥ ਹੈ ਪੜ੍ਹਨਾ, ਕੁਰਾਨ ਦਾ ਪਹਿਲਾ ਸ਼ਬਦ ਹੈ ਅਤੇ ਬਾਕੀ ਮੁਸਲਿਮ ਸੰਸਾਰ ਮੁੱਖ ਧਾਰਾ ਦੀ ਇਸਲਾਮੀ ਸਿੱਖਿਆ ਦਾ ਪਾਲਣ ਕਰਦਾ ਹੈ ਜੋ ਲੜਕੀਆਂ ਦੀ ਸਿੱਖਿਆ ਨੂੰ ਉਤਸ਼ਾਹਿਤ ਕਰਦਾ ਹੈ। ਦਰਅਸਲ, ਗਿਆਨ ਦੀ ਭਾਲ ਹਰ ਮੁਸਲਮਾਨ ਲਈ ਲਾਜ਼ਮੀ ਹੈ , ਅਲ-ਤਿਰਮਿਧੀ, ਹਦੀਸ 74, ਸੁੰਨੀ ਇਸਲਾਮ ਦੀਆਂ ਛੇ ਪ੍ਰਮਾਣਿਕ ਸਿੱਖਿਆਵਾਂ ਵਿੱਚੋਂ ਇੱਕ ਦੱਸਦੀ ਹੈ, ਜੋ ਪੂਰੇ ਅਰਬ ਸੰਸਾਰ ਵਿੱਚ - ਮਰਦਾਂ ਅਤੇ ਔਰਤਾਂ ਦੁਆਰਾ - ਸਿੱਖਣ ਲਈ ਡੂੰਘੀ ਵਚਨਬੱਧਤਾ 'ਤੇ ਜ਼ੋਰ ਦਿੰਦੀ ਹੈ।

ਸਾਰੀਆਂ ਕੁੜੀਆਂ ਨੂੰ ਸਿੱਖਿਆ ਪ੍ਰਦਾਨ ਕਰਨ ਦੀ ਆਪਣੀ ਮਜ਼ਬੂਤ ਵਚਨਬੱਧਤਾ ਦੇ ਕਾਰਨ, ਵਿਸ਼ਵ ਦੇ ਸਭ ਤੋਂ ਵੱਡੇ ਮੁਸਲਿਮ ਬਹੁਗਿਣਤੀ ਵਾਲੇ ਦੇਸ਼, ਇੰਡੋਨੇਸ਼ੀਆ ਵਿੱਚ ਔਰਤਾਂ ਦੀ ਯੂਨੀਵਰਸਿਟੀ ਦਾਖਲਾ 1970 ਵਿੱਚ 2% ਤੋਂ ਵਧ ਕੇ 2018 ਵਿੱਚ 39% ਹੋ ਗਈ ਹੈ, ਸਾਊਦੀ ਅਰਬ ਵਿੱਚ, ਯੂਨੀਵਰਸਿਟੀ 'ਚ ਅੱਧ ਉਮਰ ਦੀਆਂ ਔਰਤਾਂ ਯੂਨੀਵਰਸਿਟੀ ਵਿੱਚ ਪੜ੍ਹਦੀਆਂ ਹਨ - ਮੈਕਸੀਕੋ, ਚੀਨ, ਬ੍ਰਾਜ਼ੀਲ ਅਤੇ ਭਾਰਤ ਨਾਲੋਂ ਵੱਧ ਔਰਤਾਂ ਦੀ ਦਾਖਲਾ ਦਰ ਹੈ। ਤਾਲਿਬਾਨ ਦੁਆਰਾ ਚਲਾਏ ਗਏ ਅਫ਼ਗਾਨਿਸਤਾਨ ਨੂੰ ਛੱਡ ਕੇ ਮੁਸਲਿਮ ਸੰਸਾਰ ਦਾ ਹਰ ਦੇਸ਼, ਸੰਯੁਕਤ ਰਾਸ਼ਟਰ ਦੇ ਟਿਕਾਊ ਵਿਕਾਸ ਟੀਚੇ ਨੰਬਰ ਚਾਰ ਲਈ ਜਨਤਕ ਤੌਰ 'ਤੇ ਵਚਨਬੱਧ ਹੈ: ਕਿ 2030 ਤੱਕ ਹਰ ਬੱਚੇ ਨੂੰ 'ਸਮੂਹਿਕ ਅਤੇ ਬਰਾਬਰ ਗੁਣਵੱਤਾ ਵਾਲੀ ਸਿੱਖਿਆ' ਤੱਕ ਪਹੁੰਚ ਯਕੀਨੀ ਬਣਾਈ ਜਾਵੇ।




ਅਫ਼ਗਾਨਿਸਤਾਨ ਨੇ ਖੁਦ ਲੰਬੇ ਸਮੇਂ ਦਾ ਆਨੰਦ ਮਾਣਿਆ ਹੈ ਜਦੋਂ ਕੁੜੀਆਂ ਦੀ ਸਿੱਖਿਆ ਵਧੀ ਸੀ। ਤਾਲਿਬਾਨ ਦੇ 1996 ਦੇ ਕਬਜ਼ੇ ਤੋਂ ਪਹਿਲਾਂ, ਕਾਬੁਲ ਯੂਨੀਵਰਸਿਟੀ ਦੇ 60% ਅਧਿਆਪਕ ( ਅੱਧੇ ਵਿਦਿਆਰਥੀ) ਔਰਤਾਂ ਸਨ। ਅਫਗਾਨ ਔਰਤਾਂ ਨੇ ਦੇਸ਼ ਦੇ 70% ਸਕੂਲ ਅਧਿਆਪਕਾਂ, 50% ਸਿਵਲੀਅਨ ਸਰਕਾਰੀ ਕਰਮਚਾਰੀ ( ਕਾਬੁਲ ਵਿੱਚ 130,000 ਸਿਵਲ ਸੇਵਕਾਂ ਵਿੱਚੋਂ 70%), ਅਤੇ 40% ਡਾਕਟਰਾਂ ਦਾ ਗਠਨ ਕੀਤਾ। ਇਕੱਲੀ ਇਸ ਸਦੀ ਵਿੱਚ - ਇੱਕ ਸਾਲ ਪਹਿਲਾਂ ਤੱਕ - ਸਕੂਲ ਵਿੱਚ ਦਾਖਲ ਹੋਣ ਵਾਲੀਆਂ ਅਫਗਾਨ ਕੁੜੀਆਂ ਦੀ ਗਿਣਤੀ 2000 ਵਿੱਚ ਸਿਰਫ 100,000 ਤੋਂ ਵੱਧ ਕੇ 3.5 ਮਿਲੀਅਨ ਤੋਂ ਵੱਧ ਹੋ ਗਈ ਸੀ, ਅਤੇ ਔਰਤਾਂ ਦੀ ਸਾਖਰਤਾ ਦੁੱਗਣੀ ਹੋ ਗਈ ਸੀ।

ਅਸੀਂ ਜਾਣਦੇ ਹਾਂ ਕਿ ਮਲਟੀਪਲ ਪਾਬੰਦੀਆਂ ਕੰਧਾਰ ਵਿੱਚ ਸਥਿਤ ਤਾਲਿਬਾਨ ਦੇ ਅਧਿਆਤਮਿਕ ਨੇਤਾ, ਹੈਬਤੁੱਲਾ ਅਖੁੰਦਜ਼ਾਦਾ ਦਾ ਇੱਕ ਫੈਸਲਾ ਸੀ, ਜਿਸ ਦੇ ਪੈਰੋਕਾਰਾਂ ਨੇ ਤਾਲਿਬਾਨ ਅਧਿਕਾਰੀਆਂ ਅਤੇ ਪੁਲਿਸ ਅਧਿਕਾਰੀਆਂ ਦੀ ਹਾਲ ਹੀ ਵਿੱਚ ਹੋਈ ਇੱਕ ਮੀਟਿੰਗ ਵਿੱਚ ਇਹਨਾਂ ਪਾਬੰਦੀਆਂ 'ਤੇ ਜ਼ੋਰ ਦਿੱਤਾ ਸੀ। ਵਿਸ਼ਵਵਿਆਪੀ ਮਹਿਲਾ ਅੰਦੋਲਨ ਦੀ ਹਮਾਇਤ ਨਾਲ, 9®3 ਅਤੇ 733 ਦੁਆਰਾ ਹਰ ਸੰਭਵ ਦਬਾਅ ਨੂੰ ਵਧਾ ਕੇ, ਅਫ਼ਗਾਨਿਸਤਾਨ ਵਿੱਚ ਕੁੜੀਆਂ ਅਤੇ ਔਰਤਾਂ ਨੂੰ ਅੰਤ ਵਿੱਚ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਦੀ ਗਾਰੰਟੀ ਦਿੱਤੀ ਜਾਵੇ।

ਪਿਛਲੇ ਮਹੀਨੇ ਔਰਤਾਂ ਨੂੰ ਪਾਰਕਾਂ, ਜਿੰਮ ਅਤੇ ਸਵਿਮਿੰਗ ਪੂਲ ਤੋਂ ਰੋਕ ਦਿੱਤਾ ਗਿਆ ਸੀ। ਇਸ ਸਾਲ ਮਾਰਚ ਵਿੱਚ, ਤਾਲਿਬਾਨ ਸਰਕਾਰ ਨੇ ਲੜਕੀਆਂ ਲਈ ਸੈਕੰਡਰੀ ਸਕੂਲ ਖੋਲ੍ਹਣ ਦੀ ਆਪਣੀ ਵਚਨਬੱਧਤਾ ਨੂੰ ਪੂਰਾ ਨਹੀਂ ਕੀਤਾ।

ਪਿਛਲੇ ਸਾਲ ਤਾਲਿਬਾਨ ਨੇਤਾਵਾਂ ਨਾਲ ਹੋਈ ਗੱਲਬਾਤ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਲੜਕੀਆਂ ਦੀ ਸਿੱਖਿਆ ਦੇ ਮੁੱਦੇ 'ਤੇ ਤਾਲਿਬਾਨ ਦੇ ਅੰਦਰ ਅਸਹਿਮਤੀ ਹੈ। ਕੁਝ ਤਾਲਿਬਾਨ ਮੈਂਬਰਾਂ ਨੇ ਵਾਰ-ਵਾਰ ਕਿਹਾ ਹੈ ਕਿ ਉਹ ਆਸ਼ਾਵਾਦੀ ਹਨ ਅਤੇ ਲੜਕੀਆਂ ਨੂੰ ਸਿੱਖਿਆ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੇ ਹਨ।

ਲੜਕੀਆਂ ਨੂੰ ਦੋ ਹਫ਼ਤੇ ਪਹਿਲਾਂ, ਅਫ਼ਗਾਨਿਸਤਾਨ ਦੇ 34 ਸੂਬਿਆਂ ਵਿੱਚੋਂ 31 ਵਿੱਚ ਸੈਕੰਡਰੀ ਸਕੂਲਾਂ ਲਈ ਗ੍ਰੈਜੂਏਸ਼ਨ ਪ੍ਰੀਖਿਆਵਾਂ ਵਿੱਚ ਬੈਠਣ ਦੀ ਇਜਾਜ਼ਤ ਦਿੱਤੀ ਗਈ ਸੀ, ਭਾਵੇਂ ਕਿ ਉਨ੍ਹਾਂ ਨੂੰ ਇੱਕ ਸਾਲ ਤੋਂ ਵੱਧ ਸਮੇਂ ਤੋਂ ਸਕੂਲ ਵਿੱਚ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਹੈ। ਤਾਲੀਬਾਨ ਦੁਆਰਾ ਚੁੱਕਿਆ ਇਹ ਕਦਮ ਉਸ ਨੂੰ ਦੂਜੇ ਮੁਸਲਿਮ ਦੇਸ਼ਾ ਤੋਂ ਵੱਖਰਾ ਕਰ ਰਿਹਾ ਹੈ।



# ਸੰਨ 2022 ’ਚ ਆਪਣੀ ਹਸਤੀ ਲਈ ਜੂਝਦਾ ਰਿਹਾ ਪੰਜਾਬ ਤੇ ਖ਼ਾਲਸਾ ਪੰਥ

## ਪੰਜਾਬ ਸਰਕਾਰ ਨੇ ਅਕਤੂਬਰ ਤੋਂ ਦਸੰਬਰ ਤੱਕ ਦੇ ਤਿੰਨ ਮਹੀਨਿਆਂ ਵਿਚ 14 ਹਜ਼ਾਰ ਸੱਤ ਸੌ ਕਰੋੜ ਦਾ ਹੋਰ ਨਵਾਂ ਕਰਜ਼ਾ ਚੁੱਕਿਆ

**ਵਿਸ਼ਲੇਸ਼ਣ-ਅੰਮ੍ਰਿਤਸਰ ਟਾਈਮਜ ਬਿਊਰੋ**



ਸਿਆਸੀ ਤੌਰ ਉੱਤੇ ਦੇਖਿਆ ਜਾਵੇ ਤਾਂ ਸਾਲ ਦੀ ਸ਼ੁਰੂਆਤ ਵਿੱਚ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਪੰਜਾਬ ਨੇ ਸਰਦੀ ਦੇ ਮਹੀਨੇ ਵਿੱਚ ਸਿਆਸਤ ਨੂੰ ਗਰਮ ਕਰ ਕੇ ਰੱਖਿਆ ਸੀ।ਸਾਲ ਦੀ ਸ਼ੁਰੂਆਤ ਵਿੱਚ ਜਨਵਰੀ ਮਹੀਨੇ ਦੇ ਪਹਿਲੇ ਹਫ਼ਤੇ ਵਿੱਚ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫ਼ਿਰੋਜ਼ਪੁਰ ਵਿਖੇ ਰੈਲੀ ਤੋਂ ਪਹਿਲਾਂ ਸੁਰੱਖਿਆ ਵਿੱਚ ਹੋਈ ਅਣਗਹਿਲੀ ਦੀ ਘਟਨਾ ਨੇ ਨਾ ਸਿਰਫ਼ ਕਈ ਸਵਾਲ ਖੜ੍ਹੇ ਕੀਤੇ ਬਲਕਿ ਸਿਆਸਤ ਵੀ ਖ਼ੂਬ ਗਰਮਾ ਦਿੱਤੀ। 5 ਜਨਵਰੀ 2022 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਪੰਜਾਬ ਫੇਰੀ ਦੌਰਾਨ ਫ਼ਿਰੋਜ਼ਪੁਰ ਵਿਖੇ ਰੈਲੀ ਕਰਨੀ ਸੀ ਅਤੇ ਹੁਸੈਨੀਵਾਲਾ ਵਿਖੇ ਨਤਮਸਤਕ ਹੋਣਾ ਸੀ।ਭਾਜਪਾ ਦਾ ਦਾਅਵਾ ਸੀ ਕਿ ਪੰਜਾਬ ਲਈ ਕਈ ਯੋਜਨਾਵਾਂ ਦੀ ਸ਼ੁਰੂਆਤ ਵੀ ਇਸ ਫੇਰੀ ਦੌਰਾਨ ਪ੍ਰਧਾਨ ਮੰਤਰੀ ਨੇ ਕਰਨੀ ਸੀ।ਪਰ ਪ੍ਰਧਾਨ ਮੰਤਰੀ ਪੰਜਾਬ ਵਿੱਚ ਲੈਂਡ ਹੋਣ ਦੇ ਬਾਵਜੂਦ ਸੁਰੱਖਿਆ ਕਾਰਨਾਂ ਕਰਕੇ ਫ਼ਿਰੋਜ਼ਪੁਰ ਪਹੁੰਚ ਨਹੀਂ ਸਕੇ, ਕਿਉਂਕਿ ਜਿਸ ਰਸਤੇ ਤੋਂ ਪ੍ਰਧਾਨ ਮੰਤਰੀ ਦੇ ਕਾਫ਼ਲੇ ਨੇ ਲੰਘ ਕੇ ਫ਼ਿਰੋਜ਼ਪੁਰ ਜਾਣਾ ਸੀ, ਉਸ ਉੱਤੇ ਕਿਸਾਨ ਵਿਰੋਧ ਪ੍ਰਦਰਸ਼ਨ ਕਰ ਰਹੇ ਸਨ। ਇਸ ਕਰਕੇ ਉਹ ਰੈਲੀ ਨੂੰ ਬਿਨਾਂ ਸੰਬੋਧਨ ਕੀਤੇ ਵਾਪਸ ਦਿੱਲੀ ਪਰਤ ਗਏ। ਪਰ ਪੰਜਾਬ ਵਿਚ ਪ੍ਰਧਾਨ ਮੰਤਰੀ ਦੀਆਂ ਯੋਜਨਾਵਾਂ ਹੁਣ ਤਕ ਲਾਗੂ ਨਹੀਂ ਹੋ ਸਕੀਆਂ ਪਰ ਪੰਜਾਬ ਨਾਲ ਕੇਂਦਰ ਦੇ ਵਿਤਕਰੇ ਜਾਰੀ ਹਨ।ਅਜੇ ਤੱਕ ਉਨ੍ਹਾਂ ਨੇ ਇਤਿਹਾਸਕ ਸ਼ਹਿਰ ਅੰਮ੍ਰਿਤਸਰ ਨੂੰ ਕੋਈ ਵਿਸ਼ੇਸ਼ ਪ੍ਰਾਜੈਕਟ ਨਹੀਂ ਦਿੱਤਾ। ਜਦੋਂ ਹਵਾਈ ਅੱਡਾ ਅੰਮ੍ਰਿਤਸਰ ਤੋਂ ਕੌਮਾਂਤਰੀ ਉਡਾਣਾਂ ਵਧਾਉਣ ਦੀ ਗੱਲ ਹੁੰਦੀ ਹੈ ਤਾਂ ਸਰਕਾਰਾਂ ਦੀ ਪਹਿਲੀ ਤਰਜੀਹ ਚੰਡੀਗੜ੍ਹ-ਮੁਹਾਲੀ ਦਾ ਹਵਾਈ ਅੱਡਾ ਹੋ ਜਾਂਦਾ ਹੈ। ਜਦੋਂ ਕਿ ਅੰਮ੍ਰਿਤਸਰ ਦਾ ਧਾਰਮਿਕ ਤੌਰ ’ਤੇ ਅਤੇ ਅੰਤਰ-ਰਾਸ਼ਟਰੀ ਧਾਰਮਿਕ ਯਾਤਰਾ ਦੇ ਪੱਖ ਤੋਂ ਵਿਸ਼ੇਸ਼ ਮਹੱਤਵ ਹੈ। ਹਰ ਰੋਜ਼ ਲੱਖਾਂ ਦੇਸ਼ੀ-ਵਿਦੇਸ਼ੀ ਸੈਲਾਨੀ ਇੱਥੇ ਆਉਂਦੇ ਹਨ।

ਸੰਨ 2022 ਪੰਜਾਬੀ ਤੇ ਖਾਲਸਾ ਪੰਥ ਦੇ ਲਈ ਚੁਣੌਤੀਆਂ ਅਤੇ ਪ੍ਰਾਪਤੀਆਂ ਨਾਲ ਭਰਪੂਰ ਰਿਹਾ ਹੈ। ਬਹੁਪੱਖੀ ਸੰਕਟ ਵਿਚ ਘਿਰਿਆ ਪੰਜਾਬ ਲਈ ਸੰਨ 2022 ਕੋਈ ਤਬਦੀਲੀ ਨਹੀਂ ਲਿਆ ਸਕਿਆ। ਭਾਵੇਂ ਇਸ ਸਾਲ 20 ਫਰਵਰੀ ਨੂੰ ਹੋਈਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਨੂੰ 92 ਵਿਧਾਨ ਸਭਾ ਦੀਆਂ ਸੀਟਾਂ ਜਿਤਾ ਕੇ ਰਾਜ ਵਿਚ ਪੰਜਾਬੀਆਂ ਨੇ ਸੱਤਾ ਦੀ ਤਬਦੀਲੀ ਲਈ ਇਕ ਵੱਡਾ ਫ਼ਤਵਾ ਦਿੱਤਾ ਸੀ ਅਤੇ ਹੁਣ ਲਗਭਗ 10 ਮਹੀਨੇ ਇਸ ਸਰਕਾਰ ਦੀ ਕਾਰਗੁਜ਼ਾਰੀ ਪੰਜਾਬੀਆਂ ਦੀਆਂ ਭਾਵਨਾਵਾਂ ਉਪਰ ਖਰੀ ਨਹੀਂ ਉਤਰ ਸਕੀ। ਕੇਂਦਰ ਦੀ ਮੋਦੀ ਸਰਕਾਰ ਵੀ ਪੰਜਾਬ ਦੀ ਕੋਈ ਸਹਾਇਤਾ ਕਰਨ ਦੀ ਥਾਂ ਵੱਖ-ਵੱਖ ਨੀਤੀਆਂ ਰਾਹੀਂ ਇਸ ਦੀਆਂ ਮੁਸ਼ਕਿਲਾਂ ਵਿਚ ਵਾਧਾ ਹੀ ਕਰਦੀ ਰਹੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਕਈ ਮੁੱਦਿਆਂ ਨੂੰ ਲੈ ਕੇ ਸਿੰਗ ਫਸੇ ਰਹੇ। ਪੰਜਾਬ ਵਿਧਾਨ ਸਭਾ ਦੇ ਸੈਸ਼ਨ, ਬਾਬਾ ਫ਼ਰੀਦ ਯੂਨੀਵਰਸਿਟੀ ਅਤੇ ਖੇਤੀਬਾੜੀ ਯੂਨੀਵਰਸਿਟੀ ਦੇ ਉਪ ਕੁਲਪਤੀ ਦੀ ਨਿਯੁਕਤੀ ਅਤੇ ਚੰਡੀਗੜ੍ਹ ਦੇ ਐਸਐਸਪੀ ਨੂੰ ਹਟਾਏ ਜਾਣ ਦੇ ਮੁੱਦਿਆਂ ਨੂੰ ਲੈ ਕੇ ਟਕਰਾਅ ਦੇਖਣ ਨੂੰ ਮਿਲਿਆ।

ਸਿਆਸੀ ਮਾਹਿਰ ਆਉਣ ਵਾਲੇ ਸਮੇਂ ਵਿਚ ਰਾਜ ਸਰਕਾਰ ਦੀ ਕਾਰਗੁਜ਼ਾਰੀ ਵਿਚ ਬਹੁਤੀ ਤਬਦੀਲੀ ਦੀ ਆਸ ਨਹੀਂ ਕਰ ਰਹੇ।ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਇਹ ਦਾਅਵਾ ਕੀਤਾ ਸੀ ਕਿ ਜੇਕਰ ਪੰਜਾਬ ਦੇ ਲੋਕ, ਰਾਜ ਵਿਚ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਬਣਾਉਂਦੇ ਹਨ ਤਾਂ ਉਹ ਰਾਜ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਠੋਸ ਕਦਮ ਚੁੱਕਣਗੇ। ਪਰ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਪਹਿਲੀਆਂ ਰਾਜ ਸਰਕਾਰਾਂ ਦੀ ਤਰ੍ਹਾਂ ਕਰਜ਼ਾ ਚੁੱਕ ਕੇ ਆਪਣਾ ਕੰਮ-ਕਾਜ ਚਲਾ ਰਹੀ ਹੈ। ਇਕ ਸੂਚਨਾ ਅਨੁਸਾਰ ਪੰਜਾਬ ਸਰਕਾਰ ਨੇ ਅਕਤੂਬਰ ਤੋਂ ਦਸੰਬਰ ਤੱਕ ਦੇ ਤਿੰਨ ਮਹੀਨਿਆਂ ਵਿਚ 14 ਹਜ਼ਾਰ ਸੱਤ ਸੌ ਕਰੋੜ ਦਾ ਹੋਰ ਨਵਾਂ ਕਰਜ਼ਾ ਚੁੱਕਿਆ ਹੈ। ਸਮੁੱਚੇ ਤੌਰ ’ਤੇ ਹੁਣ ਤੱਕ ਰਾਜ ਸਰਕਾਰ ਸਿਰ 30 ਹਜ਼ਾਰ ਕਰੋੜ ਦੇ ਲਗਭਗ ਨਵਾਂ ਕਰਜ਼ਾ ਚੜ੍ਹਨ ਦੀਆਂ ਸੰਭਾਵਨਾਵਾਂ ਹਨ ਜਦੋਂ ਕਿ ਤਿੰਨ ਲੱਖ ਕਰੋੜ ਤੋਂ ਵੱਧ ਪਿਛਲੀਆਂ ਸਰਕਾਰਾਂ ਦੇ ਸਮੇਂ ਹੀ ਕਰਜ਼ਾ ਹੋ ਚੁੱਕਿਆ ਹੈ। ਰਾਜ ਸਰਕਾਰ ਨੂੰ ਆਪਣੇ ਜ਼ਰੂਰੀ ਕੰਮ-ਕਾਜ ਨਿਪਟਾਉਣ ਲਈ ਵੀ ਲੋੜੀਂਦੇ ਵਿੱਤੀ ਸਾਧਨਾਂ ਦੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਅਗਲੀ ਗੱਲ ਇਹ ਹੈ ਕਿ ਆਮ ਆਦਮੀ ਪਾਰਟੀ ਦੀ ਖ਼ਪਤਕਾਰਾਂ ਦੇ ਇਕ ਵੱਡੇ ਹਿੱਸੇ ਨੂੰ ਤਿੰਨ ਸੌ ਯੂਨਿਟ ਮੁਫ਼ਤ ਬਿਜਲੀ ਦੇਣ ਦੀ ਲਾਗੂ ਕੀਤੀ ਗਈ ਯੋਜਨਾ ਨਾਲ ਪਾਵਰਕਾਮ ਦੇ ਵਿੱਤੀ ਬਿੱਲ ਵਿਚ ਵੱਡਾ ਵਾਧਾ ਹੋ ਗਿਆ ਹੈ। ਉਹ ਕਰਜ਼ੇ ਦੇ ਜਾਲ਼ ਵਿਚ ਫ਼ਸਦੀ ਨਜ਼ਰ ਆ ਰਹੀ ਹੈ।

ਡਰੱਗ, ਅਪਰਾਧਾਂ ਤੇ ਗੈਂਗਸਟਰਾਂ ਕਾਰਨ ਪੰਜਾਬ ਦੀ ਅਮਨ ਕਾਨੂੰਨ ਦੀ ਸਥਿਤੀ ਬੇਹੱਦ ਚਿੰਤਾਜਨਕ ਬਣੀ ਹੋਈ ਹੈ। 29 ਮਈ ਨੂੰ ਰਾਜ ਦੇ ਚਰਚਿਤ ਗਾਇਕ ਸਿੱਧੂ ਮੂਸੇਵਾਲਾ ਦਾ ਗੈਂਗਸਟਰਾਂ ਨੇ ਗੋਲੀਆਂ ਮਾਰ ਕੇ ਦਿਨ ਦਿਹਾੜੇ ਜਿਸ ਤਰ੍ਹਾਂ ਕਤਲ ਕਰ ਦਿੱਤਾ ਸੀ, ਉਸ ਨੇ ਇਕ ਤਰ੍ਹਾਂ ਨਾਲ ਵਿਸ਼ਵ ਪੱਧਰ ਉਪਰ ਪੰਜਾਬੀਆਂ ਨੂੰ ਹਿਲਾ ਕੇ ਰੱਖ ਦਿੱਤਾ ਸੀ। ਪਰ ਹੁਣ ਤਕ ਉਹ ਇਸ ਕਤਲ ਦੀ ਗੁਥੀ ਨਹੀਂ ਸੁਲਝਾ ਸਕੀ। ਸਾਲ ਦੇ ਅਖ਼ੀਰ ਤੱਕ ਵੀ ਗੈਂਗਸਟਰਾਂ ਵਲੋਂ ਫਿਰੌਤੀਆਂ ਕਰਨ ਲਈ ਕਤਲ ਕੀਤੇ ਜਾਣ ਦੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਹਨ।

(ਬਾਕੀ ਸਫ਼ਾ 32 ’ਤੇ)

## ਸਿੱਖਾਂ ਦੀਆਂ ਮਾਣਯੋਗ ਪ੍ਰਾਪਤੀਆਂ



ਹੁਣੇ ਜਿਹੇ ਆਸਟ੍ਰੇਲੀਆਈ ਸਰਕਾਰ ਦੇ ਮਾਹਰ ਪੈਨਲ ਵਿੱਚ ਵਿਭਿੰਨਤਾ ਨੂੰ ਹੁਲਾਰਾ ਦੇਣ ਅਤੇ ਐਸਟੀਈਐਮ ਸੈਕਟਰ ਵਿੱਚ ਔਰਤਾਂ ਦੀ ਭਾਗੀਦਾਰੀ ਵਧਾਉਣ ਲਈ ਪੰਜਾਬੀ ਮੂਲ ਦੀ ਬਾਇਓਟੈਕਨਾਲੋਜਿਸਟ ਪਰਵਿੰਦਰ ਕੌਰ ਨੂੰ ਨਿਯੁਕਤ ਕੀਤਾ ਗਿਆ ਹੈ ਜੋ ਸਿੱਖ ਪੰਥ ਲਈ ਮਾਣ ਵਾਲੀ ਗੱਲ ਹੈ। ਯੂਨੀਵਰਸਿਟੀ ਆਫ ਵੈਸਟਰਨ ਆਸਟ੍ਰੇਲੀਆ ਪਬਲਿਕ ਪਾਲਿਸੀ ਇੰਸਟੀਚਿਊਟ ਦੀ ਐਸੋਸੀਏਟ ਪ੍ਰੋਫੈਸਰ ਪਰਵਿੰਦਰ ਕੌਰ ਮੂਲ ਰੂਪ ਤੋਂ ਨਵਾਂਸ਼ਹਿਰ, ਪੰਜਾਬ ਦੀ ਹੈ।ਇਸ ਪੈਨਲ ਵਿੱਚ ਪਰਵਿੰਦਰ ਕੌਰ, ਸੈਲੀ-ਐਨ ਵਿਲੀਅਮਜ਼ ਅਤੇ ਮਿਕੇਲਾ ਜੇਡ ਦੇ ਨਾਲ ਮਿਲ ਕੇ ਕੰਮ ਕਰੇਗੀ। ਪਰਵਿੰਦਰ ਕੌਰ ਇਸ ਵੇਲੇ ਡੀਐਨਏ ਜ਼ੂ ਆਸਟ੍ਰੇਲੀਆ ਨਾਂ ਦੀ ਸੰਸਥਾ ਦੀ ਡਾਇਰੈਕਟਰ ਹੈ, ਜੋ ਕਿ ਟਿਕਾਊ ਭਵਿੱਖ ਨੂੰ ਯਕੀਨੀ ਬਣਾਉਣ ਲਈ ਧਰਤੀ ਦੀ ਜੈਵ ਵਿਭਿੰਨਤਾ ਅਤੇ ਕੁਦਰਤੀ ਵਾਤਾਵਰਣਾਂ ਦੀ ਜਾਂਚ ਕਰਨ ਵਾਲੀ ਅੰਤਰ-ਅਨੁਸ਼ਾਸਨੀ ਬਾਇਓਟੈਕਨਾਲੋਜੀ ਖੋਜ ਦੀ ਅਗਵਾਈ ਕਰਦੀ ਹੈ।



ਅਮਰੀਕਾ ਵਿੱਚ ਇੱਕ ਵਾਰ ਮੁੜ ਸਿੱਖਾਂ ਦਾ ਡੰਕਾ ਵਜਿਆ ਹੈ। ਇਸ ਵਾਰ ਅਮਰੀਕਾ ਦੇ ਕੈਲੀਫੋਰਨੀਆ ਸ਼ਹਿਰ ਵਿੱਚ ਸਰਬਸੰਮਤੀ ਨਾਲ ਲੋਦੀ ਸ਼ਹਿਰ ਦਾ ਮੇਅਰ ਮਿੱਕੀ ਹੋਥੀ ਚੁਣਿਆ ਗਿਆ ਹੈ। ਲੋਦੀ ਸ਼ਹਿਰ ਦੇ ਇਤਿਹਾਸ ਵਿੱਚ ਮਿੱਕੀ ਇਸ ਅਹੁਦੇ ’ਤੇ ਪੁੱਜਣ ਵਾਲਾ ਪਹਿਲਾ ਸਿੱਖ ਹੈ। ਮਿੱਕੀ ਹੋਥੀ ਦੇ ਮਾਤਾ-ਪਿਤਾ ਭਾਰਤ ਤੋਂ ਹਨ। ਹੋਥੀ ਨੂੰ ਮੇਅਰ ਮਾਰਕ ਚਾਂਡਲਰ ਦੀ ਥਾਂ ਚੁਣਿਆ ਗਿਆ ਹੈ, ਜੋ ਚਾਂਡਲਰ ਦੀਸੀਟ ਤੋਂ ਚੋਣ ਜਿੱਤੇ ਹਨ। ਹੋਥੀ, ਕੌਂਸਲਰ ਦੇ 5ਵੇਂ ਜ਼ਿਲ੍ਹੇ ਦੀ ਅਗਵਾਈ ਕਰਦੇ ਹਨ।



ਇਸੇ ਸਾਲ ਜਲੰਧਰ ਜ਼ਿਲ੍ਹੇ ਦੇ ਪਿੰਡ ਬੁੱਟਰਾਂ ਦੇ ਰਹਿਣ ਵਾਲੇ 16 ਸਾਲਾ ਅੰਮ੍ਰਿਤਧਾਰੀ ਸਿੱਖ ਜਗਗੋਬਿੰਦ ਸਿੰਘ ਨੇ ਸੋਲੋ ਪਾਇਲਟ ਦਾ ਲਾਇਸੈਂਸ ਹਾਸਲ ਕਰਕੇ ਕੈਨੇਡਾ ਵਿੱਚ ਇਤਿਹਾਸ ਰਚ ਦਿੱਤਾ ਸੀ। ਜਿੱਥੇ 16 ਸਾਲ ਦੀ ਉਮਰ ’ਚ ਕੈਨੇਡਾ ਵਿਚ ਡਰਾਈਵਿੰਗ ਲਾਇਸੈਂਸ ਨਹੀਂ ਮਿਲਦਾ, ਓਥੇ ਹੀ ਜਗਗੋਬਿੰਦ ਨੇ ਸਭ ਨੂੰ ਹੈਰਾਨ ਕਰ ਦਿੱਤਾ।

## ਪਾਕਿਸਤਾਨ ਦੇ ਸਿੱਖ ਭਾਈਚਾਰੇ ਲਈ ਸਾਲ 2022 ਦੇ ਲਈ ਲਗਭਗ ਚੜ੍ਹਦੀ ਕਲਾ ਵਾਲਾ ਵਰ੍ਹਾ ਰਿਹਾ

ਪਾਕਿਸਤਾਨ ਦੇ ਸਭ ਤੋਂ ਛੋਟੇ ਘੱਟ-ਗਿਣਤੀ ਸਿੱਖ ਭਾਈਚਾਰੇ ਲਈ ਸਾਲ 2022 ਕਈ ਤਰ੍ਹਾਂ ਦੇ ਉਤਾਰ-ਚੜ੍ਹਾਅ ਵਾਲਾ ਵਰ੍ਹਾ ਰਿਹਾ।ਪ੍ਰਧਾਨ ਮੰਤਰੀ (ਸਾਬਕਾ) ਇਮਰਾਨ ਖ਼ਾਨ ਦੇ ਨਿਰਦੇਸ਼ਾਂ ਹੇਠ ਸ੍ਰੀ ਨਨਕਾਣਾ ਸਾਹਿਬ ’ਚ ਵੱਖ-ਵੱਖ ਕਬਜ਼ਾਧਾਰੀਆਂ ਤੋਂ ਵਕਫ਼ ਦੀ 107 ਏਕੜ ਭੂਮੀ ਕਬਜ਼ਾ ਮੁਕਤ ਕਰਵਾ ਕੇ 600 ਕਰੋੜ ਦੀ ਲਾਗਤ ਨਾਲ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦੀ ਸ਼ੁਰੂ ਕਰਵਾਈ ਉਸਾਰੀ ਦਾ ਕੰਮ ਇਸ ਵਰ੍ਹੇ ਦੌਰਾਨ ਮੁਕੰਮਲ ਕਰਵਾਇਆ ਜਾਣਾ, ਜ਼ਿਲ੍ਹਾ ਅਟਕ ਦੇ ਸ਼ਹਿਰ ਹਸਨ ਅਬਦਾਲ ਵਿਖੇ ਸ੍ਰੀ ਪੰਜਾ ਸਾਹਿਬ ਸ਼ਹੀਦੀ ਸਾਕੇ ਦੀ ਸ਼ਤਾਬਦੀ ਮਨਾਈ ਜਾਣੀ ਅਤੇ ਦੇਸ਼ ਦੀ ਵੰਡ ਦੇ ਬਾਅਦ ਪਹਿਲੀ ਵਾਰ ਪਾਕਿਸਤਾਨੀ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਮਾਨਤਾ ਮਿਲਣਾ ਆਦਿ ਰਾਹਤ ਵਾਲੀਆਂ ਖ਼ਬਰਾਂ ਰਹੀਆਂ । ਜਿਸ ਦੇ ਬਾਅਦ ਹੁਣ ਪਾਕਿ ਵਿਚ ਮਰਦਮਸ਼ੁਮਾਰੀ ਦੇ ਫਾਰਮਾਂ ’ਚ ਸਿੱਖ ਭਾਈਚਾਰੇ ਨੂੰ ਵੱਖਰੇ ਤੌਰ

’ਤੇ ਪਹਿਚਾਣ ਦਿੰਦਿਆਂ ਸਿੱਖ ਕੌਮ ਲਈ ਵੱਖਰਾ ਕਾਲਮ ਬਣਾਇਆ ਜਾਵੇਗਾ। ਉਕਤ ਦੇ ਇਲਾਵਾ ਸਾਲ 2022 ਦੌਰਾਨ 12 ਜੁਲਾਈ ਨੂੰ ਬਿਨਾਂ ਨੋਟੀਫ਼ਿਕੇਸ਼ਨ ਜਾਰੀ ਕਰਕੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਵਲੋਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ. ਐੱਸ. ਜੀ. ਪੀ. ਸੀ.) ਦਾ ਕਾਰਜਕਾਲ ਖ਼ਤਮ ਕਰਨ ਤੋਂ ਬਾਅਦ 4 ਅਕਤੂਬਰ ਨੂੰ ਸੰਘੀ ਧਾਰਮਿਕ ਅਤੇ ਆਪਸੀ ਸਦਭਾਵਨਾ ਮੰਤਰਾਲਾ ਵਲੋਂ ਪੁਰਾਣੀ ਕਮੇਟੀ ਨੂੰ ਮੁੜ ਤੋਂ ਬਹਾਲ ਕਰਦਿਆਂ ਅਮੀਰ ਸਿੰਘ ਨੂੰ ਪ੍ਰਧਾਨ ਅਤੇ ਵਿਕਾਸ ਸਿੰਘ ਖ਼ਾਲਸਾ ਨੂੰ ਕਮੇਟੀ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਅਗਸਤ ਮਹੀਨੇ ਦੇ ਦੂਜੇ ਹਫ਼ਤੇ ਸੂਬਾ ਖ਼ੈਬਰ ਪਖਤੂਨਖਵਾ ਦੀ ਬੁਨੇਰ ਡਿਵੀਜ਼ਨ ਦੇ ਪਿੰਡ ਪੀਰ ਬਾਬਾ ’ਚ ਦੀਨਾ ਕੌਰ (25 ਸਾਲ) ਨਾਮੀ ਸਿੱਖ ਲੜਕੀ ਦਾ ਕਥਿਤ ਤੌਰ ’ਤੇ ਅਗਵਾ ਕਰਕੇ ਧਰਮ ਪਰਿਵਰਤਨ ਕਰਵਾਇਆ ਗਿਆ। ਦੀਨਾ ਕੌਰ ਸਰਕਾਰੀ ਮੁਲਾਜ਼ਮ ਹੈ। ਕੌਮਾਂਤਰੀ ਪੱਧਰ ’ਤੇ ਦਬਾਅ ਪੈਣ ਦੇ ਬਾਵਜੂਦ ਦੀਨਾ ਕੌਰ ਦੀ ਰਿਹਾਈ ਸੰਭਵ ਨਹੀਂ ਹੋ ਸਕੀ । 5 ਅਕਤੂਬਰ ਨੂੰ

ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ਦੀ ਤਹਿਸੀਲ ਸ਼ਾਹਕੋਟ ’ਚ ਇਕ ਗੁਰਸਿੱਖ ਦੁਕਾਨਦਾਰ ਰਾਜਵੀਰ ਸਿੰਘ ਦੇ ਕੇਸਾਂ ਅਤੇ ਪਗੜੀ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ। ਜ਼ਿਲ੍ਹਾ ਗੁੱਜਰਾਂਵਾਲਾ ਦੀ ਪੁਰਾਣੀ ਸਬਜ਼ੀ ਮੰਡੀ ’ਚ ਮੌਜੂਦ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਜੱਦੀ ਹਵੇਲੀ ਦੇ ਰੱਖ-ਰਖਾਅ ਦੀ ਕਮੀ ਦੇ ਚਲਦਿਆਂ ਉਸ ਦੀਆਂ ਛੱਤਾਂ ਦਾ ਢਹਿ ਜਾਣਾ, ਪਾਕਿ ਸਿੱਖਾਂ ਅਤੇ ਮੁਸਲਮਾਨਾਂ ਵਿਚਾਲੇ ਵਿਵਾਦ ਨੂੰ ਆਧਾਰ ਬਣਾ ਕੇ ਲਾਹੌਰ ਸਥਿਤ ਭਾਈ ਤਾਰੂ ਸਿੰਘ ਦੀ ਸਮਾਧ ਨੂੰ ਪੱਕੇ ਤੌਰ ’ਤੇ ਸੀਲ ਕੀਤਾ ਜਾਣਾ, ਲਾਹੌਰ ਵਿਚ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਗੁਰਦੁਆਰਾ ਚੁਬੱਚਾ ਸਾਹਿਬ ਨੂੰ ਢਹਿ ਢੇਰੀ ਕੀਤਾ ਜਾਣਾ, ਭਾਈ ਮਨੀ ਸਿੰਘ ਦੀ ਸਮਾਧ ਸਮੇਤ ਇਕ ਦਰਜਨ ਤੋਂ ਵਧੇਰੇ ਗੁਰਦੁਆਰਿਆਂ ਅਤੇ ਸਿੱਖ ਯਾਦਗਾਰਾਂ ਦੇ ਇਸ ਵਰ੍ਹੇ ਦੌਰਾਨ ਕਦੇ ਨਾਲ ਪੂਰੇ ਜਾਣ ਵਾਲੇ ਨੁਕਸਾਨ ਨੇ ਜਿੱਥੇ ਸਮੁੱਚੇ ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚਾਈ, ਉੱਥੇ ਹੀ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ

ਦੇ ਲੰਗਰ ਲਈ ਗੁਰਦੁਆਰਾ ਸਾਹਿਬ ਨਜ਼ਦੀਕ 64 ਏਕੜ ਭੂਮੀ ’ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਖੇਤਾਂ ‘ਚ ਵੱਖ-ਵੱਖ ਤਰ੍ਹਾਂ ਦੀਆਂ ਸਬਜ਼ੀਆਂ, ਦਾਲਾਂ, ਕਣਕ, ਮੱਕੀ ਅਤੇ ਚਾਵਲ ਦੀ ਬਿਜਾਈ ਕੀਤੀ ਜਾਣੀ ਅਤੇ ਹਿੰਦੂ-ਸਿੱਖ ਵਿਦਿਆਰਥੀਆਂ ਲਈ ਸਰਕਾਰ ਵਲੋਂ ਸਕਾਲਰਸ਼ਿਪ ਸ਼ੁਰੂ ਕੀਤਾ ਜਾਣਾ ਰਾਹਤ ਵਾਲੀਆਂ ਖ਼ਬਰਾਂ ਰਹੀਆਂ। ਇਸ ਦੇ ਇਲਾਵਾ ਪੀ. ਐਸ. ਡੀ. ਪੀ. (ਪਬਲਿਕ ਸੈਕਟਰ ਡਿਵੈਲਪਮੈਂਟ ਪ੍ਰੋਗਰਾਮ) ਤਹਿਤ ਕਰਤਾਰਪੁਰ ਲਾਂਘੇ ਲਈ ਭਾਰਤ-ਪਾਕਿ ਜ਼ੀਰੋ ਲਾਈਨ ਨੇੜੇ ਪੁਲ ਦੀ

(ਬਾਕੀ ਸਫ਼ਾ 32 ’ਤੇ)

## 2022 ’ਚ ਤਿੰਨ ਮਹਾਨ ਸਿੱਖ ਸ਼ਖਸੀਅਤਾਂ ਨੇ ਦੁਨੀਆਂ ਨੂੰ ਕਿਹਾ ਅਲਵਿਦਾ





ਇਸੇ ਸਾਲ ਤਿੰਨ ਮਹਾਨ ਹਸਤੀਆਂ ਇਤਿਹਾਸਕਾਰ ਨਰਿੰਜਨ ਸਿੰਘ ਸਾਥੀ, ਪਾਲ ਸਿੰਘ ਪੁਰੇਵਾਲ ਨਿਰਮਾਤਾ ਨਾਨਕਸ਼ਾਹੀ ਕੈਲੰਡਰ ਤੇ ਅਮਰੀਕਨ ਸਿੱਖ ਸ਼ਖਸੀਅਤ ਦਾ ਦਿਹਾਂਤ ਹੋਇਆ। ਨਰਿੰਜਨ ਸਿੰਘ ਸਾਥੀ (90) ਸਿੱਖ ਇਤਿਹਾਸ ਅਤੇ ਗੁਰਬਾਣੀ ਬਾਰੇ ਡੂੰਘੀ ਸਮਝ ਰੱਖਦੇ ਸਨ। ਉਨ੍ਹਾਂ ਗੁਰੂ ਗੋਬਿੰਦ ਸਿੰਘ ਦੀ ਜੀਵਨੀ ਅਤੇ ਕਾਰਜਾਂ ਬਾਰੇ 900 ਪੰਨਿਆਂ ਦਾ ਗ੍ਰੰਥ ‘ਚਰਨ ਚਲਉ ਮਾਰਗਿ ਗੋਬਿੰਦ’ ਲਿਖਿਆ ਅਤੇ ਕਈ ਪੁਸਤਕਾਂ ਦਾ ਪੰਜਾਬੀ ਵਿਚ ਅਨੁਵਾਦ ਵੀ ਕੀਤਾ। ਯੂਬਾ ਸਿਟੀ ਅਤੇ ਵਿਸ਼ਵ ਪੱਧਰ ’ਤੇ ਸਿੱਖ ਸੰਸਥਾਵਾਂ ਦੀ ਸਥਾਪਨਾ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਕੈਲੀਫੋਰਨੀਆ ਵਿੱਚ ਸਭ ਤੋਂ ਵੱਡੇ ਆੜੂ ਦੇ ਕਿਸਾਨ ‘ਪੀਚ ਕਿੰਗ’ ਵਜੋਂ ਜਾਣੇ ਜਾਂਦੇ ਦੀਦਾਰ ਸਿੰਘ ਬੈਂਸ ਨੇ ਗੁਰੂ ਗ੍ਰੰਥ ਸਾਹਿਬ ਗੁਰਗੱਦੀ ਦਿਵਸ ਮੌਕੇ ਯੂਬਾ ਸਿਟੀ ਕੈਲੀਫੋਰਨੀਆ ਵਿੱਚ ਸਾਲਾਨਾ ਸਿੱਖ ਪਰੇਡ ਦੀ ਸ਼ੁਰੂਆਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਉਸ ਨੇ 1980 ਦੇ ਦਹਾਕੇ ਦੌਰਾਨ ਕੈਪੀਟਲ ਹਿੱਲ ਦੇ ਕੋਲ ਵਾਸ਼ਿੰਗਟਨ, ਡੀ.ਸੀ. ਵਿੱਚ ਸਿੱਖਾਂ ਲਈ ਇੱਕ ਦਫ਼ਤਰ ਖੋਲ੍ਹਣ ਲਈ ਵੀ ਪਹਿਲ ਕੀਤੀ ਸੀ ਤਾਂ ਜੋ ਭਾਰਤ ਵਿੱਚ ਸਿੱਖ ਮਨੁੱਖੀ ਅਧਿਕਾਰਾਂ ਦੇ ਮੁੱਦਿਆਂ ਅਤੇ ਘਟਨਾਵਾਂ ਬਾਰੇ ਗੱਲ ਕੀਤੀ ਜਾ ਸਕੇ। ਉਸ ਨੇ ਇਸ ਮਕਸਦ ਲਈ ਵਾਸ਼ਿੰਗਟਨ ਦੇ ਸਿਆਸੀ ਕੇਂਦਰ ਵਿੱਚ ਇੱਕ ਬਹੁਤ ਹੀ ਮਹਿੰਗਾ ਟਾਊਨ ਹੋਮ ਖਰੀਦਿਆ। ਇਸ ਘਰ ਵਿੱਚ ਖੋਜ ਲਈ ਸਿੱਖ ਪੁਸਤਕਾਂ ਦੀ ਇੱਕ ਲਾਇਬ੍ਰੇਰੀ ਵੀ ਹੈ। 1984 ਵਿਚ ਸਿੱਖ ਘੱਲੂਘਾਰਾ

(ਬਾਕੀ ਸਫ਼ਾ 32 ’ਤੇ)

ਮਾਮਲਾ ਬੰਦੀ ਸਿੰਘਾਂ ਦੀ ਰਿਹਾਈ ਦਾ

# ਸੂਬਾ ਸਰਕਾਰਾਂ ਦੇ ਪ੍ਰਸਤਾਵ ਭੇਜਣ ਤੋਂ ਬਾਅਦ ਹੀ ਕੋਈ ਫ਼ੈਸਲਾ ਲਵਾਂਗੇ : ਕੇਂਦਰੀ ਗ੍ਰਹਿ ਰਾਜ ਮੰਤਰੀ

## 2019 'ਚ ਕੇਂਦਰ ਦੀ ਮੋਦੀ ਸਰਕਾਰ ਨੇ ਗੁਰੂ ਨਾਨਕ ਸਾਹਿਬ ਦੇ 550ਵੇਂ ਗੁਰਪੁਰਬ ਮੌਕੇ ਕੁਝ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦਾ ਵੀ ਐਲਾਨ ਕੀਤਾ, ਪਰ ਇਸ ਬਾਰੇ ਕੋਈ ਅਮਲ ਨਾ ਹੋਇਆ

ਨਵੀਂ ਦਿੱਲੀ/ਏ.ਟੀ.ਨਿਊਜ਼ :- ਕੇਂਦਰ ਨੇ ਸੂਬਾ ਸਰਕਾਰਾਂ ਨੂੰ ਉਨ੍ਹਾਂ ਕੈਦੀਆਂ ਨੂੰ ਰਿਹਾਅ ਕਰਨ ਲਈ ਕਿਹਾ ਹੈ ਜੋ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ ਪਰ ਜੁਰਮਾਨਾ ਅਦਾ ਨਾ ਕਰਨ ਕਰਕੇ ਅਜੇ ਵੀ ਜੇਲ੍ਹਾਂ ਵਿਚ ਬੰਦ ਹਨ। ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਕੁਮਾਰ ਮਿਸ਼ਰਾ ਨੇ ਬੀਤੇ ਦਿਨੀਂ ਰਾਜ ਸਭਾ ਵਿਚ ਕਾਂਗਰਸ ਦੇ ਇਮਰਾਨ ਪ੍ਰਤਾਪਗੜ੍ਹੀ ਵਲੋਂ ਬਿਲਕਿਸ ਬਾਨੋ ਮਾਮਲੇ ਦੇ ਦੋਸ਼ੀਆਂ ਨੂੰ ਰਿਹਾਅ ਕਰਨ ਸੰਬੰਧੀ ਪੁੱਛੇ ਸਵਾਲ ਦਾ ਜਵਾਬ ਦੇ ਰਹੇ ਸਨ। ਮੰਤਰੀ ਨੇ ਕਿਹਾ ਕਿ ਅਸੀਂ ਇਕ ਵਿਸ਼ੇਸ਼ ਸਕੀਮ ਬਣਾਈ ਹੈ, ਜਿਸ ਤਹਿਤ 15 ਅਗਸਤ 2022 ਤੋਂ ਇਲਾਵਾ 26 ਜਨਵਰੀ 2023 ਤੇ 15 ਅਗਸਤ 2023 ਨੂੰ ਸੂਬਿਆਂ ਨੂੰ ਉਨ੍ਹਾਂ ਕੈਦੀਆਂ ਨੂੰ ਰਿਹਾਅ ਕਰਨ ਲਈ ਕਿਹਾ ਹੈ ਜੋ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ ਪਰ ਜੁਰਮਾਨਾ ਅਦਾ ਨਾ ਕਰਨ ਕਰਕੇ ਜੇਲ੍ਹਾਂ ਵਿਚ ਬੰਦ ਹਨ। ਹਾਲਾਂਕਿ ਕਾਂਗਰਸ ਸੰਸਦ ਮੈਂਬਰ ਨੇ ਮੰਤਰੀ 'ਤੇ ਉਸ ਦੇ ਸਵਾਲ ਦਾ 'ਗੈਰ-ਜ਼ਿੰਮੇਵਾਰਾਨਾ ਜਵਾਬ' ਦੇਣ ਦਾ ਦੋਸ਼ ਲਗਾਇਆ ।ਇਸੇ ਦੌਰਾਨ 'ਆਪ' ਦੇ ਪੰਜਾਬ ਤੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਗੁਰਪੁਰਬ ਮੌਕੇ ਪ੍ਰਧਾਨ ਮੰਤਰੀ ਵਲੋਂ ਸਿੱਖ ਬੰਦੀਆਂ ਦੀ ਰਿਹਾਈ ਦੇ ਕੀਤੇ ਵਾਅਦੇ ਦੀ ਸਥਿਤੀ ਬਾਰੇ ਪੁੱਛਿਆ ਤਾਂ ਇਸ ਦੇ ਜਵਾਬ ਵਿਚ ਮੰਤਰੀ ਨੇ ਦੱਸਿਆ ਕਿ ਸੂਬਾ ਸਰਕਾਰਾਂ ਨੂੰ ਆਪਣੇ ਪ੍ਰਸਤਾਵ ਭੇਜਣ ਲਈ ਕਿਹਾ ਗਿਆ ਹੈ ਅਤੇ ਉਸ ਤੋਂ ਬਾਅਦ ਹੀ ਕੋਈ ਫ਼ੈਸਲਾ ਲਿਆ ਜਾਵੇਗਾ।

ਇਥੇ ਜ਼ਿਕਰਯੋਗ ਹੈ ਕਿ ਬੰਦੀ ਸਿੱਖਾਂ ਦੀ ਰਿਹਾਈ ਲਈ ਕਈ ਵਾਰ ਸਿੱਖ ਆਗੂਆਂ ਨੇ ਮਰਨ ਵਰਤ ਰੱਖ ਦੇ ਸੰਘਰਸ਼ ਵੀ ਕੀਤੇ ਅਤੇ ਰੋਸ ਮਾਰਚ ਕੀਤੇ ਗਏ। ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲਵਾਉਣ ਲਈ ਕਾਫ਼ੀ ਤਿੱਖੀ ਲੜਾਈ ਲੜੀ ਗਈ ਸੀ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਬੰਦੀ ਸਿੱਖਾਂ ਦੀ ਰਿਹਾਈ ਬਾਰੇ ਬਿਆਨ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ



11 ਮਈ, 2022 ਨੂੰ 9 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ। ਇਸ ਕਮੇਟੀ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਆਗੂ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ
ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ
ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ
ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਖਾਲਸਾ
ਤਰਨਾ ਦਲ ਦੇ ਮੁਖੀ ਬਾਬਾ ਨਿਹਾਲ ਸਿੰਘ
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ
ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ
ਸਿੱਖ ਪ੍ਰਚਾਰਕ ਬਲਜੀਤ ਸਿੰਘ ਦਾਦੂਵਾਲ

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖ ਕੇ ਬੰਦੀ ਸਿੰਘਾਂ ਦੇ ਮਾਮਲੇ ਵਿੱਚ ਮਿਲਣ ਲਈ ਜਲਦੀ ਤੋਂ ਜਲਦੀ ਸਮਾਂ ਦੇਣ ਦੀ ਮੰਗ ਕੀਤੀ ਸੀ।ਭਾਰਤ ਦੀਆਂ ਜੇਲ੍ਹਾਂ ਵਿੱਚ ਬੰਦ ਸਿੱਖ ਸਿਆਸੀ ਕੈਦੀ ਜੋ ਆਪਣੀ ਸਜ਼ਾ ਪੂਰੀ ਕਰਨ ਦੇ ਬਾਵਜੂਦ ਅਜੇ ਤੱਕ ਰਿਹਾਅ ਨਹੀਂ ਕੀਤੇ ਗਏ, ਦੀ ਰਿਹਾਈ ਲਈ ਮੰਗ ਸਿੱਖ ਪੰਥ ਵੱਲੋਂ ਵਾਰ-ਵਾਰ ਚੁੱਕੀ ਜਾਂਦੀ ਰਹੀ ਹੈ।ਸ਼੍ਰੋਮਣੀ ਕਮੇਟੀ ਨੇ 2 ਸਤੰਬਰ 2022 ਨੂੰ ਇਸ ਮੁੱਦੇ ਉੱਤੇ ਅੰਮ੍ਰਿਤਸਰ ਦੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਰਲ ਇਜਲਾਸ ਵੀ ਬੁਲਾ ਚੁਕੀ ਹੈ। ਇਹ ਬੰਦੀ ਸਿੱਖ ਕਈ ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਹਨ ਅਤੇ ਕਈ ਆਪਣੀਆਂ ਸਜ਼ਾਵਾਂ ਪੂਰੀ ਕਰ ਚੁੱਕੇ ਹਨ। ਇਨ੍ਹਾਂ ਵਿਚੋਂ ਕਈਆਂ ਨੂੰ ਕਦੇ ਪੈਰੋਲ ਵੀ ਨਹੀਂ ਮਿਲੀ।ਸੰਸਦ ਦੇ (ਬਾਕੀ ਸਫ਼ਾ 34 'ਤੇ)

## ਬੰਦੀ ਸਿੱਖ ਜਿਨ੍ਹਾਂ ਦੀ ਰਿਹਾਈ ਦੀ ਮੰਗ ਉੱਠ ਰਹੀ ਹੈ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੱਖ-ਵੱਖ ਗੁਰਦੁਆਰਿਆਂ ਦੇ ਬਾਹਰ ਲਗਾਏ ਪੋਸਟਰਾਂ ਵਿੱਚ 9 ਬੰਦੀ ਸਿੱਖਾਂ ਦਾ ਜ਼ਿਕਰ ਹੈ।

**ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ**-ਦਿੱਲੀ ਵਿਖੇ ਕਾਂਗਰਸ ਦੇ ਦਫ਼ਤਰ ਦੇ ਬਾਹਰ ਹੋਏ ਧਮਾਕੇ ਵਿੱਚ ਉਨ੍ਹਾਂ ਨੂੰ ਨੂੰ ਦੋਸ਼ੀ ਪਾਇਆ ਗਿਆ ਤੇ ਵਿਸ਼ੇਸ਼ ਟਾਡਾ ਕੋਰਟ ਵੱਲੋਂ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ।ਉਹ ਪਿਛਲੇ 26 ਸਾਲ ਤੋਂ ਜੇਲ੍ਹ ਵਿੱਚ ਹਨ।

**ਭਾਈ ਗੁਰਮੀਤ ਸਿੰਘ ਖੇੜਾ**-1990 ਤੋਂ ਲੈ ਕੇ ਹੁਣ ਤੱਕ ਉਨ੍ਹਾਂ ਨੂੰ ਜੇਲ੍ਹ ਵਿੱਚ ਤਕਰੀਬਨ 31 ਸਾਲ ਹੋ ਗਏ ਹਨ। ਉਨ੍ਹਾਂ ਨੂੰ ਕਰਨਾਟਕ ਤੇ ਨਵੀਂ ਦਿੱਲੀ ਵਿੱਚ ਬੰਬ ਧਮਾਕਿਆਂ ਦੇ ਇਲਜ਼ਾਮਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਟਾਡਾ ਕੋਰਟ ਵੱਲੋਂ ਉਨ੍ਹਾਂ ਨੂੰ ਦੂਹਰੀ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।ਦਿੱਲੀ ਸਰਕਾਰ ਵੱਲੋਂ ਉਨ੍ਹਾਂ ਨੂੰ 2011 ਵਿੱਚ ਰਿਹਾਅ ਕਰ ਦਿੱਤਾ ਗਿਆ ਸੀ ਅਤੇ ਕਰਨਾਟਕ ਬੰਬ ਧਮਾਕੇ ਕੇਸ ਵਿੱਚ ਉਹ ਹੁਣ ਵੀ ਜੇਲ੍ਹ ਵਿਚ ਹਨ। 2015 ਵਿੱਚ ਉਨ੍ਹਾਂ ਨੂੰ ਅੰਮ੍ਰਿਤਸਰ ਜੇਲ੍ਹ ਵਿਖੇ ਭੇਜ ਦਿੱਤਾ ਗਿਆ ਸੀ।

**ਭਾਈ ਬਲਵੰਤ ਸਿੰਘ ਰਾਜੋਆਣਾ**- ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ ਵਿਚ ਉਹ 1995 ਤੋਂ ਜੇਲ੍ਹ ਵਿੱਚ ਹਨ ਅਤੇ ਅਦਾਲਤ ਨੇ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। 2019 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦਾ ਨੋਟੀਫਿਕੇਸ਼ਨ ਕੇਂਦਰ ਸਰਕਾਰ ਵੱਲੋਂ ਜਾਰੀ ਕੀਤਾ ਗਿਆ ਸੀ।

ਜਗਤਾਰ ਸਿੰਘ ਹਵਾਰਾ ਉੱਪਰ ਵੀ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ਾਂ ਅਧੀਨ ਜੇਲ੍ਹ ਵਿੱਚ ਹਨ।1995-2003 ਤੱਕ ਬੁੜੈਲ ਜੇਲ੍ਹ ਵਿੱਚ ਸਨ ਅਤੇ ਉਸ ਤੋਂ ਬਾਅਦ ਜੇਲ੍ਹ ਤੋੜ ਕੇ ਫ਼ਰਾਰ ਹੋਏ ਸਨ।2005 ਵਿੱਚ ਦੁਬਾਰਾ ਗ੍ਰਿਫਤਾਰ ਕੀਤਾ ਗਿਆ ਅਤੇ ਹੁਣ ਉਹ ਤਿਹਾੜ ਜੇਲ੍ਹ ਵਿੱਚ ਹਨ। ਉਨ੍ਹਾਂ ਨੂੰ ਜੇਲ੍ਹ ਵਿੱਚ 25 ਇਸ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ।ਭਾਈ ਜਗਤਾਰ ਸਿੰਘ ਤਾਰਾ ਵੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ਾਂ ਅਧੀਨ 15 ਸਾਲਾਂ ਤੋਂ ਵੱਧ ਸਮੇਂ ਤੋਂ ਚੰਡੀਗੜ੍ਹ ਦੀ ਬੁੜੈਲ ਜੇਲ੍ਹ 'ਚ ਰਹੇ ਹਨ।

**ਭਾਈ ਲਖਵਿੰਦਰ ਸਿੰਘ ਲੱਖਾ**- ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਮਾਮਲੇ ਵਿੱਚ ਹੀ 1995 ਤੋਂ ਜੇਲ੍ਹ ਵਿੱਚ ਬੰਦ (ਬਾਕੀ ਸਫ਼ਾ 34 'ਤੇ)



ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਕੇਸ ਵਿੱਚ ਸਜ਼ਾ ਕੱਟ ਰਹੇ ਭਾਈ ਜਗਤਾਰ ਸਿੰਘ ਹਵਾਰਾ ਦਿੱਲੀ ਦੀ ਤਿਹਾੜ ਜੇਲ ਵਿੱਚ ਲੰਮੇ ਸਮੇਂ ਤੋਂ ਬੰਦ ਹਨ ਪਰ ਉਨ੍ਹਾਂ ਦੀ 17 ਦਸੰਬਰ ਨੂੰ ਮੁਹਾਲੀ ਦੀ ਇੱਕ ਅਦਾਲਤ ਵਿੱਚ ਪੇਸ਼ੀ ਨੂੰ ਲੈ ਕੇ ਭਾਈ ਹਵਾਰਾ ਇੱਕ ਵਾਰ ਫ਼ਿਰ ਚਰਚਾ ਵਿੱਚ ਆ ਗਏ ਹਨ। ਇਹ ਪੇਸ਼ੀ ਕਰੀਬ 24 ਸਾਲ ਪੁਰਾਣੇ ਇੱਕ ਕਥਿਤ ਦੇਸ਼ਧ੍ਰੋਹ ਦੇ ਕੇਸ ਵਿੱਚ ਹੋਣੀ ਹੈ ਜਿਸ ਲਈ ਹਵਾਰਾ ਨੂੰ ਪੇਸ਼ ਹੋਣ ਲਈ ਕਿਹਾ ਗਿਆ ਸੀ। ਪਰ ਹਿੰਦੂਤਵੀ ਜਥੇਬੰਦੀ ਅੱਤਵਾਦ ਵਿਰੋਧੀ ਫ਼ਰੰਟ ਨੇ ਮੰਗ ਕੀਤੀ ਹੈ ਕਿ ਹਵਾਰਾ ਨੂੰ ਦਿੱਲੀ ਤੋਂ ਚੰਡੀਗੜ੍ਹ ਨਾ ਲਿਆਇਆ

# ਭਾਈ ਹਵਾਰਾ : ਵਾਲੀਬਾਲ ਦੇ ਖਿਡਾਰੀ ਤੋਂ ਮੁਤਵਾਜ਼ੀ ਜਥੇਦਾਰ ਤਕ ਦਾ ਸਫ਼ਰ

ਜਾਵੇ ਅਤੇ ਉਹਨਾਂ ਦੀ ਪੇਸ਼ੀ ਵੀ ਵੀਡੀਓ ਕਾਨਫਰੰਸ ਰਾਹੀਂ ਕੀਤੀ ਜਾਵੇ। ਜਗਤਾਰ ਸਿੰਘ ਹਵਾਰਾ ਦੇ ਵਕੀਲ ਅਮਰ ਸਿੰਘ ਚਾਹਲ ਦਾ ਕਹਿਣਾ ਹੈ ਕਿ ਹਵਾਰਾ ਉਪਰ ਦੋ ਕੇਸ ਚੰਡੀਗੜ੍ਹ, ਦੋ ਮੁਹਾਲੀ ਅਤੇ ਇੱਕ ਕੇਸ ਖਰੜ ਵਿੱਚ ਚੱਲ ਰਹੇ ਹਨ।

**ਕੌਣ ਹਨ ਜਗਤਾਰ ਸਿੰਘ ਹਵਾਰਾ ?**

31 ਅਗਸਤ 1995 ਨੂੰ ਉਸ ਸਮੇਂ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੀ ਪੰਜਾਬ ਅਤੇ ਹਰਿਆਣਾ ਸਕੱਤਰੇਤ ਅੱਗੇ ਇੱਕ ਬੰਬ ਧਮਾਕੇ ਵਿੱਚ ਮੌਤ ਹੋ ਗਈ ਸੀ। ਇਸ ਧਮਾਕੇ ਵਿੱਚ ਪੰਜਾਬ ਪੁਲਿਸ ਦੇ ਕਾਂਸਟੇਬਲ ਦਿਲਾਵਰ ਸਿੰਘ ਸਮੇਤ 17 ਲੋਕਾਂ ਦੀ ਮੌਤ ਹੋਈ ਸੀ। ਭਾਈ ਦਿਲਾਵਰ ਸਿੰਘ ਮਨੁੱਖੀ ਬੰਬ ਬਣਿਆ ਸੀ। ਇਸ ਕੇਸ ਵਿੱਚ ਭਾਈ ਜਗਤਾਰ ਸਿੰਘ ਹਵਾਰਾ ਅਤੇ ਬਲਵੰਤ ਸਿੰਘ ਰਾਜੋਆਣਾ ਨੂੰ ਸਾਜ਼ਿਸ਼ ਲਈ ਮੌਤ ਦੀ ਸਜ਼ਾ ਸੁਣਾਈ ਗਈ ਸੀ। ਭਾਈ ਹਵਾਰਾ ਨੇ ਇਸ ਸਜ਼ਾ ਦੇ ਖਿਲਾਫ਼ ਅਪੀਲ ਪਾਈ ਸੀ ਪਰ ਰਾਜੋਆਣਾ ਨੇ ਅਪੀਲ ਪਾਉਣ ਤੋਂ ਮਨਾ ਕਰ ਦਿੱਤਾ ਸੀ। ਬੱਬਰ ਖਾਲਸਾ ਦੇ ਆਗੂ ਰਹੇ ਜਗਤਾਰ ਸਿੰਘ ਹਵਾਰਾ ਨੂੰ 10 ਨਵੰਬਰ 2015 ਵਿੱਚ ਸਿੱਖ ਕਾਰਕੁੰਨਾ ਵੱਲੋਂ ਸਰਬੱਤ ਖਾਲਸਾ ਸਮਾਗਮ ਦੌਰਾਨ ਅਕਾਲ ਤਖ਼ਤ ਦਾ ਮੁਤਵਾਜ਼ੀ ਜਥੇਦਾਰ ਐਲਾਨ ਦਿੱਤਾ ਗਿਆ ਸੀ। ਇਹ ਸਰਬੱਤ ਖਾਲਸਾ ਪਿੰਡ ਚੱਬਾ ਵਿੱਚ ਕੀਤੀ ਗਿਆ ਸੀ। ਇਹ ਐਲਾਨ ਸਿੱਖ ਜੱਥੇਬੰਦੀਆਂ ਦੀ ਉਸ ਸਮੇਂ ਦੀ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਦੀ ਸੱਤਾ ਤੇ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਖਿਲਾਫ਼ ਨਰਾਜ਼ਗੀ ਦੇ ਪ੍ਰਤੀਤ ਵੱਜੋਂ ਦੇਖਿਆ ਜਾ ਰਿਹਾ ਸੀ।

**ਭਾਈ ਜਗਤਾਰ ਸਿੰਘ ਹਵਾਰਾ ਬਾਰੇ ਖਾਸ ਗੱਲਾਂ**

ਜਗਤਾਰ ਸਿੰਘ ਹਵਾਰਾ ਬੇਅੰਤ ਸਿੰਘ ਦੇ ਕਤਲ ਕੇਸ ਵਿੱਚ ਦਿੱਲੀ ਦੀ ਤਿਹਾੜ ਜੇਲ 'ਵਿਚ ਬੰਦ ਹਨ।

ਭਾਈ ਜਗਤਾਰ ਸਿੰਘ ਹਵਾਰਾ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ।

ਹਵਾਰਾ ਨੂੰ 10 ਨਵੰਬਰ 2015 ਵਿੱਚ ਸਿੱਖ ਕਾਰਕੁੰਨਾ ਵੱਲੋਂ ਅਕਾਲ ਤਖ਼ਤ ਦਾ ਮੁਤਵਾਜ਼ੀ ਜਥੇਦਾਰ ਐਲਾਨਿਆ ਗਿਆ। 2004 ਵਿੱਚ ਬੁੜੈਲ ਜੇਲ੍ਹ ਵਿੱਚੋਂ ਸੁਰੰਗ ਪੁੱਟ ਕੇ ਭੱਜੇ ਹਵਾਰਾ ਪਹਿਲੀ ਵਾਰ ਚਰਚਾ ਵਿੱਚ ਆਏ ਸਨ।

ਭਾਈ ਹਵਾਰਾ ਨੂੰ ਜੂਨ 2005 ਵਿੱਚ ਦੁਬਾਰਾ ਫੜ ਲਿਆ ਗਿਆ ਸੀ। ਸਾਲ 2004 ਵਿੱਚ ਬੁੜੈਲ ਜੇਲ੍ਹ ਵਿੱਚੋਂ ਸੁਰੰਗ ਪੁੱਟ ਕੇ ਭੱਜੇ ਭਾਈ ਹਵਾਰਾ ਮੁੜ ਚਰਚਾ ਵਿੱਚ ਆਏ ਸਨ। ਪਰ ਹਵਾਰਾ ਨੂੰ ਜੂਨ 2005 ਵਿੱਚ ਦੁਬਾਰਾ ਫੜ ਲਿਆ ਗਿਆ ਸੀ। ਸਾਲ 2017 ਵਿੱਚ ਜਗਤਾਰ ਸਿੰਘ ਹਵਾਰਾ ਨੂੰ 24 ਸਾਲ ਪੁਰਾਣੇ ਕਤਲ ਕੇਸ ਵਿੱਚ ਰੋਪੜ ਦੀ ਅਦਾਲਤ ਨੇ ਬਰੀ ਕਰ ਦਿੱਤਾ ਸੀ।

ਹਵਾਰਾ ਖਿਲਾਫ਼ ਸਪੈਸ਼ਲ ਪੁਲਿਸ ਅਫ਼ਸਰ ਸੁਨੀਲ ਕੁਮਾਰ ਦੇ ਕਤਲ ਦਾ ਮਾਮਲਾ ਦਰਜ ਸੀ ਜੋ ਕਿ ਸ਼ਹੀਦੀ ਜੋੜ ਮੇਲਾ ਵਿੱਚ ਚਮਕੌਰ ਸਾਹਿਬ ਵਿੱਚ 21 ਦਸੰਬਰ 1992 ਨੂੰ ਮਾਰਿਆ ਗਿਆ ਸੀ।

**ਹਵਾਰਾ ਪਿੰਡ ਨਾਲ ਹੈ ਸਬੰਧ**

ਜਗਤਾਰ ਸਿੰਘ ਹਵਾਰਾ ਦਾ ਜਨਮ 16 ਮਈ 1973 ਨੂੰ ਫ਼ਤਹਿਗੜ੍ਹ ਸਾਹਿਬ ਦੇ ਪਿੰਡ ਹਵਾਰਾ ਵਿੱਚ ਹੋਇਆ ਸੀ। ਉਹ ਦੋ ਭਰਾ-ਅਵਤਾਰ ਸਿੰਘ ਅਤੇ ਜਗਤਾਰ ਸਿੰਘ ਹਨ। ਹਵਾਰਾ ਦੇ ਪਿਤਾ ਸ਼ੇਰ ਸਿੰਘ ਦੀ ਮੌਤ ਹੋ ਚੁੱਕੀ ਹੈ ਅਤੇ ਮਾਤਾ ਨਰਿੰਦਰ ਕੌਰ ਵਿਦੇਸ਼ ਵਿੱਚ ਰਹਿੰਦੇ ਹਨ। ਹਵਾਰਾ ਪਿੰਡ ਦੇ ਵਸਨੀਕਾਂ ਮੁਤਾਬਕ ਭਾਈ ਜਗਤਾਰ ਸਿੰਘ ਹਵਾਰਾ ਦੇ ਪਰਿਵਾਰ ਵਿੱਚੋਂ ਅੱਜ ਕੱਲ੍ਹ ਪਿੰਡ ਵਿੱਚ ਕੋਈ ਨਹੀਂ ਰਹਿੰਦਾ ਹੈ।

ਸੇਵਾਮੁਕਤ ਅਧਿਆਪਕ ਰਣਜੀਤ ਸਿੰਘ ਨੇ ਦੱਸਿਆ, 'ਜਗਤਾਰ ਸਿੰਘ ਹਵਾਰਾ ਮੇਰਾ ਵਿਦਿਆਰਥੀ ਸੀ। ਉਹ 1988 ਤੋਂ ਲੈ ਕੇ 1990 ਤੱਕ ਮੇਰੇ ਕੋਲ ਪੜ੍ਹਿਆ ਹੈ। ਜਗਤਾਰ ਬਹੁਤ ਹੀ ਨਰਮ ਸੁਭਾਅ ਵਾਲਾ, ਇਮਾਨਦਾਰ ਅਤੇ ਨਰੋਈ ਸਿਹਤ ਮਾਲਕ ਸੀ।' ਰਣਜੀਤ ਸਿੰਘ ਕਹਿੰਦੇ ਹਨ, 'ਹਵਾਰਾ ਬਾਲੀਬਾਲ ਦਾ ਨੈਸ਼ਨਲ ਪੱਧਰ ਦਾ ਖਿਡਾਰੀ ਸੀ। ਮੇਰੀ ਜਾਣਕਾਰੀ ਮੁਤਾਬਕ ਉਹ ਗਿਆਰਵੀਂ ਜਮਾਤ ਵਿੱਚ ਫ਼ਰੀਦਕੋਟ ਬਰਜਿੰਦਰਾ ਕਾਲਜ ਵਿੱਚ ਚਲਾ ਗਿਆ ਸੀ ਜਿੱਥੇ ਉਸ ਦੀ ਰੀ-ਅਪੀਅਰ ਆ ਗਈ ਸੀ।'

ਪਿੰਡ ਦੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮੱਘਰ ਸਿੰਘ ਦਾ ਕਹਿਣਾ ਹੈ, 'ਜਗਤਾਰ ਸਿੰਘ ਦੇ ਪਰਿਵਾਰ ਵਿੱਚੋਂ ਇਸ ਸਮੇਂ ਪਿੰਡ ਵਿੱਚ ਕੋਈ ਨਹੀਂ ਹੈ। ਉਸ ਦੇ ਚਾਚਾ ਪਾਲ ਸਿੰਘ ਦੀ ਵੀ (ਬਾਕੀ ਸਫ਼ਾ 34 'ਤੇ)

# ਗ੍ਰਹਿ 'ਤੇ ਮਨੁੱਖ ਦਾ ਹੋਵੇਗਾ ਘਰ, ਨਾਸਾ ਕੋਲ ਸ਼ਹਿਰ ਦਾ ਨਕਸ਼ਾ ਤਿਆਰ, ਕੀ ਇਹ ਸੱਚਮੁੱਚ ਸੰਭਵ ਹੈ ?



ਵਾਸ਼ਿੰਗਟਨ/ਏ.ਟੀ.ਨਿਊਜ਼ :- ਪੁਲਾੜ ਵਿੱਚ ਮੌਜੂਦ ਵਿਸ਼ਾਲ ਚਟਾਨਾਂ ਯਾਨੀ ਐਸਟਰਾਇਡ ਹਮੇਸ਼ਾ ਤੋਂ ਹੀ ਇਨਸਾਨਾਂ ਲਈ ਹੈਰਾਨੀਜਨਕ ਰਹੇ ਹਨ। ਧਰਤੀ 'ਤੇ ਸਭ ਤੋਂ ਵੱਡੀ ਪਰਲੋ ਦੇ ਪਿੱਛੇ ਐਸਟੇਰੋਇਡ ਸਨ ਜਿਸ ਵਿੱਚ ਡਾਇਨਾਸੋਰਾਂ ਦਾ ਖ਼ਾਤਮਾ ਹੋ ਗਿਆ ਸੀ। ਮਨੁੱਖ ਨੂੰ ਭਵਿੱਖ ਵਿੱਚ ਉਸ ਖ਼ਤਰੇ ਦਾ ਸਾਹਮਣਾ ਨਾ ਕਰਨਾ ਪਵੇ, ਇਸ ਲਈ ਅਮਰੀਕੀ ਪੁਲਾੜ ਏਜੰਸੀ ਨੇ ਡਾਰਟ ਮਿਸ਼ਨ ਸ਼ੁਰੂ ਕੀਤਾ ਹੈ। ਡਬਲ ਐਸਟੇਰੋਇਡ ਰੀਡਾਇਰੈਕਸ਼ਨ ਟੈਸਟ ਇੱਕ ਰੱਖਿਆ ਪ੍ਰਣਾਲੀ ਹੈ ਜੋ ਇੱਕ ਐਸਟਰਾਇਡ ਦੀ ਦਿਸ਼ਾ ਅਤੇ ਗਤੀ ਨੂੰ ਕੰਟਰੋਲ ਕਰ ਸਕਦੀ ਹੈ। ਪਰ ਕੀ ਇਹ ਸੰਭਵ ਹੈ ਕਿ ਗ੍ਰਹਿਆਂ ਤੋਂ ਡਰਨ ਦੀ ਬਜਾਏ, ਮਨੁੱਖ ਉਨ੍ਹਾਂ 'ਤੇ ਜਾ ਵਸੇ ਅਤੇ ਬ੍ਰਹਿਮੰਡ ਦੇ ਉਨ੍ਹਾਂ ਖੇਤਰਾਂ ਵਿੱਚ ਕਦਮ ਰੱਖੇ ਜਿੱਥੇ ਪਹਿਲਾਂ ਕੋਈ ਨਹੀਂ ਗਿਆ ਸੀ। ਇਹ ਪਹਿਲਾਂ ਅਸੰਭਵ ਲੱਗਦਾ ਸੀ , ਪਰ ਇੱਕ ਨਵਾਂ ਅਧਿਐਨ ਇਸ ਦਾ ਦਾਅਵਾ ਕਰਦਾ ਹੈ ਕਿ ਨਾਸਾ ਨੇ 1970 ਦੇ ਦਹਾਕੇ ਵਿੱਚ ਹੀ ਇਨ੍ਹਾਂ ਸ਼ਹਿਰਾਂ ਦਾ ਡਿਜ਼ਾਈਨ ਤਿਆਰ ਕਰ ਲਿਆ ਸੀ। ਇਹ ਅਧਿਐਨ ਜਰਨਲ ਫਰੰਟੀਅਰਜ਼ ਇਨ ਐਸਟ੍ਰੋਨੋਮੀ ਐਂਡ ਸਪੇਸ ਵਿੱਚ ਪ੍ਰਕਾਸ਼ਿਤ ਹੋਇਆ ਸੀ। ਇਸ ਸਮੇਂ ਇਹ ਸਿਰਫ਼ ਇੱਕ ਲਿਖਤੀ ਕਲਪਨਾ ਦਾ ਹਿੱਸਾ ਹੈ ਅਤੇ ਖੋਜ ਪੱਤਰ ਸਵੀਕਾਰ ਕਰਦਾ ਹੈ ਕਿ ਸਾਡੇ ਕੋਲ ਮੌਜੂਦਾ ਜਾਂ ਨੇੜਲੇ ਭਵਿੱਖ ਵਿੱਚ ਇਸਨੂੰ ਸੰਭਵ ਬਣਾਉਣ ਲਈ ਲੋੜੀਂਦੀ ਤਕਨਾਲੋਜੀ ਨਹੀਂ ਹੈ। ਹਾਲਾਂਕਿ, ਅਧਿਐਨ ਦਾ ਮੁੱਖ ਜ਼ੋਰ ਇਹ ਹੈ ਕਿ ਇੱਕ ਗ੍ਰਹਿ 'ਤੇ ਮਨੁੱਖੀ ਸ਼ਹਿਰ ਦੀ ਧਾਰਨਾ ਪੂਰੀ ਤਰ੍ਹਾਂ ਸੰਭਵ ਹੈ।

ਹਿੰਦੁਸਤਾਨ ਟਾਈਮਜ਼ ਦੀ ਖ਼ਬਰ ਦੇ ਹਵਾਲੇ ਅਨੁਸਾਰ ਇਸ ਪ੍ਰੋਜੈਕਟ 'ਤੇ ਕੰਮ ਕਰਨ ਵਾਲੇ ਭੌਤਿਕ ਵਿਗਿਆਨ ਦੇ ਪ੍ਰੋਫੈਸਰ ਐਡਮ ਫਰੈਂਕ ਨੇ ਇੱਕ ਪ੍ਰੈਸ ਕਾਨਫ਼ਰੰਸ ਵਿੱਚ ਕਿਹਾ, ਇਹ ਸਪੱਸ਼ਟ ਹੈ ਕਿ ਆਉਣ ਵਾਲੇ ਸਮੇਂ ਵਿੱਚ ਕੋਈ ਵੀ ਐਸਟੇਰੋਇਡ 'ਤੇ ਸ਼ਹਿਰ ਸਥਾਪਤ ਕਰਨ ਨਹੀਂ ਜਾ ਰਿਹਾ। ਪਰ ਇਸ ਕਿਸਮ ਦੀ ਇੰਜੀਨੀਅਰਿੰਗ ਨੂੰ ਸੰਭਵ ਬਣਾਉਣ ਲਈ ਲੋੜੀਂਦੀ ਤਕਨਾਲੋਜੀ ਭੌਤਿਕ ਵਿਗਿਆਨ ਦੇ ਨਿਯਮਾਂ ਦੇ ਵਿਰੁੱਧ ਨਹੀਂ ਹੈ। ਇੱਥੋਂ ਤੱਕ ਕਿ ਨਾਸਾ ਵੀ ਇਸ ਵਿੱਚ ਵਿਸ਼ਵਾਸ ਕਰਦਾ ਹੈ। 1972 ਵਿੱਚ, ਭੌਤਿਕ ਵਿਗਿਆਨੀ ਜੈਰਾਰਡ ਓਨੀਲ ਨੇ ਇੱਕ ਪੁਲਾੜ ਨਿਵਾਸ ਸਥਾਨ ਤਿਆਰ ਕੀਤਾ ਜਿਸ ਰਾਹੀਂ ਮਨੁੱਖ ਪੁਲਾੜ ਵਿੱਚ ਰਹਿ ਸਕਦੇ ਸਨ। ਨਵਾਂ ਅਧਿਐਨ ਉਸ ਡਿਜ਼ਾਈਨ ਵਿਚ ਸੋਧ ਕਰਦਾ ਹੈ।ਇਹ ਅਧਿਐਨ ਸੁਝਾਅ ਦਿੰਦਾ ਹੈ ਕਿ ਇਸ ਪ੍ਰੋਜੈਕਟ ਵਿੱਚ ਬੇਨੂ ਦੇ ਆਕਾਰ (ਲਗਭਗ 300 ਮੀਟਰ) ਐਸਟਰਾਇਡ ਦੀ ਵਰਤੋਂ ਕੀਤੀ ਜਾ ਸਕਦੀ ਹੈ। ਗ੍ਰਹਿ 'ਤੇ ਵਸਣ ਲਈ, ਮਨੁੱਖ ਇਸ 'ਤੇ ਮੌਜੂਦ ਸਮੱਗਰੀ ਦੀ ਵਰਤੋਂ ਕਰੇਗਾ। ਇਸ ਕਾਰਨ ਲੋਕਾਂ ਨੂੰ ਸਪੇਸ ਵਿੱਚ ਘੱਟ ਸਾਮਾਨ ਲੈ ਕੇ ਜਾਣਾ ਪਵੇਗਾ। ਕਾਰਬਨ ਨੈਨੋਫਾਈਬਰਸ ਦੇ ਬਣੇ ਬੈਗ ਇਸ ਸੁਪਨੇ ਨੂੰ ਹਕੀਕਤ ਵਿੱਚ ਬਦਲਣ ਵਿੱਚ ਵੱਡੀ ਭੂਮਿਕਾ ਨਿਭਾ ਸਕਦੇ ਹਨ। ਇਨ੍ਹਾਂ ਦੀ ਮਦਦ ਨਾਲ ਐਸਟ੍ਰੋਇਡਜ਼ 'ਤੇ ਰਹਿਣ ਵਾਲੇ ਇਨਸਾਨ ਰੇਡੀਏਸ਼ਨ ਅਤੇ ਬ੍ਰਹਿਮੰਡੀ ਤਰੰਗਾਂ ਤੋਂ ਬਚ ਸਕਦੇ ਹਨ।

# ਅਮਰੀਕਾ ਦੇ ਉਟਾਹ ਤੇ ਮਿਸੀਸਿੱਪੀ ਰਾਜਾਂ ਨੇ ਸਕੂਲਾਂ ਦੇ ਸਿਲੇਬਸ ਵਿਚ ਸਿੱਖਾਂ ਬਾਰੇ ਪੜ੍ਹਾਈ ਨੂੰ ਕੀਤਾ ਸ਼ਾਮਿਲ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਸਿੱਖ ਭਾਈਚਾਰੇ ਲਈ ਉਸ ਵੇਲੇ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ ਜਦੋਂ ਉਨਾਂ ਨੂੰ ਇਹ ਜਾਣਕਾਰੀ ਮਿਲੀ ਕਿ ਅਮਰੀਕਾ ਦੇ ਦੋ ਹੋਰ ਰਾਜਾਂ ਨੇ ਸਕੂਲਾਂ ਦੇ ਸਲੇਬਸ ਵਿਚ ਸਿੱਖਾਂ ਬਾਰੇ ਪੜ੍ਹਾਈ ਨੂੰ ਸ਼ਾਮਿਲ ਕਰਨ ਦਾ ਫੈਸਲਾ ਕੀਤਾ ਹੈ। ਉਟਾਹ ਤੇ ਮਿਸੀਸਿੱਪੀ ਰਾਜਾਂ ਨੇ ਨਵੀਂ ਸਮਾਜਿਕ ਸਿੱਖਿਆ (ਸੋਸ਼ਲ ਸਟੱਡੀ) ਦੀ ਕਿਤਾਬ ਵਿਚ ਸਿੱਖੀ ਤੇ ਸਿੱਖ ਧਰਮ ਨੂੰ ਸ਼ਾਮਿਲ ਕਰਨ ਦੇ ਹੱਕ ਵਿਚ ਵੋਟ ਪਾਈ ਹੈ। ਉਟਾਹ ਤੇ ਮਿਸੀਸਿੱਪੀ ਅਮਰੀਕਾ ਦੇ ਕ੍ਰਮਵਾਰ 15ਵੇਂ ਤੇ 16ਵੇਂ ਰਾਜ ਬਣ ਗਏ ਹਨ ਜਿਨ੍ਹਾਂ ਨੇ ਹਾਲ ਹੀ ਵਿਚ ਸਿੱਖਾਂ ਬਾਰੇ ਪੜ੍ਹਾਈ ਨੂੰ ਸੋਸ਼ਲ ਸਟੱਡੀ ਦੀ ਕਿਤਾਬ ਵਿਚ ਸ਼ਾਮਿਲ ਕੀਤਾ ਹੈ। ਹੁਣ ਅਮਰੀਕਾ ਵਿਚ ਪੜ੍ਹਦੇ ਢਾਈ ਕਰੋੜ ਤੋਂ ਵੱਧ ਵਿਦਿਆਰਥੀ ਸਿੱਖਾਂ ਦੇ ਅਮੀਰ ਵਿਰਸੇ, ਸਿੱਖਾਂ ਦੀਆਂ ਰਵਾਇਤਾਂ ਤੇ ਕਦਰਾਂ-ਕੀਮਤਾਂ ਬਾਰੇ ਜਾਣੂ ਹੋ ਸਕਣਗੇ। ਨਵੇਂ ਘਟਨਾਕ੍ਰਮ ਦੇ ਸਿੱਟੇ ਵਜੋਂ ਉਟਾਹ ਵਿਚ ਪੜਦੇ 6,06000 ਵਿਦਿਆਰਥੀ ਤੇ ਮਿਸੀਸਿੱਪੀ ਵਿਚ ਪੜਦੇ ਅੰਦਾਜਨ 4,57000 ਵਿਦਿਆਰਥੀ ਸਿੱਖਾਂ ਬਾਰੇ ਪੜ੍ਹ ਸਕਣਗੇ।

ਸਿੱਖ ਭਾਈਚਾਰੇ ਨੇ ਉਟਾਹ ਤੇ ਮਿਸੀਸਿੱਪੀ ਰਾਜਾਂ ਵੱਲੋਂ ਸਿੱਖਾਂ ਬਾਰੇ ਪੜਾਈ ਨੂੰ ਸਮਾਜਿਕ ਸਿੱਖਿਆ ਦੀ ਕਿਤਾਬ ਵਿਚ ਸ਼ਾਮਲ ਕਰਨ ਦਾ ਜੋਰਦਾਰ ਸਵਾਗਤ ਕੀਤਾ ਹੈ ਤੇ ਇਨ੍ਹਾਂ ਰਾਜਾਂ ਦਾ ਧਨਵਾਦ ਕੀਤਾ ਹੈ। ਉਟਾਹ ਦੇ ਸਾਲਟਲੇਕ ਸ਼ਹਿਰ ਦੇ ਵਸਨੀਕ ਮਨਜੀਤ ਸਿੰਘ ਨੇ ਇਸ ਉਪਰ ਖ਼ੁਸ਼ੀ ਪਰਗਟ ਕਰਦਿਆਂ ਕਿਹਾ ਹੈ ਕਿ ਨਵੇਂ ਸਿੱਖਿਆ ਮਾਪਦੰਡਾਂ ਸਦਕਾ ਰਾਜ ਭਰ ਵਿਚ ਵਿਦਿਆਰਥੀ ਸਿੱਖਾਂ ਬਾਰੇ ਜਾਣ ਸਕਣਗੇ ਤੇ ਉਹ ਸਿੱਖਾਂ ਦੇ ਸ਼ਾਨਦਾਰ ਵਿਰਸੇ ਤੇ ਸਭਿਆਚਾਰ ਤੋਂ ਜਾਣੂ ਹੋ ਸਕਣਗੇ। ਉਨ੍ਹਾਂ ਜਾਰੀ ਇਕ ਬਿਆਨ ਵਿਚ ਕਿਹਾ ਕਿ ਸਿੱਖਇਜ਼ਮ ਵਿਸ਼ਵ ਦਾ 5ਵਾਂ ਵੱਡਾ ਧਰਮ ਹੈ ਤੇ ਸਿੱਖ ਭਾਈਚਾਰੇ ਨੇ ਪਿਛਲੀ ਇਕ ਸਦੀ ਦੇ ਵੀ ਵੱਧ ਸਮੇਂ ਤੋਂ ਅਮਰੀਕੀ ਸਮਾਜ ਖਾਸ ਕਰਕੇ ਮਨੁੱਖੀ ਅਧਿਕਾਰਾਂ, ਰਾਜਨੀਤੀ, ਖੇਤੀਬਾੜੀ, ਇੰਜੀਨੀਅਰਿੰਗ , ਡਾਕਟਰੀ ਤੇ ਹੋਰ ਖੇਤਰਾਂ ਵਿਚ ਆਪਣਾ ਯੋਗਦਾਨ ਪਾਇਆ ਹੈ। ਸਿੱਖ ਹਲਕਿਆਂ ਨੇ ਕਿਹਾ ਹੈ ਕਿ ਉਟਾਹ ਤੇ ਮਿਸੀਸਿੱਪੀ ਸਰਕਾਰਾਂ ਨੇ ਸਿੱਖਾਂ ਬਾਰੇ ਸਿੱਖਿਆ ਨੂੰ ਸਲੇਬਸ ਵਿਚ ਸ਼ਾਮਿਲ ਕਰਕੇ ਸਿੱਖ ਭਾਈਚਾਰੇ ਨੂੰ ਵੱਡਾ ਸਨਮਾਨ ਦਿੱਤਾ ਹੈ ਜਿਸ ਲਈ ਸਿੱਖ ਸਮਾਜ ਉਨ੍ਹਾਂ ਦਾ ਰਿਣੀ ਰਹੇਗਾ।

### ਝਾੜੋਂ ਦੀ ਪੰਚਾਇਤ ਵਲੋਂ ਨਵੀਂ ਪਹਿਲ

# ਜਾਰੀ ਕੀਤਾ ਫਰਮਾਨ ਨਹੀਂ ਵੇਚਣ ਦਿਆਂਗੇ ਬੀੜੀ-ਜ਼ਰਦਾ

## ਹੁਕਮ ਦੀ ਉਲੰਘਣਾ ਕਰਨ ਵਾਲੇ ਨੂੰ ਪੰਜ ਹਜ਼ਾਰ ਰੁਪਏ ਦਾ ਹੋਵੇਗਾ ਜੁਰਮਾਨਾ



ਸੰਗਰੂਰ/ਏ.ਟੀ.ਨਿਊਜ਼ :- ਵਿਧਾਨ ਸਭਾ ਖੇਤਰ ਸੰਗਰੂਰ ਦੇ ਪਿੰਡ ਝਾੜੋਂ ਦੀ ਪੰਚਾਇਤ ਤੇ ਨੌਜਵਾਨ ਸਪੋਰਟਸ ਐਂਡ ਵੈੱਲਫੇਅਰ ਕਲੱਬ ਨੇ ਪਿੰਡ ਵਿਚ ਨਸ਼ੇ ਦੀ ਵਿਕਰੀ ਤੇ ਨਸ਼ੇ ਦੇ ਸੇਵਨ 'ਤੇ ਲਗਾਮ ਕੱਸਣ ਲਈ ਨਵੀਂ ਪਹਿਲ ਕੀਤੀ ਹੈ। ਪੰਚਾਇਤ ਨੇ ਫਰਮਾਨ ਜਾਰੀ ਕੀਤਾ ਹੈ ਕਿ ਪਹਿਲੀ ਜਨਵਰੀ ਤੋਂ ਪਿੰਡ ਵਿਚ ਕੋਈ ਵੀ ਦੁਕਾਨਦਾਰ ਬੀੜੀ-ਸਿਗਰਟ, ਜ਼ਰਦਾ, ਤੰਬਾਕੂ ਆਦਿ ਨਹੀਂ ਵੇਚੇਗਾ। ਕੋਈ ਵਿਅਕਤੀ ਨਸ਼ਾ ਨਹੀਂ ਕਰੇਗਾ, ਨਾ ਵੇਚੇਗਾ ਅਤੇ ਨਾ ਹੀ ਖਰੀਦੇਗਾ। ਜੇ ਕੋਈ ਇਸ ਫਰਮਾਨ ਦੀ ਉਲੰਘਣਾ ਕਰੇਗਾ ਤਾਂ ਉਸ ਨੂੰ ਪੰਜ ਹਜ਼ਾਰ ਰੁਪਏ ਜੁਰਮਾਨਾ ਕੀਤਾ ਜਾਵੇਗਾ। ਉਥੇ ਸੱਤ ਦਿਨ ਤਕ ਦੁਕਾਨ ਬੰਦ ਰੱਖੀ ਜਾਵੇਗੀ। ਨਾਲ ਹੀ ਪੰਚਾਇਤ ਤੇ ਨੌਜਵਾਨਾਂ ਨੇ ਸੁਨਾਮ ਦੇ ਵਿਧਾਇਕ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਅਪੀਲ ਕੀਤੀ ਕਿ ਸੁਨਾਮ ਦੇ ਰੇਲਵੇ ਲਾਈਨ ਪਾਰ ਬਸਤੀ ਵਿਚ ਨਸ਼ਾ ਸ਼ਰੇਆਮ ਵਿਕਦਾ ਹੈ। ਉਥੋਂ ਪਿੰਡ ਦੇ ਨੌਜਵਾਨ ਨਸ਼ਾ ਲੈ ਕੇ ਆਉਂਦੇ ਹਨ ਜਿਸ ਨੂੰ ਬੰਦ ਕਰਵਾਇਆ ਜਾਵੇ, ਨਹੀਂ ਤਾਂ ਇਸ ਦੇ ਵਿਰੁੱਧ ਵੀ ਸਖ਼ਤ ਕਦਮ ਚੁੱਕਿਆ ਜਾਵੇਗਾ। ਇਸ ਸਬੰਧੀ ਪੰਚਾਇਤ ਨੇ ਮਤਾ ਪਾਸ ਕੀਤਾ ਹੈ। ਇਸ ਸਬੰਧੀ ਪੋਸਟਰ ਪਿੰਡ ਦੀਆਂ ਦੁਕਾਨਾਂ ਤੇ ਜਨਤਕ ਥਾਵਾਂ 'ਤੇ ਲਗਾਏ ਹਨ। ਗੁਰਦੁਆਰੇ ਵਿਚ ਅਨਾਊਂਸਮੈਂਟ ਕਰਵਾਈ ਗਈ ਹੈ ਕਿ ਕੋਈ ਵੀ ਦੁਕਾਨਦਾਰ ਨਸ਼ੀਲੇ ਪਦਾਰਥ ਨਾ ਵੇਚੇ। ਜੇ ਕੋਈ ਵੇਚਦਾ ਪਾਇਆ ਗਿਆ ਤਾਂ ਸਖ਼ਤ ਕਾਰਵਾਈ ਪੰਚਾਇਤ ਵੱਲੋਂ ਕੀਤੀ ਜਾਵੇਗੀ। (**ਬਾਕੀ ਸ.ਫਾ 33 'ਤੇ**)

# 86 ਸਾਲਾ ਬਾਡੀ ਬਿਲਡਰ ਸ਼ੈਫਰਡ, ਹਰ ਹਫਤੇ ਕਰਦੀ ਹੈ 128 ਕਿਲੋਮੀਟਰ ਜਾਗਿੰਗ



ਬਾਲਟੀਮੋਰ/ਏ.ਟੀ.ਨਿਊਜ਼:- ਡੇਲੀ ਸਟਾਰ ਨਿਊਜ਼ ਵੈੱਬਸਾਈਟ ਦੀ ਰਿਪੋਰਟ ਮੁਤਾਬਕ ਅਮਰੀਕਾ ਦੇ ਬਾਲਟੀਮੋਰ ਦੇ ਰਹਿਣ ਵਾਲੇ 86 ਸਾਲਾ ਅਰਨੇਸਟਾਈਨ ਸ਼ੈਫਰਡ ਬਾਰੇ ਸੁਣ ਕੇ ਤੁਸੀਂ ਹੈਰਾਨ ਰਹਿ ਜਾਓਗੇ। ਕਾਰਨ ਇਹ ਹੈ ਕਿ ਔਰਤਾਂ ਇਸ ਉਮਰ ਵਿੱਚ ਵੀ ਬਾਡੀ ਬਿਲਡਿੰਗ ਕਰਦੀਆਂ ਹਨ। ਸਾਲ 2010 ਵਿੱਚ, ਉਸਨੂੰ ਗਿਨੀਜ਼ ਵਰਲਡ ਰਿਕਾਰਡ ਵਿਚ ਦੁਨੀਆ ਦੀ ਸਭ ਤੋਂ ਵੱਡੀ ਉਮਰ ਦੀ ਔਰਤ ਬਾਡੀ ਬਿਲਡਰ ਦਾ ਖਿਤਾਬ ਵੀ ਮਿਲਿਆ। ਉਸ ਨੂੰ ਦੇਖ ਕੇ ਇਹ ਕਹਿਣਾ ਮੁਸ਼ਕਿਲ ਹੈ ਕਿ ਉਹ 80 ਸਾਲ ਤੋਂ ਵੱਧ ਉਮਰ ਦੀ ਹੈ। ਲੋਕ ਉਸ ਨੂੰ 50-60 ਸਾਲ ਦਾ ਮੰਨਦੇ ਹਨ।ਉਹ ਅਨੁਸ਼ਾਸਨ ਨਾਲ ਆਪਣੀ ਸਿਹਤ ਅਤੇ ਬਾਡੀ ਬਿਲਡਿੰਗ ਰੁਟੀਨ ਦੀ ਪਾਲਣਾ ਕਰਦੀ ਹੈ। ਉਹ ਹਰ ਰੋਜ਼ ਮੁੱਠੀ ਭਰ ਅਖਰੋਟ ਖਾਂਦੀ ਹੈ ਅਤੇ 10 ਅੰਡੇ ਦਾ ਸਫੇਦ ਹਿੱਸਾ ਵੀ ਖਾਂਦੀ ਹੈ। ਇਸ ਦੇ ਨਾਲ ਹੀ ਉਹ ਚਿਕਨ ਅਤੇ ਸਬਜ਼ੀਆਂ ਦਾ ਵੀ ਜ਼ਿਆਦਾ ਸੇਵਨ ਕਰਦੀ ਹੈ। ਇੰਨਾ ਹੀ ਨਹੀਂ, ਉਹ ਹਰ ਰੋਜ਼ 52 ਕਿਲੋ ਬੈਂਚ ਪ੍ਰੈੱਸ ਕਸਰਤ ਕਰਦੀ ਹੈ, ਯਾਨੀ ਉਹ ਹਰ ਰੋਜ਼ ਇੰਨਾ ਭਾਰ ਚੁੱਕਦੀ ਹੈ। ਅਰਨੈਸਟ ਹਰ ਹਫ਼ਤੇ 128 ਕਿਲੋਮੀਟਰ ਦੌੜਦੀ ਵੀ ਹੈ। ਉਸ ਨੇ ਦੱਸਿਆ ਕਿ ਉਸ ਦੀ ਡਾਈਟ ਕਾਰਨ ਹੀ ਉਹ ਇੰਨਾ ਭੱਜ ਸਕਦੀ ਹੈ। ਆਪਣੀ ਇਸ ਰੁਟੀਨ ਨੂੰ ਪੂਰਾ ਕਰਨ ਲਈ ਉਹ ਹਰ ਰੋਜ਼ ਸਵੇਰੇ 4 ਵਜੇ ਉੱਠਦੀ ਹੈ।

ਜਦੋਂ ਅਰਨੈਸਟ ਜਵਾਨ ਸੀ, ਉਹ ਬਾਡੀ ਬਿਲਡਿੰਗ ਜਾਂ ਜਿਮ ਕਰਨ ਵਿੱਚ ਵਿਸ਼ਵਾਸ ਨਹੀਂ ਰੱਖਦੀ ਸੀ। ਪਰ ਉਸ ਨੇ ਇਹ ਜ਼ਿੰਦਗੀ 56 ਸਾਲ ਦੀ ਉਮਰ ਵਿੱਚ ਜਿਊਣੀ ਸ਼ੁਰੂ ਕਰ ਦਿੱਤੀ ਸੀ। ਇਸ ਜੀਵਨ ਸ਼ੈਲੀ ਨੇ ਉਸ ਦੇ ਜੀਵਨ 'ਤੇ ਵੀ ਸਕਾਰਾਤਮਕ ਪ੍ਰਭਾਵ ਪਾਇਆ ਹੈ। ਜਦੋਂ ਉਹ ਜਵਾਨ ਸੀ ਉਸ ਤੋਂ ਹੁਣ ਉਹ ਜ਼ਿਆਦਾ ਜਵਾਨ ਮਹਿਸੂਸ ਕਰਦੀ ਹੈ। ਅਰਨੈਸਟ ਨੇ ਦੱਸਿਆ ਕਿ ਉਸ ਨੇ ਆਪਣੀ ਭੈਣ ਦੀ ਪ੍ਰੇਰਣਾ ਕਾਰਨ ਭਾਰ ਚੁੱਕਣਾ ਸ਼ੁਰੂ ਕੀਤਾ।

ਦੋਵਾਂ ਨੇ ਮਿਲ ਕੇ 56-57 ਸਾਲ ਦੀ ਉਮਰ ਵਿਚ ਜਿੰਮ ਸ਼ੁਰੂ ਕੀਤਾ ਸੀ ਪਰ ਕੁਝ ਸਾਲਾਂ ਬਾਅਦ ਉਨ੍ਹਾਂ ਦੀ ਭੈਣ ਦੀ ਮਾਨਸਿਕ ਬੀਮਾਰੀ ਕਾਰਨ ਮੌਤ ਹੋ ਗਈ। ਫਿਰ ਉਸ ਨੇ ਕਸਰਤ ਕਰਨੀ ਬੰਦ ਕਰ ਦਿੱਤੀ, ਪਰ ਆਪਣੀ ਭੈਣ ਨੂੰ ਸ਼ਰਧਾਂਜਲੀ ਦੇਣ ਲਈ ਉਸ ਨੇ ਦੁਬਾਰਾ ਜਿਮ ਸ਼ੁਰੂ ਕੀਤਾ ਅਤੇ ਸਾਲ 2010 ਵਿਚ ਇਕ ਬਾਡੀ ਬਿਲਡਿੰਗ ਮੁਕਾਬਲੇ ਵਿਚ ਹਿੱਸਾ ਲਿਆ, ਜਿਸ ਵਿਚ ਉਸ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਉਸ ਤੋਂ ਬਾਅਦ ਹੀ ਉਸ ਨੂੰ ਗਿਨੀਜ਼ ਵਰਲਡ ਰਿਕਾਰਡ ਦੁਆਰਾ ਵਿਸ਼ਵ ਚੈਂਪੀਅਨ ਵੀ ਮੰਨਿਆ ਗਿਆ ਸੀ।

# ਸੁਨੀਲ ਸਿੰਘ 10 ਹਜ਼ਾਰ ਰੁਪਏ ਲੈ ਕੇ ਗਿਆ ਸੀ ਅਮਰੀਕਾ, ਹੁਣ ਉਹ ਪੀਜ਼ਾ ਚੇਨ ਦੀਆਂ 38 ਫਰੈਂਚਾਇਜ਼ੀ ਦਾ ਮਾਲਕ



ਵਾਸ਼ਿੰਗਟਨ/ਏ.ਟੀ.ਨਿਊਜ਼ :- ਅਮਰੀਕਾ 'ਚ ਰਹਿਣ ਵਾਲੇ ਭਾਰਤੀ ਮੂਲ ਦੇ ਸੁਨੀਲ ਸਿੰਘ ਸਾਲ 2002 ਵਿੱਚ ਸਿਰਫ਼ 300 ਡਾਲਰ ਯਾਨੀ ਉਸ ਸਮੇਂ ਦੇ ਹਿਸਾਬ ਨਾਲ ਕਰੀਬ 10 ਹਜ਼ਾਰ ਰੁਪਏ ਲੈ ਕੇ ਅਮਰੀਕਾ ਆਇਆ ਸੀ ਪਰ ਅੱਜ ਉਹ ਇੱਥੇ ਪੀਜ਼ਾ ਕਿੰਗ ਵਜੋਂ ਜਾਣਿਆ ਜਾਂਦਾ ਹੈ। ਦਰਅਸਲ, ਸਾਲ 1994 ਵਿੱਚ ਸੁਨੀਲ ਭਾਰਤ ਵਿੱਚ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਰਿਹਾ ਸੀ। ਇਸ ਦੌਰਾਨ ਉਸ ਦੇ ਰਿਸ਼ਤੇਦਾਰ ਨੇ ਉਸ ਨੂੰ ਗ੍ਰੀਨ ਕਾਰਡ ਲਈ ਸਪਾਂਸਰ ਕੀਤਾ। ਸੁਨੀਲ ਅਮਰੀਕਾ ਪਹੁੰਚ ਗਿਆ, ਪਰ ਇੱਥੇ ਕੋਈ ਨੌਕਰੀ ਨਹੀਂ ਮਿਲੀ। ਉਸ ਨੂੰ ਬੜੀ ਮੁਸ਼ਕਲ ਨਾਲ ਰੈਸਟਨ ਦੇ ਇੱਕ ਰੈਸਟੋਰੈਂਟ ਵਿੱਚ ਕੁੱਕ ਦੀ ਨੌਕਰੀ ਮਿਲੀ। ਉਸਨੇ ਇੱਕ ਸਾਫਟਵੇਅਰ ਕੰਪਨੀ ਵਿੱਚ ਵੀ ਕੰਮ ਕੀਤਾ, ਪੀਜ਼ਾ ਡਿਲੀਵਰੀ ਬੁਆਏ ਵੀ ਬਣਿਆ। ਸਾਲ 1999 ਵਿੱਚ, 39 ਸਾਲ ਦੀ ਉਮਰ ਵਿੱਚ, ਸੁਨੀਲ ਨੇ ਕੰਪਿਊਟਰ ਇਨਫਰਮੇਸ਼ਨ ਸਿਸਟਮ ਵਿੱਚ ਆਪਣੀ ਮਾਸਟਰਜ਼ ਕੀਤੀ। ਫਿਰ ਉਸ ਨੂੰ ਇੱਕ ਸਾਫਟਵੇਅਰ ਕੰਪਨੀ ਵਿੱਚ ਨੌਕਰੀ ਮਿਲ ਗਈ, ਪਰ ਮੰਦੀ ਕਾਰਨ ਨੌਕਰੀ ਤੋਂ ਕੱਢ ਦਿੱਤਾ ਗਿਆ। ਫਿਰ ਸੁਨੀਲ ਨੇ ਆਪਣਾ ਪੀਜ਼ਾ ਕਾਰੋਬਾਰ ਸ਼ੁਰੂ ਕਰਨ ਬਾਰੇ ਸੋਚਿਆ, ਪਰ ਉਸ ਕੋਲ ਇਸ ਲਈ ਪੈਸੇ ਨਹੀਂ ਸਨ। ਇਸ ਲਈ, ਉਸਨੇ ਪੀਜ਼ਾ ਡਿਲੀਵਰੀ ਦਾ ਕੰਮ ਲਿਆ। ਅੱਜ ਉਹ ਪਾਪਾ ਜੌਹਨਜ਼ ਪੀਜ਼ਾ ਦੀਆਂ 38 ਫਰੈਂਚਾਇਜ਼ੀਜ਼ ਦਾ ਮਾਲਕ ਹੈ।ਤਕਰੀਬਨ 3 ਸਾਲ ਇਹ ਕੰਮ ਕਰਨ ਤੋਂ ਬਾਅਦ ਉਸ ਨੇ 2 ਲੱਖ ਡਾਲਰ ਕਮਾਏ। ਸਾਲ 2002 ਵਿੱਚ, ਸੁਨੀਲ ਨੇ ਪਾਪਾ ਜੌਹਨਜ਼ ਪੀਜ਼ਾ ਫਰੈਂਚਾਇਜ਼ੀ ਖਰੀਦੀ ਸੀ। ਉਹ ਹੁਣ 38 ਪਾਪਾ ਜੌਹਨ ਦੀਆਂ ਫ੍ਰੈਂਚਾਈਜ਼ੀਆਂ ਅਤੇ 8 ਟ੍ਰੋਪੀਕਲ ਸਮੂਥੀ ਕੈਫੇ ਫ੍ਰੈਂਚਾਇਜ਼ੀ ਦੇ ਮਾਲਕ ਹਨ। ਉਸ ਦੇ ਅਧੀਨ 700 ਕਰਮਚਾਰੀ ਕੰਮ ਕਰਦੇ ਹਨ। ਸੁਨੀਲ ਦੱਸਦਾ ਹੈ ਕਿ ਮੈਂ ਭਾਰਤੀ ਕਮਿਊਨਿਟੀ ਸਮਾਗਮਾਂ ਵਿੱਚ ਪੀਜ਼ਾ ਮੁਫਤ ਵੰਡਦਾ ਹਾਂ, ਇਸ ਲਈ ਲੋਕ ਮੈਨੂੰ ਪਿਆਰ ਨਾਲ ਪੀਜ਼ਾ ਕਿੰਗ ਕਹਿੰਦੇ ਹਨ।

62 ਸਾਲਾ ਸੁਨੀਲ ਸਿੰਘ ਨੇ ਕਾਰੋਬਾਰੀਆਂ ਨੂੰ ਕਰਜ਼ਾ ਨਾ ਲੈਣ ਦੀ ਸਲਾਹ ਦਿੱਤੀ। ਉਨ੍ਹਾਂ ਦਾ ਮੰਨਣਾ ਹੈ ਕਿ ਭਾਵੇਂ ਤੁਸੀਂ ਕਰਜ਼ਾ ਲੈਂਦੇ ਹੋ, ਜਿੰਨੀ ਜਲਦੀ ਹੋ ਸਕੇ ਵਾਪਸ ਕਰ ਦਿਓ। ਕੋਈ ਵੀ ਕੰਮ ਛੋਟਾ ਜਾਂ ਵੱਡਾ ਨਹੀਂ ਹੁੰਦਾ। ਹਰ ਚੀਜ਼ ਲਈ ਤਿਆਰ ਰਹੋ। ਮੈਂ ਪੀਜ਼ਾ ਡਿਲੀਵਰੀ ਵਿੱਚ ਕੰਮ ਕੀਤਾ ਹੈ। ਯੋਜਨਾ ਤਿਆਰ ਹੋਣ 'ਤੇ ਹੀ ਕਾਰੋਬਾਰ ਸ਼ੁਰੂ ਕਰੋ।

**ਦਰਪਣ ਝੂਠ ਨਹੀਂ ਬੋਲਦਾ**

### ਮਾਮਲਾ ਦਲਿਤ ਅਤੇ ਮਜ਼ਦੂਰ ਅਧਿਕਾਰ ਕਾਰਕੁਨ ਸ਼ਿਵ ਕੁਮਾਰ ਦੀ ਗੈਰ-ਕਾਨੂੰਨੀ ਹਿਰਾਸਤ ਤੇ ਤਸ਼ੱਦਦ ਦਾ

# ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਨਿਗਰਾਨੀ ਹੇਠ ਕਰਵਾਈ ਗਈ ਜਾਂਚ ਸੰਬੰਧੀ ਰਿਪੋਰਟ ਪੇਸ਼

## ਪੁਲਿਸ ਰਿਮਾਂਡ ਦੌਰਾਨ ਸ਼ਿਵ ਕੁਮਾਰ ਨੂੰ ਜਾਤੀਵਾਦੀ ਗਾਲ੍ਹਾਂ ਦੀ ਵਰਤੋਂ ਕਰਕੇ ਸਖ਼ਤ ਤਸੀਹੇ ਦਿੱਤੇ

ਦਲਿਤ ਅਤੇ ਮਜ਼ਦੂਰ ਅਧਿਕਾਰ ਕਾਰਕੁਨ ਸ਼ਿਵ ਕੁਮਾਰ ਦੀ ਗੈਰ-ਕਾਨੂੰਨੀ ਹਿਰਾਸਤ ਅਤੇ ਤਸ਼ੱਦਦ ਦੇ ਦੋਸ਼ਾਂ ਦੀ ਜਾਂਚ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਨਿਗਰਾਨੀ ਹੇਠ ਕਰਵਾਈ ਗਈ ਜਾਂਚ ਸੰਬੰਧੀ ਰਿਪੋਰਟ ਸਾਹਮਣੇ ਆਈ ਹੈ। ਇਸ ਰਿਪੋਰਟ ਅਨੁਸਾਰ ਉਸ ਸਮੇਂ ਜੁਡੀਸ਼ੀਅਲ ਮੈਜਿਸਟ੍ਰੇਟ ਵੀ ਨੇ ਕਾਮਰਾਨ, ਸਿਵਲ ਹਸਪਤਾਲ ਸੋਨੀਪਤ ਦੇ ਡਾਕਟਰ ਅਤੇ ਜੇਲ੍ਹ ਅਧਿਕਾਰੀ ਆਪਣੀ ਡਿਊਟੀ ਨਿਭਾਉਣ ਵਿੱਚ ਅਸਫਲ ਰਹੇ ਸਨ ਅਤੇ ਸ਼ਿਵ ਕੁਮਾਰ ਦੇ ਤਸ਼ੱਦਦ ਵਿੱਚ ਹਰਿਆਣਾ ਪੁਲਿਸ ਦੀ ਮਿਲੀਭੁਗਤ ਸੀ। ਸ਼ਿਵ ਕੁਮਾਰ ਨੂੰ ਪਿਛਲੇ ਸਾਲ 2021 ਕੁੰਡਲੀ ਇੰਡਸਟ੍ਰੀਅਲ ਦੇ ਵਿਰੋਧ, ਯੋਗ ਮਜ਼ਦੂਰੀ ਨਾ ਮਿਲਣ ਅਤੇ ਮਜ਼ਦੂਰਾਂ 'ਤੇ ਹੋ ਰਹੇ ਜ਼ੁਲਮਾਂ ਵਿਰੁੱਧ ਆਵਾਜ਼ ਉਠਾਉਣ ਕਾਰਨ ਗ੍ਰਿਫ਼ਤਾਰ ਕੀਤਾ ਗਿਆ ਸੀ। ਕਾਰਕੁਨ ਨਵਦੀਪ ਕੌਰ ਨੂੰ ਵੀ ਇਸੇ ਕੇਸ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਸ਼ਿਵ ਕੁਮਾਰ ਵੀ 2020 ਵਿੱਚ ਮੋਦੀ ਕੇਂਦਰ ਸਰਕਾਰ ਵੱਲੋਂ ਇੱਕਤਰਫ਼ਾ ਪਾਸ ਕੀਤੇ ਗਏ ਤਿੰਨ ਖੇਤੀ ਕਾਨੂੰਨਾਂ (ਜਿਨ੍ਹਾਂ ਨੂੰ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਰੱਦ ਕਰ ਦਿੱਤਾ ਗਿਆ ਸੀ) ਵਿਰੁੱਧ ਕਿਸਾਨ ਅੰਦੋਲਨ ਦਾ ਸਰਗਰਮ ਸਮਰਥਕ ਸੀ। ਇਸ ਸਾਲ ਦੇ ਸ਼ੁਰੂ ਵਿੱਚ, ਚੰਡੀਗੜ੍ਹ ਦੇ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਵੱਲੋਂ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਪੇਸ਼ ਕੀਤੀ ਗਈ ਇੱਕ ਮੈਡੀਕਲ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਸ਼ਿਵਾ ਉਪਰ ਪੁਲਿਸ ਨੇ ਤਸ਼ੱਦਦ ਕੀਤਾ ਸੀ। ਪਰ



ਇਹ ਪਹਿਲੀ ਵਾਰ ਹੈ ਕਿ ਕਿਸੇ ਨਿਆਇਕ ਜਾਂਚ ਵਿੱਚ ਸਬੂਤਾਂ ਸਮੇਤ ਇਹ ਤੱਥ ਸਾਹਮਣੇ ਆਏ ਹਨ।16 ਮਾਰਚ 2021 ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਫ਼ਰੀਦਾਬਾਦ ਦੇ ਤਤਕਾਲੀ ਜ਼ਿਲ੍ਹਾ ਅਤੇ ਸੈਸ਼ਨ ਜੱਜ ਨੂੰ ਉਪਰੋਕਤ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਸਨ। ਜਾਂਚ ਦੀ ਵਿਸਤ੍ਰਿਤ ਰਿਪੋਰਟ 20 ਦਸੰਬਰ 2022 ਨੂੰ ਜਨਤਕ ਕੀਤੀ ਗਈ ਸੀ। ਅਦਾਲਤੀ ਪੁੱਛਗਿੱਛ ਦੌਰਾਨ 15 ਗਵਾਹਾਂ ਦੇ ਬਿਆਨ ਦਰਜ ਕੀਤੇ ਗਏ ਸਨ। ਇਸ ਵਿੱਚ ਕੇਸ ਦੇ ਜਾਂਚ ਅਧਿਕਾਰੀ ਜੁਡੀਸ਼ੀਅਲ ਮੈਜਿਸਟਰੇਟ ਨੇ ਵੀ ਕਾਮਰਾਨ, ਜੇਲ੍ਹ ਮੈਡੀਕਲ ਅਫ਼ਸਰ, ਪੀੜਤ ਸ਼ਿਵ ਕੁਮਾਰ, ਰਿੱਟ ਪਟੀਸ਼ਨਕਰਤਾ ਰਾਜਬੀਰ ਸਿੰਘ (ਕੁਮਾਰ ਦੇ ਪਿਤਾ) ਅਤੇ ਕੁਮਾਰ ਨਾਲ ਕੰਮ ਕਰਨ ਵਾਲੀ ਸਾਥੀ ਕਾਰਕੁਨ ਨਵਦੀਪ ਕੌਰ ਸ਼ਾਮਲ ਹੈ। ਨਵਦੀਪ ਕੌਰ ਦੇ ਪਰਿਵਾਰ ਨੇ ਇਹ ਵੀ ਦੋਸ਼ ਲਾਇਆ ਕਿ ਉਸ ਸਮੇਂ ਉਸ ਨੂੰ ਪੁਲਿਸ ਹਿਰਾਸਤ ਵਿੱਚ ਵੀ ਤਸੀਹੇ ਦਿੱਤੇ ਗਏ। ਹਾਈ ਕੋਰਟ ਦੇ ਸਾਹਮਣੇ ਪੇਸ਼ ਕੀਤੀ ਗਈ ਜਾਂਚ ਨੇ ਜੀਐਮਸੀਐਚ ਦੁਆਰਾ ਕਰਵਾਈ ਗਈ ਸੁਤੰਤਰ ਡਾਕਟਰੀ ਜਾਂਚ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਰਿਪੋਰਟ ਦੇ ਨਤੀਜੇ ਗਵਾਹ ਦੁਆਰਾ ਦਿੱਤੇ ਬਿਆਨ ਦੀ ਪੁਸ਼ਟੀ ਕਰਦੇ ਹਨ ਅਤੇ ਅਸਲ ਵਿੱਚ ਸੱਚ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 'ਸੋਨੀਪਤ ਸਿਵਲ ਹਸਪਤਾਲ ਦੇ ਡਾਕਟਰਾਂ ਵੱਲੋਂ 24 ਜਨਵਰੀ 2021 ਤੋਂ 02 ਫਰਵਰੀ 2021 ਤੱਕ ਵਾਰ-ਵਾਰ ਜਾਂਚ ਕੀਤੀ ਗਈ', ਜਾਂਚ ਦਾ ਕਹਿਣਾ ਹੈ ਕਿ ਸ਼ਿਵ ਦੇ ਸਰੀਰ ਦੇ ਕਿਸੇ ਵੀ ਹਿੱਸੇ 'ਤੇ ਕੋਈ ਸੱਟ ਨਹੀਂ ਲੱਗੀ। ਪਰ 20 ਫਰਵਰੀ 2021 ਨੂੰ ਜੀ.ਐਮ.ਸੀ.ਐਚ., ਚੰਡੀਗੜ੍ਹ ਦੀ ਡਾਕਟਰੀ ਜਾਂਚ ਤੋਂ ਬਾਅਦ ਜਦੋਂ 25 ਫਰਵਰੀ2021 ਨੂੰ ਸਿਵਲ ਹਸਪਤਾਲ ਵੱਲੋਂ ਇਸ ਦੀ ਦੁਬਾਰਾ ਜਾਂਚ ਕੀਤੀ ਗਈ ਤਾਂ ਇਸ ਵਾਰ ਜੀ.ਐਮ.ਸੀ.ਐਚ ਨੇ ਆਪਣੀ ਰਿਪੋਰਟ ਵਿਚ ਉਸਦੇ ਸਰੀਰ 'ਤੇ ਦੋ ਫ੍ਰੈਕਚਰ ਦੱਸੇ ਗਏ। ਜਾਂਚ ਵਿੱਚ ਐਸਆਈ ਸ਼ਮਸ਼ੇਰ ਸਿੰਘ ਅਤੇ ਇੰਸਪੈਕਟਰ ਰਵਿੰਦਰ ਨੂੰ 'ਸ਼ਿਵ ਨੂੰ ਤਸੀਹੇ ਦੇਣ ਦਾ ਦੋਸ਼ੀ' ਪਾਇਆ ਗਿਆ ਅਤੇ ਕਿਹਾ ਗਿਆ ਕਿ ਉਹ ਹਿਰਾਸਤ ਵਿਚ ਸ਼ਿਵ ਨਾਲ ਕੀਤੀ ਹਿੰਸਾ ਲਈ 'ਇਕੱਲਾ ਜ਼ਿੰਮੇਵਾਰ' ਸੀ। ਇਸ ਤੋਂ ਇਲਾਵਾ, ਅਦਾਲਤੀ ਮੈਜਿਸਟ੍ਰੇਟ ਨੇ ਵੀ ਕਾਮਰਾਨ 'ਤੇ ਵੀ ਆਪਣੀ ਡਿਊਟੀ ਨਿਭਾਉਣ ਵਿਚ ਅਸਫਲ ਰਹਿਣ ਦਾ ਦੋਸ਼ ਲਗਾਇਆ ਗਿਆ। ਸ਼ਿਵ ਕੁਮਾਰ ਅਨੁਸਾਰ ਉਸ ਨੂੰ (ਬਾਕੀ ਸਫ਼ਾ 34 'ਤੇ)

# ਕੈਨੇਡਾ ਵਿਚ ਬੇਰੁਜ਼ਗਾਰੀ ਕਾਰਨ ਵਧ ਰਿਹਾ ਏ ਕ੍ਰਾਈਮ

## ਟੋਰਾਂਟੋ ਵਿਖੇ ਕਤਲ ਦੇ ਦੋਸ਼ ਵਿਚ 8 ਨਾਬਾਲਗ ਕੁੜੀਆਂ ਗ੍ਰਿਫ਼ਤਾਰ, ਪੰਜ ਲੋਕਾਂ ਨੂੰ ਗੋਲ਼ੀ ਮਾਰਨ ਵਾਲੇ ਹਤਿਆਰੇ ਨੂੰ, ਪੁਲਿਸ ਨੇ ਮਾਰਿਆ

ਪੰਜਾਬੀਆਂ ਦਾ ਪਰਦੇਸਾਂ ਦੀ ਆਰਥਿਕਤਾ ਨੂੰ ਉੱਪਰ ਚੁੱਕਣ ਵਿਚ ਹੀ ਹੱਥ ਨਹੀਂ ਹੈ, ਸਗੋਂ ਉਨ੍ਹਾਂ ਨੇ ਉਥੋਂ ਦੀ ਸਿਆਸਤ ਵਿਚ ਵੀ ਵੱਡਾ ਯੋਗਦਾਨ ਪਾਇਆ ਹੈ ਅਤੇ ਸਰਕਾਰਾਂ ਵਿਚ ਹਿੱਸੇਦਾਰੀ ਲਈ ਹੈ। ਕੈਨੇਡਾ ਦੇ ਹਾਊਸ ਆਫ਼ ਕਾਮਨਜ਼ ਵਿਚ 18 ਪੰਜਾਬੀ ਸੰਸਦ ਮੈਂਬਰ ਹਨ। ਕੈਨੇਡਾ ਵਿਚ ਪੰਜਾਬੀਆਂ ਦੀ ਗਿਣਤੀ 9 ਲੱਖ 50 ਹਜ਼ਾਰ ਦੱਸੀ ਜਾਂਦੀ ਹੈ, ਜਿਹੜੀ ਕਿ ਉੱਥੋਂ ਦੀ ਕੁੱਲ ਅਬਾਦੀ ਦਾ 2.6 ਫ਼ੀਸਦੀ ਹਿੱਸਾ ਹੈ। ਇਸ ਦੇਸ਼ ਵਿਚ ਪੰਜਾਬੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਚੌਥੀ ਭਾਸ਼ਾ ਹੈ। ਸਾਲ 2016 ਤੋਂ 2021 ਤੱਕ ਕੈਨੇਡਾ ਵੱਸਦੇ ਪੰਜਾਬੀਆਂ ਦੀ ਗਿਣਤੀ ਵਿਚ 49 ਫ਼ੀਸਦੀ ਦਾ ਵਾਧਾ ਹੋਇਆ ਹੈ।

ਬੇਰੁਜ਼ਗਾਰੀ, ਆਰਥਿਕਤਾ ਸਥਿਰਤਾ ਅਤੇ ਕੋਰੋਨਾ ਦੌਰਾਨ ਵਿਗੜੇ ਦਿਮਾਗ਼ੀ ਤਵਾਜ਼ਨ ਨੇ ਲੋਕਾਂ ਵਿਚ ਅਪਰਾਧਕ ਬਿਰਤੀ ਨੂੰ ਜਨਮ ਦਿੱਤਾ ਹੈ। ਗੋਰਿਆਂ ਸਮੇਤ ਉੱਥੇ ਵੱਸਦੇ ਪੰਜਾਬੀ ਨਿੱਕੀ-ਨਿੱਕੀ ਗੱਲ 'ਤੇ ਮਰਨ-ਮਰਾਉਣ ਲੱਗੇ ਹਨ।

ਟੋਰਾਂਟੋ ਦੇ ਯੂਨੀਵਰਸਿਟੀ ਐਵੇਨਿਊ ਅਤੇ ਯਾਰਕ ਸਟ੍ਰੀਟ ਇਲਾਕੇ ਵਿਚ 21 ਦਸੰਬਰ ਦੌਰਾਨ ਇਕ 59 ਸਾਲਾ ਅਧਖੜ ਵਿਅਕਤੀ ਦੇ ਕਤਲ ਦੇ ਦੋਸ਼ ਵਿਚ ਟੋਰਾਂਟੋ ਪੁਲਿਸ ਨੇ 8 ਨਾਬਾਲਗ ਕੁੜੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।



ਪੁਲਿਸ ਅਨੁਸਾਰ ਗ੍ਰਿਫ਼ਤਾਰ ਕੀਤੀ ਗਈਆਂ ਕੁੜੀਆਂ ਦੀ ਉਮਰ 13 ਤੋਂ 16 ਸਾਲ ਦੇ ਵਿਚਕਾਰ ਦੱਸੀ ਜਾ ਰਹੀ ਹੈ ਜੋ ਕਿ ਸੋਸ਼ਲ ਮੀਡੀਆ ਰਾਹੀਂ ਇਕ ਦੂਜੇ ਦੇ ਸੰਪਰਕ ਵਿਚ ਆਈਆਂ ਸਨ। ਇਹ ਸਾਰੀਆਂ ਕੁੜੀਆਂ ਕਿਸ ਮਕਸਦ ਨਾਲ ਟੋਰਾਂਟੋ ਦੇ ਡਾਊਨ ਟਾਊਨ ਵਿਚ ਇਕੱਠੀਆਂ ਹੋਈਆਂ ਸਨ ਅਤੇ ਕਤਲ ਕਿਸ ਕਾਰਨ ਕੀਤਾ ਗਿਆ, ਅਜੇ ਇਸ ਗੱਲ ਦਾ ਖ਼ੁਲਾਸਾ ਨਹੀਂ ਹੋਇਆ ਹੈ। ਸਾਰੀਆਂ ਕੁੜੀਆਂ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿਚ ਰਹਿੰਦੀਆਂ ਹਨ।

ਟੋਰਾਂਟੋ ਵਿਚ 18 ਦਸੰਬਰ ਦੀ ਰਾਤ ਦੌਰਾਨ ਅੰਨ੍ਹੇਵਾਹ ਗੋਲ਼ੀਬਾਰੀ ਕਾਰਨ ਪੰਜ ਲੋਕਾਂ ਦੀ ਮੌਤ ਹੋ ਗਈ। ਇਸ ਦੌਰਾਨ ਪੁਲਿਸ ਨੇ ਬੰਦੂਕਧਾਰੀ ਨੂੰ ਮਾਰਨ ਵਿਚ ਸਫਲਤਾ ਹਾਸਲ ਕੀਤੀ ਹੈ।

ਕੈਨੇਡਾ ਵਿਚ ਗੋਲ਼ੀਬਾਰੀ ਦੀ ਇਹ ਪਹਿਲੀ ਘਟਨਾ ਨਹੀਂ ਹੈ, ਇਸ ਤੋਂ ਪਹਿਲਾਂ ਵੀ ਇੱਥੇ ਅਜਿਹੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਇਸ ਸਾਲ ਅਕਤੂਬਰ ਮਹੀਨੇ ਦੌਰਾਨ ਡਿਊਟੀ ਦੌਰਾਨ ਦੋ ਪੁਲਿਸ ਅਧਿਕਾਰੀਆਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

ਇਸੇ ਸਾਲ ਜੁਲਾਈ ਮਹੀਨੇ ਵਿਚ ਵੈਨਕੂਵਰ ਵਿਚ ਵੀ ਫਾਈਰਿੰਗ ਨਾਲ ਦਹਿਸ਼ਤ ਫੈਲ ਗਈ ਸੀ। ਇਸ 'ਚ 2 ਲੋਕਾਂ ਦੀ ਮੌਤ ਹੋ ਗਈ ਸੀ। ਜਵਾਬੀ ਗੋਲ਼ੀਬਾਰੀ 'ਚ ਸ਼ੱਕੀ ਹਮਲਾਵਰ ਵੀ ਮਾਰਿਆ ਗਿਆ ਸੀ

ਨਵੰਬਰ ਦੇ ਆਖ਼ਰੀ ਅਤੇ ਦਸੰਬਰ ਦੇ ਪਹਿਲੇ ਹਫ਼ਤੇ ਦੌਰਾਨ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿਚ 5 ਪੰਜਾਬੀ ਮੁੰਡੇ-ਕੁੜੀਆਂ ਦੀ ਮੌਤ ਹੋਈ ਹੈ। ਕੈਨੇਡਾ ਵਿਚ ਪੰਜਾਬ ਦੇ ਭੋਗਪੁਰ ਦੇ 18 ਸਾਲਾ ਮਹਿਕਪ੍ਰੀਤ ਸਿੰਘ ਦਾ ਕੁਝ ਦਿਨ ਪਹਿਲਾਂ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। (ਬਾਕੀ ਸਫ਼ਾ 34 'ਤੇ)

# ਭਾਰਤੀ ਮੀਡੀਆ ਨੂੰ ਨਿਗਲ ਰਹੇ ਵੱਡੇ-ਵੱਡੇ ਕਾਰਪੋਰੇਟ ਘਰਾਣੇ

2022 ਦੌਰਾਨ ਅਡਾਨੀ ਸਮੂਹ ਐਨਡੀਟੀਵੀ ਉਪਰ ਕਾਬਜ ਹੋ ਗਿਆ ਹੈ। ਇਸ ਚੈਨਲ ਦੇ ਭਵਿੱਖ ਅਤੇ ਭਾਰਤੀ ਮੀਡੀਆ 'ਤੇ ਅਡਾਨੀ ਦੇ ਪ੍ਰਭਾਵ ਬਾਰੇ ਤਿੱਖੀ ਬਹਿਸ ਛਿੜ ਗਈ ਹੈ। ਵੈਸੇ ਤਾਂ ਗੌਤਮ ਅਡਾਨੀ ਦੀ ਮਲਟੀਨੈਸ਼ਨਲ ਕੰਪਨੀ ਪਹਿਲਾਂ ਹੀ ਮੀਡੀਆ ਵਿੱਚ ਆਪਣੀ ਮੌਜੂਦਗੀ ਦਰਜ ਕਰਵਾ ਚੁੱਕੀ ਹੈ। ਅਡਾਨੀ ਦੀ ਕੰਪਨੀ ਦਾ ਕੁਇੰਟਲੀਅਨ ਬਿਜ਼ਨਸ ਮੀਡੀਆ ਪ੍ਰਾਈਵੇਟ ਲਿਮਟਿਡ ਵਿੱਚ ਨਿਵੇਸ਼ ਹੈ, ਜੋ ਬਲੂਮਬਰਗ ਕੁਇੰਟ ਚਲਾਉਂਦੀ ਹੈ।

ਉਦਯੋਗਪਤੀਆਂ ਦੇ ਹੱਥਾਂ ਵਿੱਚ ਮੀਡੀਆ ਦਾ ਕੰਟਰੋਲ ਮੀਡੀਆ ਦੀ ਅਜ਼ਾਦੀ ਨੂੰ ਤਬਾਹ ਕਰਦਾ ਹੈ, ਵਿਚਾਰਾਂ ਦੀ ਵਿਭਿੰਨਤਾ ਵਿਚ ਰੁਕਾਵਟ ਬਣਦਾ ਹੈ ਤੇ ਮੀਡੀਆ ਦੀ ਦਿਸ਼ਾ ਆਪਣੇ ਲਾਭ ਤੇ ਆਰਥਿਕ ਹਿੱਤਾਂ ਦੀ ਸੁਰੱਖਿਆ ਲਈ ਨਿਰਧਾਰਤ ਕਰਦਾ ਹੈ। ਅਸਲ ਵਿੱਚ ਮੀਡੀਆ ਦਾ ਕੰਮ ਸਿਰਫ਼ ਆਪਣੇ ਨੁਕਸਾਨ ਜਾਂ ਨਫ਼ੇ ਤੱਕ ਹੀ ਸੀਮਤ ਨਹੀਂ ਹੁੰਦਾ, ਸਗੋਂ ਉਸ ਨੂੰ ਮਾਲਕ ਦੇ ਦੂਜੇ ਕਾਰੋਬਾਰਾਂ ਵਿੱਚ ਨਫ਼ੇ-ਨੁਕਸਾਨ ਬਾਰੇ ਸੁਚੇਤ ਕਰਨਾ ਹੁੰਦਾ ਹੈ। ਭਾਰਤ ਵਿੱਚ ਉਦਾਰੀਕਰਨ ਤੋਂ ਬਾਅਦ ਉਦਯੋਗਪਤੀਆਂ ਦਾ ਭਵਿੱਖ ਹਾਲੇ ਵੀ ਸਰਕਾਰ ਦੇ ਹੱਥਾਂ ਵਿੱਚ ਹੈ। ਅਜਿਹੀ ਸਥਿਤੀ ਵਿੱਚ ਸਰਕਾਰ ਸਖ਼ਤ ਕਾਨੂੰਨ ਲਿਆ ਕੇ ਸਰਕਾਰ ਦੀ ਆਲੋਚਨਾ ਕਰਨ ਵਾਲੀ ਮੀਡੀਆ ਅਦਾਰੇ ਨੂੰ ਕੁਚਲੇਗਾ। ਅਸਲੀਅਤ ਇਹ ਹੈ ਕਿ ਭਾਰਤ ਵਿੱਚ ਪੱਤਰਕਾਰੀ ਦਾ ਅਖੌਤੀ ਸੁਨਹਿਰੀ ਯੁੱਗ ਕਦੇ ਨਹੀਂ ਵਾਪਰਿਆ। ਨਰਿੰਦਰ ਮੋਦੀ ਸਰਕਾਰ ਨੇ ਕੋਈ ਵਿਲੱਖਣ ਕਾਢ ਨਹੀਂ ਕੱਢੀ। ਇਹ ਸਫ਼ਰ ਇੰਦਰਾ ਗਾਂਧੀ ਦੀ ਐਮਰਜੈਂਸੀ ਤੋਂ ਜਾਰੀ ਹੈ। ਸਰਕਾਰੀ ਤੰਤਰ ਵੱਲੋਂ ਮੀਡੀਆ ਦੀ ਅਜ਼ਾਦੀ, ਲੋਕਾਂ ਦੀ ਆਵਾਜ਼ ਨੂੰ ਦਬਾਉਣ ਦਾ ਇਤਿਹਾਸ ਭਾਰਤ ਵਿਚ ਬਹੁਤ ਪੁਰਾਣਾ ਰਿਹਾ ਹੈ। ਭਾਰਤ ਨੂੰ ਅੰਗਰੇਜ਼ੀ ਸਾਮਰਾਜ ਤੋਂ ਅਜ਼ਾਦ ਹੋਇਆਂ ਓਦੋਂ ਹਾਲੇ 28 ਵਰ੍ਹੇ ਹੀ ਹੋਏ ਸਨ, ਜਦੋਂ ਖ਼ੁਦ ਨੂੰ ਲੋਕਤੰਤਰ ਕਹਾਉਣ ਵਾਲੀ ਇੱਥੋਂ ਦੀ ਸਰਕਾਰ ਨੇ ਉਸ ਮੀਡੀਆ (ਪ੍ਰਿੰਟ ਮੀਡੀਆ) ਨੂੰ ਸੈਂਸਰਸ਼ਿਪ ਦੀਆਂ ਸਖ਼ਤ ਜ਼ੰਜੀਰਾਂ ਵਿੱਚ ਜਕੜ ਦਿੱਤਾ, ਜਿਸ ਨੇ ਕਦੀ ਇਸ ਦੀ ਅਜ਼ਾਦੀ ਲਈ ਆਪਣੇ ਆਖ਼ਰੀ ਸਾਹ ਤੱਕ ਦੀ ਬਾਜ਼ੀ ਲਾਈ ਸੀ। ਜਦੋਂ ਮੀਡੀਆ ਦੇ ਸਿਰ 'ਤੇ ਸੈਂਸਰਸ਼ਿਪ (ਸੰਨ 1975) ਦਾ ਇਹ ਕਾਲਾ ਬੱਦਲ ਵਰ੍ਹ ਰਿਹਾ ਸੀ, ਓਦੋਂ ਨਿੱਜੀ ਬ੍ਰਾਡਕਾਸਟਿੰਗ ਚੈਨਲ ਹੋਂਦ ਵਿੱਚ ਨਹੀਂ ਆਏ ਸਨ। ਬਿਜਲਈ ਮੀਡੀਆ ਤਹਿਤ ਉਸ ਵੇਲੇ ਸਿਰਫ਼ ਸਰਕਾਰ ਦੇ ਗ਼ੁਲਾਮ ਦੂਰਦਰਸ਼ਨ ਅਤੇ ਆਕਾਸ਼ਵਾਣੀ ਹੀ ਸੂਚਨਾ-ਸੰਚਾਰ ਦੇ ਮਾਧਿਅਮ ਸਨ, ਜਿਨ੍ਹਾਂ ਦੀ ਜੀਭ ਨਿਯਮਾਂ ਦੀ ਸੂਈ ਨਾਲ ਇਸ ਤਰ੍ਹਾਂ ਗੰਢੀ ਹੋਈ ਸੀ ਕਿ ਉਹ ਸਰਕਾਰ ਦੇ ਇਸ ਕਾਰਨਾਮੇ ਦੇ ਖ਼ਿਲਾਫ਼ ਆਪਣੇ ਮੂੰਹੋਂ ਚੀਂ ਤੱਕ ਦੀ ਅਵਾਜ਼ ਵੀ ਨਹੀਂ ਕੱਢ ਸਕਦੇ ਸਨ। ਸੈਂਸਰਸ਼ਿਪ ਲੱਗਦਿਆਂ ਹੀ ਅਖ਼ਬਾਰਾਂ ਦੇ ਸੰਪਾਦਕ ਸਿਰਫ਼ ਨਾਂ ਦੇ ਹੀ ਸੰਪਾਦਕ



ਬਣਕੇ ਰਹਿ ਗਏ ਸਨ। ਭਾਵੇਂ ਕਿ ਅਖ਼ਬਾਰਾਂ ਦੀ 'ਪ੍ਰਿੰਟ ਲਾਈਨ' ਵਿੱਚ ਨਾਂ ਸੰਪਾਦਕ ਦਾ ਛਪਦਾ ਸੀ, ਪਰ ਖ਼ਬਰਾਂ ਅਤੇ ਹੋਰ ਸਮੱਗਰੀ 'ਤੇ ਸੰਪਾਦਨ ਦੀ ਕੈਂਚੀ ਸੈਂਸਰਸ਼ਿਪ ਬੋਰਡ ਦੀ ਹੀ ਚੱਲਦੀ ਸੀ। ਸੈਂਸਰਸ਼ਿਪ ਦਾ ਇਹ ਨਾਗ-ਵਲ਼ ਤਕਰੀਬਨ 21 ਮਹੀਨੇ ਮੀਡੀਆ ਦੇ ਗਲ਼ ਪਿਆ ਰਿਹਾ। ਇਸ ਪਿੱਛੋਂ ਜਦੋਂ ਲੋਕ ਸਭਾ ਦੀਆਂ ਚੋਣਾਂ ਹੋਈਆਂ ਤਾਂ ਲੰਮਾ ਸਮਾਂ ਜਬਰੀ ਚੁੱਪ ਰਹੇ ਲੋਕਾਂ ਨੇ ਮੀਡੀਆ ਦੀ ਸੰਘੀ ਘੁੱਟਣ ਵਾਲੀ ਸਰਕਾਰ ਨੂੰ ਹਕੂਮਤ ਦੀ ਗੱਦੀ ਤੋਂ ਹੇਠਾਂ ਲਾਹ ਕੇ ਇਹ ਸਾਬਤ ਕਰ ਦਿੱਤਾ ਕਿ ਲੋਕਤੰਤਰ ਵਿੱਚ ਲੋਕਾਂ ਦੀ ਅਵਾਜ਼ ਨੂੰ ਜੰਦਰੇ ਲਗਾ ਕੇ ਸਰਕਾਰ ਬਹੁਤਾ ਸਮਾਂ ਨਹੀਂ ਟਿਕ ਸਕਦੀ।

ਇਸ ਘਟਨਾ ਨੂੰ ਵਾਪਰਿਆਂ ਤਕਰੀਬਨ ਚਾਰ ਦਹਾਕਿਆਂ ਤੋਂ ਵੱਧ ਦਾ ਸਮਾਂ ਹੋਣ ਵਾਲਾ ਹੈ। ਏਨੇ ਸਮੇਂ ਵਿੱਚ ਬੇਸ਼ੱਕ ਸਰਕਾਰ ਨੇ ਮੀਡੀਆ ਦੀ ਅਜ਼ਾਦੀ 'ਤੇ ਸਿੱਧੀ ਸੈਂਸਰਸ਼ਿਪ ਦਾ ਪਹਿਰਾ ਤਾਂ ਨਹੀਂ ਲਗਾਇਆ, ਪਰ ਉਹ ਅਸਿੱਧੇ ਰੂਪ ਵਿੱਚ ਮੀਡੀਏ ਦੇ ਉਸ ਹਿੱਸੇ, ਜੋ ਇਸ ਦੇ ਕਾਲੇ ਕਾਰਨਾਮਿਆਂ ਦੀਆਂ ਪਰਤਾਂ ਫਰੋਲਣ ਜਾਂ ਇਸ ਦੀ ਮੁਖ਼ਾਲਫ਼ਤ ਕਰਨ ਦੀ ਤਾਂਘ ਵਿੱਚ ਹੁੰਦਾ ਹੈ, ਦੀ ਅਵਾਜ਼ ਨੂੰ ਹਰ ਹੀਲੇ ਦਬਾਉਣ ਦੀ ਕੋਸ਼ਿਸ਼ ਜ਼ਰੂਰ ਕਰਦੀ ਰਹੀ ਹੈ।

ਸੋਸ਼ਲ ਮੀਡੀਆ, ਜਿਸ ਨੂੰ ਆਮ ਬੰਦੇ ਦੀ ਅਵਾਜ਼ ਦਾ ਮੰਚ ਆਖਿਆ ਜਾਂਦਾ ਹੈ, ਉੱਤੇ ਜਦੋਂ ਸਰਕਾਰ ਦੀਆਂ ਭ੍ਰਿਸ਼ਟ ਕਰਤੂਤਾਂ 'ਤੇ ਜਨਤਕ ਵਿਚਾਰ-ਚਰਚਾ ਹੋਣ ਲੱਗੀ ਤਾਂ ਉਸ ਨੂੰ ਹੱਥਾਂ ਪੈਰਾਂ ਦੀ ਪੈ ਗਈ। ਅਜਿਹੇ ਭ੍ਰਿਸ਼ਟਾਚਾਰ ਨੂੰ ਨਕੇਲ ਪਾਉਣ ਦੀ ਬਜਾਏ ਸਰਕਾਰ ਉਲਟਾ ਸੋਸ਼ਲ ਮੀਡੀਆ ਨੂੰ ਆਪਣੇ ਕਬਜ਼ੇ ਵਿੱਚ ਲਿਆਉਣ ਦੀਆਂ ਚਾਲਾਂ ਚੱਲਣ ਲੱਗ ਪਈ। ਹੁਣੇ ਜਿਹੇ ਕਾਰਵਾਂ ਵਰਗੇ ਨਿਰਪੱਖ ਵੈੱਬਸਾਈਟ ਦੇ ਪੱਤਰਕਾਰਾਂ ਦੀ ਅਵਾਜ਼ ਨੂੰ ਕੁਚਲਣਾ ਇਸੇ ਗਲ ਦਾ ਸਬੂਤ ਹੈ। ਇਹ ਸਰਕਾਰੀ ਨੀਤੀ ਮੁੱਖ ਧਾਰਾ ਮੀਡੀਆ ਰਾਹੀਂ ਇੱਕ ਖ਼ਾਸ ਬਿਰਤਾਂਤ ਨੂੰ ਅੱਗੇ ਵਧਾਉਂਦੀ ਹੈ ਤੇ ਦਹਿਸ਼ਤ ਪਾਉਂਦੀ ਹੈ। ਇਸ ਪਿਛੋਕੜ ਵਿੱਚ, ਅਡਾਨੀ ਵਰਗੇ ਕਿਸੇ ਵੀ ਮੀਡੀਆ ਸਮੂਹ ਦੇ ਖੇਤਰ ਵਿੱਚ ਫੈਲਣ ਨਾਲ ਮੀਡੀਆ ਅਜ਼ਾਦੀ ਲਈ ਵੱਡਾ ਖ਼ਤਰਾ ਪੈਦਾ ਹੋ ਜਾਵੇਗਾ। ਅਮਰੀਕਾ ਦੀ ਮੌਜੂਦਾ ਸਥਿਤੀ ਇਸ ਗੱਲ ਦਾ ਸੰਕੇਤ ਦਿੰਦੀ ਹੈ ਕਿ ਆਉਣ ਵਾਲੇ ਭਵਿੱਖ ਵਿੱਚ ਕੀ ਹੋ ਸਕਦਾ ਹੈ? ਉਦਾਹਰਣ (ਬਾਕੀ ਸਫ਼ਾ 34 'ਤੇ)

# ਚੀਨ ’ਚ 840 ਮਿਲੀਅਨ ਲੋਕਾਂ ਦੇ ਕੋਰੋਨਾ ਨਾਲ ਸੰਕਰਮਿਤ ਹੋਣ ਦਾ ਖਦਸ਼ਾ

## 7 ਦਸੰਬਰ ਨੂੰ ਬਿਨਾਂ ਚਿਤਾਵਨੀ ਦੇ ਲਾਕਡਾਊਨ ਖੋਲ੍ਹਣ ਵਰਗੇ ਫ਼ੈਸਲੇ ਕਾਰਨ ਚੀਨ ਵਿੱਚ ਕੋਰੋਨਾ ਦੇ ਕੇਸ ਮੁੜ ਵਧੇ

**ਹਵਾਲਾ ਨਿਊਯਾਰਕ ਟਾਈਮਜ਼**

- **ਹਸਪਤਾਲਾਂ ਵਿਚ ਇਲਾਜ ਲਈ ਲੋਕਾਂ ਦੀ ਭੀੜ ਲੱਗੀ**
- **ਚੀਨ ’ਚ ਕੋਰੋਨਾ ਦੇ ਧਮਾਕੇ ਕਾਰਨ ਜ਼ੁਕਾਮ ਅਤੇ ਫਲੂ ਦੀਆਂ ਦਵਾਈਆਂ ਉਪਲਬਧ ਨਹੀਂ**



ਲਗਭਗ ਤਿੰਨ ਸਾਲ ਬਾਅਦ ਚੀਨ ਵਿੱਚ ਕੋਰੋਨਾ ਮੁੜ ਪੈਰ ਪਸਾਰਨ ਲੱਗਾ ਹੈ। ਮਾਹਿਰਾਂ ਅਨੁਸਾਰ ਚੀਨ ਦੇ 1.4 ਅਰਬ ਲੋਕਾਂ ਲਈ ਅਗਲੇ ਕੁੱਝ ਮਹੀਨੇ ਮੁਸ਼ਕਲ ਹੋਣ ਵਾਲੇ ਹਨ। ਚੀਨ ਨੇ ‘ਜ਼ੀਰੋ ਕੋਵਿਡ’ ਨੀਤੀ ਰਾਹੀਂ ਕੋਰੋਨਾ ’ਤੇ ਠੱਲ੍ਹ ਪਾਉਣ ਦੀ ਕੋਸ਼ਿਸ਼ ਕੀਤੀ ਪਰ ਲੋਕਾਂ ਦੇ ਵਿਰੋਧ ਪ੍ਰਦਰਸ਼ਨਾਂ ਮਗਰੋਂ 7 ਦਸੰਬਰ ਨੂੰ ਬਿਨਾਂ ਚਿਤਾਵਨੀ ਦੇ ਲਾਕਡਾਊਨ ਖੋਲ੍ਹਣ ਵਰਗੇ ਫ਼ੈਸਲੇ ਕਾਰਨ ਚੀਨ ਵਿੱਚ ਕੋਰੋਨਾ ਦੇ ਕੇਸ ਮੁੜ ਵਧਣ ਲੱਗੇ ਹਨ। ਹੁਣ ਤੱਕ, ਚੀਨ ਦੁਨੀਆ ਵਿੱਚ ਕੋਵਿਡ-19 ਦਾ ਆਖ਼ਰੀ ਟਿਕਾਣਾ ਸੀ। ਪਰ, ਕੁਝ ਹਫ਼ਤਿਆਂ ਵਿੱਚ, ਉੱਥੇ ਵਾਇਰਸ ਦੀ ਇੱਕ ਭਿਆਨਕ ਲਹਿਰ ਦੌੜਨ ਦੀ ਸੰਭਾਵਨਾ ਬਣ ਗਈ ਹੈ। ਇਸ ਹਫ਼ਤੇ ਬੀਜਿੰਗ ਨੇ ਕੋਵਿਡ ਦੇ ਨਾਲ ਰਹਿਣ ਲਈ ਇੱਕ ਵੱਡਾ ਕਦਮ ਚੁੱਕਿਆ ਹੈ। ਲਾਕਡਾਊਨ ਅਤੇ ਕੁਆਰੰਟੀਨ ਨੂੰ ਗੈਰ-ਪ੍ਰਸਿੱਧ ਅਤੇ ਨੁਕਸਾਨਦੇਹ ਜ਼ੀਰੋ-ਕੋਵਿਡ ਨੀਤੀ ਦੇ ਤਹਿਤ ਛੱਡ ਦਿੱਤਾ ਗਿਆ ਹੈ। ਵਿਰੋਧ ਪ੍ਰਦਰਸ਼ਨਾਂ ਵਿਚਾਲੇ ਇਹ ਨੀਤੀ ਅਪਣਾਉਣ ਕਾਰਨ ਸਿਹਤ ਸੇਵਾਵਾਂ ’ਤੇ ਭਾਰੀ ਬੋਝ ਪੈਣ ਦੀ ਸੰਭਾਵਨਾ ਹੈ। ਨਵੇਂ ਸਾਲ ਦੀਆਂ ਛੁੱਟੀਆਂ ਦੌਰਾਨ ਆਵਾਜਾਈ ਵਧਣ ਕਾਰਨ ਸਥਿਤੀ ਹੋਰ ਵਿਗੜ ਸਕਦੀ ਹੈ। ਚੀਨ ਦੀ ਕੋਵਿਡ ਟਾਸਕ ਫੋਰਸ ਦੇ ਸਲਾਹਕਾਰ ਫੇਂਗ ਜਿਜੀਅਨ ਨੇ ਕਿਹਾ ਕਿ ਦੇਸ਼ ਦੀ 60 ਪ੍ਰਤੀਸ਼ਤ ਆਬਾਦੀ, ਜਾਂ 840 ਮਿਲੀਅਨ ਤੋਂ ਵੱਧ ਲੋਕ ਸੰਕਰਮਿਤ ਹੋ ਸਕਦੇ ਹਨ। ਚੀਨ, ਦੂਜੇ ਦੇਸ਼ਾਂ ਦੀ ਤਰ੍ਹਾਂ, ਹੁਣ ਬਹੁਤ ਜ਼ਿਆਦਾ ਛੂਤ ਵਾਲੇ ਓਮੀਕਰੋਨ ਵੇਰੀਐਂਟ ਦਾ ਸਾਹਮਣਾ ਕਰ ਰਿਹਾ ਹੈ। ਇਹ ਪਹਿਲੇ ਵਾਇਰਸ ਨਾਲੋਂ ਹਲਕਾ ਹੈ। ਚੀਨ ਕੋਲ ਸਥਿਤੀ ਨਾਲ ਨਜਿੱਠਣ ਲਈ ਤਿੰਨ ਸਾਲ ਸਨ। ਪਰ, ਟੀਕਾਕਰਨ ਅਤੇ ਜਨਤਾ ਨੂੰ ਕੋਵਿਡ ਨਾਲ ਜੀਣ ਲਈ ਤਿਆਰ ਕਰਨ ਦੀ ਬਜਾਏ, ਇਸ ਨੇ ਤਾਲਾਬੰਦੀ ’ਤੇ ਵਧੇਰੇ ਜ਼ੋਰ ਦਿੱਤਾ ਸੀ। ਹਾਂਗਕਾਂਗ ਯੂਨੀਵਰਸਿਟੀ ਦੇ ਵਾਇਰਸ ਮਾਹਿਰ ਜਿਨ ਡੋਂਗ ਯਾਨ ਦਾ ਕਹਿਣਾ ਹੈ ਕਿ ਲਾਗ ਦੀ ਸੁਨਾਮੀ ਆਉਣੀ ਹੀ ਸੀ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਜ਼ੀਰੋ-ਕੋਵਿਡ ਹੈ ਜਾਂ ਨਹੀਂ। ਦੇਸ਼ ਵਿੱਚ ਲਾਗ ਦੀ ਮੌਜੂਦਾ ਸਥਿਤੀ ਅਸਪਸ਼ਟ ਹੈ। ਰਾਸ਼ਟਰੀ ਸਿਹਤ ਕਮਿਸ਼ਨ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਬੀਤੇ ਹਫ਼ਤੇ ਦੇਸ਼ ਵਿਚ 159 ਗੰਭੀਰ ਮਾਮਲੇ ਸਾਹਮਣੇ ਆਏ ਹਨ। ਇਹ ਪਿਛਲੇ ਹਫ਼ਤੇ ਨਾਲੋਂ ਲਗਭਗ 100 ਵੱਧ ਹੈ। ਜਿਨ ਕਹਿੰਦੇ ਹਨ, ਬਹੁਤ ਸਾਰੇ ਮਾਮਲੇ ਸਾਹਮਣੇ ਨਹੀਂ ਆ ਰਹੇ ਹਨ। ਫਿਰ ਵੀ, ਸਰਕਾਰ ਵੱਡੀ ਲਹਿਰ ਨਾਲ ਨਜਿੱਠਣ ਦੀ ਤਿਆਰੀ ਕਰ ਰਹੀ ਹੈ। ਅਧਿਕਾਰੀਆਂ ਨੇ ਹਸਪਤਾਲਾਂ ਵਿੱਚ ਇੰਟੈਂਸਿਵ ਕੇਅਰ ਬੈੱਡਾਂ ਦੀ ਗਿਣਤੀ ਦੁੱਗਣੀ ਕਰਨ ਅਤੇ ਡਾਕਟਰਾਂ, ਨਰਸਾਂ ਦੀ ਗਿਣਤੀ ਵਧਾਉਣ ਦਾ ਫ਼ੈਸਲਾ ਕੀਤਾ ਹੈ। ਕੁਆਰੰਟੀਨ ਲਈ ਪਹਿਲਾਂ ਤਿਆਰ ਕੀਤੀਆਂ ਅਸਥਾਈ ਥਾਵਾਂ ਨੂੰ ਹਸਪਤਾਲਾਂ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ। ਲੋਕਾਂ ਨੂੰ ਦਹਿਸ਼ਤ ਵਿਚ ਆਕੇ ਦਵਾਈਆਂ ਅਤੇ ਹੋਰ ਸਮਾਨ ਨਾ ਖ਼ਰੀਦਣ ਦੀ ਸਲਾਹ ਦਿੱਤੀ ਗਈ ਹੈ। ਕਿਹਾ ਗਿਆ ਹੈ, ਲੋੜਵੰਦ ਲੋਕਾਂ ਲਈ ਦਵਾਈਆਂ ਦੀ ਬੱਚਤ ਕੀਤੀ ਜਾਵੇ।

**ਨਵੀਨਤਮ ਰੁਝਾਨ, ਨਿਊਯਾਰਕ ਟਾਈਮਜ ਦੇ ਹਵਾਲੇ ਅਨੁਸਾਰ ਕੁਝ ਅੰਸ਼**

ਪਿਛਲੇ ਹਫ਼ਤੇ ਚੀਨ ਵਿੱਚ ਪ੍ਰਤੀ ਦਿਨ ਔਸਤਨ 2,650 ਮਾਮਲੇ ਸਾਹਮਣੇ ਆਏ ਹਨ। ਦੋ ਹਫ਼ਤੇ ਪਹਿਲਾਂ ਦੇ ਔਸਤ ਨਾਲੋਂ ਕੇਸਾਂ ਵਿੱਚ 88 ਪ੍ਰਤੀਸ਼ਤ ਦੀ ਕਮੀ ਆਈ ਹੈ। ਮੌਤਾਂ ਵਿੱਚ 250 ਫ਼ੀਸਦੀ ਵਾਧਾ ਹੋਇਆ ਹੈ। ਅਪ੍ਰੈਲ 2022 ਸਭ ਤੋਂ ਵੱਧ ਔਸਤ ਕੇਸਾਂ ਵਾਲਾ ਮਹੀਨਾ ਸੀ, ਜਦੋਂ ਕਿ ਫਰਵਰੀ 2020 ਚੀਨ ਵਿੱਚ ਸਭ ਤੋਂ ਵੱਧ ਔਸਤ ਮੌਤਾਂ ਵਾਲਾ ਮਹੀਨਾ ਸੀ।

ਚੀਨ ਦੀ ਜ਼ੀਰੋ ਕੋਵਿਡ ਨੀਤੀ ਦੇ ਤਹਿਤ, ਦੇਸ਼ ਕੇਸਾਂ ਦੀ ਪਛਾਣ ਕਰਨ ਅਤੇ ਅਲੱਗ-ਥਲੱਗ ਕਰਨ ਲਈ ਵੱਡੇ ਪੱਧਰ ’ਤੇ ਟੈਸਟਿੰਗ ਅਤੇ ਕੁਆਰੰਟੀਨ ਦੀ ਤਿਆਰੀ ਕਰ ਰਿਹਾ ਹੈ।

ਮਹਾਂਮਾਰੀ ਦੇ ਸ਼ੁਰੂ ਵਿੱਚ ਚੀਨ ਨੇ ਅਧਿਕਾਰਤ ਅੰਕੜਿਆਂ ਵਿੱਚ ਕੋਵਿਡ ਦੇ ਕੇਸਾਂ ਅਤੇ ਮੌਤਾਂ ਦੀ ਗਿਣਤੀ ਨੂੰ ਬਹੁਤ ਘੱਟ ਸਮਝਿਆ ਹੈ।

ਹੇਬੇਈ ਸੂਬੇ ਦੇ ਬਾਓਡਿੰਗ ਅਤੇ ਲੈਂਗਫੈਂਗ ਇਲਾਕਿਆਂ ਨੇੜੇ ਹਸਪਤਾਲ ਮੁੜ ਮਰੀਜ਼ਾਂ ਨਾਲ ਭਰ ਗਏ ਹਨ। ਦੇਸ਼ ਭਰ ਵਿੱਚ ਲੋਕ ਆਪੋ-ਆਪਣੇ ਕੰਮਾਂ ਤੋਂ ਗ਼ੈਰਹਾਜ਼ਰ ਰਹਿਣ ਲੱਗੇ ਹਨ, ਬੁਖ਼ਾਰ ਦੀਆਂ ਦਵਾਈਆਂ ਦੀ ਘਾਟ ਆਉਣ ਲੱਗੀ ਹੈ ਅਤੇ ਸ਼ਮਸ਼ਾਨਘਾਟ ਵਿੱਚ ਕੰਮ ਕਰਦਾ ਸਟਾਫ਼ ਓਵਰਟਾਈਮ ਕਰਨ ਲੱਗਾ ਹੈ।

ਚੀਨ ਵਿਚ ਕੋਰੋਨਾ ਇਨਫੈਕਸ਼ਨ ਇੰਨੀ ਤੇਜ਼ੀ ਨਾਲ ਫੈਲ ਰਿਹਾ ਹੈ ਕਿ ਮੈਡੀਕਲ ਸਟੋਰਾਂ ਵਿਚ ਦਵਾਈਆਂ ਮਿਲਣੀਆਂ ਵੀ ਮੁਸ਼ਕਿਲ ਹੋ ਗਈਆਂ ਹਨ। ਇੰਨਾ ਹੀ ਨਹੀਂ ਹਸਪਤਾਲਾਂ ਵਿਚ ਇਲਾਜ ਲਈ ਲੋਕਾਂ ਦੀ ਭੀੜ ਲੱਗ ਰਹੀ ਹੈ ਅਤੇ ਲੋਕਾਂ ਨੂੰ ਆਪਣੀ ਵਾਰੀ ਲਈ ਲੰਬੀਆਂ ਲਾਈਨਾਂ ਵਿਚ ਲੱਗ ਕੇ ਉਡੀਕ ਕਰਨੀ ਪੈ ਰਹੀ ਹੈ। ਚੀਨ ’ਚ ਕੋਰੋਨਾ ਦੇ ਧਮਾਕੇ ਕਾਰਨ ਜ਼ੁਕਾਮ ਅਤੇ ਫਲੂ ਦੀਆਂ ਦਵਾਈਆਂ ਉਪਲਬਧ ਨਹੀਂ ਹਨ। ਇੰਨਾ ਹੀ ਨਹੀਂ ਹਸਪਤਾਲਾਂ ’ਚ ਕੋਰੋਨਾ ਦੇ ਮਰੀਜ਼ਾਂ ਦੀ ਵਧਦੀ ਗਿਣਤੀ ਕਾਰਨ ਬੈੱਡਾਂ ਦੀ ਕਮੀ ਹੈ ਅਤੇ ਦਵਾਈਆਂ ਦੀ ਵੀ ਕਮੀ ਹੈ। ਕੋਰੋਨਾ ਜਾਂਚ ਲਈ ਵੀ ਲੰਬੀਆਂ ਕਤਾਰਾਂ ਲੱਗ ਰਹੀਆਂ ਹਨ। ਕੋਰੋਨਾ ਦੇ ਮਰੀਜ਼ ਹੁਣ ਮਰ ਰਹੇ ਹਨ ਅਤੇ ਇਸ ਦੀ ਗਿਣਤੀ ਨੇ ਚੀਨ ਦੇ ਲੋਕਾਂ ਨੂੰ ਹੋਰ ਡਰਾ ਦਿੱਤਾ ਹੈ।

### ਬੇਰੁਜ਼ਗਾਰੀ 20 ਫ਼ੀਸਦੀ, ਨੌਜਵਾਨਾਂ ’ਚ ਨਿਰਾਸ਼ਾ

ਬੀਜਿੰਗ ਵਿੱਚ ਇੱਕ ਯੂਨੀਵਰਸਿਟੀ ਦੀ ਵਿਦਿਆਰਥਣ ਮੈਂਡੀ ਲਿਊ, 21, ਦਾ ਕਹਿਣਾ ਹੈ ਕਿ ਦੇਸ਼ ਦਾ ਭਵਿੱਖ ਅਨਿਸ਼ਚਿਤ ਜਾਪਦਾ ਹੈ। ਉਹ ਅਗਲੇ ਸਾਲ ਗ੍ਰੈਜੂਏਟ ਹੋਵੇਗੀ। ਉਸ ਨੇ ਨੌਕਰੀ ਲਈ 80 ਤੋਂ ਵੱਧ ਅਰਜ਼ੀਆਂ ਦਿੱਤੀਆਂ ਹਨ ਪਰ ਉਸ ਨੂੰ ਇਕ ਵੀ ਪੇਸ਼ਕਸ਼ ਨਹੀਂ ਮਿਲੀ। ਚੀਨੀ ਨੌਜਵਾਨਾਂ ਵਿੱਚ ਅਸੰਤੁਸ਼ਟੀ ਪਿਛਲੇ ਕੁਝ ਹਫ਼ਤਿਆਂ ਤੋਂ ਜੱਗ ਜ਼ਾਹਿਰ ਹੋ ਰਹੀ ਹੈ। ਜ਼ੀਰੋ ਕੋਵਿਡ ਨੀਤੀ ਦੇ ਖ਼ਿਲਾਫ਼ ਬੀਜਿੰਗ ਸਮੇਤ ਕਈ ਸ਼ਹਿਰਾਂ ਵਿਚ ਨੌਜਵਾਨ ਸੜਕਾਂ ’ਤੇ ਉਤਰ ਆਏ ਸਨ। ਕੋਵਿਡ ਪਾਬੰਦੀਆਂ ਵਿੱਚ ਹੁਣ ਢਿੱਲ ਦਿੱਤੀ ਗਈ ਹੈ, ਪਰ ਬੇਰੁਜ਼ਗਾਰੀ ਦੀ ਸਮੱਸਿਆ ਬਰਕਰਾਰ ਹੈ। ਜੁਲਾਈ ਵਿੱਚ 16 ਤੋਂ 24 ਸਾਲ ਦੀ ਉਮਰ ਦੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਦਰ 20 ਪ੍ਰਤੀਸ਼ਤ ਸੀ। ਜੌਬ ਸਾਈਟ ਜ਼ਾਓਪਿਨ ਦੇ ਇੱਕ ਸਰਵੇਖਣ ਅਨੁਸਾਰ, 2022 ਵਿੱਚ ਨੌਕਰੀ ਪ੍ਰਾਪਤ ਕਰਨ ਵਾਲੇ ਕਾਲਜ ਗ੍ਰੇਜੂਏਟਾਂ ਦੀ ਤਨਖ਼ਾਹ 2021 ਵਿੱਚ ਗ੍ਰੈਜੂਏਟ ਹੋਣ ਵਾਲਿਆਂ ਨਾਲੋਂ 12 ਪ੍ਰਤੀਸ਼ਤ ਘੱਟ ਸੀ।



# ਸਕੂਲ 'ਚ ਹੋਈ ਗੋਲੀਬਾਰੀ ਦੌਰਾਨ ਮਾਰੀ ਗਈ ਧੀ ਨੂੰ ਇਨਸਾਫ ਦਿਵਾਉਣ ਲਈ ਮਾਂ ਦਾ ਮਿਸ਼ਨ

## ਗੰਨ ਕੰਟਰੋਲ ਲਈ ਸਰਕਾਰ ਉਪਰ ਦਬਾਅ ਪਾਉਣ ਲਈ ਵਿੱਢੀ ਲੋਕ ਮੁਹਿੰਮ, ਸੰਸਦ ਮੈਂਬਰਾਂ ਨਾਲ ਕੀਤੀ ਚਰਚਾ, ਰੈਲੀਆਂ ਕਰਨ ਵਾਲੀ ਰੂਬੀਓ ਨੇ ਆਪਣੀ ਧੀ ਦੀ ਯਾਦ ਵਿਚ ਟੈਟੂ ਬਣਵਾਇਆ

ਵਾਸ਼ਿੰਗਟਨ/ਏ.ਟੀ.ਨਿਊਜ਼ :- ਇਹ ਕੁਝ ਦਿਨ ਪਹਿਲਾਂ ਦੀ ਗੱਲ ਹੈ। ਕੁਝ ਪਰਿਵਾਰਾਂ ਨੇ ਵਾਸ਼ਿੰਗਟਨ ਦੇ ਯੂਨੀਅਨ ਸਟੇਸ਼ਨ (ਸ਼ਹਿਰ ਦਾ ਮੁੱਖ ਆਵਾਜਾਈ ਕੇਂਦਰ) ਤੋਂ ਕੈਪੀਟਲ ਹਿੱਲ (ਯੂ.ਐੱਸ. ਸੰਸਦ) ਤੱਕ ਮੂਕ ਮਾਰਚ ਕੀਤਾ। ਉਨ੍ਹਾਂ ਦੀ ਅਗਵਾਈ ਕਿੰਬਰਲੀ ਮੇਟਾ ਰੂਬੀਓ ਕਰ ਰਹੀ ਸੀ। ਉਸ ਦੀ ਆਪਣੀ 10 ਸਾਲ ਦੀ ਧੀ, ਲੈਕਸੀ, 24 ਮਈ ਨੂੰ ਉਵਾਲਡੇ ਸਕੂਲ ਵਿਚ ਸਿਰਫਿਰੇ ਦੁਆਰਾ ਕੀਤੀ ਗੋਲੀਬਾਰੀ ਦੌਰਾਨ ਮਾਰੀ ਗਈ ਸੀ। ਇਸ ਵਿੱਚ 22 ਲੋਕਾਂ ਦੀ ਮੌਤ ਹੋ ਗਈ ਸੀ। ਇਨ੍ਹਾਂ ਵਿੱਚ ਮਾਰੇ ਗਏ ਵੱਡੀ ਗਿਣਤੀ ਨੌਜਵਾਨ ਸਨ। ਰੂਬੀਓ ਇਸ ਘਟਨਾ ਤੋਂ ਪਹਿਲਾਂ ਕਦੇ ਵੀ ਜਹਾਜ਼ 'ਤੇ ਨਹੀਂ ਬੈਠੀ ਸੀ। ਪਰ ਹੁਣ ਉਹ ਸਰਕਾਰ 'ਤੇ ਦਬਾਅ ਬਣਾਉਣ ਲਈ ਸੱਤ ਵਾਰ ਵਾਸ਼ਿੰਗਟਨ ਜਾ ਚੁੱਕੀ ਹੈ। ਉਸਦਾ ਇੱਕੋ ਇੱਕ ਉਦੇਸ਼ ਸੰਸਦ ਮੈਂਬਰਾਂ ਅਤੇ ਸਰਕਾਰ 'ਤੇ ਬੰਦੂਕ ਕੰਟਰੋਲ ਲਈ ਸਖ਼ਤ ਕਾਨੂੰਨ ਬਣਾਉਣ ਲਈ ਦਬਾਅ ਬਣਾਉਣਾ ਹੈ। ਰੂਬੀਓ ਨੇ ਕਦੇ ਉਮੀਦ ਨਹੀਂ ਕੀਤੀ ਕਿ ਉਹ ਇਸ ਤਰ੍ਹਾਂ ਦੀ ਮੁਹਿੰਮ ਦੀ ਅਗਵਾਈ ਕਰੇਗੀ। ਪਰ ਹੁਣ ਉਹ ਇਸ ਮਿਸ਼ਨ ਨੂੰ ਆਪਣਾ ਮਿਸ਼ਨ ਸਮਝਦੀ ਹੈ। ਉਹ ਇਸ ਮੁਹਿੰਮ ਰਾਹੀਂ ਆਪਣੇ ਅਥਾਹ ਦਰਦ ਨੂੰ ਵੀ ਘਟਾ ਰਹੀ ਹੈ।








ਰੂਬੀਓ ਦਾ ਕਹਿਣਾ ਹੈ ਕਿ ਪਰਿਵਾਰ ਹਮੇਸ਼ਾ ਲੈਕਸੀ ਨੂੰ ਯਾਦ ਰੱਖੇਗਾ। ਲੈਕਸੀ ਤੋਂ ਬਿਨਾਂ ਉਨ੍ਹਾਂ ਦੀ ਪਹਿਲੀ ਕ੍ਰਿਸਮਿਸ ਹੈ। ਕੈਪੀਟਲ ਹਿੱਲ ਦੇ ਬਾਹਰ ਇੱਕ ਬੈਂਚ 'ਤੇ ਬੈਠੀ, ਉਹ ਹੈਰਾਨ ਹੁੰਦੀ ਹੈ ਕਿ ਕੀ ਉਹ ਉਹੀ ਹੈ ਜੋ ਲੈਕਸੀ ਦੇ ਜਾਣ ਤੋਂ ਪਹਿਲਾਂ ਸੀ ? ਉਹ ਆਖਦੀ ਹੈ ਕਿ ਉਵਾਲਡੇ ਕਾਂਡ ਤੋਂ ਬਾਅਦ ਅਮਰੀਕਾ ਵਿੱਚ ਗੋਲੀਬਾਰੀ ਦੀਆਂ 400 ਘਟਨਾਵਾਂ ਹੋ ਚੁੱਕੀਆਂ ਹਨ। ਮੇਰਾ ਦੁੱਖ ਕਿਸੇ ਹੋਰ ਮਾਤਾ-ਪਿਤਾ ਦਾ ਵੀ ਹੋ ਸਕਦਾ ਹੈ। ਸਿਰਫ਼ ਹਮਦਰਦੀ ਦੇ ਸ਼ਬਦ ਇਸ ਦਰਦ ਨੂੰ ਘੱਟਾ ਨਹੀਂ ਸਕਦੇ। ਉਹ ਆਖਦੀ ਹੈ ਕਿ ਜੇ ਤੁਹਾਨੂੰ ਮੇਰੇ ਨਾਲ ਹਮਦਰਦੀ ਹੈ ਤਾਂ ਤੁਸੀਂ ਮੇਰੇ ਨਾਲ ਇਸ ਮੁਹਿੰਮ ਵਿੱਚ ਸ਼ਾਮਲ ਹੋਵੋ। ਰੂਬੀਓ ਬੰਦੂਕ ਕੰਟਰੋਲ ਲਈ ਸਰਕਾਰ ਦੀ ਵਚਨਬੱਧਤਾ ਤੋਂ ਸੰਤੁਸ਼ਟ ਨਹੀਂ ਹੈ। ਉਹ ਕਹਿੰਦੀ ਹੈ, 'ਜੇ ਕਾਨੂੰਨ ਸਖ਼ਤ ਹੁੰਦਾ ਤਾਂ ਉਵਾਲਡੇ ਦੇ ਸ਼ੂਟਰ ਹਥਿਆਰ ਦੀ ਵਰਤੋਂ ਕਰਕੇ ਬੇਗੁਨਾਹਾਂ ਨੂੰ ਨਾ ਮਾਰਦੇ। ਗੋਲੀਬਾਰੀ ਵਿੱਚ ਕਈ ਲੋਕਾਂ ਨੇ ਆਪਣੇ ਬੱਚੇ ਗੁਆ ਦਿੱਤੇ ਹਨ। ਰੂਬੀਓ ਨੂੰ ਇਹ ਅਹਿਸਾਸ ਹੈ ਕਿ ਇੱਕ ਬੱਚੇ ਨੂੰ ਗੁਆਉਣ ਦਾ ਦਰਦ ਕਦੇ ਖਤਮ ਨਹੀਂ ਹੁੰਦਾ, ਨਾਲ ਹੀ ਇਹ ਵੀ ਕਿ ਸੱਤਾ ਵਿੱਚ ਰਹਿਣ ਵਾਲੇ ਹਮੇਸ਼ਾ ਬੰਦੂਕ ਦੇ ਕਾਨੂੰਨਾਂ ਨੂੰ ਬਦਲਣ ਤੋਂ ਝਿਜਕਦੇ ਰਹਿੰਦੇ ਹਨ। ਇਸ ਲਈ ਉਸਨੂੰ ਅਗਵਾਈ ਕਰਨੀ ਪਈ। ਉਹ ਹੁਣ ਅਮਰੀਕਾ ਵਿੱਚ ਇੱਕ ਜਨਤਕ ਹਸਤੀ ਬਣ ਗਈ ਹੈ, ਕਾਂਗਰਸ ਦੇ ਸਾਹਮਣੇ ਗਵਾਹੀ ਦਿੰਦੀ ਹੈ, ਇਸ ਮੁੱਦੇ 'ਤੇ ਸੰਸਦ ਮੈਂਬਰਾਂ ਨਾਲ ਸਿੱਧੇ ਤੌਰ 'ਤੇ ਗੱਲ ਕਰਦੀ ਹੈ, ਰੈਲੀਆਂ ਵਿੱਚ ਸ਼ਾਮਲ ਹੁੰਦੀ ਹੈ। ਇਸ ਤੋਂ ਇਲਾਵਾ ਉਹ ਦੇਸ਼ ਵਿਆਪੀ ਤਬਦੀਲੀ ਦੀਆਂ ਕੋਸ਼ਿਸ਼ਾਂ ਨੂੰ ਨਤੀਜਿਆਂ ਵਿੱਚ ਬਦਲਣ ਲਈ ਸੋਸ਼ਲ ਮੀਡੀਆ 'ਤੇ ਆਪਣੇ 19 ਹਜ਼ਾਰ ਫਾਲੋਅਰਜ਼ ਨਾਲ ਦਿਲ ਦੀ ਗੱਲ ਸਾਂਝੀ ਕਰ ਰਹੀ ਹੈ। ਵਾਸ਼ਿੰਗਟਨ ਦੀ ਆਪਣੀ ਹਾਲੀਆ ਫੇਰੀ ਵਿੱਚ, ਉਸਨੇ ਸੈਨੇਟ ਨੂੰ ਹਥਿਆਰਾਂ ਵਿਰੁੱਧ ਇੱਕ ਬਿੱਲ ਪਾਸ ਕਰਨ ਦੀ ਅਪੀਲ ਕੀਤੀ ਹੈ ਤਾਂ ਜੋ ਉਵਾਲਡੇ ਵਰਗੀਆਂ ਘਟਨਾਵਾਂ ਨਾ ਵਾਪਰਨ। ਪਰ ਸੱਤਾਧਾਰੀਆਂ ਦਾ ਇਸ ਕਾਨੂੰਨ ਨੂੰ ਲਾਗੂ ਕਰਨ ਦਾ ਵੀ ਕੋਈ ਇਰਾਦਾ ਨਹੀਂ ਹੈ। ਰੂਬੀਓ ਨੇ ਬੈਚਲਰ ਦੀ ਡਿਗਰੀ ਵੀ ਲਈ ਸੀ ਤਾਂ ਜੋ ਉਸ ਨੂੰ ਟੈਕਸਾਸ ਤੋਂ ਬਾਹਰ ਨੌਕਰੀ ਦੇ ਮੌਕੇ ਮਿਲ ਸਕਣ। ਪਰ ਕਿਸਮਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਹੁਣ ਜਦੋਂ ਰੂਬੀਓ ਕੋਲ ਡਿਗਰੀ ਹੈ, ਉਸ ਦਾ ਪਰਿਵਾਰ ਉਵਾਲਡੇ ਨੂੰ ਛੱਡਣਾ ਨਹੀਂ ਚਾਹੁੰਦਾ। ਰੂਬੀਓ ਕਹਿੰਦੀ ਹੈ ਕਿ 'ਅਸੀਂ ਕਿਤੇ ਨਹੀਂ ਜਾਵਾਂਗੇ, ਅਸੀਂ ਇੱਥੇ ਹੀ ਰਹਾਂਗੇ। ਇੱਥੇ ਸਾਡੀ ਲੈਕਸੀ ਵਸਦੀ ਸੀ ਤੇ ਉਸਦੀਆਂ ਯਾਦਾਂ ਕਾਇਮ ਹਨ।

ਲੈਕਸੀ ਦੇ ਅੰਤਿਮ ਸਸਕਾਰ ਤੋਂ ਪਹਿਲਾਂ, ਰੂਬੀਓ ਨੇ ਹਾਊਸ ਓਵਰਸਾਈਟ ਕਮੇਟੀ ਨੂੰ ਦੱਸਿਆ ਕਿ 'ਮੇਰੀ ਧੀ ਦੀ ਆਵਾਜ਼ ਸ਼ਕਤੀਸ਼ਾਲੀ ਸੀ, ਉਸਦੇ ਇਰਾਦੇ ਮਜ਼ਬੂਤ ਸਨ।' ਇਸ ਲਈ ਅੱਜ ਅਸੀਂ ਲੈਕਸੀ ਲਈ ਖੜ੍ਹੇ ਹਾਂ ਅਤੇ ਉਸਦੀ ਆਵਾਜ਼ ਦੇ ਪ੍ਰਤੀਕ ਵਜੋਂ, ਅਸੀਂ ਸਖ਼ਤ ਕਾਰਵਾਈ ਦੀ ਮੰਗ ਕਰਦੇ ਹਾਂ। ਰੂਬੀਓ ਜੋ ਸੁਧਾਰ ਚਾਹੁੰਦੀ ਹੈ, ਉਸ ਦਾ ਵਿਰੋਧ ਚੁਣੇ ਹੋਏ ਨੁਮਾਇੰਦਿਆਂ ਵੱਲੋਂ ਕੀਤਾ ਜਾ ਰਿਹਾ ਹੈ। ਰੂਬੀਓ ਅਤੇ ਉਸਦੇ ਪਤੀ ਫੇਲਿਕਸ ਨੇ ਹਾਲ ਹੀ ਵਿੱਚ ਇਸ ਮਾਮਲੇ ਬਾਰੇ ਟੈਕਸਾਸ ਦੇ ਇੱਕ ਰਿਪਬਲਿਕਨ ਸੇਨ ਜੌਹਨ ਕੌਰਨ ਦੇ ਸਟਾਫ ਨਾਲ ਮੁਲਾਕਾਤ ਕੀਤੀ। ਉਸ ਕਰਮਚਾਰੀ ਦੇ ਅਨੁਸਾਰ, ਜਨਵਰੀ ਤੋਂ ਪਹਿਲਾਂ ਅਸਾਲਟ ਹਥਿਆਰਾਂ 'ਤੇ ਪਾਬੰਦੀ ਲਗਾਉਣ ਵਾਲੇ ਬਿੱਲ ਨੂੰ ਲਿਆਉਣ ਲਈ ਸੈਨੇਟ ਦੀ ਲੀਡਰਸ਼ਿਪ ਨੂੰ ਮਨਾਉਣ ਲਈ ਕੋਰਨ ਵਲੋਂ ਕੁਝ ਨਹੀਂ ਕੀਤਾ ਜਾਵੇਗਾ। ਰੂਬੀਓ ਜੋ ਸੁਧਾਰ ਚਾਹੁੰਦੀ ਹੈ, ਉਸ ਦਾ ਚੁਣੇ ਹੋਏ ਨੁਮਾਇੰਦਿਆਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਰੂਬੀਓ ਅੱਗੇ ਦੀ ਯੋਜਨਾ ਬਣਾਉਣ ਲਈ ਵਾਸ਼ਿੰਗਟਨ ਤੋਂ ਉਵਾਲਡੇ ਵਾਪਸ ਪਰਤ ਚੁਕੀ ਹੈ। ਇਸ ਦੌਰਾਨ, ਉਹ ਲੈਕਸੀ ਤੋਂ ਬਿਨਾਂ ਆਪਣੀ ਪਹਿਲੀ ਕ੍ਰਿਸਮਿਸ ਦੇ ਦਰਦ ਦਾ ਸਾਹਮਣਾ ਕਰ ਰਹੀ ਹੈ। ਰੂਬੀਓ ਅਤੇ ਉਸਦਾ ਪਰਿਵਾਰ ਹਰ ਰੋਜ਼ ਲੈਕਸੀ ਦੀ ਕਬਰ 'ਤੇ ਜਾਂਦੇ ਹਨ। ਉਹ ਕਹਿੰਦੀ ਹੈ ਕਿ ਅਸੀਂ ਇਨ੍ਹਾਂ ਦਿਨਾਂ ਦੇ ਸ਼ੁਰੂ ਵਿੱਚ ਉੱਥੇ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਹਾਂ, ਕਿਉਂਕਿ ਹਨੇਰਾ ਜਲਦੀ ਹੋ ਜਾਂਦਾ ਹੈ ਅਤੇ ਹਨੇਰੇ ਵਿੱਚ ਨਿਕਲਣਾ ਮੁਸ਼ਕਲ ਹੁੰਦਾ ਹੈ।

*ਨਿਊਯਾਰਕ ਟਾਈਮਜ਼ ਤੋਂ ਧੰਨਵਾਦ ਸਹਿਤ

## ਭਾਰਤੀ-ਅਮਰੀਕੀ ਰਿਚਰਡ ਵਰਮਾ ਵਿਦੇਸ਼ ਵਿਭਾਗ ਵਿਚ ਉੱਪ ਸਕੱਤਰ ਵਜੋਂ ਨਾਮਜ਼ਦ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਰਾਸ਼ਟਰਪਤੀ ਜੋਅ ਬਾਈਡਨ ਨੇ ਭਾਰਤੀ ਮੂਲ ਦੇ ਅਮਰੀਕੀ ਰਿਚਰਡ ਵਰਮਾ, ਜੋ ਭਾਰਤ ਵਿਚ ਰਾਜਦੂਤ ਵਜੋਂ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ, ਨੂੰ ਵਿਦੇਸ਼ ਵਿਭਾਗ ਵਿਚ ਉੱਪ ਸਕੱਤਰ ਵਜੋਂ ਨਾਮਜ਼ਦ ਕੀਤਾ ਹੈ। ਵਾਈਟ ਹਾਊਸ ਵੱਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਰਿਚਰਡ ਵਰਮਾ ਡਿਪਟੀ ਸੈਕਰੇਟਰੀ ਆਫ ਸਟੇਟ ਫਾਰ ਮੈਨੇਜਮੈਂਟ ਐਂਡ ਰਿਸੋਰਸਜ਼ ਹੋਣਗੇ। ਉਹ ਪਹਿਲੇ ਭਾਰਤੀ ਹੋਣਗੇ ਜੋ ਵਿਦੇਸ਼ ਵਿਭਾਗ ਵਿਚ ਉੱਚ ਅਹੁਦੇ ਉਪਰ ਕੰਮ ਕਰਨਗੇ। ਸੈਨੇਟ ਵੱਲੋਂ ਵਰਮਾ ਦੀ ਨਾਮਜ਼ਦਗੀ



ਨੂੰ ਪ੍ਰਵਾਨਗੀ ਦਿੱਤੀ ਜਾਣੀ ਜੋ ਕੋਈ ਸਮੱਸਿਆ ਨਹੀਂ ਹੈ ਕਿਉਂਕਿ ਸੈਨੇਟ ਪਹਿਲਾਂ ਵੀ ਵੱਖ-ਵੱਖ ਅਹੁਦਿਆਂ ਲਈ ਉਨ੍ਹਾਂ ਦੇ ਨਾਂ ਦੀ ਦੋ ਵਾਰ ਪੁਸ਼ਟੀ ਕਰ ਚੁੱਕੀ ਹੈ।

## ਬੀਜੇਪੀ ਵੱਲੋਂ .ਗੈਰਇਖ਼ਲਾਕੀ ਲੋਕਾਂ ਨੂੰ ਪਾਰਟੀ ਵਿਚ ਧੜਾਧੜ ਸ਼ਾਮਲ ਕਰਨਾ ਮੌਕਾਪ੍ਰਸਤੀ ਵਾਲੇ ਅਮਲ : ਮਾਨ

### ਬੀਜੇਪੀ ਵਿਚ ਸ਼ਾਮਲ ਹੋ ਰਹੇ ਲੋਕਾਂ ਦਾ ਸਵਾਰਥ, ਮਿਲ ਸਕੇ ਸਰਕਾਰੀ ਸੁਰੱਖਿਆ

ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ :- 'ਜਦੋਂ ਵੀ ਕਿਸੇ ਆਗੂ ਜਾਂ ਸ਼ਖਸੀਅਤ ਨੂੰ ਕਿਸੇ ਦੂਸਰੀ ਪਾਰਟੀ ਵਿਚ ਸ਼ਾਮਲ ਕੀਤਾ ਜਾਂਦਾ ਹੈ ਤਾਂ ਉਸਦੀ ਸੈਂਟਰਲ ਲੀਡਰਸ਼ਿਪ ਇਸ ਗੱਲ ਦਾ ਵਿਚਾਰ ਜ਼ਰੂਰ ਕਰਦੀ ਹੈ ਕਿ ਉਹ ਸ਼ਾਮਲ ਹੋਣ ਵਾਲੇ ਵਿਅਕਤੀ ਦੀ ਵਿਚਾਰਧਾਰਾ ਸਾਡੇ ਨਾਲ ਮੇਲ ਖਾਂਦੀ ਹੈ ਜਾਂ ਨਹੀਂ। ਲੇਕਿਨ ਬੀਜੇਪੀ-ਆਰ.ਐਸ.ਐਸ. ਵੱਲੋਂ ਜੋ ਬੀਤੇ ਕੁਝ ਸਮੇਂ ਤੋਂ ਅਜਿਹੇ ਲੋਕਾਂ ਨੂੰ ਪਾਰਟੀ ਵਿਚ ਸ਼ਾਮਲ ਕੀਤਾ ਜਾ ਰਿਹਾ ਹੈ ਜਿਨ੍ਹਾਂ ਦਾ ਕੱਟੜਵਾਦੀ ਹਿੰਦੂ ਸੋਚ ਨਾਲ ਕੋਈ ਸਰੋਕਾਰ ਹੀ ਨਹੀਂ। ਇਸ ਲਈ ਅਜਿਹੇ ਆਗੂਆਂ ਨੂੰ ਪਾਰਟੀ ਵਿਚ ਸ਼ਾਮਲ ਕਰਨਾ ਤਾਂ



ਬੀਜੇਪੀ-ਆਰ.ਐਸ.ਐਸ. ਦੀ ਮੌਕਾਪ੍ਰਸਤੀ ਸੋਚ ਨੂੰ ਪ੍ਰਤੱਖ ਕਰਦਾ ਹੈ, ਜਿਸ ਨਾਲ ਨਾ ਤਾਂ ਸ਼ਾਮਿਲ ਹੋਣ ਵਾਲਿਆਂ ਦਾ ਕੋਈ ਫਾਇਦਾ ਹੋ ਸਕੇਗਾ ਅਤੇ ਨਾ ਹੀ ਬੀਜੇਪੀ-ਆਰ.ਐਸ.ਐਸ. ਸੋਚ ਨੂੰ। ਇਹ ਤਾਂ ਉਸੇ ਤਰ੍ਹਾਂ ਦੇ ਅਮਲ ਹਨ ਜਿਵੇਂ ਕਣਕ ਵਿਚ ਨਦੀਨ ਵੱਧ ਜਾਣ ਤੇ ਉਹ ਕਣਕ ਦੀ ਫ਼ਸਲ ਨੂੰ ਮਾਰ ਦਿੰਦੇ ਹਨ।'

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਵੱਖ-ਵੱਖ ਸਿਆਸੀ ਪਾਰਟੀਆਂ ਵਿਚੋਂ ਬੀਜੇਪੀ-ਆਰ.ਐਸ.ਐਸ ਦੀ ਸੈਂਟਰਲ ਲੀਡਰਸ਼ਿਪ ਵੱਲੋਂ ਧੜਾਧੜ ਸ਼ਾਮਲ ਕਰਨ ਦੇ ਹੋ ਰਹੇ ਅਮਲਾਂ ਨੂੰ ਬੀਜੇਪੀ ਦੀ ਮੌਕਾਪ੍ਰਸਤੀ ਵਾਲੀ ਸੋਚ ਕਰਾਰ ਦਿੰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਦੂਸਰਾ ਜੋ ਲੋਕ ਬੀਜੇਪੀ ਵਿਚ ਸ਼ਾਮਲ ਹੋ ਰਹੇ ਹਨ, ਉਨ੍ਹਾਂ ਦਾ ਇਕ ਸਵਾਰਥ ਇਹ ਵੀ ਹੁੰਦਾ ਹੈ ਕਿ ਉਨ੍ਹਾਂ ਨੂੰ ਸਰਕਾਰੀ ਸੁਰੱਖਿਆ ਮਿਲ ਸਕੇ। ਜਦੋਂਕਿ ਇਹ ਸ਼ਾਮਲ ਹੋਣ ਵਾਲੇ ਆਗੂਆਂ ਨੇ ਆਪਣੇ ਬੀਤੇ ਸਮੇਂ ਦੇ ਸਿਆਸੀ ਜੀਵਨ ਵਿਚ ਅਜਿਹਾ ਕੋਈ ਵੀ ਉਸਾਰੂ ਅਮਲ ਨਹੀਂ ਕੀਤਾ ਜਿਸ ਨਾਲ ਇਹ ਆਗੂ ਆਪਣੇ ਇਲਾਕੇ ਤੇ ਸੂਬੇ ਦੇ ਲੋਕਾਂ ਦੇ ਮਨਾਂ ਵਿਚ ਸਤਿਕਾਰ ਬਣਾ ਸਕਣ। ਬਲਕਿ ਇਨ੍ਹਾਂ ਵੱਲੋਂ ਵੱਡੇ ਪੱਧਰ 'ਤੇ ਗੈਰ ਕਾਨੂੰਨੀ ਅਤੇ ਗੈਰ ਇਖਲਾਕੀ ਕੀਤੀਆਂ ਗਈਆਂ ਕਾਰਵਾਈਆਂ ਦੀ ਬਦੌਲਤ ਹੀ ਇਹ ਆਗੂ ਇਕ ਪਲ ਲਈ ਵੀ ਆਪਣੇ ਘਰਾਂ ਤੋਂ ਬਾਹਰ ਸੁਰੱਖਿਆ ਤੋਂ ਬਿਨਾਂ ਨਹੀਂ ਨਿਕਲ ਸਕਦੇ। ਦੂਸਰਾ ਇਹ ਸੈਂਟਰ ਦੀਆਂ ਫੋਰਸਾਂ ਦੀ ਸੁਰੱਖਿਆ ਇਸ ਲਈ ਲੈਂਦੇ (ਬਾਕੀ ਸਫ਼ਾ 33 'ਤੇ)

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

28 ਦਸੰਬਰ, 2022 ਤੋਂ 3 ਜਨਵਰੀ, 2023

## 'ਵੀਰ ਬਾਲ ਦਿਵਸ' ਬਿਨ ਮੰਗਿਆ ਤੋਹਫਾ ਸਿੱਖਾਂ ਨੂੰ ਪ੍ਰਵਾਨ ਕਿਉਂ ਨਹੀਂ ?

ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਵੱਡੇ ਅਤੇ ਛੋਟੇ ਸਪੁੱਤਰਾਂ, ਮਾਤਾ ਗੁਜਰ ਕੌਰ ਜੀ ਅਤੇ ਅਨੇਕ ਸਿੰਘ ਸਿੰਘਣੀਆਂ ਦੇ ਸ਼ਹੀਦੀ ਦਿਹਾੜੇ ਚੱਲ ਰਹੇ ਹਨ। ਖਾਲਸਾ ਪੰਥ ਇਸ ਸਮੇਂ 'ਤੇ ਸ਼ਹੀਦਾਂ ਦੀ ਯਾਦ ਵਿੱਚ ਜੁੜ ਕੇ ਧੰਨ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਰਬੱਤ ਦੇ ਭਲੇ ਲਈ ਕੀਤੀਆਂ ਕੁਰਬਾਨੀਆਂ ਨੂੰ ਯਾਦ ਕਰਦਾ ਹੈ। ਇਨ੍ਹਾਂ ਸ਼ਹੀਦੀਆਂ ਦੀ ਬਦੌਲਤ ਹੀ ਸਿੱਖ ਅਨੇਕਾਂ ਜ਼ਾਲਮਾਂ ਦਾ ਮੁਕਾਬਲਾ ਕਰ ਸਕਣ ਅਤੇ ਲਗਾਤਾਰ ਸੰਘਰਸ਼ ਕਰਨ ਦੇ ਯੋਗ ਬਣੇ ਹਨ। ਪੋਹ ਮਹੀਨੇ ਦੇ ਠੰਡ ਦੇ ਦਿਨਾਂ ਵਿੱਚ ਅਨੰਦਪੁਰ ਸਾਹਿਬ ਦੀ ਜੰਗ, ਚਮਕੌਰ ਸਾਹਿਬ ਦੀ ਜੰਗ ਅਤੇ ਸਾਕਾ ਸਰਹਿੰਦ ਵਰਗੇ ਵੱਡੇ ਸਾਕੇ ਗੁਰੂ ਖਾਲਸਾ ਪੰਥ ਨੂੰ ਝੱਲਣੇ ਪਏ। ਇਹ ਸਾਕੇ ਗੁਰੂ ਖਾਲਸਾ ਪੰਥ ਦੀ ਸਰਕਾਰ ਨਾਲ ਜ਼ੁਲਮ ਖਿਲਾਫ ਲੜਾਈ ਵਿਚੋਂ ਪੈਦਾ ਹੋਏ ਸਨ। ਭਾਵੇਂ ਕਿ ਸਮੇਂ ਦੇ ਨਾਲ ਉਹ ਸਰਕਾਰਾਂ ਅੱਜ ਖਤਮ ਹੋ ਗਈਆਂ। ਪਰ ਖਾਲਸਾ ਜੀ ਦੀ ਲੜਾਈ ਸਦੀਵੀ ਹੈ ਅਤੇ ਅੱਜ ਵੀ ਜ਼ੁਲਮ ਖਿਲਾਫ਼ ਜਾਰੀ ਹੈ।

ਪਿਛਲੇ ਦਿਨੀਂ ਦਿੱਲੀ ਦਰਬਾਰ ਵੱਲੋਂ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ 'ਵੀਰ ਬਾਲ ਦਿਵਸ' ਵਜੋਂ ਮਨਾਉਣ ਦੇ ਲਈ ਪ੍ਰਚਾਰ ਸੁਰੂ ਕੀਤਾ ਗਿਆ। ਅਜਿਹਾ ਕਰਨ ਪਿਛੇ ਦਿੱਲੀ ਦਰਬਾਰ ਵੱਲੋਂ ਦਲੀਲ ਦਿੱਤੀ ਗਈ ਕਿ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਸਾਰੇ ਇੰਡੀਆ ਦੇ ਲੋਕਾਂ ਨੂੰ ਬਹੁਤਾ ਪਤਾ ਨਹੀਂ ਹੈ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਦੱਸਣ ਵਿੱਚ ਸਿੱਖ ਨਾਕਾਮ ਰਹੇ ਹਨ। ਅੱਗੇ ਕਿਹਾ ਗਿਆ ਕਿ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇਸ਼ ਨੂੰ ਬਚਾਉਣ ਲਈ ਹੋਈ ਸੀ।

ਸਿੱਖ ਸੰਗਤ, ਬਹੁਤ ਸਾਰੀਆਂ ਸਿੱਖ ਸੰਸਥਾਵਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਦਿੱਲੀ ਦਰਬਾਰ ਨੂੰ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ ਨੂੰ 'ਵੀਰ ਬਾਲ ਦਿਵਸ' ਕਹਿਣ ਸਬੰਧੀ ਆਪਣੇ ਇਤਰਾਜ਼ ਦਰਜ ਕਰਵਾਏ ਗਏ ਹਨ। ਇਸਦੇ ਸਬੰਧ ਵਿੱਚ ਦਿੱਲੀ ਦਰਬਾਰ ਦੇ ਨੁਮਾਇੰਦਿਆਂ ਵਲੋਂ ਸਿੱਖਾਂ ਨੂੰ ਦਿੱਤੇ ਜਵਾਬ ਸੁਣ ਕੇ ਇਹ ਨਹੀਂ ਜਾਪਦਾ ਕਿ ਦਿੱਲੀ ਦਰਬਾਰ ਸਿੱਖਾਂ ਪ੍ਰਤੀ ਸੁਹਿਰਦ ਹੈ ਅਤੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ ਮਨਾਉਣ ਦਾ ਉਪਰਾਲਾ ਇਮਾਨਦਾਰੀ ਵਿਚੋਂ ਕਰ ਰਹੀ ਹੈ।

ਜੇਕਰ ਸਰਕਾਰ ਦੀ ਭਾਵਨਾ ਸਚਮੁੱਚ ਸੁੱਚੀ ਹੈ ਤਾਂ ਸਿੱਖਾਂ ਜਾਂ ਅਕਾਲ ਤਖ਼ਤ ਸਾਹਿਬ ਤੋਂ ਇਨ੍ਹਾਂ ਦਿਨਾਂ ਸਬੰਧੀ ਰਾਏ ਲੈ ਸਕਦੀ ਸੀ। ਦੂਸਰਾ ਸਿੱਖਾਂ ਵਲੋਂ ਇਸ ਨਾਮ 'ਵੀਰ ਬਾਲ ਦਿਵਸ' ਉਤੇ ਇਤਰਾਜ਼ ਜਤਾਏ ਜਾਣ ਤੋਂ ਬਾਅਦ ਆਪਣੀ ਇਸ ਗਲਤੀ ਨੂੰ ਦਰੁਸਤ ਕਰ ਸਕਦੀ ਸੀ। ਬਲਕਿ ਸਰਕਾਰ ਵਲੋਂ ਇਸ ਉਤੇ ਅੜਨਾ ਅਤੇ ਉਲਟਾ ਸਿੱਖ ਸੰਗਤ ਨੂੰ ਉਪਦੇਸ਼ ਦੇਣਾ, ਜਾਪਦਾ ਹੈ ਕਿ ਦਿੱਲੀ ਦਰਬਾਰ ਕਿਸੇ ਵਿਉਤਬੰਦੀ ਦੇ ਤਹਿਤ ਚੱਲ ਰਿਹਾ ਹੈ। ਕਿਉਂਕਿ ਅਜਿਹਾ ਪਹਿਲੀ ਵਾਰ ਨਹੀਂ ਹੈ ਕਿ ਸਰਕਾਰ ਨੇ ਸਿੱਖ ਇਤਿਹਾਸ ਦੀਆਂ ਘਟਨਾਵਾਂ ਨੂੰ ਆਪਣੀ ਮਰਜ਼ੀ ਨਾਲ ਕੋਈ ਨਾਮ ਦਿੱਤਾ ਹੋਵੇ।

ਇਸ ਤੋਂ ਪਹਿਲਾਂ ਵੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਔਰੰਗਜ਼ੇਬ ਅਤੇ ਮੁਸਲਮਾਨਾਂ ਦੇ ਵਿਰੁੱਧ ਪੇਸ਼ ਕਰਨ, ਸਤਿਗੁਰੂ ਕਲਗੀਧਰ ਦਸ਼ਮੇਸ਼ ਜੀ ਨੂੰ ਦੇਸ਼ ਭਗਤ ਵਜੋਂ ਘਟਾ ਕੇ ਦਿਖਾਉਣ, ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਬੰਦਾ ਬੈਰਾਗੀ ਵਜੋਂ ਦੱਸਣ, ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਵਰਗੇ ਸਿੱਖਾਂ ਦੇ ਨਾਵਾਂ ਨੂੰ ਬਦਲ ਕੇ ਹਿੰਦੂ ਕਤਾਰ ਵਿੱਚ ਖਿਚਣ ਦੇ ਯਤਨ ਹੁੰਦੇ ਆਏ ਹਨ।

ਰਾਜਨੀਤੀ ਵਿੱਚ ਕਿਸੇ ਦੂਜੇ ਨੂੰ ਕਿਸ ਨਾਮ ਨਾਲ ਬੁਲਾਇਆ ਜਾਂਦਾ ਹੈ, ਇਸ ਗੱਲ ਦੇ ਉੱਤੇ ਬੜਾ ਕੁਝ ਖੜ੍ਹਾ ਹੁੰਦਾ ਹੈ। ਸਿੱਖਾਂ ਨੇ ਪਿਛਲੀਆਂ ਤਿੰਨ ਸਦੀਆਂ ਦੌਰਾਨ ਸਾਹਿਬਜ਼ਾਦਿਆਂ ਲਈ ਸ਼ਬਦ 'ਬਾਬੇ' ਵਰਤਿਆ ਹੈ। ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਨੂੰ ਬਾਲ ਜਾਂ ਬੱਚਿਆਂ ਵਜੋਂ ਸਿੱਖਾਂ ਨੇ ਕਦੀ ਵੀ ਪੇਸ਼ ਨਹੀਂ ਕੀਤਾ ਹੈ। ਗੁਰਮਤ ਅਨੁਸਾਰ ਕਿਸੇ ਮਨੁੱਖ ਨੂੰ ਮਾਪਣ ਦਾ ਢੰਗ ਉਸਦੀ ਸਰੀਰਕ ਸਮਰਥਾ ਅਨੁਸਾਰ ਨਹੀਂ ਹੈ, ਬਲਕਿ ਮਨੁੱਖ ਦੀ ਸੁਰਤ ਦੀ ਉਡਾਰੀ ਅਨੁਸਾਰ ਕੋਈ ਬਾਬਾ, ਬ੍ਰਹਮਗਿਆਨੀ, ਸ਼ਹੀਦ ਜਾਂ ਸੰਤ ਹੈ। ਸਾਹਿਬਜ਼ਾਦੇ ਛੋਟੀ ਉਮਰ ਹੋਣ ਕਰਕੇ ਵੀ ਸ਼ਹੀਦੀ ਦੇ ਉੱਚੇ ਰੁਤਬੇ ਉਪਰ ਪਹੁੰਚੇ। ਇਸ ਲਈ ਸਰਬੱਤ ਗੁਰੂ ਖਾਲਸਾ ਪੰਥ ਉਨ੍ਹਾਂ ਨੂੰ 'ਬਾਬਿਆਂ' ਵਜੋਂ ਯਾਦ ਕਰਦਾ ਹੈ। ਸਿੱਖ ਦਾ ਆਪਣੇ ਆਪ ਨੂੰ ਨਿਆਰਾ ਰੱਖਣਾ, ਆਪਣੇ ਆਪ ਨੂੰ ਜਿਉਂਦਾ ਰੱਖਣ ਤੋਂ ਵੀ ਜ਼ਰੂਰੀ ਹੈ। 'ਵੀਰ ਬਾਲ ਦਿਵਸ' ਨਾਮ ਹੇਠਾਂ ਦਿੱਲੀ ਦੀ ਮੌਜੂਦਾ ਧਿਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਆਪਣੇ ਲਈ ਵਰਤਣਾ ਚਾਹੁੰਦੀ ਹੈ।

ਅਜੇ 4 ਦਹਾਕੇ ਬੀਤੇ ਹਨ, ਦਿੱਲੀ ਦਰਬਾਰ ਨੇ ਸਿੱਖਾਂ ਦੇ ਕੇਂਦਰੀ ਅਸਥਾਨ ਉਪਰ ਹਮਲਾ ਕੀਤਾ ਹੈ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਾਹਿਆ ਹੈ। ਅੱਜ ਉਹੀ ਦਿੱਲੀ ਦਰਬਾਰ ਸਿੱਖਾਂ ਦੇ ਇਤਿਹਾਸ ਨੂੰ ਪ੍ਰਚਾਰਨ ਲਈ ਪੱਬਾਂ ਭਾਰ ਹੋ ਰਿਹਾ ਹੈ। ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਜ਼ੁਲਮ ਖਿਲਾਫ਼ ਲੜਨ ਲਈ ਹਰੇਕ ਮਜ਼ਲੂਮ ਧਿਰ ਨੂੰ ਬਲ ਦਿੰਦੀਆਂ ਹਨ। ਇਹਨਾਂ ਦਾ ਪ੍ਰਚਾਰ ਹੋਣਾ ਚਾਹੀਦਾ ਹੈ। ਦਿੱਲੀ ਦਰਬਾਰ ਜੇਕਰ ਸੁਹਿਰਦ ਹੈ ਤਾਂ ਗੁਰੂਆਂ ਦੀਆਂ ਦਿੱਤੀਆਂ ਸਿਖਿਆਵਾਂ ਅਨੁਸਾਰ ਨਿਆਂ ਕਰੇ, ਗੁਰਮਤਿ ਅਨੁਸਾਰੀ ਸਰਬੱਤ ਦੇ ਭਲੇ ਦਾ ਰਾਜ ਪ੍ਰਬੰਧ ਸਿਰਜਣ ਵੱਲ ਕਦਮ ਵਧਾਵੇ। ਸਿੱਖ ਪ੍ਰੰਪਰਾ ਕਿਸੇ ਦੂਸਰੇ ਨੂੰ ਬਦਲਣ ਅਤੇ ਦੂਸਰੇ ਨੂੰ ਦੱਸਣ ਉਤੇ ਜ਼ੋਰ ਦੇਣ ਤੋਂ ਪਹਿਲਾਂ ਮਨੁੱਖ ਨੂੰ ਖ਼ੁਦ ਨੂੰ ਬਦਲਣ ਲਈ ਕਹਿੰਦੀ ਹੈ। ਜੇਕਰ ਦਿੱਲੀ ਦਰਬਾਰ ਨੇ ਸਿੱਖ ਪਰੰਪਰਾ ਅਨੁਸਾਰ ਖ਼ੁਦ ਨੂੰ ਬਦਲ ਲਿਆ ਹੈ ਤਾਂ ਹੀ ਉਹ ਸਿੱਖੀ ਦੇ ਪ੍ਰਚਾਰ ਕਰਨ ਦੇ ਯੋਗ ਹੈ। ਦਿੱਲੀ ਦਰਬਾਰ ਦੇ ਵਕੀਲ ਬਣ ਰਹੇ ਚਕਰੈਲ ਸਿੱਖਾਂ ਨੂੰ ਇਹ ਸਮਝਣ ਦੀ ਜ਼ਰੂਰਤ ਹੈ ਕਿ ਸਿੱਖੀ ਪ੍ਰਚਾਰ ਨਾਲ ਨਹੀਂ, ਬਲਕਿ ਅਮਲਾਂ ਦੀ ਖ਼ੁਸ਼ਬੋ ਨਾਲ ਫੈਲਦੀ ਹੈ।

ਸਿੱਖਾਂ ਨੇ ਦਿੱਲੀ ਦਰਬਾਰ ਉਤੇ ਉਸ ਸਮੇਂ ਕਾਬਜ਼ ਮੁਗ਼ਲਾਂ ਵਿਰੁੱਧ ਲੰਮਾ ਸਮਾਂ ਸੰਘਰਸ਼ ਲੜਿਆ ਹੈ। ਪਿਛਲੇ ਸਮੇਂ ਤੋਂ ਦਿੱਲੀ ਦਰਬਾਰ ਦੀ ਰੁਚੀ ਸਿੱਖ ਇਤਿਹਾਸ ਨੂੰ ਆਪਣੇ ਫਾਇਦੇ ਲਈ ਵਰਤ ਕੇ ਪਰਜਾ ਦੀ ਮੁਸਲਮਾਨਾਂ ਵਿਰੁੱਧ ਨਫ਼ਰਤ ਫੈਲਾਉਣ ਦੀ ਵਧੀ ਹੈ। ਉਸ ਸਮੇਂ ਉਪਰ ਵੀ ਅਤੇ ਅੱਜ ਵੀ, ਸਿੱਖ ਕਿਸੇ ਧਰਮ ਦੇ ਖਿਲਾਫ਼ ਨਹੀਂ, ਬਲਕਿ ਜ਼ੁਲਮ ਦੇ ਖਿਲਾਫ਼ ਲੜੇ ਹਨ। ਸਾਹਿਬਜ਼ਾਦਿਆਂ ਅਤੇ ਸਮੁੱਚੇ ਸਿੱਖਾਂ ਦੀਆਂ ਸ਼ਹਾਦਤਾਂ ਕਿਸੇ ਵੀ ਦੇਸ਼ ਜਾਂ ਰਾਸ਼ਟਰ ਵਾਸਤੇ ਨਹੀਂ ਬਲਕਿ ਗੁਰੂ ਸਾਹਿਬਾਨ ਦੀ ਖੁਸ਼ੀ ਲੈਣ ਅਤੇ ਧਰਮ ਹੇਤ ਸਿਰ ਦੇਣ ਲਈ ਹੋਈਆਂ ਹਨ। ਸਿੱਖ ਇੱਕੋ ਸਮੇਂ ਉਪਰ ਮੁਗ਼ਲਾਂ ਅਤੇ ਹਿੰਦੂ ਰਾਜਪੂਤ ਰਾਜਿਆਂ ਨਾਲ ਵੀ ਟੱਕਰ ਵਿੱਚ ਰਹੇ, ਜਦਕਿ ਹੁਣ ਇਸ ਤੱਥ ਨੂੰ ਦਿੱਲੀ ਦਰਬਾਰ ਫਰੇਬੀ ਨਾਲ ਲੁਕਾ ਲੈਂਦਾ ਹੈ।

ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਹਰ ਪ੍ਰਾਣੀ ਗੱਲ ਕਰ ਸਕਦਾ ਹੈ ਪਰ ਉਨ੍ਹਾਂ ਨੂੰ ਬਾਲ ਤੱਕ ਘਟਾ ਕੇ ਵੇਖਣ ਉਤੇ ਗੁਰੂ ਖਾਲਸਾ ਪੰਥ ਨੂੰ ਇਤਰਾਜ਼ ਹੈ। ਪੂਰੀ ਦੁਨੀਆਂ ਵਿੱਚ ਵਸਦੇ ਸਿੱਖਾਂ ਨੂੰ ਇਸ ਸਬੰਧੀ ਆਪਣਾ ਵਿਰੋਧ ਦਰਜ ਕਰਵਾਉਣਾ ਚਾਹੀਦਾ ਹੈ।

-ਸੰਪਾਦਕ

# ਬੇਅਦਬੀਆਂ ਦੇ ਇਨਸਾਫ਼ ਦੀ ਉਡੀਕ 'ਚ ਸਿੱਖ ਪੰਥ ਅਤੇ ਸਰਕਾਰਾਂ ਦੇ ਗੁਨਾਹ



ਭਾਈ ਹਰਿਸਿਮਰਨ ਸਿੰਘ
ਮੋ. 9872591713

ਜਿਨ੍ਹਾਂ ਲੋਕਾਂ ਨੇ 2015 ਵਿਚ ਬਰਗਾੜੀ ਵਿਚ ਗਿਆਨ ਦੇ ਸਾਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਦਰਦੀ ਨਾਲ ਬੇਅਦਬੀ ਕੀਤੀ ਸੀ, ਉਹ ਮਾਨਵਤਾ, ਦੈਵੀ ਗਿਆਨ, ਸਿੱਖ ਪੰਥ ਅਤੇ ਮਾਨਵਤਾ ਦੇ ਦੁਸ਼ਮਣ ਸਾਬਤ ਹੋਏ ਹਨ। ਕੁਝ ਲੋਕਾਂ ਦਾ ਸਿੱਖ ਪੰਥ ਜਾਂ ਇਸ ਦੀ ਕਿਸੇ ਵੀ ਧਿਰ ਨਾਲ ਵਿਰੋਧ ਹੋ ਸਕਦਾ ਹੈ, ਪਰ ਉਨ੍ਹਾਂ ਨੂੰ ਦਰਦ ਪਹੁੰਚਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਟਾਰਗੇਟ ਬਣਾਉਣਾ ਮਾਨਵਤਾ ਦੇ ਵਿਰੁੱਧ ਘੋਰ ਅਪਰਾਧ ਹੈ। ਦੂਸਰਾ, ਜਿਨ੍ਹਾਂ ਲੋਕਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਜੁਰਮ ਕਰਨ ਵਾਲੇ ਲੋਕਾਂ ਦੀਆਂ ਵੋਟਾਂ ਲੈਣ ਜਾਂ ਉਨ੍ਹਾਂ ਨੂੰ ਨਾਰਾਜ਼ ਨਾ ਕਰਨ ਦੀ ਕੁਟਿਲ ਨੀਤੀ ਤਹਿਤ ਉਨ੍ਹਾਂ ਨੂੰ ਬਚਾਉਣ ਦਾ ਕੰਮ ਕੀਤਾ ਸੀ, ਉਹ ਵੀ ਉਤਨੇ ਹੀ ਗੁਨਾਹਗਾਰ ਹਨ। ਅਕਾਲੀ, ਕਾਂਗਰਸ ਅਤੇ ਆਮ ਆਦਮੀ ਪਾਰਟੀ ਸਰਕਾਰਾਂ ਵੱਲੋਂ ਇਤਨੇ ਪੜਤਾਲੀਆ ਕਮਿਸ਼ਨ, ਕਮੇਟੀਆਂ ਵੱਲੋਂ ਪ੍ਰਗਟ ਕੀਤੇ ਸਿੱਟਿਆਂ ਉੱਤੇ ਵੱਡਾ ਐਕਸ਼ਨ ਨਾ ਲੈਣ ਦੇ ਕੀ ਕਾਰਨ ਹੋ ਸਕਦੇ ਹਨ ਕਿ ਇਨ੍ਹਾਂ ਸਰਕਾਰਾਂ ਨੇ ਕੋਈ ਠੋਸ ਐਕਸ਼ਨ ਨਹੀਂ ਲਏ। ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੀਤੇ ਗਏ ਜੁਰਮ ਉੱਤੇ ਕਾਰਵਾਈ ਜੋ ਇਕ ਸਥਾਨਿਕ ਥਾਣੇ ਦਾ ਐਸ.ਐਚ.ਓ. ਅਤੇ ਪੁਲਿਸ ਪ੍ਰਸ਼ਾਸਨ ਕਰ ਸਕਦਾ ਸੀ, ਉਹ ਇਤਨੇ ਪੜਤਾਲੀਆ ਕਮਿਸ਼ਨ ਸਥਾਪਿਤ ਕਰਕੇ ਵੀ ਨਾ ਹੋਈ ਅਤੇ ਸਰਕਾਰਾਂ ਦੀ ਕੁਰਬਾਨੀ ਦੇ ਕੇ ਵੀ ਪੂਰਨ ਰੂਪ ਵਿਚ ਇਨਸਾਫ਼ ਨਹੀਂ ਮਿਲਿਆ। ਹੱਕ, ਸੱਚ ਤੇ ਇਨਸਾਫ਼ ਲਈ ਲੜ ਰਹੇ ਸੰਘਰਸ਼ ਕਰ ਰਹੇ ਸਿੱਖ ਇਹ ਸੋਚਣ ਲਈ ਮਜਬੂਰ ਹੋ ਗਏ ਹਨ ਕਿ ਕੀ ਇਸ ਧਰਤੀ ਉੱਤੇ ਸਿੱਖਾਂ ਨੂੰ ਇਨਸਾਫ਼ ਮਿਲ ਵੀ ਸਕੇਗਾ ? ਇੱਥੋਂ ਤੱਕ ਕਿ ਕੋਟਕਪੂਰਾ ਤੇ ਬਹਿਬਲ ਕਲਾਂ ਵਿਖੇ ਵੀ ਇਨਸਾਫ਼ ਦੀ ਮੰਗ ਕਰ ਰਹੇ ਸਿੱਖਾਂ ਉੱਤੇ ਅਕਾਲੀ ਸਰਕਾਰ ਸਮੇਂ ਬਿਨਾਂ ਕਿਸੇ ਭੜਕਾਹਟ ਦੇ ਗੋਲੀ ਚਲਾ ਕੇ ਦੋ ਸਿੰਘ ਸ਼ਹੀਦ ਕਰਨ ਵਾਲੇ ਪੁਲਸ ਅਫ਼ਸਰਾਂ ਅਤੇ ਉਨ੍ਹਾਂ ਦੇ ਤਤਕਾਲੀ ਰਾਜਨੀਤਿਕ ਆਂਕਿਆਂ ਨੂੰ ਇਤਨੇ ਸਾਲ ਬੀਤ ਜਾਣ 'ਤੇ ਵੀ ਹੱਥ ਨਾ ਪਾਉਣ ਦਾ ਕੀਤਾ ਗਿਆ ਗੁਨਾਹ ਮੁਆਫ਼ ਕਰਨਯੋਗ ਨਹੀਂ ਹੈ। 2015-2022 ਤੱਕ ਦੇ ਇਨ੍ਹਾਂ ਦੁਖਦਾਈ ਘਟਨਾਕ੍ਰਮਾਂ ਵਿਚ ਲਗਾਈ ਜਾਣ ਵਾਲੀ ਇਨਸਾਫ਼ ਦੀ ਗੁਹਾਰ ਅਸਲ ਵਿਚ ਸੰਘਰਸ਼ ਕਰਨ ਵਾਲੇ ਲੋਕਾਂ ਦੀ ਤੜਪ ਹੈ, ਜੋ ਹੁਣ ਤੱਕ ਮੰਗੇ ਜਾਣ ਵਾਲੇ ਇਨਸਾਫ਼ ਦਾ ਕੇਂਦਰੀ ਬਿੰਦੂ ਹੈ। ਇੱਥੇ ਇਕ ਹੋਰ ਨੁਕਤਾ ਵਿਚਾਰਨਯੋਗ ਹੈ ਕਿ ਆਖ਼ਿਰ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋਈ ਘੋਰ ਬੇਅਦਬੀ ਅਤੇ ਕੀਤੇ ਗਏ ਹੋਰ ਸਬੰਧਿਤ ਗੁਨਾਹਾਂ ਦੇ ਇਨਸਾਫ਼ ਲਈ ਤੜਪ ਕਿਉਂ ਰੱਖਦੇ ਹਨ ? ਕਿਸੇ ਵੀ ਸਿਧਾਂਤਿਕ, ਰਾਜਨੀਤਿਕ, ਆਰਥਿਕ, ਸਭਿਆਚਾਰਕ ਅਤੇ ਭਾਸ਼ਾਈ ਆਦਿ ਮੁੱਦਿਆਂ ਉੱਤੇ ਅਕਸਰ ਰਾਜਨੀਤਿਕ ਪਾਰਟੀਆਂ ਅਤੇ ਹੋਰ ਸਬੰਧਿਤ ਲੋਕ ਵੱਡੀਆਂ ਡਾਹਢੀਆਂ ਧਿਰਾਂ ਵਿਰੁੱਧ ਸੰਘਰਸ਼ ਲੜਦੇ ਰਹਿੰਦੇ ਹਨ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਇਨਸਾਫ਼ ਮੰਗ ਰਹੇ ਦੋ ਸਿੰਘਾਂ ਦੀ ਸ਼ਹੀਦੀ ਦਾ ਮੁੱਦਾ ਇਤਨਾ ਸੰਵੇਦਨਸ਼ੀਲ ਅਤੇ ਗੰਭੀਰ ਹੈ ਕਿ ਇਨਸਾਫ਼ ਨਾ ਮਿਲਣ ਕਾਰਨ ਪਿਛਲੀਆਂ ਦੋ ਸਰਕਾਰਾਂ ਲੋਕ ਰੋਹ ਦਾ ਸ਼ਿਕਾਰ ਹੋ ਗਈਆਂ ਹਨ। ਵਰਤਮਾਨ ਆਮ ਆਦਮੀ ਪਾਰਟੀ ਦੀ ਸਰਕਾਰ ਵਿਰੁੱਧ ਇਸ ਸਮੇਂ ਸੰਘਰਸ਼ ਕਿਸੇ ਨਾ ਕਿਸੇ ਰੂਪ ਵਿਚ ਲੜਿਆ ਜਾ ਰਿਹਾ ਹੈ। ਬਾਹਰੋਂ ਵੇਖਿਆਂ ਭਾਵੇਂ ਚੱਬਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਇਕੱਠੀ ਹੋਈ ਲੱਖਾਂ ਦੀ ਸਿੱਖ ਸੰਗਤ, ਬਰਗਾੜੀ ਇਨਸਾਫ਼ ਮੋਰਚਾ ਅਤੇ ਹੁਣ ਬਹਿਬਲ ਕਲਾਂ ਇਨਸਾਫ਼ ਮੋਰਚੇ ਵਿਚ ਸੰਘਰਸ਼ ਕਰ ਰਹੇ ਲੋਕ ਸਰਗਰਮ ਨਜ਼ਰ ਆਉਂਦੇ ਹਨ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ਵਾਸ ਰੱਖਣ ਵਾਲਾ ਸੱਚਾ ਸਿੱਖ ਅਜਿਹਾ ਦਰਦ ਮਹਿਸੂਸ ਕਰਕੇ ਬੇਚੈਨ ਹੈ। ਕਰੂਰ ਮਾਨਸਿਕਤਾ ਅਤੇ ਢੰਗ ਨਾਲ ਕੀਤਾ ਗਿਆ ਇਕ ਅਪਰਾਧ ਕਿਤਨਾ ਘਿਨਾਉਣਾ ਹੈ ਕਿ ਹਰ ਜ਼ਮੀਰ ਯਾਫ਼ਤਾ ਜਾਗਦੇ ਮਨੁੱਖ ਦੀ ਆਤਮਾ ਤੜਫ਼ ਉੱਠਦੀ ਹੈ। ਨਿਗੁਣੀਆਂ ਵੋਟਾਂ ਪ੍ਰਾਪਤ ਕਰਨ ਲਈ ਕਿਸੇ ਡੇਰੇਦਾਰ ਜਾਂ ਉਸ ਦੇ ਬੰਦਿਆਂ ਨੂੰ ਇਨਸਾਫ਼ ਦੀ ਕੁਠਾਲੀ ਵਿਚ ਨਾ ਲਿਆਉਣਾ ਅਤੇ ਇਸ ਘਟਨਾਕ੍ਰਮ 'ਤੇ ਵੋਟਾਂ ਦੀ ਰਾਜਨੀਤੀ ਕਰਨ ਵਾਲੇ ਅਕਾਲੀ, ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਰਾਜਨੀਤਿਕ ਲੋਕ ਬੇਅਦਬੀਆਂ ਦੇ ਇਸ ਦਰਦ ਨੂੰ ਨਹੀਂ ਸਮਝ ਸਕੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਨੂੰ ਆਪਣੇ ਕੀਤੇ ਗਏ ਇਸ ਰਾਜਨੀਤਿਕ ਪਾਪ ਦੀ ਸਜ਼ਾ ਤਾਂ ਮਿਲ ਚੁੱਕੀ ਹੈ ਅਤੇ ਵਰਤਮਾਨ ਸੱਤਾਧਾਰੀਆਂ ਨੂੰ ਅੱਗੇ ਜਾ ਕੇ ਸਜ਼ਾ ਮਿਲੇਗੀ, ਪਰ ਆਪਣੀ ਜਾਗਦੀ ਜ਼ਮੀਰ ਦੇ ਕਿਸੇ ਕੋਨੇ ਵਿਚ ਅਤੇ ਪ੍ਰਮਾਤਮਾ ਦੇ ਦਰ 'ਤੇ ਉਹ ਕੀ ਮੂੰਹ ਵਿਖਾਉਣਗੇ, ਇਹ ਵੇਖਿਆ ਜਾਣਾ ਬਾਕੀ ਹੈ।

ਇਹ ਠੀਕ ਹੈ ਕਿ ਹਰ ਰਾਜਨੀਤਿਕ ਪਾਰਟੀ ਨੇ ਸੱਤਾ ਵਿਚ ਆਉਣ ਅਤੇ ਸੱਤਾ ਵਿਚ ਟਿਕੇ ਰਹਿਣ ਲਈ ਰਾਜਨੀਤੀ ਦੀਆਂ ਸੰਭਾਵਨਾਵਾਂ ਦਾ ਖੇਡ ਖੇਡਣਾ ਹੁੰਦਾ ਹੈ। ਪਰ ਮੈਂ ਮਹਿਸੂਸ ਕਰਦਾ ਹਾਂ ਕਿ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਸ. ਅਮਰਿੰਦਰ ਸਿੰਘ ਦੇ ਪੰਜਾਬ ਦੇ ਮੁੱਖ ਮੰਤਰੀ ਰਹਿੰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਇਸ ਨਾਲ ਸਬੰਧਿਤ ਦੁਖਦ ਘਟਨਾਵਾਂ ਵਿਚੋਂ ਆਪਣੀ ਰਾਜਨੀਤੀ ਨਹੀਂ ਲੱਭਣੀ ਚਾਹੀਦੀ ਸੀ। ਵਰਤਮਾਨ ਦੀ ਭਗਵੰਤ ਮਾਨ ਸਰਕਾਰ ਵੀ ਇਸੇ ਰਸਤੇ ਪਈ ਹੋਈ ਹੈ। ਇਸ ਜੁਰਮ ਦੀ ਤਫ਼ਤੀਸ਼ ਅਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੀ ਪ੍ਰਕਿਰਿਆ ਜੋ ਸਥਾਨਕ ਪੱਧਰ 'ਤੇ ਹੀ ਕਿਸੇ ਨਤੀਜੇ 'ਤੇ ਪਹੁੰਚ ਜਾਣੀ ਚਾਹੀਦੀ ਸੀ, ਉਹ ਮੰਦਭਾਵਨਾ ਅਧੀਨ ਕੇਵਲ ਕੁਝ ਪੁਲਿਸ ਅਫ਼ਸਰਾਂ ਨੂੰ ਬਚਾਉਣ ਲਈ ਕਾਇਮ ਕੀਤੀਆਂ ਗਈਆਂ ਪੜਤਾਲੀਆ ਕਮੇਟੀਆਂ ਨਹੀਂ ਕਰ ਸਕੀਆਂ। ਜਸਟਿਸ ਜੋਰਾ ਸਿੰਘ ਕਮਿਸ਼ਨ ਦੀ ਰਿਪੋਰਟ, ਰਣਬੀਰ ਸਿੰਘ ਖੱਟੜਾ ਰਿਪੋਰਟ, ਵਿਜੈ ਪ੍ਰਤਾਪ ਸਿੰਘ ਕਮਿਸ਼ਨ ਅਤੇ ਵਰਤਮਾਨ ਦੀਆਂ ਕਮੇਟੀਆਂ ਦੇ ਨਤੀਜਿਆਂ ਨਾਲ ਅਜਿਹਾ ਕੁਝ ਵਾਪਰਦਾ ਰਿਹਾ ਹੈ। ਆਖ਼ਿਰ ਇਹ ਕਿਹੋ ਜਿਹੀ ਜਾਂਚ ਹੈ ਜੋ ਸੱਤ ਸਾਲ ਬੀਤ ਜਾਣ ਤੋਂ ਬਾਅਦ ਵੀ ਉਲਝਾਏ ਗਏ ਸਿੱਖਾਂ ਨੂੰ ਇਨਸਾਫ਼ ਨਹੀਂ ਦੇ ਸਕੀ। ਇਨਸਾਫ਼ ਨਾ ਮਿਲਣ ਕਾਰਨ ਹੀ ਚੌਥੀ ਕਾਨਫ਼ਰੰਸ ਦੇ ਰੂਪ ਵਿਚ ਇਕੱਠੀ ਹੋਈ ਸੰਗਤ ਦਾ ਪ੍ਰਭਾਵ ਵੀ ਨਹੀਂ ਕਬੂਲਿਆ ਗਿਆ। ਇਸ ਖ਼ਾਲਸਾਈ ਇਕੱਠ ਵਿਚੋਂ ਨਿਕਲੀ ਲੀਡਰਸ਼ਿਪ ਨੇ ਭਾਈ ਧਿਆਨ ਸਿੰਘ ਮੰਡ ਦੀ ਅਗਵਾਈ ਹੇਠ 2019 ਵਿਚ ਜੋ ਬਰਗਾੜੀ ਦੇ ਸਥਾਨ 'ਤੇ ਇਨਸਾਫ਼ ਮੋਰਚਾ 6 ਮਹੀਨੇ ਤੱਕ ਲਗਾਇਆ ਸੀ, ਉਸ ਨੂੰ ਖ਼ੁਦ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਫ਼ੇਲ੍ਹ ਕੀਤਾ। ਮੋਰਚੇ ਵਿਚ ਸਿੱਖ ਸੰਗਤਾਂ ਦੀ ਸ਼ਮੂਲੀਅਤ ਅਤੇ ਪਵਿੱਤਰ ਭਾਵਨਾਵਾਂ ਅਨੁਸਾਰ ਜੋ ਬਰਗਾੜੀ ਦਾ ਨਗਰ ਇਕ ਤੀਰਥ ਸਥਾਨ ਵਾਂਗ ਬਣ ਗਿਆ ਸੀ, ਉੱਤੇ ਦੀਆਂ ਜੂਹਾਂ ਅਤੇ ਸਿੱਖ ਸੰਗਤਾਂ ਅੱਜ ਵੀ ਸਰਕਾਰ ਦੇ ਕੀਤੇ ਗਏ ਵਾਅਦਿਆਂ ਅਤੇ ਵਿਸ਼ਵਾਸ਼ਘਾਤ ਦੀ ਦਰਦ ਭਰੀ ਆਹ ਸੰਭਾਲੀ ਬੈਠੀਆਂ ਹਨ। ਬਰਗਾੜੀ ਮੋਰਚੇ ਦੀ ਲੀਡਰਸ਼ਿਪ ਸਰਕਾਰ ਦੀਆਂ ਚਾਲਾਂ-ਕੁਚਾਲਾਂ ਨੂੰ ਨਹੀਂ ਸਮਝ ਸਕੀ। ਉਸ ਮੋਰਚੇ ਵਿਚੋਂ ਨਿਕਲਣ ਵਾਲੀ ਲੀਡਰਸ਼ਿਪ ਅਥਵਾ ਜਥੇਬੰਦੀ ਦੀ ਕੀਤੀ ਗਈ ਭਰੂਣ ਹੱਤਿਆ ਦੇ ਵੀ ਅਕਾਲੀ ਅਤੇ ਕਾਂਗਰਸੀ ਸੱਤਾਧਾਰੀ ਦੋਸ਼ੀ ਹਨ। ਦੋਸ਼ੀਆਂ ਨੂੰ ਕਦੋਂ ਤੇ ਕਿਸ ਤਰ੍ਹਾਂ ਇਨਸਾਫ਼ ਦੇ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇਗਾ, ਇਹ ਇਕ ਮੁਸ਼ਕਿਲ ਸਵਾਲ ਹੈ।

ਮੁੱਢਲੇ ਤੌਰ 'ਤੇ ਸਿੱਖ ਇਕ ਬੇਚੈਨ ਕੌਮ ਹੈ। ਬੇਚੈਨੀ ਦਾ ਇਹ ਸਫ਼ਰ ਬੜਾ ਲੰਮਾ ਹੈ। ਸਿੱਖ ਪੰਥ ਦੀਆਂ ਵਰਤਮਾਨ ਸਮੱਸਿਆਵਾਂ ਦੇ ਬੀਜ 1947 ਵਿਚ ਪਏ ਹਨ। ਜਦੋਂ ਪੰਜਾਬ ਤੇ ਕੇਂਦਰ ਸਰਕਾਰ ਦੀਆਂ ਸਰਕਾਰਾਂ ਉਨ੍ਹਾਂ ਨਾਲ ਇਨਸਾਫ਼ ਨਹੀਂ ਕਰ ਰਹੀਆਂ ਤਾਂ ਇਨਸਾਫ਼ ਲਈ ਲੜਨਾ ਸਿੱਖਾਂ ਦਾ ਜਨਮ ਸਿੱਧ ਅਧਿਕਾਰ ਹੈ। ਪਿਛਲੇ ਸਮਿਆਂ ਵਿਚ ਚੱਲੇ ਸੰਘਰਸ਼ ਦੌਰਾਨ ਜਿਨ੍ਹਾਂ ਵੀ ਕਾਰਨਾਂ ਕਰਕੇ ਕਈ ਸਿੱਖ ਨੌਜੁਆਨਾਂ ਨੂੰ ਜੇਲ੍ਹਾਂ ਦੀਆਂ ਲੰਮੀਆਂ ਸਜ਼ਾਵਾਂ ਹੋਈਆਂ ਸਨ, ਉਹ ਆਪਣੀਆਂ ਬਣਦੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ। ਪਰ ਉਨ੍ਹਾਂ ਨੂੰ ਅਜੇ ਤੱਕ ਵੀ ਰਿਹਾਅ ਨਹੀਂ ਕੀਤਾ ਗਿਆ। ਉਨ੍ਹਾਂ ਦੀ ਰਿਹਾਈ ਬਾਰੇ ਸਿੱਖ ਪੰਥ ਨੇ ਕਈ ਸਾਲਾਂ ਤੋਂ ਸੰਘਰਸ਼ ਸ਼ੁਰੂ ਕੀਤਾ ਹੋਇਆ ਹੈ। 'ਬੇਅਦਬੀ ਇਨਸਾਫ਼' ਵਾਂਗ ਇਨ੍ਹਾਂ ਸਿੰਘਾਂ ਦੀ ਰਿਹਾਈ ਲਈ ਦਿੱਤਾ ਗਿਆ 'ਬੰਦੀ ਸਿੰਘਾਂ' ਨਾਮ ਸਿੱਖ ਮਾਨਸਿਕਤਾ ਦਾ ਹਿੱਸਾ ਬਣ ਚੁੱਕਾ ਹੈ। ਪਰ ਹੈਰਾਨੀ ਹੈ ਕਿ ਇਸ ਬਾਰੇ ਨਾ ਕੇਵਲ ਕੇਂਦਰ ਸਰਕਾਰ ਸਗੋਂ ਅਕਾਲੀ ਦਲ, ਕਾਂਗਰਸ ਅਤੇ ਆਮ ਆਦਮੀ ਪਾਰਟੀ ਆਪਣੀ ਕਰੂਰ ਰਾਜਨੀਤੀ ਦੀਆਂ ਚਾਲਾਂ-ਕੁਚਾਲਾਂ ਚੱਲਦੇ ਰਹੇ ਹਨ। ਇੱਥੇ ਇਕ ਦੁਖਦਾਈ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਜਿਵੇਂ ਬੀਤੇ ਸਮੇਂ ਵਿਚ ਅਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਲਈ ਲੜੇ ਗਏ ਸੰਘਰਸ਼ ਅਤੇ ਹਥਿਆਰਬੰਦ ਸੰਘਰਸ਼ ਨੂੰ ਕੇਂਦਰ ਨੇ ਆਪਣੇ ਲਾਭ ਹਿਤ ਵਰਤਿਆ ਸੀ, ਉਸੇ ਤਰ੍ਹਾਂ ਬੇਅਦਬੀਆਂ ਦੇ ਇਨਸਾਫ਼ ਅਤੇ ਬੰਦੀ ਸਿੰਘਾਂ ਦੀ ਰਿਹਾਈ ਦੇ ਮੋਰਚਿਆਂ ਨੂੰ ਵੀ ਪੰਜਾਬ ਅਤੇ ਕੇਂਦਰ ਦੀਆਂ ਰਾਜਨੀਤਿਕ ਪਾਰਟੀਆਂ ਬੇਸ਼ਰਮੀ ਦੀ ਹੱਦ ਤੱਕ ਆਪਣੇ ਲਾਭ ਹਿਤ ਵਰਤਣ ਦੀ ਕੋਸ਼ਿਸ਼ ਕਰਦੀਆਂ ਆ ਰਹੀਆਂ ਹਨ।

ਬਹਿਬਲ ਕਲਾਂ ਦੇ ਸਥਾਨ 'ਤੇ ਭਾਈ ਸੁਖਰਾਜ ਸਿੰਘ ਦੀ ਅਗਵਾਈ ਹੇਠ ਬਣੇ ਇਨਸਾਫ਼ ਮੋਰਚੇ ਨੇ 15 ਅਕਤੂਬਰ 2021 ਤੋਂ ਸੰਘਰਸ਼ ਸ਼ੁਰੂ ਕੀਤਾ ਹੋਇਆ ਹੈ। ਪਰ ਇਸ ਮੋਰਚੇ ਨੂੰ ਵੀ ਫ਼ੇਲ੍ਹ ਕਰਨ ਲਈ ਅਰਵਿੰਦ ਕੇਜਰੀਵਾਲ ਤੋਂ ਲੈ ਕੇ ਭਗਵੰਤ ਮਾਨ ਅਤੇ ਇਲਾਕੇ ਦੇ ਚੁਣੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਤੱਕ ਦੇ ਸਾਰੇ ਆਗੂਆਂ ਦਾ ਜ਼ੋਰ ਲੱਗਾ ਹੋਇਆ ਹੈ। ਜ਼ੀਰੇ ਦੇ ਸਥਾਨ 'ਤੇ ਬਣੀ ਸ਼ਰਾਬ ਫ਼ੈਕਟਰੀ ਵਿਰੁੱਧ ਲੱਗੇ ਮੋਰਚੇ ਨੂੰ ਵੀ ਫ਼ੇਲ੍ਹ ਕਰਨ ਲਈ ਸਰਕਾਰ ਜ਼ੋਰ ਲਗਾ ਰਹੀ ਹੈ। ਆਖ਼ਿਰ ਸਰਕਾਰਾਂ ਕਦੋਂ ਪੰਜਾਬ ਵਾਸੀਆਂ ਨੂੰ ਇਨਸਾਫ਼ ਦੇਣਗੀਆਂ। ਸ. ਕੁਲਤਾਰ ਸਿੰਘ ਸੰਧਵਾਂ ਕਬੀਲੇ ਦੇ ਲੋਕ ਕਿਵੇਂ ਆਸਾਨੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਝੂਠੇ ਵਾਅਦੇ ਕਰਕੇ ਅਤੇ ਬੇਸ਼ਰਮੀ ਨਾਲ ਮੁੱਕਰ ਵੀ ਜਾਂਦੇ ਹਨ। ਭਾਈ ਸੁਖਰਾਜ ਸਿੰਘ ਅਤੇ ਬਹਿਬਲ ਕਲਾਂ ਮੋਰਚੇ ਦੇ ਸਾਥੀਆਂ ਦੀ ਬੇਵੱਸੀ ਸਮਝੀ ਜਾ ਸਕਦੀ ਹੈ।

ਹੁਣ ਭਾਈ ਜਗਤਾਰ ਸਿੰਘ ਹਵਾਰਾ ਦੀ ਅਗਵਾਈ ਹੇਠ ਬਣੇ ਕੌਮੀ ਇਨਸਾਫ਼ ਮੋਰਚੇ ਵੱਲੋਂ ਬੇਅਦਬੀਆਂ ਦੇ ਇਨਸਾਫ਼, ਬੰਦੀ ਸਿੰਘਾਂ ਦੀ ਰਿਹਾਈ ਅਤੇ ਸ਼੍ਰੋਮਣੀ ਕਮੇਟੀ ਵੱਲੋਂ 328 ਸਰੂਪਾਂ ਦੀ ਕੀਤੀ ਗਈ ਬੇਅਦਬੀ ਸਬੰਧੀ ਇਨਸਾਫ਼ ਲੈਣ ਲਈ 7 ਜਨਵਰੀ 2023 ਨੂੰ ਚੰਡੀਗੜ੍ਹ ਵਿਖੇ ਸਾਂਝਾ ਮੋਰਚਾ ਲਗਾਇਆ ਜਾ ਰਿਹਾ ਹੈ। ਬੇਚੈਨ ਸਿੱਖ ਕਿਵੇਂ ਅਜਿਹੇ ਮੋਰਚਿਆਂ ਰਾਹੀਂ ਢੀਠ ਹੋ ਚੁੱਕੀਆਂ ਸਰਕਾਰਾਂ ਤੋਂ ਇਨਸਾਫ਼ ਲੈਣਗੇ, ਇਹ ਸੋਚਣ ਵਿਚਾਰਨ ਦਾ ਵਿਸ਼ਾ ਹੈ। ਪਰ ਸਿੱਖ ਪੰਥ ਦੇ ਸੰਵੇਦਨਸ਼ੀਲ ਸੰਘਰਸ਼ਸ਼ੀਲ ਹਿਰਦਿਆਂ ਦੀ ਇਹ ਵੇਦਨਾ ਹੈ ਕਿ ਸਿੱਖ ਇਸ ਆਜ਼ਾਦ ਕਹੇ ਜਾਂਦੇ ਮੁਲਕ ਵਿਚ ਸਿੱਖ ਹੱਕਾਂ ਦੀ ਇਮਾਨਦਾਰੀ ਨਾਲ ਲੜਾਈ ਲੜਦਿਆਂ ਕੀ ਰਾਜਨੀਤਿਕ ਸੱਤਾਧਾਰੀਆਂ ਹੱਥੋਂ ਖ਼ੁਆਰ ਹੁੰਦੇ ਹੋਏ ਹਮੇਸ਼ਾ ਬਲੀ ਦੇ ਬੱਕਰੇ ਹੀ ਬਣੇ ਰਹਿਣਗੇ ? ਇਹ ਇਕ ਦਰਦ ਹੈ ਜੋ ਹਰ ਇਕ ਸਿੱਖ ਦੇ ਦਿਲ ਵਿਚ ਰਮਿਆ ਹੋਇਆ ਸਿੱਖ ਪੰਥ ਨੂੰ ਇਕ ਅਨਿਸ਼ਚਿਤ ਭਵਿੱਖ ਵੱਲ ਲਿਜਾ ਰਿਹਾ ਹੈ।

# ਨਵੀਆਂ ਸਿਆਸੀ ਸਮੀਕਰਣਾਂ ਦਾ ਵਰ੍ਹਾ ਹੋ ਨਿਬੜਿਆ-2022



ਗੁਰਮੀਤ ਸਿੰਘ ਪਲਾਹੀ
ਮੋ. 9815802070

2022 ਗੁਜ਼ਰ ਗਿਆ। ਇਹ ਵਰ੍ਹਾ ਦੇਸ਼ ਭਾਰਤ, ਜਿੱਥੇ ਹਰ ਦੂਜੇ-ਚੌਥੇ ਮਹੀਨੇ ਕੋਈ ਨਾ ਕੋਈ ਚੋਣ ਸੰਗਰਾਮ ਮੱਚਿਆ ਹੀ ਰਹਿੰਦਾ ਹੈ, ਲਈ ਬਹੁਤ ਅਹਿਮ ਇਸ ਕਰਕੇ ਵੀ ਰਿਹਾ ਕਿ ਇਹ ਦੇਸ਼ ਦੀਆਂ 2024 ਦੇ ਲੋਕ ਸਭਾ ਚੋਣਾਂ ਦਾ ਚੋਣ ਸੈਮੀਫਾਈਨਲ ਗਿਣਿਆ ਗਿਆ।

ਫਰਵਰੀ-ਮਾਰਚ 2022 'ਚ ਪੰਜ ਰਾਜਾਂ ਉਤਰ ਪ੍ਰਦੇਸ਼, ਉਤਰਾਖੰਡ, ਮਣੀਪੁਰ, ਗੋਆ ਅਤੇ ਪੰਜਾਬ ਦੀਆਂ 690 ਸੀਟਾਂ ਲਈ ਚੋਣਾਂ ਸੰਪਨ ਹੋਈਆਂ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਉਨ੍ਹਾਂ ਦੀ ਪਾਰਟੀ ਭਾਜਪਾ ਦੇ ਆਗੂਆਂ ਨੇ ਅੱਡੀ ਚੋਟੀ ਦਾ ਜ਼ੋਰ ਲਾਇਆ ਚੋਣਾਂ ਜਿੱਤਣ ਲਈ ਅਤੇ ਉੱਤਰ ਪ੍ਰਦੇਸ਼ ਜਿਸਨੂੰ ਜਿੱਤਣਾ ਉਨ੍ਹਾਂ ਲਈ ਇੱਜ਼ਤ ਦਾ ਸਵਾਲ ਬਣਾਇਆ ਸੀ, ਭਾਜਪਾ ਨੇ ਜਿੱਤ ਲਿਆ। ਹਾਲਾਂਕਿ ਦਿੱਲੀ ਕਿਸਾਨ ਮੋਰਚੇ ਕਾਰਨ ਉਸਦਾ ਵੱਡਾ ਸਿਆਸੀ ਨੁਕਸਾਨ ਹੋਇਆ, ਪਰ ਇਸਦੀ ਭਰਪਾਈ ਭਾਜਪਾ ਨੇ ਫ਼ਿਰਕੂ ਧਰੁਵੀਕਰਨ ਨਾਲ ਕਰਨ ਦਾ ਯਤਨ ਕੀਤਾ।

ਪੰਜਾਬ 'ਚ ਆਮ ਆਦਮੀ ਪਾਰਟੀ ਨੇ ਆਪਣਾ ਝੰਡਾ ਗੱਡ ਲਿਆ ਤੇ ਕਾਂਗਰਸ ਨੂੰ ਪੰਜਾਬ ਤੋਂ ਰੁਖ਼ਸਤ ਕਰ ਦਿੱਤਾ। ਦੇਸ਼ ਦੇ ਰਾਸ਼ਟਰਪਤੀ ਦੀ ਚੋਣ 'ਚ ਭਾਜਪਾ ਨੇ ਆਪਣਾ ਉਮੀਦਵਾਰ ਖੜਾ ਕਰਕੇ, ਵਿਰੋਧੀ ਧਿਰ ਦੇ ਕੁਝ ਵਿਧਾਇਕ , ਲੋਕ ਸਭਾ ਮੈਂਬਰ ਵੀ ਆਪਣੇ ਪਾਲੇ 'ਚ ਕਰ ਲਏ ਅਤੇ ਇੱਕ ਆਦਿਵਾਸੀ ਤ੍ਰੀਮਤ ਨੇਤਾ ਦਰੋਪਦੀ ਮੁਰਮੂ ਨੂੰ ਰਾਸ਼ਟਰਪਤੀ ਦੇ ਅਹੁਦੇ 'ਤੇ ਬਿਠਾ ਲਿਆ ਅਤੇ ਇਹ ਸਿੱਧ ਕਰਨ ਦਾ ਯਤਨ ਕੀਤਾ ਕਿ ਭਾਜਪਾ, ਗਰੀਬ ਲੋਕਾਂ, ਆਦਿਵਾਸੀਆਂ ਦਾ ਪੂਰਾ ਸਨਮਾਨ ਕਰਦੀ ਹੈ ਅਤੇ ਉਨ੍ਹਾਂ ਨੂੰ ਦੇਸ਼ ਦੀ ਸਿਆਸਤ ਵਿੱਚ ਪੂਰਾ ਮਾਣ-ਤਾਣ ਦਿੰਦੀ ਹੈ।

ਅਗਸਤ 2022 'ਚ ਭਾਜਪਾ ਨੇ ਉਪ ਰਾਸ਼ਟਰਪਤੀ ਦੀ ਚੋਣ ਜਿੱਤ ਲਈ। ਰਾਜਸਥਾਨ ਦੇ ਨੇਤਾ ਜਗਦੀਸ਼ ਧਨਖੜ, ਜੋ ਪੱਛਮੀ ਬੰਗਾਲ ਦੇ ਰਾਜਪਾਲ ਸਨ, ਨੂੰ ਪੱਛਮੀ ਬੰਗਾਲ ਤ੍ਰਿਮੂਲ ਕਾਂਗਰਸ ਸਰਕਾਰ ਨੂੰ ਪ੍ਰੇਸ਼ਾਨ ਕਰਨ ਲਈ ਦਿੱਤੇ ਯੋਗਦਾਨ ਵਜੋਂ ਦੇਸ਼ ਦਾ ਉਪ ਰਾਸ਼ਟਰਪਤੀ ਬਣਾ ਦਿੱਤਾ। ਨਵੰਬਰ -ਦਸੰਬਰ 2022 'ਚ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਭਾਜਪਾ ਨੇ ਚੋਣਾਂ ਜਿੱਤਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਅਤੇ ਗੁਜਰਾਤ 'ਚ ਰਿਕਾਰਡ ਤੋੜ ਜਿੱਤ ਪ੍ਰਾਪਤ ਕਰਕੇ ਇਹ ਦਰਸਾਉਣ ਦਾ ਯਤਨ ਕੀਤਾ ਕਿ ਉਹ ਦੇਸ਼ ਦੀ ਇਹੋ ਜਿਹੀ ਪਾਰਟੀ ਹੈ ਜਿਹੜੀ ਹਿੰਦੂਤਵ ਦੇ ਅਜੰਡੇ ਨੂੰ ਗੁਜਰਾਤ ਵਾਂਗਰ ਪੂਰੇ ਦੇਸ਼ 'ਚ ਲਾਗੂ ਕਰ ਸਕਦੀ ਹੈ ਅਤੇ ਇਕ ਵਿਸ਼ੇਸ਼ ਵਰਗ ਵਲੋਂ ਭਾਜਪਾ ਦੀ ਇਸ ਸੋਚ ਨੂੰ ਗੁਜਰਾਤ ਵਿੱਚ ਪੂਰਾ ਹੁੰਗਾਰਾ ਦਿੱਤਾ ਗਿਆ।

ਗੁਜਰਾਤ ਵਿਚ ਭਾਜਪਾ 182 ਵਿਧਾਨ ਸਭਾ ਸੀਟਾਂ ਉਤੇ ਜੇਤੂ ਰਹੀ । ਕਾਂਗਰਸ 17 ਸੀਟਾਂ ਤੱਕ ਸਿਮਟ ਗਈ। ਭਾਜਪਾ ਨੇ ਉੱਤਰ ਪ੍ਰਦੇਸ਼ ਦੇ ਨਾਲ-ਨਾਲ ਉਤਰਾਖੰਡ, ਗੋਆ, ਮਨੀਪੁਰ 'ਚ ਵੀ ਜਿੱਤ ਪ੍ਰਾਪਤ ਕੀਤੀ ਅਤੇ ਆਪਣੀਆਂ ਵਜਾਰਤਾਂ ਬਣਾਈਆਂ। ਪਰ ਇੱਕ ਨਿਵੇਕਲੀ ਗੱਲ ਇਹ ਵਾਪਰੀ ਕਿ ਆਮ ਆਦਮੀ ਪਾਰਟੀ ਗੁਜਰਾਤ ਵਿੱਚ ਪਹਿਲੀ ਵੇਰ ਚੋਣ ਲੜਕੇ 13 ਫ਼ੀਸਦੀ ਵੋਟਾਂ ਲੈ ਗਈ ਅਤੇ ਹਿਮਾਚਲ, ਗੁਜਰਾਤ 'ਚ ਚੋਣਾਂ ਲੜਕੇ ਇਕ ਰਾਸ਼ਟਰੀ ਸਿਆਸੀ ਪਾਰਟੀ ਬਣਨ ਦੀ ਦਾਅਵੇਦਾਰ ਬਣ ਗਈ।

ਭਾਵੇਂ ਕਿ ਹਿਮਾਚਲ ਅਤੇ ਗੁਜਰਾਤ ਵਿੱਚ ਉਹ ਚੰਗੀ ਕਾਰਗੁਜਾਰੀ ਤਾਂ 'ਆਪ' ਨਹੀਂ ਕਰ ਸਕੀ ਪਰ ਦਿੱਲੀ ਕਾਰਪੋਰੇਸ਼ਨ ਦੀਆਂ ਚੋਣਾਂ 'ਚ ਉਸ ਵਲੋਂ ਭਾਜਪਾ ਨੂੰ ਤਕੜੀ ਹਾਰ ਦਿੱਤੀ ਗਈ।

ਇਥੇ ਇਕ ਅਦੁੱਤੀ ਘਟਨਾ ਇਹ ਵਾਪਰੀ ਕਿ ਕਾਂਗਰਸ ਪਾਰਟੀ ਦੇ ਜਿੱਤੇ ਹੋਏ ਤਿੰਨੇ ਕੌਂਸਲਰ 'ਆਪ' 'ਚ ਸ਼ਾਮਲ ਕਰ ਲਏ ਹਨ, ਇਸ ਡਰੋਂ ਕਿ ਭਾਜਪਾ 'ਆਪ' ਦੇ ਕੌਂਸਲਰ ਨਾ ਤੋੜ ਲਵੇ ਅਤੇ 'ਆਪ' ਕੌਂਸਲਰਾਂ ਦੀ ਗਿਣਤੀ ਨਾ ਘੱਟ ਜਾਵੇ ਕਿਉਂਕਿ ਭਾਜਪਾ ਹਰ ਹੀਲੇ, ਹਰ ਸੂਬੇ 'ਚ ਆਪਣੀ ਵਜ਼ਾਰਤ ਬਨਾਉਣਾ ਚਾਹੁੰਦੀ ਹੈ ਅਤੇ ਹਰ ਸੰਸਥਾ 'ਤੇ ਕਬਜ਼ਾ ਚਾਹੁੰਦੀ ਹੈ। ਪਰ ਲੋਕ ਰੋਹ 'ਤੇ ਇਨ੍ਹਾਂ ਹਲਕਿਆਂ 'ਚ ਕਾਂਗਰਸ ਦੇ ਵਿਰੋਧ ਮੁਜ਼ਾਹਰਿਆਂ ਕਾਰਨ ਇਨ੍ਹਾਂ ਕੌਂਸਲਰਾਂ ਨੂੰ ਮੁੜ ਕਾਂਗਰਸ 'ਚ ਮੁਆਫ਼ੀ ਮੰਗਕੇ ਆਉਣਾ ਪਿਆ। ਕਾਂਗਰਸ ਨੇ ਹਿਮਾਚਲ ਪ੍ਰਦੇਸ਼ ਵਿੱਚ ਭਾਜਪਾ ਤੋਂ ਹਕੂਮਤ ਖੋਹ ਲਈ। ਇਨ੍ਹਾਂ ਸਭ ਕੁਝ ਦੇ ਵਿਚਕਾਰ ਗੋਦੀ ਮੀਡੀਆ ਨੇ ਨਰੇਂਦਰ ਮੋਦੀ ਦੀ ਗੁਜਰਾਤ ਜਿੱਤ ਨੂੰ ਹੀ ਅਹਿਮ ਦੱਸਿਆ ਅਤੇ 2024 'ਚ ਪ੍ਰਧਾਨ ਮੰਤਰੀ ਬਣਨ ਦਾ ਰਸਤਾ ਸਾਫ਼ ਹੋਣ ਨੂੰ ਵੱਡੀ ਪੱਧਰ ਉੱਤੇ ਪ੍ਰਚਾਰਿਆ।

ਖਾਲੀ ਹੋਈਆਂ ਲੋਕ ਸਭਾ, ਵਿਧਾਨ ਸਭਾ ਸੀਟਾਂ ਉਤੇ ਸਾਲ 2022 'ਚ ਉਪ ਚੋਣ ਹੋਈ, ਉਸ ਵਿਚ ਭਾਜਪਾ ਦੀ ਕਾਰਗੁਜ਼ਾਰੀ ਚੰਗੀ ਨਹੀਂ ਰਹੀ, ਸਮਾਜਵਾਦੀ ਪਾਰਟੀ ਯੂ.ਪੀ. 'ਚ ਲੋਕ ਸਭਾ ਚੋਣ ਜਿੱਤ ਗਈ, ਕੁਲ ਮਿਲਾਕੇ 28 ਵਿਧਾਨ ਸਭਾ ਦੀਆਂ ਉਪ ਚੋਣਾਂ 'ਚ ਭਾਜਪਾ 12 ਸੀਟਾਂ ਜਿੱਤ ਸਕੀ। ਮਹਾਰਾਸ਼ਟਰ ਦੀਆਂ 2 ਵਿਧਾਨ ਸਭਾ ਉਪ ਚੋਣਾਂ 'ਚ ਉਸਨੂੰ ਕਰਾਰੀ ਹਾਰ ਹੋਈ, ਜਿਥੇ ਉਸਨੇ ਰਾਜ ਪਲਟਾ ਕਰਵਾਇਆ ਸੀ। ਜਦਕਿ ਲੋਕ ਸਭਾ ਦੀਆਂ 5 ਉਪ ਚੋਣਾਂ ਵਿਚ ਉਸਦੇ ਹਿੱਸੇ 2 ਸੀਟਾਂ ਆਈਆਂ ਹਨ। ਜਦਕਿ ਲੋਕ ਸਭਾ ਉਪ ਚੋਣਾਂ 'ਚ ਇੱਕ ਸੀਟ ਪੱਛਮੀ ਬੰਗਾਲ ਦੀ ਤ੍ਰਿਮੂਲ ਕਾਂਗਰਸ, ਇੱਕ ਸਮਾਜਵਾਦੀ ਪਾਰਟੀ ਯੂ.ਪੀ. ਵਿਚ, ਇੱਕ ਸੀਟ ਪੰਜਾਬ ਲੋਕ ਸਭਾ ਦੀ ਸ਼੍ਰੋਮਣੀ ਅਕਾਲੀ ਦਲ ਦੇ ਹਿੱਸੇ ਆਈ।

ਭਾਜਪਾ ਆਂਧਰਾ ਪ੍ਰਦੇਸ਼, ਅਸਾਮ, ਹਰਿਆਣਾ, ਉੜੀਸਾ, ਉਤਰਾਖੰਡ 'ਚ ਇੱਕ ਇੱਕ ਵਿਧਾਨ ਸਭਾ ਸੀਟ ਅਤੇ ਯੂ.ਪੀ. ਵਿਚ ਦੋ, ਬਿਹਾਰ 'ਚ ਦੋ, ਤ੍ਰਿਪੁਰਾ ਵਿਚ ਤਿੰਨ ਵਿਧਾਨ ਸਭਾ ਉਪ ਚੋਣਾਂ 'ਚ ਜਿੱਤੀ। ਇਸੇ ਤਰ੍ਹਾਂ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਪਾਰਟੀ ਝਾਰਖੰਡ, ਕੇਰਲਾ, ਮਹਾਂਰਾਸ਼ਟਰ, ਰਾਜਸਥਾਨ, ਤ੍ਰਿਪੁਰਾ ਵਿਚ ਇੱਕ-ਇੱਕ ਅਤੇ ਛੱਤੀਸਗੜ੍ਹ ਵਿੱਚ ਦੋ ਸੀਟਾਂ 'ਤੇ ਜੇਤੂ ਰਹੀ ਜਦਕਿ ਆਪ ਦਿੱਲੀ ਦੀ ਇੱਕ ਸੀਟ ਜਿੱਤੀ, ਮਹਾਂਰਾਸ਼ਟਰ 'ਚ ਸ਼ਿਵ ਸੈਨਾ ਇੱਕ, ਉੜੀਸਾ 'ਚ ਬੀਜੂ ਪਟਨਾਇਕ ਜਨਤਾ ਦਲ ਦੋ, ਤਿਲੰਗਾਨਾ 'ਚ ਭਾਰਤੀ ਰਾਸ਼ਟਰ ਸੰਮਤੀ ਇੱਕ, ਯੂ.ਪੀ. ਰਾਸ਼ਟਰੀ ਲੋਕ ਦਲ ਇੱਕ ਅਤੇ ਪੱਛਮੀ ਬੰਗਾਲ ਵਿਚ ਤ੍ਰਿਮੂਲ ਕਾਂਗਰਸ ਇੱਕ ਸੀਟ 'ਤੇ ਜੇਤੂ ਹੋਈ।

ਭਾਜਪਾ ਦੀ ਪੂਰੇ ਦੇਸ਼ 'ਚ ਵਿਰੋਧੀਆਂ ਨੂੰ ਨੁਕਰੇ ਲਾਉਣ ਲਈ ਹਰ ਹਰਬਾ ਵਰਤਣ ਦੀ ਇੱਕ ਵੱਡੀ ਮਿਸਾਲ ਇਹ ਦੇਖਣ ਨੂੰ ਮਿਲੀ ਕਿ ਭਾਜਪਾ ਨੇ ਸ਼ਿਵ ਸੈਨਾ ਨਾਲ ਸ਼ਰੀਕਬਾਜੀ 'ਚ ਬਦਲਾਖੋਰੀ ਕਰਦਿਆਂ, ਸ਼ਿਵ ਸੈਨਾ ਵਿੱਚ ਫੁੱਟ ਪਵਾ ਦਿੱਤੀ ਅਤੇ ਏਕਨਾਥ ਸ਼ਿੰਦੇ ਨੂੰ ਭਾਜਪਾ ਦੀ ਹਮਾਇਤ ਨਾਲ ਗੱਦੀ ਸੌਂਪ ਦਿੱਤੀ।

ਦੇਸ਼ ਦੀਆਂ ਪਹਿਲੀਆਂ 2014 ਅਤੇ 2019 ਵਾਲੀਆਂ ਲੋਕ ਸਭਾ ਚੋਣਾਂ ਨਰੇਂਦਰ ਮੋਦੀ ਦੇ ਨਾਮ ਉੱਤੇ ਲੜੀਆਂ ਗਈਆਂ ਸਨ, ਪਰ ਹੁਣ ਐਤਕਾਂ ਵੀ ਗੁਜਰਾਤ, ਹਿਮਾਚਲ, ਉੱਤਰ ਪ੍ਰਦੇਸ਼ ਅਤੇ ਹੋਰ ਸੂਬਿਆਂ 'ਚ ਵੀ ਨਰੇਂਦਰ ਮੋਦੀ ਦੀ ਸ਼ਖ਼ਸੀਅਤ ਅਤੇ ਕਾਰਗੁਜਾਰੀ ਨੂੰ ਉਭਾਰ ਕੇ ਚੋਣਾਂ ਲੜੀਆਂ ਗਈਆਂ ਜਾਂ ਅੱਗੋਂ ਲੜੀਆਂ ਜਾਣਗੀਆਂ, ਭਾਵੇਂ ਕਿ ਦੇਸ਼ ਇਨ੍ਹਾਂ 8 ਵਰ੍ਹਿਆਂ 'ਚ ਕੰਗਾਲ ਹੋਇਆ ਹੈ, ਆਰਥਿਕ ਪੱਖੋਂ ਕਮਜ਼ੋਰ ਹੋਇਆ ਹੈ, ਲੋਕਤੰਤਰ ਦਾ ਦੇਸ਼ 'ਚ ਘਾਣ ਹੋਇਆ ਹੈ, ਮਨੁੱਖੀ ਅਧਿਕਾਰਾਂ ਦਾ ਹਨਨ ਹੋਇਆ ਹੈ, ਸੂਬਿਆਂ ਦੇ ਅਧਿਕਾਰ ਸੀਮਤ ਕਰਨ ਦਾ ਯਤਨ ਹੋਇਆ ਹੈ ਅਤੇ ਇੱਥੇ ਹੀ ਬਸ ਨਹੀਂ, ਦੇਸ਼ 'ਚ ਫਿਰਕੂ ਪਾੜਾ ਵਧਾਉਣ ਅਤੇ ਹਿੰਦੀ, ਹਿੰਦੂ, ਹਿੰਦੋਸਤਾਨ ਦੀ ਨੀਤੀ ਨੂੰ ਲਾਗੂ ਕਰਨ, ਇਸ ਨੂੰ ਪ੍ਰਚਾਰਨ ਲਈ ਅੱਡੀ ਚੋਟੀ ਦਾ ਜ਼ੋਰ ਮੌਜੂਦਾ ਹਾਕਮਾਂ ਵਲੋਂ ਲਗਾਇਆ ਗਿਆ ਹੈ।

ਦੇਸ਼ ਵਿੱਚ ਲੋਕ-ਹਿਤੈਸ਼ੀ ਲੋਕਾਂ ਦੀ ਕਿੰਤੂ-ਪ੍ਰੰਤੂ ਵਾਲੀ ਆਵਾਜ਼ ਨੂੰ ਪ੍ਰੈਸ ਮੀਡੀਆ, ਇਲੈਕਟ੍ਰੋਨਿਕ ਮੀਡੀਆ 'ਚ ਬੰਦ ਕਰਨ ਦਾ ਯਤਨ ਲਗਾਤਾਰ ਦੇਸ਼ ਦੇ ਹਾਕਮ ਕਰ ਰਹੇ ਹਨ। ਵਿਰੋਧੀ ਵਿਚਾਰਾਂ ਵਾਲੇ ਲੋਕ ਜੇਲ੍ਹਾਂ 'ਚ ਡੱਕੇ ਜਾ ਰਹੇ ਹਨ।

ਨਿਊ ਇੰਡੀਆ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਧਰਮ ਨੂੰ ਰਾਜਨੀਤੀ ਨਾਲ ਮਿਲਾਉਣ 'ਚ ਸਭ ਤੋਂ ਅੱਗੇ ਹੈ। ਜਦੋਂ ਚੋਣਾਂ ਆਉਂਦੀਆਂ ਹਨ, ਮੁਸਲਮਾਨ, ਇਸਾਈ ਅਤੇ ਹੋਰ ਘੱਟ ਗਿਣਤੀਆਂ ਨਿਸ਼ਾਨੇ 'ਤੇ ਆ ਜਾਂਦੀਆਂ ਹਨ। ਭਗਵਾਂਕਰਨ ਦੀ ਆਵਾਜ਼ ਉੱਚੀ ਹੋ ਜਾਂਦੀ ਹੈ। ਧੰਨ ਦੀ ਵਰਤੋਂ ਹੁੰਦੀ ਹੈ। ਨਸ਼ੇ ਦੀ ਵਰਤੋਂ ਹੁੰਦੀ ਹੈ। ਤਾਕਤ ਦੀ ਵਰਤੋਂ ਹੁੰਦੀ ਹੈ। ਨਸ਼ੇ ਅਪਰਾਧਿਕ ਪਿਛੋਕੜ ਵਾਲੇ ਲੋਕ ਚੋਣਾਂ ਵਿਚ ਅੱਗੇ ਕਰਕੇ ਚੋਣਾਂ ਜਿੱਤਣ ਦਾ ਯਤਨ ਹੁੰਦਾ ਹੈ।

ਏ.ਡੀ.ਆਰ. ਦੀ ਇੱਕ ਰਿਪੋਰਟ ਅਨੁਸਾਰ ਗੁਜਰਾਤ ਵਿਧਾਨ ਸਭਾ ਚੋਣਾਂ ਜਿੱਤਣ ਤੋਂ ਬਾਅਦ ਜੋ ਮੰਤਰੀ ਮੰਡਲ ਭਾਜਪਾ ਵਲੋਂ ਬਣਾਇਆ ਗਿਆ, ਉਸ ਵਿੱਚ 24 ਫ਼ੀਸਦੀ ਮੰਤਰੀ ਅਪਰਾਧਿਕ ਪਿੱਠ ਭੂਮੀ ਵਾਲੇ ਹਨ, 96 ਫ਼ੀਸਦੀ ਮੰਤਰੀ ਕਰੋੜਪਤੀ ਹਨ। ਰਿਪੋਰਟ ਅਨੁਸਾਰ ਗੁਜਰਾਤ ਦੇ ਨਵੇਂ ਚੁਣੇ 182 ਵਿਧਾਨ ਸਭਾ ਮੈਂਬਰਾਂ 'ਚ 40 ਦੇ ਵਿਰੁੱਧ ਅਪਰਾਧਿਕ ਮਾਮਲੇ ਲੰਬਿਤ ਹਨ, ਇਨ੍ਹਾਂ ਵਿੱਚ 29 ਦੇ ਖਿਲਾਫ਼ ਹੱਤਿਆ ਦੀ ਕੋਸ਼ਿਸ਼ ਅਤੇ ਬਲਾਤਕਾਰ ਜਿਹੇ ਸੰਗੀਨ ਦੋਸ਼ ਹਨ।

ਸਾਲ 2022 'ਚ ਸਿਆਸੀ ਤਿਕੜਮਬਾਜੀ ਦੀਆਂ ਕਈ ਘਟਨਾਵਾਂ ਵਾਪਰੀਆਂ ਹਨ। ਬਿਹਾਰ ਵਿਚ ਮੁੱਖ ਮੰਤਰੀ ਨਤੀਸ਼ ਕੁਮਾਰ ਨੇ ਭਾਜਪਾ ਨਾਲੋਂ ਨਾਤਾ ਤੋੜ ਲਿਆ ਅਤੇ ਲਾਲੂ ਪ੍ਰਸ਼ਾਦ ਯਾਦਵ ਦੀ ਪਾਰਟੀ ਨਾਲ ਸਾਂਝ ਪਾ ਕੇ ਮੁੜ ਮੁੱਖ ਮੰਤਰੀ ਬਣ ਗਿਆ। ਪੰਜਾਬ 'ਚ ਭਾਜਪਾ ਨੂੰ ਮਜ਼ਬੂਤ ਕਰਨ ਅਤੇ ਆਮ ਆਦਮੀ ਪਾਰਟੀ ਦਾ ਰਾਜ ਖ਼ਤਮ ਕਰਨ, ਭਾਜਪਾ ਵਲੋਂ ਕਾਂਗਰਸ ਅਤੇ ਹੋਰ ਪਾਰਟੀਆਂ ਦੇ ਨੇਤਾਵਾਂ ਨੂੰ ਲਗਾਤਾਰ ਭਾਜਪਾ ਵਿਚ ਸ਼ਾਮਲ ਕਰਕੇ ਉੱਚ ਅਹੁਦੇ ਬਖ਼ਸ਼ੇ ਜਾ ਰਹੇ ਹਨ, ਜਿਨ੍ਹਾਂ 'ਚ ਸਾਬਕਾ ਕਾਂਗਰਸੀ ਪ੍ਰਧਾਨ ਸੁਨੀਲ ਜਾਖੜ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਹੋਰ ਉੱਘੇ ਨੇਤਾ ਸ਼ਾਮਲ ਸਨ।

2021 'ਚ ਬੁਰੀ ਤਰ੍ਹਾਂ ਸਿਆਸੀ ਤੌਰ 'ਤੇ ਝੰਜੋੜੀ ਗਈ ਅਤੇ ਪਛੜੀ ਕਾਂਗਰਸ ਨੂੰ ਕੋਈ ਰਸਤਾ ਨਹੀਂ ਸੀ ਮਿਲ ਰਿਹਾ, ਪਰ 'ਭਾਰਤ ਜੋੜੋ ਯਾਤਰਾ' ਕਾਂਗਰਸੀ ਮੁਹਿੰਮ ਨੇ ਕਾਂਗਰਸ 'ਚ ਥੋੜ੍ਹਾ ਉਤਸ਼ਾਹ ਅਤੇ ਸਾਹ ਸਤ ਪੈਦਾ ਕੀਤਾ ਹੈ। ਪੰਜਾਬ ਚੋਣਾਂ ਹਾਰਨ ਅਤੇ ਮੁੜ ਗੁਜਰਾਤ ਵਿਚ ਬੁਰੀ ਹਾਰ ਨੇ ਕਾਂਗਰਸ ਨੂੰ ਹਿਮਾਚਲ ਚੋਣਾਂ 'ਚ ਹੋਈ ਜਿੱਤ ਨੇ ਥੋੜ੍ਹੀ ਰਾਹਤ ਦਿੱਤੀ ਹੈ। (ਬਾਕੀ ਸਫ਼ਾ 33 'ਤੇ)

# 2024 ਦੀਆਂ ਚੋਣਾਂ ਦੌਰਾਨ ਸੂਬਿਆਂ ਵਿਚ ਪ੍ਰਭੂਤਵਸ਼ਾਲੀ ਪਾਰਟੀਆਂ ਭਾਜਪਾ ਦਾ ਮੁਕਾਬਲਾ ਕਿਵੇਂ ਕਰਨਗੀਆਂ?

ਭਾਰਤੀ ਲੋਕਤੰਤਰ ਚੋਣਾਂ ਦਾ ਲੋਕਤੰਤਰ ਹੈ। ਖ਼ਾਸ ਗੱਲ ਇਹ ਹੈ ਕਿ ਇਹ ਤੱਥ ਜਿੰਨਾ ਜ਼ਿਆਦਾ ਸਪੱਸ਼ਟ ਹੈ, ਓਨਾ ਹੀ ਇਸ ਦੇ ਵਿਭਿੰਨ ਪਹਿਲੂਆਂ ਦਾ ਡੂੰਘਾ ਅਧਿਐਨ ਘੱਟ ਹੋਇਆ ਹੈ। ਆਮ ਤੌਰ 'ਤੇ ਇਸ ਦੀ ਸਤਹੀ ਚਰਚਾ ਹੁੰਦੀ ਰਹਿੰਦੀ ਹੈ। ਭਾਵ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਦੇ ਨਾਲ-ਨਾਲ ਦਿੱਲੀ ਦੀ ਮਹਾਂਨਗਰ ਪਾਲਿਕਾ ਦੀ ਚੋਣ ਅਤੇ ਕਈ ਸੂਬਿਆਂ ਵਿਚ ਹੋ ਰਹੀਆਂ ਉਪ ਚੋਣਾਂ ਦੀ ਮੀਡੀਆ ਮੰਚਾਂ 'ਤੇ ਸਮੀਖਿਆ ਦੇ ਸਮੇਂ ਇਕ ਸਾਧਾਰਨ ਜਿਹਾ ਜੁਮਲਾ ਪੇਸ਼ ਕੀਤਾ ਗਿਆ ਕਿ ਚੋਣਾਵੀ ਲਾਭ ਸਾਰੀਆਂ ਪਾਰਟੀਆਂ ਵਿਚ ਵੰਡਿਆ ਗਿਆ, ਇਸ ਲਈ ਸਾਰਿਆਂ ਨੂੰ ਖ਼ੁਸ਼ ਹੋਣ ਦਾ ਮੌਕਾ ਮਿਲ ਗਿਆ। ਇਸ ਦਾ ਮਤਲਬ ਇਹ ਸੀ ਕਿ ਉਪ ਚੋਣਾਂ ਵਿਚ ਆਮ ਤੌਰ 'ਤੇ ਵਿਰੋਧੀ ਧਿਰ ਜਿੱਤੀ। ਹਿਮਾਚਲ ਕਾਂਗਰਸ ਦੇ ਨਾਲ, ਦਿੱਲੀ ਦੀ ਮਹਾਂਨਗਰ ਪਾਲਿਕਾ ਆਮ ਆਦਮੀ ਪਾਰਟੀ ਦੇ ਨਾਲ ਅਤੇ ਗੁਜਰਾਤ ਭਾਜਪਾ ਦੇ ਨਾਲ ਗਿਆ। ਬਹੁਤ ਘੱਟ ਸਮੀਖਿਅਕਾਂ ਨੇ ਇਸ ਪਹਿਲੂ 'ਤੇ ਜ਼ੋਰ ਦਿੱਤਾ ਕਿ ਇਨ੍ਹਾਂ ਦੋ ਸੂਬਿਆਂ ਦੀ ਚੋਣ ਭਾਰਤੀ ਜਨਤਾ ਪਾਰਟੀ ਨੇ ਕੌਮੀ ਮੁੱਦਿਆਂ 'ਤੇ ਲੜਨ ਦੀ ਰਣਨੀਤੀ ਬਣਾਈ, ਜਦੋਂ ਕਿ ਵਿਰੋਧੀ ਧਿਰਾਂ ਨੇ ਸਥਾਨਕ ਮੁੱਦਿਆਂ ਨੂੰ ਪਹਿਲ ਦਿੱਤੀ। ਮੁੱਦਿਆਂ ਦਾ ਇਹ ਬਟਵਾਰਾ ਕਿਉਂ ਹੋਇਆ ? ਇਸ ਲਈ ਕਿ ਭਾਜਪਾ ਦੀਆਂ



ਨਜ਼ਰਾਂ ਵਿਰੋਧੀ ਧਿਰ ਦੇ ਮੁਕਾਬਲੇ ਕਿਤੇ ਜ਼ਿਆਦਾ ਅਤੇ ਕਿਤੇ ਪਹਿਲਾਂ ਤੋਂ 2024 ਦੀਆਂ ਲੋਕ ਸਭਾ ਚੋਣਾਂ 'ਤੇ ਟਿਕ ਚੁੱਕੀਆਂ ਹਨ। ਉਹ ਵੋਟਰਾਂ ਨੂੰ ਸੰਦੇਸ਼ ਦੇਣਾ ਚਾਹੁੰਦੀ ਹੈ ਕਿ ਉਹ ਸਥਾਨਕ ਸਮੱਸਿਆਵਾਂ ਤੋਂ ਪਰ੍ਹੇ ਹਟ ਕੇ ਕੌਮੀ ਅਤੇ ਇਕ ਹੱਦ ਤੱਕ ਅੰਤਰਰਾਸ਼ਟਰੀ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਨਾ ਸ਼ੁਰੂ ਕਰ ਦੇਣ। ਆਖ਼ਰਕਾਰ ਉਨ੍ਹਾਂ ਨੇ ਸਾਲ ਭਰ ਬਾਅਦ ਹੀ ਇਕ ਵਾਰ ਫਿਰ ਰਾਸ਼ਟਰ ਦਾ ਭਵਿੱਖ ਤੈਅ ਕਰਨਾ ਹੈ। ਇਸ ਚੋਣਾਵੀ ਪੇਸ਼ਬੰਦੀ ਵਿਚ ਭਾਜਪਾ ਨੂੰ ਸਫ਼ਲਤਾ ਮਿਲਣ ਦੀ ਸੰਭਾਵਨਾ ਜ਼ਿਆਦਾ ਹੈ। ਕਾਰਨ ਇਹ ਹੈ ਕਿ ਚੋਣਾਵੀ ਹਾਲਾਤ 'ਤੇ ਵੰਡੀਆਂ ਹੋਈਆਂ ਵੋਟਾਂ (ਸਪਿਲਟ ਵੋਟਿੰਗ) ਜਾਂ ਵੋਟਰਾਂ ਦੇ ਵੰਡੇ ਜਾਣ ਦਾ ਵਰਤਾਰਾ ਹਾਵੀ ਹੋ ਚੁੱਕਾ ਹੈ। ਵੋਟ ਪਾਉਣ ਸਮੇਂ ਵੋਟਰ ਪੰਚਾਇਤ, ਨਗਰ ਪਾਲਿਕਾ, ਵਿਧਾਨ ਸਭਾ ਅਤੇ ਲੋਕ ਸਭਾ 'ਚ ਵੱਖ-ਵੱਖ ਤਰੀਕਿਆਂ ਨਾਲ ਸੋਚਦਾ ਹੈ, ਜਿਸ ਪਾਰਟੀ ਨੂੰ ਉਹ ਵਿਧਾਨ ਸਭਾ 'ਚ ਹਰਾਉਂਦਾ ਹੈ, ਉਸੇ ਨੂੰ ਲੋਕ ਸਭਾ ਵਿਚ ਓਨੇ ਹੀ ਜੋਸ਼ ਨਾਲ ਜਿਤਾ ਦਿੰਦਾ ਹੈ। ਅਜਿਹਾ ਕਈ ਸੂਬਿਆਂ 'ਚ ਹੋ ਚੁੱਕਾ ਹੈ। ਭਾਜਪਾ ਇਸੇ ਵੰਡੀਆਂ ਵੋਟਾਂ ਦਾ ਲਾਭ ਉਠਾ ਕੇ 2024 'ਚ ਜਿੱਤਣਾ ਚਾਹੁੰਦੀ ਹੈ।

ਜਿਸ ਸਮੇਂ ਰਾਜਨੀਤਕ ਸਮੀਖਿਅਕਾਂ ਦਾ ਦਿਮਾਗ ਹਿਮਾਚਲ ਅਤੇ ਗੁਜਰਾਤ ਦੀਆਂ ਚੋਣਾਂ ਵਿਚ ਫਸਿਆ ਹੋਇਆ ਸੀ, ਉਸੇ ਸਮੇਂ ਨਰਿੰਦਰ ਮੋਦੀ ਅਤੇ ਉਨ੍ਹਾਂ ਦਾ ਪ੍ਰਚਾਰ-ਤੰਤਰ ਆਪਣੇ ਕਿਸੇ ਹੋਰ ਇਰਾਦੇ ਨੂੰ ਜ਼ਮੀਨ 'ਤੇ ਉਤਾਰਨ 'ਚ ਲੱਗਾ ਹੋਇਆ ਸੀ। ਇਕ ਦਸੰਬਰ ਨੂੰ ਜੀ-20 (ਵੀਹ ਦੇਸ਼ਾਂ ਦਾ ਸਮੂਹ) ਦੀ ਪ੍ਰਧਾਨਗੀ ਭਾਰਤ ਨੂੰ ਮਿਲਣ ਦੀ ਘਟਨਾ ਦਾ ਜਿਸ ਤਰ੍ਹਾਂ ਨਾਲ ਪ੍ਰਚਾਰ ਕੀਤਾ ਗਿਆ, ਉਸ ਦਾ ਮਤਲਬ ਇਹ ਕੱਢਿਆ ਜਾ ਸਕਦਾ ਹੈ ਕਿ ਭਾਜਪਾ ਨੇ ਅਣਐਲਾਨੇ ਤੌਰ 'ਤੇ 2024 ਦੀਆਂ ਚੋਣਾਂ ਦੀ ਮੁਹਿੰਮ ਦਾ ਆਗਾਜ਼ ਕਰ ਦਿੱਤਾ ਹੈ। ਪੂਰੇ 2023 ਦੌਰਾਨ ਮੋਦੀ ਜੀ ਇਸ ਗਰੁੱਪ ਦੀ ਪ੍ਰਧਾਨਗੀ ਕਰਨਗੇ। ਸੱਤਾਧਾਰੀ ਦਲ ਇਸ ਦਾ ਪੂਰਾ ਚੋਣਾਵੀ ਲਾਹਾ ਲੈਣ ਦੇ ਰੌਂਅ 'ਚ ਹੈ। ਉਹ ਦਿਖਾਏਗਾ ਕਿ ਕਿਸ ਤਰ੍ਹਾਂ ਭਾਰਤ ਇਕ ਵਿਸ਼ਵ-ਸ਼ਕਤੀ ਦੇ ਰੂਪ ਵਿਚ ਉੱਭਰ ਰਿਹਾ ਹੈ। ਇਸ ਪਲ ਦੇ ਮਹੱਤਵ ਦਾ ਅਹਿਸਾਸ ਦਿਵਾਉਣ ਲਈ ਸਾਰੇ ਦੇਸ਼ਾਂ 'ਚ ਮੋਬਾਈਲ-ਧਾਰਕਾਂ ਨੂੰ ਸੰਦੇਸ਼ ਭੇਜੇ ਗਏ। ਜਿੰਨੇ ਕੌਮੀ ਸਮਾਰਕ ਹਨ, ਉਨ੍ਹਾਂ 'ਤੇ ਹੋਲੋਗ੍ਰਾਮ ਪ੍ਰਕਾਸ਼ਿਤ ਕੀਤੇ ਗਏ। ਅਖ਼ਬਾਰਾਂ 'ਚ ਪੂਰੇ-ਪੂਰੇ ਪੰਨਿਆਂ ਦੇ ਇਸ਼ਤਿਹਾਰ ਪ੍ਰਕਾਸ਼ਿਤ ਹੋਏ। ਖ਼ੁਦ ਪ੍ਰਧਾਨ ਮੰਤਰੀ ਨੇ ਵੱਡੀਆਂ ਅਖ਼ਬਾਰਾਂ ਵਿਚ ਆਪਣੇ ਨਾਂ ਨਾਲ ਲੇਖ ਪ੍ਰਕਾਸ਼ਿਤ ਕਰਵਾਏ। ਕੀ ਇਹ ਗੱਲ ਕਿਸੇ ਤੋਂ ਛੁਪੀ ਰਹਿ ਸਕਦੀ ਹੈ ਕਿ ਜੀ-20 ਦਾ ਲੋਗੋ ਵੀ ਕਮਲ ਦਾ ਫੁੱਲ ਹੈ ਅਤੇ ਭਾਜਪਾ ਦਾ ਚੋਣ ਨਿਸ਼ਾਨ ਵੀ ਕਮਲ ਦਾ ਫੁੱਲ ਹੈ। ਉਂਜ ਤਾਂ ਇਹ ਸਿਰਫ਼ ਇਕ ਸੰਯੋਗ ਹੈ, ਕਿਉਂਕਿ ਇਹ ਲੋਗੋ ਸਾਊਦੀ ਅਰਬ ਦੇ ਡਿਜ਼ਾਇਨਰਾਂ ਨੇ ਤਿਆਰ ਕੀਤਾ ਹੈ ਪਰ ਹੁਣ ਇਹ ਚੋਣਾਂ ਲੜਨ 'ਚ ਮਾਹਿਰ ਭਾਜਪਾ ਦੇ ਹੱਥਾਂ ਵਿਚ ਲੱਗ ਗਿਆ ਹੈ। ਉਹ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਜੀ-20 ਦੀ ਪ੍ਰਧਾਨਗੀ ਨਾਲ ਵੋਟਾਂ ਦੀ ਬਾਰਿਸ਼ ਹੋਣੀ ਚਾਹੀਦੀ ਹੈ।

ਅਗਲਾ ਸਾਲ (2023) 9 ਵਿਧਾਨ ਸਭਾ ਚੋਣਾਂ ਦਾ ਹੈ। ਮਾਰਚ ਮਹੀਨੇ 'ਚ ਮੇਘਾਲਿਆ, ਨਾਗਾਲੈਂਡ ਅਤੇ ਤ੍ਰਿਪੁਰਾ ਦੀਆਂ ਚੋਣਾਂ ਹੋਣਗੀਆਂ। ਕਰਨਾਟਕਾ ਦੀ ਚੋਣ ਮਈ ਵਿਚ ਹੋਣੀ ਹੈ। ਛੱਤੀਸਗੜ੍ਹ, ਮੱਧ ਪ੍ਰਦੇਸ਼, ਰਾਜਸਥਾਨ, ਤੇਲੰਗਾਨਾ ਅਤੇ ਮਿਜ਼ੋਰਮ ਦੀਆਂ ਚੋਣਾਂ ਸਾਲ ਦੇ ਅਖ਼ੀਰ ਵਿਚ ਕਰਵਾਈਆਂ ਜਾਣਗੀਆਂ। ਭਾਵ, ਇਕ ਵਾਰ ਫਿਰ ਲੋਕ ਸਭਾ ਤੋਂ ਪਹਿਲਾਂ ਦੱਖਣ ਤੋਂ ਉੱਤਰ-ਪੂਰਬ ਤੱਕ ਵੋਟਰ ਭਾਜਪਾ ਅਤੇ ਵਿਰੋਧੀ ਦਲਾਂ ਦੁਆਰਾ ਪੇਸ਼ ਕੀਤੇ ਗਏ ਮੁੱਦਿਆਂ ਦਾ ਮੁਲਾਂਕਣ ਕਰਨ ਵਾਲੇ ਹਨ। ਇਕ ਹੱਦ ਤੱਕ ਭਰੋਸੇ ਨਾਲ ਕਿਹਾ ਜਾ ਸਕਦਾ ਹੈ ਕਿ ਭਾਜਪਾ ਇਨ੍ਹਾਂ ਚੋਣਾਂ ਵਿਚ ਆਪਣੀਆਂ ਕੌਮੀ ਉਪਲਬਧੀਆਂ ਨੂੰ ਗਿਣਾਉਣ ਦੀ ਕੋਸ਼ਿਸ਼ ਕਰੇਗੀ। ਇਸ ਤੋਂ ਇਲਾਵਾ ਉਹ ਕਸ਼ਮੀਰ, ਰਾਮ ਮੰਦਰ, ਤਿੰਨ ਤਲਾਕ, ਨਾਗਰਿਕਤਾ ਕਾਨੂੰਨ ਅਤੇ ਸਮਾਨ ਨਾਗਰਿਕ ਕੋਡ ਨਾਲ ਜੁੜੀਆਂ ਗੱਲਾਂ 'ਤੇ ਜ਼ੋਰ ਦੇਣਾ ਪਸੰਦ ਕਰੇਗੀ। ਇਸ ਦੇ ਨਾਲ-ਨਾਲ ਉਹ ਘੱਟ ਆਮਦਨ ਨਾਲ ਜੂਝ ਰਹੀ ਦੇਸ਼ ਦੀ ਬਹੁਗਿਣਤੀ ਜਨਤਾ ਨਾਲ ਜੋੜਨ ਵਾਲੀਆਂ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਨੂੰ ਹੋਰ ਮਜ਼ਬੂਤੀ ਨਾਲ ਲਾਗੂ ਕਰਨ ਦੀ ਕੋਸ਼ਿਸ਼ ਕਰੇਗੀ। ਭਾਜਪਾ ਤੋਂ ਜ਼ਿਆਦਾ ਹੋਰ ਕੌਣ ਜਾਣਦਾ ਹੈ ਕਿ ਅਰਥਵਿਵਸਥਾ ਦੀਆਂ ਆਮ ਸਰਗਰਮੀਆਂ (ਬਾਕੀ ਸਫ਼ਾ 33 'ਤੇ)

# ਦੁਨੀਆਂ ਦੇ ਕਈ ਦੇਸ਼ ਆਰਥਿਕ ਮੰਦੀ ਦੇ ਡੂੰਘੇ ਸੰਕਟ ’ਚ

## ਯੂਕਰੇਨ-ਰੂਸ ਜੰਗ ਬਣੀ ਆਰਥਿਕ ਮੰਦੀ ਦਾ ਕਾਰਨ

## ਆਰਥਿਕ ਮਾਹਿਰਾਂ ਅਨੁਸਾਰ ਅਗਲੇ ਸਾਲ 2023 ਦੌਰਾਨ ਅਮਰੀਕਾ ਵਿੱਚ ਆਰਥਿਕ ਮੰਦੀ ਦੀ 70% ਤੱਕ ਸੰਭਾਵਨਾ



ਪ੍ਰੋ. ਬਲਵਿੰਦਰ ਪਾਲ ਸਿੰਘ
9815700916




ਪੂਰੀ ਦੁਨੀਆ ਵਿਚ 4 ਵਾਰ ਆਰਥਿਕ ਮੰਦੀ ਆ ਚੁੱਕੀ ਹੈ। ਪਹਿਲੀ ਵਾਰ 1975 ਵਿੱਚ, ਦੂਜੀ ਵਾਰ 1982 ਵਿੱਚ, ਤੀਜੀ ਵਾਰ 1991 ਵਿੱਚ ਅਤੇ ਚੌਥੀ ਵਾਰ 2008 ਵਿੱਚ ਆਰਥਿਕ ਮੰਦੀ ਆਈ ਸੀ। ਹੁਣ ਇਹ ਪੰਜਵੀਂ ਵਾਰ ਹੋਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ। ਕੋਰੋਨਾ ਮਹਾਂਮਾਰੀ ਦੇ ਬਾਅਦ ਤੋਂ ਵਿਸ਼ਵ ਅਰਥਵਿਵਸਥਾ ਪਟੜੀ ’ਤੇ ਆਉਣ ਦੀ ਕੋਸ਼ਿਸ਼ ਕਰ ਰਹੀ ਸੀ ਪਰ ਰੂਸ ਨੇ ਫਰਵਰੀ 2022 ਵਿੱਚ ਯੂਕਰੇਨ ’ਤੇ ਹਮਲੇ ਕਾਰਨ ਦੁਨੀਆ ਭਰ ਵਿੱਚ ਭੋਜਨ ਅਤੇ ਤੇਲ ਦੀ ਸਪਲਾਈ ਲੜੀ ਪ੍ਰਭਾਵਿਤ ਹੋਈ। ਕੱਚਾ ਤੇਲ ਮਹਿੰਗਾ ਹੋਣ ’ਤੇ ਇਸ ਦਾ ਸਿੱਧਾ ਅਸਰ ਮਹਿੰਗਾਈ ’ਤੇ ਵੀ ਦੇਖਣ ਨੂੰ ਮਿਲਿਆ ਹੈ।ਕਾਰੋਬਾਰੀ ਮਾਹੌਲ ਦੀ ਬਰਬਾਦੀ ਦਾ ਸਭ ਤੋਂ ਅਹਿਮ ਕਾਰਨ ਹੈ ਯੂਕਰੇਨ ਜੰਗ ਜਿਸ ਨੂੰ ਇਕ ਸਾਲ ਹੋਣ ਵਾਲਾ ਹੈ। ਜੰਗ ਕਰ ਕੇ ਊਰਜਾ ਦੀਆਂ ਆਲਮੀ ਕੀਮਤਾਂ ਆਸਮਾਨ ਛੂਹ ਰਹੀਆਂ ਹਨ ਜਿਸ ਕਾਰਨ ਦੁਨੀਆ ਭਰ ਵਿਚ ਮਹਿੰਗਾਈ ਦਰ ਉੱਚੀ ਹੋ ਗਈ ਹੈ।ਆਰਥਿਕ ਮਾਹਿਰਾਂ ਅਨੁਸਾਰ ਗਲੋਬਲ ਜੀਡੀਪੀ ਦਾ ਅੰਕੜਾ 1.6 ਫੀਸਦੀ ’ਤੇ ਆ ਸਕਦਾ ਹੈ ਪਰ ਗਲੋਬਲ ਮਹਿੰਗਾਈ ਦਰ 6 ਫੀਸਦੀ ਦੇ ਕਰੀਬ ਰਹਿਣ ਦੀ ਸੰਭਾਵਨਾ ਹੈ, ਜਿਸ ਕਾਰਨ ਦੇਸ਼ਾਂ ਦੇ ਕੇਂਦਰੀ ਬੈਂਕਾਂ ਨੂੰ ਵਿਆਜ ਦਰਾਂ ਵਧਾਉਣੀਆਂ ਪੈਣਗੀਆਂ। ਆਰਥਿਕ ਬੇਯਕੀਨੀ ਦੇ ਇਸ ਕਿਸਮ ਦੇ ਹਾਲਾਤ ਵਿਚ ਦੁਨੀਆ ਭਰ ਦੇ ਨਿਵੇਸ਼ ਫੰਡ ਅਮਰੀਕੀ ਸਿਸਟਮ ਦੀ ਸੁਰੱਖਿਆ ਹਾਸਲ ਕਰਨ ਲਈ ਕਤਾਰ ਵਿਚ ਲੱਗੇ ਹੋਏ ਹਨ। ਇਸ ਦੇ ਸਿੱਟੇ ਵਜੋਂ ਅਮਰੀਕੀ ਡਾਲਰ ਦੀ ਕੀਮਤ ਵਧ ਰਹੀ ਹੈ ਤੇ ਇੰਝ ਦਰਾਮਦਾਂ ਮਹਿੰਗੀਆਂ ਪੈਣ ਕਰ ਕੇ ਤੇਲ ਕੀਮਤਾਂ ਕਰ ਕੇ ਮਹਿੰਗਾਈ ਦਰ ’ਤੇ ਦਬਾਓ ਹੋਰ ਵਧ ਰਿਹਾ ਹੈ। ਇਸ ਸਮੇਂ ਆਲਮੀ ਅਰਥਚਾਰੇ ਦੇ ਵੱਡੇ ਹਿੱਸੇ ਖ਼ਾਸਕਰ ਯੂਰੋ ਖਿੱਤੇ ਨੂੰ ਸਾਹਮਣੇ ਮੰਦੀ ਨਜ਼ਰ ਆ ਰਹੀ ਹੈ।ਮਹਿੰਗਾਈ ਨੂੰ ਨੱਥ ਪਾਉਣ ਲਈ ਪਹਿਲਾਂ ਅਮਰੀਕੀ ਫੈਡਰਲ ਰਿਜ਼ਰਵ ਅਤੇ ਫਿਰ ਹੋਰ ਮੁੱਖ ਦੇਸ਼ਾਂ ਦੀਆਂ ਕੇਂਦਰੀ ਬੈਂਕਾਂ ਨੇ ਵਿਆਜ ਦਰਾਂ ਵਿਚ ਵਾਧਾ ਕਰ ਦਿੱਤਾ ਸੀ। ਹੁਣ ਮਹਿੰਗਾਈ ਨਾਲ ਨਜਿੱਠਣ ਲਈ ਦੁਨੀਆ ਦੇ ਕੇਂਦਰੀ ਬੈਂਕਾਂ ਵਲੋਂ ਵਿਆਜ ਦਰਾਂ ਵਧਾਉਣ ਕਾਰਣ ਵਿਦੇਸ਼ੀ ਨਿਵੇਸ਼ਕਾਂ ਨੇ ਸ਼ੇਅਰ ਬਾਜ਼ਾਰ ਤੋਂ ਪੈਸਾ ਵਾਪਸ ਲੈ ਲਿਆ ਹੈ। ਜਦੋਂ ਵਿਦੇਸ਼ੀ ਨਿਵੇਸ਼ਕ ਪੈਸਾ ਕਢਵਾ ਲੈਂਦੇ ਹਨ ਤਾਂ ਉਸ ਦਾ ਸਿੱਧਾ ਅਸਰ ਉਸ ਦੇਸ਼ ਦੀ ਕਰੰਸੀ ’ਤੇ ਪੈਂਦਾ ਹੈ॥ ਇਸ ਦੇ ਨਾਲ ਹੀ ਕਈ ਦੇਸ਼ਾਂ ਦੀ ਆਰਥਿਕਤਾ ਪਟੜੀ ਤੋਂ ਉਤਰ ਚੁਕੀ ਹੈ। ਇਹੀ ਕਾਰਨ ਹੈ ਕਿ ਮਾਹਿਰ ਅਤੇ ਵੱਖ-ਵੱਖ ਆਰਥਿਕ ਮਾਹਿਰਾਂ ਦੇ ਸੰਗਠਨਾ ਦੁਨੀਆ ਦੇ ਕਈ ਦੇਸ਼ਾਂ ਵਿਚ ਡੂੰਘੀ ਆਰਥਿਕ ਮੰਦੀ ਦੇ ਸੰਕਟ ਆਉਣ ਬਾਰੇ ਚੇਤਾਵਨੀ ਦੇ ਚੁੱਕੇ ਹਨ।

ਪ੍ਰਸਿੱਧ ਵੈਬਸਾਈਟ ਲਾਈਵ ਮਿੰਟ ਕਾਮ ਅਨੁਸਾਰ ਅਰਥ ਸ਼ਾਸਤਰੀਆਂ ਨੇ ਭਵਿੱਖਬਾਣੀ ਕੀਤੀ ਹੈ ਕਿ ਅਗਲੇ ਸਾਲ 2023 ਦੌਰਾਨ ਅਮਰੀਕਾ ਵਿੱਚ ਆਰਥਿਕ ਮੰਦੀ ਦੀ 70% ਤੱਕ ਸੰਭਾਵਨਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਫੈਡਰਲ ਰਿਜ਼ਰਵ ਵੱਲੋਂ ਵਿਆਜ ਦਰਾਂ ਵਿਚ ਭਾਰੀ ਵਾਧੇ ਕਾਰਨ ਅਗਲੇ ਸਾਲ ਅਮਰੀਕੀ ਅਰਥ ਵਿਵਸਥਾ ਮੰਦੀ ਦੀ ਲਪੇਟ ਵਿਚ ਆ ਸਕਦੀ ਹੈ। ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ ਅਗਲੇ ਸਾਲ ਯਾਨੀ 2023 ਦੌਰਾਨ ਅਮਰੀਕਾ ਵਿਚ ਆਰਥਿਕ ਮੰਦੀ ਦੀ 70 ਫੀਸਦੀ ਸੰਭਾਵਨਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਫੈਡਰਲ ਰਿਜ਼ਰਵ ਵੱਲੋਂ ਵਿਆਜ ਦਰਾਂ ਵਿਚ ਭਾਰੀ ਵਾਧੇ ਕਾਰਨ ਅਗਲੇ ਸਾਲ ਅਮਰੀਕੀ ਅਰਥਵਿਵਸਥਾ ਮੰਦੀ ਦੀ ਲਪੇਟ ਵਿਚ ਆ ਸਕਦੀ ਹੈ। ਇਸ ਕਾਰਨ ਮਹਿੰਗਾਈ ਵਧਣ ਨਾਲ ਮੰਗ ਵਿਚ ਕਮੀ ਆ ਸਕਦੀ ਹੈ।ਜੇਕਰ ਮਾਹਿਰਾਂ ਦੀ ਮੰਨੀਏ ਤਾਂ ਅਗਲੇ ਸਾਲ ਜੀਡੀਪੀ ਦਾ ਔਸਤਨ 0.3% ਦੇਖਿਆ ਜਾ ਸਕਦਾ ਹੈ, ਜਿਸ ਵਿੱਚ ਦੂਜੀ ਤਿਮਾਹੀ ਵਿੱਚ ਸਾਲਾਨਾ 0.7% ਦੀ ਗਿਰਾਵਟ ਅਤੇ ਪਹਿਲੀ ਅਤੇ ਤੀਜੀ ਤਿਮਾਹੀ ਵਿੱਚ ਫਲੈਟ ਰੀਡਿੰਗ ਸ਼ਾਮਲ ਹੈ। ਖਪਤਕਾਰ ਖਰਚ, ਜੋ ਕਿ ਜੀਡੀਪੀ ਦਾ ਲਗਭਗ ਦੋ-ਤਿਹਾਈ ਹਿੱਸਾ ਹੈ, ਸਾਲ ਦੇ ਮੱਧ ਵਿੱਚ ਮੁਸ਼ਕਿਲ ਨਾਲ ਵਧਣ ਦੀ ਉਮੀਦ ਹੈ। ਵਰਤਮਾਨ ਵਿੱਚ, ਅਮਰੀਕੀ ਅਰਥਵਿਵਸਥਾ ਵਧਦੀ ਵਿਆਜ ਦਰਾਂ, ਉੱਚ ਮਹਿੰਗਾਈ ਅਤੇ ਵਿਦੇਸ਼ਾਂ ਵਿੱਚ ਕਮਜ਼ੋਰ ਨਿਰਯਾਤ ਕਾਰਨ ਗੰਭੀਰ ਹਾਲਾਤਾਂ ਦਾ ਸਾਹਮਣਾ ਕਰ ਰਹੀ ਹੈ।

**ਇਨ੍ਹਾਂ ਦੇਸ਼ਾਂ ਨੂੰ ਆਰਥਿਕ ਮੰਦੀ ਦਾ ਸਾਹਮਣਾ ਕਰਨਾ ਪੈ ਸਕਦਾ**

ਦਰਅਸਲ ਯੂਰਪੀ ਸੰਘ ਵੱਲੋਂ ਦੁਨੀਆ ਦੇ ਕਈ ਦੇਸ਼ਾਂ ਵਿਚ ਆਰਥਿਕ ਸੰਕਟ ਨੂੰ ਲੈ ਕੇ ਚਿਤਾਵਨੀ ਦਿੱਤੀ ਗਈ ਹੈ। ਯੂਰਪੀ ਸੰਘ ਦਾ ਕਹਿਣਾ ਹੈ ਕਿ 19 ਦੇਸ਼ਾਂ ਦੇ ਯੂਰੋਜ਼ੋਨ ਵਿਚ ਆਰਥਿਕ ਮੰਦੀ ਦਾ ਸੰਕਟ ਸਾਫ ਦਿਖਾਈ ਦੇ ਰਿਹਾ ਹੈ। ਈਯੂ ਦੇ ਅਨੁਸਾਰ, ਇਸਦੇ ਮੈਂਬਰ ਦੇਸ਼ਾਂ ਨੂੰ 2023 ਦੌਰਾਨ ਆਰਥਿਕ ਮੰਦੀ ਦਾ ਸਾਹਮਣਾ ਕਰਨਾ ਪਵੇਗਾ। ਯੂਰਪੀ ਸੰਘ ਨੇ ਇਸ ਦਾ ਸਭ ਤੋਂ ਵੱਡਾ ਕਾਰਨ ਮਹਿੰਗਾਈ ਅਤੇ ਤੇਲ ਦੀਆਂ ਵਧਦੀਆਂ ਕੀਮਤਾਂ ਨੂੰ ਦੱਸਿਆ ਗਿਆ ਹੈ। ਈਯੂ ਦਾ ਕਹਿਣਾ ਹੈ ਕਿ 2020-2021 ਵਿੱਚ ਦੁਨੀਆ ਵਿੱਚ ਕੋਵਿਡ-19 ਮਹਾਂਮਾਰੀ ਨੇ ਆਰਥਿਕ ਗਤੀਵਿਧੀਆਂ ਨੂੰ ਕਾਫੀ ਹੱਦ ਤੱਕ ਬਰਬਾਦ ਕਰ ਦਿੱਤਾ ਹੈ। ਜਦੋਂ ਇਸ ਨੂੰ ਰਾਹਤ ਮਿਲਣ ਲੱਗੀ ਤਾਂ ਯੂਕਰੇਨ-ਰੂਸ ਹਮਲੇ ਨੇ ਇਸ ਨੂੰ ਪਟੜੀ ਤੋਂ ਉਤਾਰਨ ਦਾ ਕੰਮ ਕੀਤਾ ਹੈ। ਇਸ ਕਾਰਨ ਵਿਸ਼ਵ ਮੰਡੀ ਵਿੱਚ ਈਂਧਨ ਦੀ ਕੀਮਤ ਵਿੱਚ ਕਾਫੀ ਵਾਧਾ ਹੋਇਆ ਹੈ। ਇੰਨਾ ਹੀ ਨਹੀਂ ਇਸ ਦਾ ਅਸਰ ਹਰ ਪਾਸੇ ਦੇਖਣ ਨੂੰ ਮਿਲ ਰਿਹਾ ਹੈ।

ਦੱਸ ਦੇਈਏ ਕਿ ਯੂਰਪੀਅਨ ਯੂਨੀਅਨ ਵਿੱਚ ਕੁੱਲ 28 ਦੇਸ਼ ਹਨ। ਯੂਰਪੀਅਨ ਯੂਨੀਅਨ ਦਾ ਕਹਿਣਾ ਹੈ ਕਿ ਯੂਰਪ ਵਿੱਚ ਮਹਿੰਗਾਈ ਸਾਲ ਦੇ ਆਖਰੀ ਮਹੀਨੇ ਆਪਣੇ ਸਿਖਰ ’ਤੇ ਪਹੁੰਚ ਚੁਕੀ ਹੈ। ਇਸ ਦਾ ਪ੍ਰਭਾਵ 2023 ਦੀ ਪਹਿਲੀ ਤਿਮਾਹੀ ਤੱਕ ਰਹਿਣ ਦੀ ਉਮੀਦ ਹੈ। ਇਸ ਤੋਂ ਬਾਅਦ ਯੂਰਪ ਮੁੜ ਲੀਹ ’ਤੇ ਆਉਣਾ ਸ਼ੁਰੂ ਹੋ ਜਾਵੇਗਾ। ਈਯੂ ਦਾ ਕਹਿਣਾ ਹੈ ਕਿ 2023 ਵਿੱਚ ਵਿਕਾਸ ਦਰ 0.3 ਫੀਸਦੀ ਤੱਕ ਜਾ ਸਕਦੀ ਹੈ। ਜਰਮਨੀ, ਦੁਨੀਆ ਦੀ ਚੌਥੀ ਅਤੇ ਈਯੂ ਦੀ ਸਭ ਤੋਂ ਵੱਡੀ ਅਰਥਵਿਵਸਥਾ, ਪਹਿਲਾਂ ਹੀ ਆਰਥਿਕ ਮੰਦੀ ਦਾ ਸਾਹਮਣਾ ਕਰ ਰਿਹਾ ਹੈ। ਈਯੂ ਦੇ ਮੁਲਾਂਕਣ ਦੇ ਅਨੁਸਾਰ, ਜਰਮਨੀ ਦੀ ਜੀਡੀਪੀ 2023 ਵਿੱਚ ਵੀ ਗਿਰਾਵਟ ਜਾਰੀ ਰਹਿ ਸਕਦੀ ਹੈ।

ਹਾਲ ਹੀ ਵਿੱਚ ਜਰਮਨੀ ਅਤੇ ਚੀਨ ਦੇ ਵਪਾਰਕ ਸਬੰਧ ਮਜ਼ਬੂਤ ਹੋਏ ਹਨ। ਪਰ, ਚੀਨ ਦੀ ਜ਼ੀਰੋ ਕੋਵਿਡ ਨੀਤੀ ਇਸ ’ਤੇ ਪਰਛਾਵਾਂ ਪਾ ਰਹੀ ਹੈ। ਇਸ ਕਾਰਨ ਚੀਨ ਵਿੱਚ ਜਰਮਨ ਮਸ਼ੀਨਰੀ ਦੀ ਮੰਗ ਵਿੱਚ ਕਮੀ ਆਈ ਹੈ। ਜਰਮਨੀ ਦੇ ਮੁੜ ਏਕੀਕਰਨ ਤੋਂ ਬਾਅਦ ਪਹਿਲੀ ਵਾਰ ਮਹਿੰਗਾਈ ਦਰ 10 ਫੀਸਦੀ ਨੂੰ ਪਾਰ ਕਰ ਗਈ ਹੈ। ਇਸ ਦੇ ਨਾਲ ਹੀ ਬਰਤਾਨੀਆ ਵੀ ਆਰਥਿਕ ਮੰਦੀ ਦੀ ਲਪੇਟ ਵਿਚ ਹੈ। ਬ੍ਰਿਟੇਨ ਵਿੱਚ ਪਿਛਲੇ 4 ਦਹਾਕਿਆਂ ਵਿੱਚ ਸਭ ਤੋਂ ਵੱਧ ਮਹਿੰਗਾਈ ਦਰ ਹੈ। ਇਸ ਦਾ ਕਾਰਨ ਯੂਕਰੇਨ-ਰੂਸ ਜੰਗ ਹੈ। ਇਸ ਤੋਂ ਬਚਣ ਲਈ ਬੈਂਕ ਆਫ ਇੰਗਲੈਂਡ ਨੇ ਵਿਆਜ ਦਰ ਵਧਾ ਦਿੱਤੀ ਸੀ।ਆਰਥਿਕ ਮਾਹਿਰਾਂ ਅਨੁਸਾਰ ਇਸ ਕਾਰਨ ਦੇਸ਼ ਵਿੱਚ ਆਰਥਿਕ ਮੰਦੀ ਦਾ ਪ੍ਰਭਾਵ ਲੰਮੇ ਸਮੇਂ ਤੱਕ ਬਣਿਆ ਰਹਿ ਸਕਦਾ ਹੈ।

ਆਰਥਿਕ ਮੰਦੀ ਦੇ ਡਰ ਦਾ ਅਸਰ ਕਾਰਪੋਰੇਟ ਕੰਪਨੀਆਂ ਉਪਰ

ਦੁਨੀਆ ਦੀਆਂ ਸਭ ਤੋਂ ਵੱਡੀਆਂ ਤਕਨੀਕੀ ਕੰਪਨੀਆਂ- ਮੈਟਾ (ਫੇਸਬੁੱਕ), ਟਵਿਟਰ, ਅਲਫਾਬੈੱਟ (ਗੂਗਲ), ਐਮੇਜ਼ਨ, ਐਪਲ ਅਤੇ ਮਾਈਕ੍ਰੋਸਾਫਟ ਗੰਭੀਰ ਕਾਰੋਬਾਰੀ ਮੰਦੀ ਦੀ ਲਪੇਟ ਵਿਚ ਆ ਚੁਕੀਆਂ ਹਨ, ਜਿਸ ਕਰਕੇ ਨਵੰਬਰ 2022 ਤੱਕ 70 ਹਜ਼ਾਰ ਤੋਂ ਵੱਧ ਮੁਲਾਜ਼ਮਾਂ ਦੀ ਛਾਂਟੀ ਕੀਤੀ ਜਾ ਚੁੱਕੀ ਹੈ।

ਗੂਗਲ ਦੀ ਮੂਲ ਕੰਪਨੀ ਅਲਫਾਬੇਟ ਨੇ ਕਿਹਾ ਹੈ ਕਿ 2022 ਦੇ ਇਸ ਆਖਰੀ ਮਹੀਨੇ ਦਸੰਬਰ ਤੱਕ ਭਰਤੀ ਪ੍ਰਕਿਰਿਆ ਨੂੰ ਘੱਟ ਕਰ ਚੁੱਕੀ ਹੈ। ਗੂਗਲ ਹੀ ਨਹੀਂ ਫੇਸਬੁੱਕ ਨੇ ਵੀ 2022 ਵਿਚ 10 ਹਜ਼ਾਰ ਦੇ ਟੀਚੇ ਦੀ ਬਜਾਏ ਸਿਰਫ 6 ਹਜ਼ਾਰ ਤੋਂ 7 ਹਜ਼ਾਰ ਨਵੇਂ ਇੰਜੀਨੀਅਰਾਂ ਦੀ ਭਰਤੀ ਕੀਤੀ ਹੈ। ਅਗੋਂ ਹੋਰ ਘਟਾਏਗੀ। 2022-23 ਵਿਚ ਸੰਭਾਵਿਤ ਮੰਦੀ ਦੇ ਮੱਦੇਨਜ਼ਰ ਮਾਈਕ੍ਰੋਸਾਫਟ ਨੇ ਵੀ ਭਰਤੀ ਵਿਚ ਕਟੌਤੀ ਕਰਨ ਦਾ ਫੈਸਲਾ ਕੀਤਾ ਹੋਇਆ ਹੈ। ਹੁਣ ਐਮੇਜ਼ਨ ਵੀ ਇਸੇ ਰਾਹ ’ਤੇ ਚੱਲ ਪਈ ਹੈ ਤੇ ਇਸ ਦੀ ਛਾਂਟੀ ਦੀ ਇਸੇ ਹਫਤੇ ਸਾਲ ਦੇ ਅੰਤ ਤੱਕ 10 ਹਜ਼ਾਰ ਤੱਕ ਪਹੁੰਚ ਜਾਵੇਗੀ। ਵੱਡੇ ਕਾਰੋਬਾਰੀ ਐਲਨ ਮਸਕ ਨੇ ਟਵਿੱਟਰ ਦਾ ਸੌਦਾ ਕਰਨ ਤੋਂ ਬਾਅਦ ਇਕ ਹਫ਼ਤੇ ਦੇ ਅੰਦਰ ਅੰਦਰ ਹਜ਼ਾਰਾਂ ਮੁਲਾਜ਼ਮਾਂ ਦੀ ਛਾਂਟੀ ਕਰ ਦਿੱਤੀ ਸੀ ਜਿਸ ਨਾਲ ਇਸ ਦੇ ਮੁਲਾਜ਼ਮਾਂ ਦੀ ਗਿਣਤੀ 50 ਫ਼ੀਸਦ ਰਹਿ ਗਈ ਹੈ। ਪਿਛਲੇ ਹਫਤੇ ਭਾਰਤੀ ਸ਼ੇਅਰ ਬਾਜ਼ਾਰ ਦੇ ਵਿੱਚ ਨਿਵੇਸ਼ਕਾਂ ਨੂੰ 7 ਦਿਨਾਂ ਦੌਰਾਨ 19 ਲੱਖ ਕਰੋੜ ਤੋਂ ਵੱਧ ਦਾ ਨੁਕਸਾਨ ਹੋਇਆ ਸੀ। ਇਸ ਦੇ ਨਾਲ ਹੀ ਪਿਛਲੇ ਤਿੰਨ ਮਹੀਨਿਆਂ ਦੇ ਦੌਰਾਨ 8 ਖਰਬ ਰੁਪਏ ਦਾ ਨੁਕਸਾਨ ਹੋ ਚੁੱਕਾ ਹੈ। ਸ਼ੇਅਰ ਬਾਜ਼ਾਰ ਵਿੱਚ ਚੱਲ ਰਹੀ ਗਿਰਾਵਟ ਨੂੰ ਦੇਖਦਿਆਂ ਐਲੋਨ ਮਸਕ ਨੇ ਦੁਹਰਾਇਆ ਕਿ ਉਹ ਇਸ ਹਫਤੇ ਸ਼ੇਅਰ ਵੇਚਣਾ ਬੰਦ ਕਰ ਦੇਣਗੇ। ਮਸਕ ਨੇ ਕਿਹਾ ਕਿ ਇਹ ਵਿਰਾਮ ਦੋ ਸਾਲ ਜਾਂ ਇਸ ਤੋਂ ਵੱਧ ਰਹਿ ਸਕਦਾ ਹੈ। ਆਲ-ਇਨ ਪੋਡਕਾਸਟ ਵਿੱਚ ਐਲੋਨ ਮਸਕ ਨੇ ਨਿਵੇਸ਼ਕਾਂ ਨੂੰ ਸਲਾਹ ਦਿੰਦੇ ਹੋਏ ਕਿਹਾ ਕਿ ਮੈਂ ਅਸਲ ਵਿੱਚ ਲੋਕਾਂ ਨੂੰ ਇੱਕ ਅਸਥਿਰ ਸਟਾਕ ਮਾਰਕੀਟ ਵਿੱਚ ਮਾਰਜਿਨ ਲੋਨ ਨਾ ਲੈਣ ਦੀ ਸਲਾਹ ਦੇਵਾਂਗਾ ਕਿਉਂਕਿ ਅਜਿਹੇ ਹਾਲਾਤਾਂ ਵਿੱਚ ਤੁਹਾਡੀ ਸਮੱਸਿਆ ਵਧ ਸਕਦੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਡਿੱਗ ਰਹੀ ਮੰਡੀ ਵਿੱਚ ਕੁਝ ਠੋਸ ਗੱਲਾਂ ਵੱਲ ਵੀ ਧਿਆਨ ਦੇਣ ਦੀ ਲੋੜ ਹੈ।

ਮੈਟਾ ਨੇ 11 ਹਜ਼ਾਰ ਮੁਲਾਜ਼ਮਾਂ ਦੀ ਛਾਂਟੀ ਕਰ ਦਿੱਤੀ ਹੈ ਜੋ ਇਸ ਦੀ ਕੁੱਲ ਕਿਰਤ ਸ਼ਕਤੀ ਦਾ 13 ਫ਼ੀਸਦ ਬਣਦਾ ਹੈ ਜਦਕਿ ਇਸ ਤੋਂ ਪਹਿਲਾਂ ਨੌਂ ਮਹੀਨਿਆਂ ਦੌਰਾਨ ਇਸ ਨੇ 28 ਹਜ਼ਾਰ ਮੁਲਾਜ਼ਮਾਂ ਦਾ ਵਾਧਾ ਕੀਤਾ ਸੀ।

ਅਲਫਾਬੈੱਟ ਕੋਈ ਛਾਂਟੀ ਤਾਂ ਨਹੀਂ ਕਰ ਰਹੀ ਪਰ ਇਸ ਨੇ ਭਰਤੀ ਫਿਲਹਾਲ ਬੰਦ ਕਰ ਦਿੱਤੀ ਹੈ ਜੋ ਪਿਛਲੀ ਤਿਮਾਹੀ ਦੌਰਾਨ ਕਰੀਬ 13000 ਤੱਕ ਪਹੁੰਚ ਗਈ ਸੀ। ਵਡੇਰੇ ਆਰਥਿਕ ਮਾਹੌਲ ਵਿਚ ਬਣੀ ਬੇਯਕੀਨੀ ਦੇ ਮੱਦੇਨਜ਼ਰ (ਬਾਕੀ ਸਫ਼ਾ 33 ’ਤੇ)

# ਅੰਨ ਸੰਕਟ ਤੇ ਖੇਤੀ ਖੇਤਰ ਦਾ ਮਹੱਤਵ ਬਨਾਮ ਪੰਜਾਬ

ਰੂਸ-ਯੂਕਰੇਨ ਜੰਗ ਨੇ ਨੇ ਦੁਨੀਆ ਦੇ ਕਈ ਦੇਸ਼ਾਂ ਲਈ ਅਨਾਜ ਦਾ ਸੰਕਟ ਪੈਦਾ ਕਰ ਦਿੱਤਾ। ਮਿਸਰ, ਬੰਗਲਾਦੇਸ਼, ਪਾਕਿਸਤਾਨ ਅਤੇ ਇੰਡੋਨੇਸ਼ੀਆ ਕਣਕ ਦੀ 25 ਫ਼ੀਸਦੀ ਦਰਾਮਦ ਯੂਕਰੇਨ ਤੋਂ ਕਰਦੇ ਰਹੇ ਹਨ। 25 ਤੋਂ ਜ਼ਿਆਦਾ ਦੇਸ਼ ਜਿਨ੍ਹਾਂ ਵਿਚ ਚੀਨ ਤੇ ਭਾਰਤ ਵੀ ਸ਼ਾਮਲ ਹਨ, ਸੂਰਜਮੁਖੀ ਦੇ ਤੇਲ ਦੀਆਂ ਲੋੜਾਂ ਪੂਰੀਆਂ ਕਰਨ ਲਈ ਯੂਕਰੇਨ ’ਤੇ ਨਿਰਭਰ ਸਨ। ਤੁਰਕੀ, ਇਰਾਨ, ਬੰਗਲਾਦੇਸ਼, ਮਿਸਰ ਤੇ ਕਈ ਹੋਰ ਦੇਸ਼ ਰੂਸ ਤੋਂ ਕਣਕ ਦਰਾਮਦ ਕਰਦੇ ਹਨ। ਇਸ ਜੰਗ ਕਾਰਨ ਕੌਮਾਂਤਰੀ ਬਾਜ਼ਾਰ ਵਿਚ ਕਣਕ ਦੇ ਭਾਅ ਵਧੇ ਅਤੇ ਭਾਰਤ ਤੋਂ ਕਣਕ ਦੀ ਬਰਾਮਦ ਵਿਚ ਤੇਜ਼ੀ ਆਈ। ਘਰੇਲੂ ਮੰਡੀ ਵਿਚ ਵੀ ਕਣਕ ਤੇ ਆਟੇ ਦੇ ਭਾਅ ਵਧੇ ਅਤੇ ਕੇਂਦਰ ਸਰਕਾਰ ਨੂੰ ਕਣਕ ਦੀ ਬਰਾਮਦ ’ਤੇ ਪਾਬੰਦੀ ਲਗਾਉਣੀ ਪਈ ਸੀ। ਪਿਛਲੇ ਸਾਲ ਕਣਕ ਦੀ ਪੈਦਾਵਾਰ ਕੁਝ ਘੱਟ ਹੋਈ ਸੀ ਅਤੇ ਇਸ ਵਕਤ ਭਾਰਤ ਵਿਚ ਅਨਾਜ ਦੇ ਜ਼ਖ਼ੀਰੇ ਪਿਛਲੇ 14 ਸਾਲਾਂ ਦੇ ਸਮੇਂ ਦੌਰਾਨ ਸਭ ਤੋਂ ਘੱਟ ਹਨ।

ਭਾਰਤ ਵਿਚ ਕਣਕ ਦੀ ਸਾਲਾਨਾ ਪੈਦਾਵਾਰ 1090 ਲੱਖ ਟਨ ਹੁੰਦੀ ਰਹੀ ਹੈ ਜੋ ਪਿਛਲੇ ਸਾਲ ਘਟ ਕੇ 1060 ਲੱਖ ਟਨ ਰਹਿ ਗਈ। ਇਸ ਸਾਲ ਪਿਛਲੇ ਸਾਲ ਦੇ ਮੁਕਾਬਲੇ 15 ਲੱਖ ਹੈਕਟੇਅਰ ਜ਼ਿਆਦਾ ਰਕਬੇ ਵਿਚ ਕਣਕ ਬੀਜੀ ਗਈ ਹੈ। ਪਿਛਲੇ ਸਾਲ ਖ਼ਰਾਬ ਮੌਸਮ ਕਾਰਨ ਕਣਕ ਦੇ ਦਾਣੇ ਦੇ ਸੁੱਕਣ ਕਰ ਕੇ ਵੀ ਪੈਦਾਵਾਰ ਘਟੀ ਸੀ। ਅਗਲੇ ਸਾਲ ਸਰਕਾਰ ਨੂੰ ਪਿਛਲੇ ਸਾਲ ਦੇ ਮੁਕਾਬਲੇ ਜ਼ਿਆਦਾ ਕਣਕ ਖ਼ਰੀਦਣੀ ਪਵੇਗੀ, ਇਹ ਸਰਕਾਰ ਦੀ 80 ਕਰੋੜ ਭਾਰਤੀਆਂ ਨੂੰ ਮੁਫ਼ਤ ਅਨਾਜ ਦੇਣ ਅਤੇ ਜਨਤਕ ਵੰਡ ਪ੍ਰਣਾਲੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਜ਼ਰੂਰੀ ਹੈ। ਭਾਰਤ ਨੂੰ ਮਜ਼ਬੂਤ ਖੇਤੀ ਖੇਤਰ ਅਤੇ ਇਸ ਨਾਲ ਸਬੰਧਿਤ ਨਿੱਗਰ ਨੀਤੀਆਂ ਦੀ ਜ਼ਰੂਰਤ ਹੈ।



ਅੰਨ ਸੰਕਟ ਦੀ ਸੰਭਾਵਨਾ ਦੌਰਾਨ ਪੰਜਾਬ ਦੀ ਜ਼ਿੰਮੇਵਾਰੀ

ਸਿੱਖ ਤੇ ਪੰਜਾਬੀ ਆਰਥਿਕ ਪੱਖੋਂ ਉਜਾੜੇ ਵੱਲ ਜਾ ਰਹੇ ਹਨ।ਜੇ ਕਿਸਾਨੀ ਮਰ ਰਹੀ ਹੈ ਤਾਂ ਪੰਜਾਬ ਦਾ ਆਰਥਿਕ ਸਰਕਲ ਵੀ ਨਹੀਂ ਚਲੇਗਾ। ਪੰਜਾਬ ਦਾ ਦੁਕਾਨਦਾਰ ਤੇ ਹਰੇਕ ਤਰ੍ਹਾਂ ਦੀ ਆਰਥਿਕਤਾ ਵੀ ਤਬਾਹ ਹੋਵੇਗੀ।ਬੇਰੁਜ਼ਗਾਰੀ ਕਾਰਨ ਪੰਜਾਬ ਵਿਚ ਗੈਂਗਸਟਰ, ਨਸ਼ੇ ਕਰਾਈਮ ਵਧ ਰਿਹਾ ਹੈ।ਕਿਸਾਨੀ ਤਬਾਹ ਕੀਤੀ ਜਾ ਰਹੀ ਹੈ।ਪੰਜਾਬ ਉਪਰ ਤਿੰਨ ਲੱਖ ਕਰੋੜ ਦਾ ਕਰਜ਼ਾ ਹੈ।ਪ੍ਰਵਾਸੀ ਮਜਦੂਰ ਤੇਜ਼ੀ ਨਾਲ ਪੰਜਾਬ ਆ ਰਹੇ ਹਨ ਕਿਉਂਕਿ ਬੇਰੁਜ਼ਗਾਰੀ ਕਾਰਨ ਅਸੀਂ ਪੰਜਾਬੀ ਪਰਿਵਾਰਾਂ ਸਹਿਤ ਪੰਜਾਬ ਛਡਕੇ ਪ੍ਰਵਾਸ ਕਰ ਰਹੇ ਹਾਂ। ਸਰਕਾਰਾਂ ਭੁਖੀਆਂ ਹੋ ਚੁਕੀਆਂ ਹਨ। ਉਨ੍ਹਾਂ ਕੋਲ ਪੰਜਾਬ ਨੂੰ ਦੇਣ ਨੂੰ ਕੁਝ ਨਹੀਂ ਹੈ। ਜੇ ਪੰਜਾਬ ਸਰਕਾਰ ਨੇ ਪੰਜਾਬ ਦੀ ਆਰਥਿਕਤਾ ਨੂੰ ਮਜਬੂਤ ਨਾ ਕੀਤਾ ਤਾਂ ਪੰਜਾਬੀਆਂ ਦੇ ਪੰਜਾਬ ਵਿਚੋਂ ਪੈਰ ਉਖੜ ਸਕਦੇ ਹਨ। ਇੱਥੇ ਕੋਈ ਵੀ ਉਦਯੋਗ ਪੰਜਾਬ ਵਿਚ ਆਉਣ ਦੀ ਸੰਭਾਵਨਾ ਨਹੀਂ, ਕਿਉਂਕਿ ਪੰਜਾਬ ਬਾਰਡਰ ਸਟੇਟ ਹੈ। ਨਸ਼ਿਆਂ ਤੇ ਮਹਿੰਗਾਈ ਕਾਰਨ ਕਰਾਈਮ ਵਧ ਰਿਹਾ ਹੈ। ਖੇਤੀਬਾੜੀ ਉਦਯੋਗ ਇਥੇ ਕਾਮਯਾਬ ਵੀ ਹੋ ਸਕਦਾ ਤੇ ਏਸ਼ੀਆ ਮੰਡੀ ਦਾ ਕੇਂਦਰ ਬਣ ਸਕਦਾ ਹੈ। ਡੇਅਰੀ ਉਦਯੋਗ ਵੀ ਇਸ ਨਾਲ ਵਧ ਫੁਲ ਸਕਦਾ ਹੈ। ਇਸ ਨਾਲ ਪੰਜਾਬ ਦਲਿਤ ਵਰਗ ਖੁਸ਼ਹਾਲ ਹੋ ਸਕਦਾ ਹੈ।

ਇਨ੍ਹਾਂ ਸੰਭਾਵਨਾਵਾਂ ਉਪਰ ਪੰਜਾਬ ਸਰਕਾਰ ਨੂੰ ਖੇਤੀ ਮਾਹਿਰਾਂ ਦੇ ਸਹਿਯੋਗ ਨਾਲ ਖੇਤੀ ਇੰਡਸਟਰੀ ਲਈ ਕੰਮ ਕਰਨਾ ਹੋਵੇਗਾ।ਯੂ.ਕੇ. ਨਿਵਾਸੀ ਖੇਤੀ ਵਿਗਿਆਨੀ ਪ੍ਰੋਫੈਸਰ ਦਲਜੀਤ ਸਿੰਘ ਵਿਰਕ ਵਿਸ਼ਵ ਪੱਧਰ ਦੇ ਆਰਥਿਕ ਮਾਹਿਰ ਹਨ ਜਿਨ੍ਹਾਂ ਨੇ ਭਾਰਤ ਵਿਚ ਖੈਤੀ ਮਾਡਲ ਸਿਰਜਣ ਵਿਚ ਕੇਂਦਰ ਦੀ ਸਹਾਇਤਾ ਕੀਤੀ ਸੀ। ਉਨ੍ਹਾਂ ਨੂੰ ਵਿਦੇਸ਼ਾਂ ਵਿਚ ਗਰੀਬੀ ਘਟਾਉਣ ਵਾਲੀਆਂ ਸੇਵਾਵਾਂ ਅਤੇ ਡਰਬੀ ਵਿਚ ਸਿੱਖਿਆ ਪ੍ਰਤੀ ਸੇਵਾਵਾਂ ਲਈ ਮਹਾਰਾਣੀ ਨੇ ਓਬੀਈ (Officer of the Order of the British Empire) ਨਾਲ ਸਨਮਾਨਿਤ ਕੀਤਾ ਗਿਆ ਸੀ। ਉਹ ਇਸ ਕਾਰਜ ਵਿਚ ਪੰਜਾਬ ਦੀ ਤਕਦੀਰ ਬਦਲ ਸਕਦੇ ਹਨ। 1995 ਵਿਚ ਉਹ ਯੂ.ਕੇ. ਦੀ ਬੇਂਗੋਰ ਯੂਨੀਵਰਸਿਟੀ ਨਾਲ ਜੁੜੇ ਜਿੱਥੇ ਉਹ 4694 ਹਨਾਂਪਲਾਂਟ ਵਿਗਿਆਨ ਪ੍ਰੋਜੈਕਟ ਦੇ ਅੰਤਰਰਾਸ਼ਟਰੀ ਕੋਆਰਡੀਨੇਟਰ ਰਹੇ ਅਤੇ ਉਨ੍ਹਾਂ ਨੇ ਭਾਰਤ ਅਤੇ ਅਫਰੀਕਾ ਦੀਆਂ ਕਈ ਯੂਨੀਵਰਸਿਟੀਆਂ ਅਤੇ ਹੋਰ ਅੰਤਰਰਾਸ਼ਟਰੀ ਖੋਜ ਸੰਸਥਾਵਾਂ ਜਿਵੇਂ IRRI ਅਤੇ CIMMYT ਦੇ ਸਹਿਯੋਗ ਨਾਲ ਪਲਾਂਟ ਬਰੀਡਿੰਗ ਦੇ ਤਰੀਕਿਆਂ ਵਿਚ ਕੁਸ਼ਲਤਾ ਅਤੇ ਵੱਖ-ਵੱਖ ਕਿਸਮਾਂ ਦੀਆਂ ਫਸਲਾਂ ਦੇ ਪੌਦੇ ਜਿਵੇਂ ਬਾਜਰਾ, ਚਾਵਲ, ਮੱਕੀ, ਕਣਕ ਆਦਿ ਦੀ ਖੋਜ ਕੀਤੀ ਸੀ ਉਨ੍ਹਾਂ ਨੇ ਛੋਟੇ ਕਿਸਾਨਾਂ ਨੂੰ ਧਿਆਨ ਵਿਚ ਰੱਖਦੇ ਹੋਏ ਏਸ਼ੀਆ ਅਤੇ ਅਫਰੀਕਾ ਦੇ ਖੇਤਰਾਂ ਵਿਚ ਬਾਰਿਸ਼ ’ਤੇ ਨਿਰਭਰ ਸਥਾਨਾਂ ਅਨੁਸਾਰ ਨਵੇਂ ਬੀਜਾਂ ਦੀ ਖੋਜ ਕੀਤੀ ਸੀ। ਉਦਾਹਰਣ ਦੇ ਤੌਰ ’ਤੇ ਪੂਰਬੀ ਅਤੇ ਪੱਛਮੀ ਭਾਰਤ ਦੇ ਬਾਰਿਸ਼ ’ਤੇ ਨਿਰਭਰ ਅਤੇ ਗਰੀਬ ਕਬੀਲਿਆਂ ਦੇ ਜੀਵਨ ਨੂੰ ਧਿਆਨ ਵਿਚ ਰੱਖਦੇ ਹੋਏ, ਨਵੀਂ ਉਪਜਾਊ (ਬਾਕੀ ਸਫ਼ਾ 33 ’ਤੇ)

# ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੇ ਬਰਮਾ ਦੇ ਮਤੇ ਨੂੰ ਦਿੱਤੀ ਮਨਜ਼ੂਰੀ

## 74 ਸਾਲਾਂ ’ਚ ਮਿਆਂਮਾਰ ’ਤੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਪਹਿਲੇ ਮਤੇ ’ਤੇ ਚੀਨ ਅਤੇ ਰੂਸ ਦੇ ਨਾਲ ਭਾਰਤ ਨੇ ਪਰਹੇਜ਼ ਕੀਤਾ





ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੇ ਲੰਘੇ ਬੁੱਧਵਾਰ ਨੂੰ ਮਿਆਂਮਾਰ ’ਤੇ ਆਪਣੇ ਪਹਿਲੇ ਮਤੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਜਿਸ ਵਿਚ ਦੱਖਣ-ਪੂਰਬੀ ਏਸ਼ੀਆਈ ਦੇਸ਼ ਵਿਚ ਹਿੰਸਾ ਨੂੰ ਤੁਰੰਤ ਖਤਮ ਕਰਨ ਦੀ ਮੰਗ ਕੀਤੀ ਗਈ ਅਤੇ ਨਾਲ ਹੀ ਇਸ ਦੇ ਫੌਜੀ ਸ਼ਾਸਕਾਂ ਤੇ ਸਾਬਕਾ ਨੇਤਾ ਆਂਗ ਸੈਨ ਸਮੇਤ ਸਾਰੇ ‘ਮਨਮਰਜ਼ੀ ਨਾਲ ਨਜ਼ਰਬੰਦ’ ਕੈਦੀਆਂ ਨੂੰ ਰਿਹਾਅ ਕਰਨ ਦੀ ਅਪੀਲ ਕੀਤੀ ਗਈ ਹੈ।

ਮਤੇ ਵਿੱਚ 15 ਮੈਂਬਰੀ ਕੌਂਸਲ ਵੱਲੋਂ ਦੇਸ਼ ਵਿੱਚ ਜਮਹੂਰੀ ਸੰਸਥਾਵਾਂ ਨੂੰ ਕਾਇਮ ਰੱਖਣ ਅਤੇ ਮਨੁੱਖੀ ਅਧਿਕਾਰਾਂ ਦਾ ਸਨਮਾਨ ਕਰਨ ਦੇ ਸੱਦੇ ਨੂੰ ਦੁਹਰਾਇਆ ਗਿਆ ਸੀ। ਇਹ ਲੰਬੇ ਸਮੇਂ ਤੋਂ ਚਰਚਾ ਵਿਚ ਸੀ ਕਿ ਮਿਆਂਮਾਰ ਸੰਕਟ ਨਾਲ ਕਿਵੇਂ ਨਜਿੱਠਣਾ ਹੈ, ਚੀਨ ਅਤੇ ਰੂਸ ਸਖ਼ਤ ਕਾਰਵਾਈ ਦੇ ਵਿਰੁੱਧ ਬਹਿਸ ਕਰ ਰਹੇ ਸਨ। ਉਹ ਦੋਵੇਂ ਭਾਰਤ ਸਮੇਤ ਬੁੱਧਵਾਰ ਨੂੰ ਵੋਟਿੰਗ ਤੋਂ ਦੂਰ ਰਹੇ। ਬਾਕੀ 12 ਮੈਂਬਰਾਂ ਨੇ ਹੱਕ ਵਿੱਚ ਵੋਟ ਪਾਈ।

ਸੰਯੁਕਤ ਰਾਸ਼ਟਰ ਦੀ ਸਭ ਤੋਂ ਸ਼ਕਤੀਸ਼ਾਲੀ ਸੰਸਥਾ ਦੁਆਰਾ ਇਹ ਮਤਾ ਪਹਿਲੀ ਵਾਰ ਅਪਣਾਇਆ ਗਿਆ ਹੈ ਜਦੋਂ ਤੋਂ ਬਰਮਾ ਵਜੋਂ ਜਾਣਿਆ ਜਾਂਦਾ ਦੇਸ਼ 1948 ਵਿੱਚ ਸੰਯੁਕਤ ਰਾਸ਼ਟਰ ਵਿੱਚ ਸ਼ਾਮਲ ਹੋਇਆ ਸੀ, ਯੂਨਾਈਟਿਡ ਕਿੰਗਡਮ ਦੇ ਅਨੁਸਾਰ ਜਿਸਨੇ ਇਸਦਾ ਖਰੜਾ ਤਿਆਰ ਕੀਤਾ ਸੀ।

ਸੰਯੁਕਤ ਰਾਸ਼ਟਰ ਦੇ ਬੁਲਾਰੇ ਸਟੀਫਨ ਡੁਜਾਰਿਕ ਨੇ ਬੁੱਧਵਾਰ ਦੀ ਵੋਟਿੰਗ ਤੋਂ ਪਹਿਲਾਂ ਕਿਹਾ ਕਿ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਮਿਆਂਮਾਰ ਵਿੱਚ ਵਿਗੜਦੀ ਮਾਨਵਤਾਵਾਦੀ ਸਥਿਤੀ ਅਤੇ ਮਨੁੱਖੀ ਅਧਿਕਾਰਾਂ ਨੂੰ ਲੈ ਕੇ ‘ਬਹੁਤ ਚਿੰਤਤ’ ਹਨ। ਡੁਜਾਰਿਕ ਨੇ ਅੱਗੇ ਕਿਹਾ, ਸੁਰੱਖਿਆ ਪਰਿਸ਼ਦ ਲਈ ਕਿਸੇ ਵੀ ਮੁੱਦੇ ਅਤੇ ਖਾਸ ਕਰਕੇ ਮਿਆਂਮਾਰ ’ਤੇ ਇਕ ਮਜ਼ਬੂਤ, ਇਕਜੁੱਟ ਆਵਾਜ਼ ਨਾਲ ਗੱਲ ਕਰਨ ਦੇ ਹਰ ਮੌਕੇ ਦਾ ਨਿੱਘਾ ਸਵਾਗਤ ਕੀਤਾ ਜਾਵੇਗਾ।

ਦੱਸਣਯੋਗ ਹੈ ਕਿ ਪੰਜ ਦਹਾਕਿਆਂ ਤੋਂ ਮਿਆਂਮਾਰ ਸਖਤ ਫੌਜੀ ਸ਼ਾਸਨ ਦੇ ਅਧੀਨ ਸੀ ਜਿਸ ਕਾਰਨ ਇਸ ’ਤੇ ਅੰਤਰਰਾਸ਼ਟਰੀ ਅਲੱਗ-ਥਲੱਗ ਪਾਬੰਦੀਆਂ ਲੱਗੀਆਂ ਸਨ। ਜਿਵੇਂ ਹੀ ਜਨਰਲਾਂ ਨੇ ਆਪਣੀ ਪਕੜ ਢਿੱਲੀ ਕੀਤੀ, 2015 ਦੀਆਂ ਚੋਣਾਂ ਵਿੱਚ ਸੂ ਕੀ ਦੇ ਲੀਡਰਸ਼ਿਪ ਵਿੱਚ ਵਾਧਾ ਹੋਇਆ, ਅੰਤਰਰਾਸ਼ਟਰੀ ਭਾਈਚਾਰੇ ਨੇ ਜ਼ਿਆਦਾਤਰ ਪਾਬੰਦੀਆਂ ਨੂੰ ਹਟਾ ਕੇ ਦੇਸ਼ ਵਿੱਚ ਨਿਵੇਸ਼ ਪਾ ਕੇ ਆਪਣਾ ਪੱਖ ਰੱਖਿਆ। ਇਹ ਨਵੰਬਰ 2020 ਦੀਆਂ ਚੋਣਾਂ ਤੋਂ ਬਾਅਦ ਫੌਜ ਦੇ 1 ਫਰਵਰੀ, 2021 ਨੂੰ ਤਖਤਾ ਪਲਟ ਦੇ ਨਾਲ ਖਤਮ ਹੋਇਆ, ਜਿਸ ਵਿੱਚ ਸੂ ਕੀ ਦੀ ਨੈਸ਼ਨਲ ਲੀਗ ਫਾਰ ਡੈਮੋਕਰੇਸੀ ਪਾਰਟੀ ਨੇ ਭਾਰੀ ਜਿੱਤ ਪ੍ਰਾਪਤ ਕੀਤੀ ਅਤੇ ਫੌਜ ਨੇ ਇਸ ਨਤੀਜੇ ਨੂੰ ਧੋਖਾਧੜੀ ਵਜੋਂ ਲੜਿਆ।

ਇਸ ਟੇਕਓਵਰ ਨੂੰ ਭਾਰੀ ਜਨਤਕ ਵਿਰੋਧ ਦਾ ਸਾਹਮਣਾ ਕਰਨਾ ਪਿਆ, ਜੋ ਉਦੋਂ ਤੋਂ ਹਥਿਆਰਬੰਦ ਵਿਰੋਧ ਵਿੱਚ ਬਦਲ ਗਿਆ ਹੈ ਜਿਸਨੂੰ ਸੰਯੁਕਤ ਰਾਸ਼ਟਰ ਦੇ ਕੁਝ ਮਾਹਰਾਂ ਨੇ ਘਰੇਲੂ ਯੁੱਧ ਵਜੋਂ ਦਰਸਾਇਆ ਹੈ। ਪਿਛਲੇ ਮਹੀਨੇ, ਰਾਜਨੀਤਿਕ ਕੈਦੀਆਂ ਲਈ ਸਹਾਇਤਾ ਐਸੋਸੀਏਸ਼ਨ ਅਧਿਕਾਰਾਂ ਦੀ ਨਿਗਰਾਨੀ ਕਰਨ ਵਾਲੀ ਸੰਸਥਾ, ਨੇ ਕਿਹਾ ਕਿ ਮਿਆਂਮਾਰ ਵਿੱਚ ਫੌਜ ਦੇ ਕਬਜ਼ੇ ਤੋਂ ਬਾਅਦ 16,000 ਤੋਂ ਵੱਧ ਲੋਕਾਂ ਨੂੰ ਰਾਜਨੀਤਿਕ ਦੋਸ਼ਾਂ ਵਿੱਚ ਹਿਰਾਸਤ ਵਿੱਚ ਲਿਆ ਗਿਆ ਹੈ। ਗ੍ਰਿਫਤਾਰ ਕੀਤੇ ਗਏ ਲੋਕਾਂ ਵਿੱਚੋਂ, 13,000 ਤੋਂ ਵੱਧ ਅਜੇ ਵੀ ਹਿਰਾਸਤ ਵਿੱਚ ਹਨ। ਐਸੋਸੀਏਸ਼ਨ ਨੇ ਕਿਹਾ ਕਿ 2021 ਦੇ ਕਬਜ਼ੇ ਤੋਂ ਲੈ ਕੇ ਹੁਣ ਤੱਕ ਘੱਟੋ-ਘੱਟ 2,465 ਨਾਗਰਿਕ ਮਾਰੇ ਗਏ ਹਨ, ਹਾਲਾਂਕਿ ਇਹ ਗਿਣਤੀ ਬਹੁਤ ਜ਼ਿਆਦਾ ਮੰਨੀ ਜਾਂਦੀ ਹੈ।

ਦੱਖਣ-ਪੂਰਬੀ ਏਸ਼ੀਆਈ ਰਾਸ਼ਟਰਾਂ ਦੀ ਐਸੋਸੀਏਸ਼ਨ ਵਿੱਚ ਮਿਆਂਮਾਰ ਦੇ ਸਾਥੀ ਮੈਂਬਰਾਂ ਸਮੇਤ ਬਹੁਤ ਸਾਰੇ ਅੰਤਰਰਾਸ਼ਟਰੀ ਭਾਈਚਾਰੇ ਨੇ ਸੁਧਾਰਾਂ ਦਾ ਵਿਰੋਧ ਕਰਨ ਵਿੱਚ ਜਨਰਲਾਂ ਦੁਆਰਾ ਅਪਣਾਈ ਗਈ ਸਖ਼ਤ ਰੁਖ ’ਤੇ ਨਿਰਾਸ਼ਾ ਜ਼ਾਹਰ ਕੀਤੀ ਹੈ। ਮਿਆਂਮਾਰ ਦੇ ਸ਼ਾਸਕ ਦੇਸ਼ ਵਿੱਚ ਸ਼ਾਂਤੀ ਅਤੇ ਸਥਿਰਤਾ ਬਹਾਲ ਕਰਨ ਲਈ ਅਪ੍ਰੈਲ 2021 ਵਿੱਚ ਇੱਕ ਪੰਜ-ਪੁਆਇੰਟ ਏਸ਼ੀਅਨ ਯੋਜਨਾ ਲਈ ਸਹਿਮਤ ਹੋਏ ਸਨ, ਪਰ ਫੌਜ ਨੇ ਯੋਜਨਾ ਨੂੰ ਲਾਗੂ ਕਰਨ ਲਈ ਬਹੁਤ ਘੱਟ ਕੋਸ਼ਿਸ਼ ਕੀਤੀ ਹੈ। ਸਬੰਧਿਤ ਯੋਜਨਾ ਅਨੁਸਾਰ ਹਿੰਸਾ ਨੂੰ ਤੁਰੰਤ ਬੰਦ ਕਰਨ, ਸਾਰੀਆਂ ਸਬੰਧਤ ਧਿਰਾਂ ਵਿਚਕਾਰ ਗੱਲਬਾਤ ਕਰਨ, ਏਸ਼ੀਅਨ ਦੇ ਵਿਸ਼ੇਸ਼ ਦੂਤ ਦੁਆਰਾ ਗੱਲਬਾਤ ਦੀ ਪ੍ਰਕਿਰਿਆ ਦੀ ਵਿਚੋਲਗੀ, ਏਸ਼ੀਅਨ ਚੈਨਲਾਂ ਦੁਆਰਾ ਮਾਨਵਤਾਵਾਦੀ ਸਹਾਇਤਾ ਦੀ ਵਿਵਸਥਾ ਅਤੇ ਸਾਰੀਆਂ ਸਬੰਧਤ ਧਿਰਾਂ ਨੂੰ ਮਿਲਣ ਲਈ ਐਸੋਸੀਏਸ਼ਨ ਦੇ ਵਿਸ਼ੇਸ਼ ਦੂਤ ਦੁਆਰਾ ਮਿਆਂਮਾਰ ਦੇ ਦੌਰੇ ਦੀ ਮੰਗ ਕੀਤੀ ਗਈ ਸੀ। ਜਦੋਂ ਕਿ ਇਸ ਤੋਂ ਪਹਿਲਾਂ ਸੰਯੁਕਤ ਰਾਸ਼ਟਰ ਦੇ ਮੌਜੂਦਾ ਵਿਸ਼ੇਸ਼ ਦੂਤ ਨੋਲੀਨ ਹੇਜ਼ਰ ਅਤੇ ਆਸੀਆਨ ਦੇ ਵਿਸ਼ੇਸ਼ ਦੂਤ, ਕੰਬੋਡੀਆ ਦੇ ਮੰਤਰੀ, ਪ੍ਰਾਕ ਸੋਖੋਨ, ਦੋਵਾਂ ਨੇ ਮਿਆਂਮਾਰ ਦਾ ਦੌਰਾ ਕੀਤਾ ਸੀ ਪਰ ਦੋਵਾਂ ਨੂੰ ਸੂ ਕੀ ਨਾਲ ਮਿਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ।

ਐਂਟਨੀ ਜੇ ਬਲਿੰਕਨ, ਰਾਜ ਦੇ ਸਕੱਤਰ ਵਲੋਂ ਮਤੇ ਦਾ ਸਮਰਥਨ

ਐਂਟਨੀ ਜੇ ਬਲਿੰਕਨ ਨੇ ਸੰਯੁਕਤ ਰਾਜ ਅਮਰੀਕਾ ਦਾ ਬਰਮਾ ’ਤੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਮਤੇ 2669 ਨੂੰ ਅਪਣਾਏ ਜਾਣ ਦਾ ਸੁਆਗਤ ਕੀਤਾ ਹੈ। ਐਂਟਨੀ ਨੇ ਕਿਹਾ , ਇਹ ਸੰਕਟ ਨੂੰ ਹੱਲ ਕਰਨ ਅਤੇ ਬਰਮਾ ਦੀ ਫੌਜੀ ਸ਼ਾਸਨ ਦੇ ਵਧਦੇ ਦਮਨ ਅਤੇ ਨਾਗਰਿਕਾਂ ਵਿਰੁੱਧ ਹਿੰਸਾ ਨੂੰ ਖਤਮ ਕਰਨ ਲਈ ਸੁਰੱਖਿਆ ਪ੍ਰੀਸ਼ਦ ਦਾ ਇੱਕ ਮਹੱਤਵਪੂਰਨ ਕਦਮ ਹੈ। ਇਹ ਅੰਤਰਰਾਸ਼ਟਰੀ ਭਾਈਚਾਰੇ ਨੂੰ ਇਕ ਮਜ਼ਬੂਤ ਸੰਦੇਸ਼ ਭੇਜਦਾ ਹੈ। ਸੁਰੱਖਿਆ ਪ੍ਰੀਸ਼ਦ ਨੂੰ ਲੋਕਤੰਤਰ ਦੇ ਮਾਰਗ ’ਤੇ ਵਾਪਸੀ ਨਾਲ ਉਤਸ਼ਾਹਿਤ ਕਰਨ, ਸ਼ਾਸਨ ਦੀਆਂ ਕਾਰਵਾਈਆਂ ਲਈ ਅਗਾਊਂ ਜਵਾਬਦੇਹੀ, ਅਤੇ ਪੰਜ ਬਿੰਦੂ ਸਹਿਮਤੀ ਨੂੰ ਸਾਰਥਿਕ ਲਾਗੂ ਕਰਨ ਲਈ ਏਸ਼ੀਅਨ ਦੇ ਯਤਨਾਂ ਦਾ ਸਮਰਥਨ ਕਰਦੇ ਹਾਂ, ਅਸੀਂ ਬਰਮਾ ਵਿੱਚ ਹਿੰਸਾ ਨੂੰ ਖਤਮ ਕਰਨ ਅਤੇ ਸ਼ਾਂਤਮਈ ਸੁਲ੍ਹਾ ਦੀ ਮੰਗ ਕਰਨ ਲਈ ਸੰਯੁਕਤ ਰਾਸ਼ਟਰ ਅਤੇ ਏਸ਼ੀਅਨ ਸਮੇਤ ਸਾਡੇ ਅੰਤਰਰਾਸ਼ਟਰੀ ਭਾਈਵਾਲਾਂ ਨਾਲ ਕੰਮ ਕਰਨ ਲਈ ਵਚਨਬੱਧ ਹਾਂ।

# ਯੂਕਰੇਨ ਜੰਗ ਭੜਕਾਉਣ ਦਾ ਸਭ ਤੋਂ ਮਾੜਾ ਨਤੀਜਾ ਯੂਰਪ ਦੇ ਕਿਰਤੀ ਭੁਗਤਣਗੇ

- ਮੰਦੀ ਦਾ ਸਭ ਤੋਂ ਡੂੰਘਾ ਅਸਰ ਯੂਰਪ ਅਤੇ ਅਮਰੀਕਾ ਤੇ ਕੈਨੇਡਾ ਦੇ ਅਰਥਚਾਰਿਆਂ ’ਤੇ ਪਵੇਗਾ
- ਯੂ.ਕੇ. ਅਤੇ ਜਰਮਨੀ ਦੀ ਹਾਲਤ ਸਭ ਤੋਂ ਮਾੜੀ ਹੋਵੇਗੀ , ਵਾਧਾ ਦਰ ਸਿਫਰ ਤੋਂ ਵੀ ਹੇਠਾਂ ਡਿੱਗੇਗੀ
- ਭਾਰਤ ਤੇ ਚੀਨ ਦੀ ਆਰਥਿਕ ਵਾਧਾ ਦਰ ਔਸਤ ਮੁਕਾਬਲੇ 5-6% ਦੇ ਦਾਇਰੇ ਵਿਚ ਰਹਿਣ ਦਾ ਅਨੁਮਾਨ



ਸੰਸਾਰ ਅਰਥਚਾਰੇ ਦੀਆਂ ਬਰੂਹਾਂ ’ਤੇ ਵੱਡੀ ਆਰਥਿਕ ਮੰਦੀ ਦਸਤਕ ਦੇ ਰਹੀ ਹੈ। ਇਸ ਦਾ ਰਸਮੀ ਐਲਾਨ ਕਰਦਿਆਂ ‘ਆਰਥਿਕ ਸਹਿਕਾਰ ਤੇ ਵਿਕਾਸ ਜਥੇਬੰਦੀ’ ਨੇ ਆਪਣੀ ਤਾਜ਼ਾ ਰਿਪੋਰਟ ਵਿਚ ਅਨੁਮਾਨ ਲਾਇਆ ਕਿ ਇਸ ਸਾਲ ਸੰਸਾਰ ਅਰਥਚਾਰੇ ਵਿਚ ਤਿੱਖੀ ਗਿਰਾਵਟ ਆਵੇਗੀ। 2021 ਵਿਚ ਜਿੱਥੇ ਆਰਥਿਕ ਵਾਧਾ ਦਰ 5.9% ਰਹੀ ਸੀ, ਹੁਣ 3.1% ਹੀ ਰਹਿ ਜਾਵੇਗੀ। ਇਸ ਮੰਦੀ ਦਾ ਸਭ ਤੋਂ ਡੂੰਘਾ ਅਸਰ ਯੂਰੋਪ ਅਤੇ ਅਮਰੀਕਾ ਤੇ ਕੈਨੇਡਾ ਦੇ ਅਰਥਚਾਰਿਆਂ ’ਤੇ ਪੈਣਾ ਹੈ। ਅਮਰੀਕਾ ਜਿਹੜਾ 2021 ਵਿਚ 5.9% ਦੀ ਵਾਧਾ ਦਰ ਦਰਜ ਕਰ ਰਿਹਾ ਸੀ, ਇਸ ਸਾਲ ਮਹਿਜ਼ 1.8% ਅਤੇ ਅਗਲੇ ਸਾਲ 0.5% ਦੀ ਵਾਧਾ ਦਰ ਤੱਕ ਸਿਮਟ ਜਾਵੇਗਾ। ਇਸੇ ਤਰ੍ਹਾਂ 19 ਯੂਰੋਪੀਅਨ ਮੁਲਕ 2023 ਵਿਚ ਬਾਮੁਸ਼ਕਿਲ 0.5% ਵਾਧਾ ਦਰ ਦਰਜ ਕਰ ਸਕਣਗੇ। ਇਨ੍ਹਾਂ ਵਿਚੋਂ ਵੀ ਯੂਕੇ ਅਤੇ ਜਰਮਨੀ ਦੀ ਹਾਲਤ ਸਭ ਤੋਂ ਮਾੜੀ ਹੋਵੇਗੀ ਜਿੱਥੇ ਵਾਧਾ ਦਰ ਸਿਫਰ ਤੋਂ ਵੀ ਹੇਠਾਂ ਡਿੱਗੇਗੀ।

ਪੱਛਮ ਵਿਚ ਆਉਣ ਵਾਲ਼ੀ ਇਸ ਮੰਦੀ ਦਾ ਸਿੱਧਾ ਅਸਰ ਭਾਰਤ ’ਤੇ ਵੀ ਪੈਣਾ ਹੈ। ਇਸ ਰਿਪੋਰਟ ਨੇ ਭਾਵੇਂ ਭਾਰਤ ਤੇ ਚੀਨ ਦੀ ਆਰਥਿਕ ਵਾਧਾ ਦਰ ਔਸਤ ਮੁਕਾਬਲੇ 5-6% ਦੇ ਦਾਇਰੇ ਵਿਚ ਰਹਿਣ ਦਾ ਅਨੁਮਾਨ ਲਾਇਆ ਹੈ ਪਰ ਭਾਰਤ ਦੇ ਮਾਮਲੇ ਵਿਚ 5-6% ਦਾ ਅੰਕੜਾ ਬੀਤੇ ਸਾਲ ਦੀ ਬੇਹੱਦ ਘੱਟ ਵਾਧਾ ਦਰ ’ਤੇ ਆਧਾਰਿਤ ਹੈ ਤੇ ਲੋੜੀਂਦੀ ਦਰ ਨਾਲ਼ੋਂ ਕਾਫੀ ਘੱਟ ਹੈ। ਪੱਛਮ ਵਿਚ ਮੰਦੀ ਦਾ ਮਨਫ਼ੀ ਅਸਰ ਸਿੱਧਾ ਭਾਰਤ ਦੀਆਂ ਬਰਾਮਦਾਂ ’ਤੇ ਪੈਣਾ ਹੈ ਤੇ ਇਸ ਨੇ ਬੇਰੁਜ਼ਗਾਰੀ ਨੂੰ ਹੋਰ ਜ਼ਰਬ ਦੇਣੀ ਹੈ : ਭਾਵ, ਭਾਰਤ ਵਿਚ ਵੀ ਮਜ਼ਦੂਰਾਂ-ਕਿਰਤੀਆਂ ਲਈ ਹਾਲਾਤ ਸੁਖਾਵੇਂ ਨਹੀਂ ਹੋਣ ਵਾਲੇ।

ਲਾਕਡਾਊਨ ਤੋਂ ਪਹਿਲਾਂ ਹੀ ਸੰਸਾਰ ਅਰਥਚਾਰੇ ਦੇ ਮੰਦੀ ਵੱਲ ਜਾਣ ਦੇ ਸਪੱਸ਼ਟ ਸੰਕੇਤ ਮਿਲਣ ਲੱਗੇ ਸਨ। ਆਰਥਿਕ ਮੰਦੀ ਟਾਲਣ ਲਈ ਦੁਨੀਆ ਭਰ ਦੇ ਕੇਂਦਰੀ ਬੈਂਕਾਂ ਨੇ ਵਿਆਜ ਦਰਾਂ ਨੂੰ ਇਤਿਹਾਸਕ ਪੱਧਰ ਤੱਕ ਘਟਾਉਣਾ ਸ਼ੁਰੂ ਕੀਤਾ। ਅਮਰੀਕਾ ਦੇ ਕੇਂਦਰੀ ਬੈਂਕ ਫੈਡ ਨੇ ਵਿਆਜ ਦਰਾਂ ਮਾਰਚ 2020 ਤੱਕ 0-0.25% ਤੱਕ ਘਟਾ ਦਿੱਤੀਆਂ ਜਿਸ ਨੂੰ ਦੇਖਦਿਆਂ ਬਾਕੀ ਕੇਂਦਰੀ ਬੈਂਕਾਂ ਨੇ ਵੀ ਅਜਿਹਾ ਹੀ ਕੀਤਾ ਪਰ ਸਸਤੇ

ਕਰਜ਼ਿਆਂ ਕਾਰਨ ਅਸਲ ਅਰਥਚਾਰੇ ਨੂੰ ਹੁਲਾਰਾ ਮਿਲਣ ਦੀ ਥਾਂ ਇਨ੍ਹਾਂ ਦੀ ਵਰਤੋਂ ਵੱਡੇ ਪੱਧਰ ’ਤੇ ਸਰਕਾਰੀ ਘਾਟੇ ਪੂਰਨ, ਦੁਨੀਆ ਭਰ ਦੇ ਸ਼ੇਅਰ ਬਾਜ਼ਾਰਾਂ ਵਿਚ ਨਿਵੇਸ਼ ਕਰਨ, ਭਾਵ ਵਿੱਤੀ ਸੱਟੇਬਾਜ਼ੀ ਵਿਚ ਝੋਕਣ ਲਈ ਹੋਈ। ਇਸੇ ਕਾਰਨ ਪਿਛਲੇ ਦੋ-ਢਾਈ ਸਾਲਾਂ ਦੌਰਾਨ ਭਾਰਤ ਸਣੇ ਹੋਰਾਂ ਮੁਲਕਾਂ ਦੇ ਸ਼ੇਅਰ ਬਾਜ਼ਾਰਾਂ ਵਿਚ ਇਕਦਮ ਤੇਜ਼ੀ ਆਈ ਪਰ ਸਰਕਾਰਾਂ ਦੀ ਝੋਕੀ ਇਹ ਮੁਦਰਾ ਅਸਲ ਵਿਚ ਕਾਗਜ਼ੀ ਦੌਲਤ ਸੀ ਜਿਸ ਦਾ ਅਸਲ ਪੈਦਾਵਾਰ ਨਾਲ ਕੋਈ ਲੈਣਾ-ਦੇਣਾ ਨਹੀਂ ਸੀ ਪਰ ਇਸ ਨੇ ਸੰਸਾਰ ਭਰ ਵਿਚ ਕਰਜ਼ੇ ਦੀ ਪੰਡ ਕਈ ਗੁਣਾ ਹੋਰ ਭਾਰੀ ਕਰ ਦਿੱਤੀ।

ਜਲਦ ਹੀ ਆਰਥਿਕ ਮੰਦੀ ਟਾਲਣ ਲਈ ਅਪਣਾਈ ਸਸਤੇ ਕਰਜ਼ੇ ਦੀ ਨੀਤੀ ਨੇ ਮਹਿੰਗਾਈ ਦੇ ਰੂਪ ਵਿਚ ਆਪਣਾ ਅਸਲੀ ਰੰਗ ਦਿਖਾਉਣਾ ਸ਼ੁਰੂ ਕੀਤਾ। ਇਸੇ ਦੌਰਾਨ ਯੂਕਰੇਨ ਵਿਚ ਲੱਗੀ ਅੰਤਰ-ਸਾਮਰਾਜੀ ਜੰਗ ਨੇ ਇਸ ਮਹਿੰਗਾਈ ਨੂੰ ਵੱਡੀ ਜ਼ਰਬ ਦਿੱਤੀ। ਯੂਕਰੇਨ ਜੰਗ ਅਤੇ ਮਗਰੋਂ ਰੂਸ ’ਤੇ ਲਾਈਆਂ ਬੰਦਸ਼ਾਂ ਨੇ ਅਨਾਜ, ਖਾਦਾਂ, ਲੱਕੜ, ਧਾਤਾਂ ਤੇ ਹੋਰ ਅਨੇਕਾਂ ਬੁਨਿਆਦੀ ਜਿਣਸਾਂ ਦੀ ਮਹਿੰਗਾਈ ਨੂੰ ਮਣਾਂਮੂੰਹੀਂ ਵਧਾ ਦਿੱਤਾ ਜਿਸ ਦਾ ਅਸਰ ਇਸ ਕੱਚੇ ਮਾਲ ਤੋਂ ਤਿਆਰ ਹੋਣ ਵਾਲੀਆਂ ਜਿਣਸਾਂ ਦੀ ਮਹਿੰਗਾਈ ਵਿਚ ਤਿੱਖੇ ਵਾਧੇ ਦੇ ਰੂਪ ਵਿਚ ਨਿੱਕਲਿਆ। ਸ਼ੁਰੂਆਤ ਵਿਚ ਤਾਂ ਸਰਮਾਏਦਾਰਾ ਹਾਕਮਾਂ ਤੇ ਕੇਂਦਰੀ ਬੈਂਕਾਂ ਦੇ ਮੁਖੀਆਂ ਨੇ ਮਹਿੰਗਾਈ ਨੂੰ ਵਕਤੀ ਵਰਤਾਰਾ ਆਖ ਇਸ ਤੋਂ ਅੱਖਾਂ ਮੀਟਣ ਦੀਆਂ ਕੋਸ਼ਿਸ਼ਾਂ ਕੀਤੀਆਂ ਪਰ ਜਲਦ ਹੀ ਇਨ੍ਹਾਂ ਨੂੰ ਅੱਕ ਚੱਬਣਾ ਪਿਆ ਤੇ ਮਹਿੰਗਾਈ ਨੂੰ ਕੰਟਰੋਲ ਕਰਨ ਲਈ ਮੁਦਰਾ ਨੀਤੀ ਦਾ ਸਹਾਰਾ ਲੈਂਦਿਆਂ ਵਿਆਜ ਦਰਾਂ ਨੂੰ ਵਧਾਉਣ ਦਾ ਅਮਲ ਸ਼ੁਰੂ ਹੋਇਆ।

ਵਿਆਜ ਦਰਾਂ ਵਧਣ ਨਾਲ ਹਰ ਤਰ੍ਹਾਂ ਦੀਆਂ ਦੇਣਦਾਰੀਆਂ ਮਹਿੰਗੀਆਂ ਹੋਣਗੀਆਂ। ਇਸ ਨਾਲ ਜਿੱਥੇ ਘਰ, ਛੋਟੇ ਕੰਮ-ਧੰਦੇ, ਗੱਡੀ, ਪੜ੍ਹਾਈ ਆਦਿ ਲਈ ਸਸਤੇ ਕਰਜ਼ੇ ਚੁੱਕਣ ਵਾਲੇ ਆਮ ਲੋਕਾਂ ’ਤੇ ਬੋਝ ਵਧੇਗਾ, ਉਥੇ ਹੀ ਵੱਡੇ ਸਰਮਾਏਦਾਰਾਂ ਨੇ ਵੀ ਬੈਂਕਾਂ ਵੱਲ ਆਪਣੀਆਂ ਦੇਣਦਾਰੀਆਂ ਤੋਂ ਹੱਥ ਖੜ੍ਹੇ ਕਰਨੇ ਹਨ। ਇਸੇ ਤਰ੍ਹਾਂ ਏਸ਼ੀਆ, ਅਫਰੀਕਾ ਤੇ ਲਾਤੀਨੀ ਅਮਰੀਕਾ ਦੇ ਘੱਟ ਵਿਕਸਿਤ ਮੁਲਕਾਂ ਨੇ ਜੋ ਕਰਜ਼ੇ ਚੁੱਕੇ ਹਨ, ਉਹ ਵੀ ਮਹਿੰਗੇ ਹੋਣਗੇ, ਕਹਿਣ ਦਾ ਭਾਵ ਆਉਂਦੇ ਮਹੀਨਿਆਂ ਵਿਚ ਵੱਡੇ ਪੱਧਰ ’ਤੇ ਆਮ ਨਾਗਰਿਕਾਂ ਤੋਂ ਲੈ ਕੇ ਸਰਮਾਏਦਾਰਾਂ, ਬੈਂਕਾਂ ਤੇ ਸਰਕਾਰਾਂ ਦਾ ਦਿਵਾਲਾ ਨਿੱਕਲ ਸਕਦਾ ਹੈ ਤੇ ਇਸ ਦੇ ਸੰਕੇਤ ਆਉਣੇ ਵੀ ਸ਼ੁਰੂ ਹੋ ਚੁੱਕੇ ਹਨ। ਪਾਕਿਸਤਾਨ, ਸ੍ਰੀਲੰਕਾ ਜਿਹੇ ਮੁਲਕਾਂ ਵਰਗੀ ਹਾਲਤ ਅੱਜ ਦੁਨੀਆ ਦੇ ਕਈ ਦਰਜਨ ਮੁਲਕਾਂ ਦੀ ਬਣੀ ਹੋਈ ਹੈ ਜਿਹੜੇ ਕਦੇ ਵੀ ਆਪਣੀਆਂ ਦੇਣਦਾਰੀਆਂ ਤੋਂ ਹੱਥ ਖੜ੍ਹੇ ਕਰ ਸਕਦੇ ਹਨ। ਇਸ ਤਰ੍ਹਾਂ ਵਿਆਜ ਦਰਾਂ ਵਧਾਉਣ ਕਾਰਨ ਪੂਰੇ ਅਰਥਚਾਰੇ ਦੇ ਦਿਵਾਲੀਆ ਹੋਣ ਦਾ ਸੰਕਟ ਸਾਹਮਣੇ ਖੜ੍ਹਾ ਹੈ।

ਸਰਮਾਏਦਾਰ ਹਾਕਮਾਂ ਲਈ ਇਹ ਸੱਪ ਦੇ ਮੂੰਹ ਕੋਹੜ ਕਿਰਲੀ ਵਰਗੀ ਹਾਲਤ ਹੈ ਕਿਉਂਕਿ ਜੇ ਮਹਿੰਗਾਈ ਇਸੇ ਤਰ੍ਹਾਂ ਜਾਰੀ ਰਹਿੰਦੀ ਹੈ ਤਾਂ ਵੀ ਵੱਡੇ ਪੱਧਰ ’ਤੇ ਇਸ ਖਿਲਾਫ ਰੋਹ ਵਧਣਾ ਸ਼ੁਰੂ ਹੋਵੇਗਾ ਤੇ ਯੂਰਪ ਦੇ ਲਗਭਗ ਸਾਰੇ ਮੁਲਕਾਂ ਵਿਚ ਅਜਿਹਾ ਹੋ ਵੀ ਰਿਹਾ ਹੈ ਤੇ ਜੇ ਉਹ ਇਸ ਨੂੰ ਥੰਮ੍ਹਣ ਲਈ ਵਿਆਜ ਦਰਾਂ ਵਧਾਉਂਦੇ ਹਨ ਤਾਂ ਇਸ ਨਾਲ ਆਰਥਿਕ ਸੰਕਟ ਹੋਰ ਡੂੰਘਾ ਹੋਵੇਗਾ।

ਆਰਥਿਕ ਮੋਰਚੇ ’ਤੇ ਡੂੰਘੇ ਹੋ ਰਹੇ ਸੰਕਟ ਦਾ ਅਸਰ ਸਰਮਾਏਦਾਰਾ ਸਿਆਸਤ ’ਤੇ ਵੀ ਪੈ ਰਿਹਾ ਹੈ। ਜਿਵੇਂ ਜਿਵੇਂ ਸਰਮਾਏਦਾਰਾ ਸੰਕਟ ਡੂੰਘਾ ਹੁੰਦਾ ਹੈ, ਆਮ ਲੋਕਾਈ ਦਾ ਰੋਹ ਕਾਬੂ ਕਰਨ ਲਈ ਸਰਮਾਏਦਾਰੀ ਵੱਧ ਤੋਂ ਵੱਧ ਖੂੰਖਾਰ ਹੁੰਦੀ ਜਾਂਦੀ ਹੈ ਤੇ ਬੁਰਜੂਆ ਜਮਹੂਰੀਅਤ ਦਾ ਨਕਾਬ ਲਾਹ ਕੇ ਨੰਗੀ-ਚਿੱਟੀ ਫਾਸ਼ੀਵਾਦੀ ਤਾਨਾਸ਼ਾਹੀ ਵਿਚ ਤਬਦੀਲ ਹੋ ਜਾਂਦੀ ਹੈ ਅਤੇ ਮਨੁੱਖਤਾ ਨੂੰ ਨਵੀਆਂ

(ਬਾਕੀ ਸਫ਼ਾ 34 ’ਤੇ)

# ਨਵੇਂ ਸਾਲ ਦੌਰਾਨ ਸਿੱਖ ਕੌਮ ਨੂੰ ਦਰਪੇਸ਼ ਮਸਲੇ ਲਈ ਕੀ ਨੀਤੀ ਅਪਣਾਈ ਜਾਵੇ ?

ਡਾ. ਦਲਵਿੰਦਰ ਸਿੰਘ

ਨਵੇਂ ਸਾਲ 2023 ਦੌਰਾਨ ਸਾਨੂੰ ਇਹ ਪਛਾਣ ਕਰਨੀ ਚਾਹੀਦੀ ਹੈ ਕਿ ਸਿਖ ਪੰਥ ਦੀ ਸਮਸਿਆਵਾਂ ਕੀ ਹਨ, ਇਸਦਾ ਹੱਲ ਕੀ ਹੋਵੇ।ਸਿੱਖ ਪੰਥ ਵਿਕਾਸ ਦੀ ਮੰਜਿਲ ਕਿਵੇਂ ਛੂਹੇ ? ਸਿੱਖਾਂ ਦੀ ਸਭ ਤੋਂ ਵੱਡੀ ਤਰਾਸਦੀ ਹੈ ਗੁਰੂਆਂ ਦੇ ਦੱਸੇ ਰਸਤੇ ਤੋਂ ਭਟਕਣਾਂ ਤੇ ਬਾਣੀ ਤੋਂ ਸ਼ਾਂਤੀ ਪ੍ਰਾਪਤ ਕਰਨ ਤੋਂ ਅਸਮਰੱਥਤਾ। ਇਸ ਦਾ ਮੁੱਖ ਕਾਰਨ ਸਾਡੇ ਕੋਲ ਇਸ ਸੰਬੰਧੀ ਯੋਗ ਰਹਿਨੁਮਾਈ ਦੀ ਘਾਟ ਹੈ। ਸਾਨੂੰ ਨਾਂ ਤਾਂ ਕੋਈ ਸ਼ੁੱਧ ਪਾਠ ਕਰਨ ਦੀ ਵਿਧੀ ਸਮਝਾਉਂਦਾ ਹੈ ਅਤੇ ਨਾ ਹੀ ਗੁਰਬਾਣੀ ਦੀ ਵਿਆਖਿਆ ਕਰਕੇ ਗੁਰਮਤਿ ਮਾਰਗ ਬਾਰੇ ਚਾਨਣਾ ਪਾਉਂਦਾ ਹੈ। ਜ਼ਰੂਰੀ ਹੈ ਕਿ ਅਸੀਂ ਗੁਰਬਾਣੀ ਨੂੰ ਸਮਝਣ ਲਈ ਸਹਿਜ-ਪਾਠ, ਗੁਰਬਾਣੀ ਵਿਆਖਿਆ ਲੜੀਆਂ ਅਤੇ ਇਤਿਹਾਸਕ ਬਿਰਤਾਂਤਾਂ ਰਾਹੀਂ ਨਵੀਂ ਪੀੜ੍ਹੀ ਨੂੰ ਸਿੱਖੀ ਦੀ ਅਧਿਆਤਮਕਤਾ ਨਾਲ ਜੋੜੀਏ, ਕੀਰਤਨ ਰਾਹੀਂ ਲਿਵ ਜੋੜੀਏ ਅਤੇ ਸਿੱਖੀ ਦੀ ਅਸਲ ਰੂਹ ਭਰੀਏ। ਇਸ ਨਾਲ ਮਨਾਂ ਨੂੰ ਸ਼ਾਂਤੀ ਵੀ ਮਿਲੇਗੀ, ਲੋਕਾਂ ਵਿੱਚ ਕੰਮ ਕਰਨ ਦੀ ਸ਼ਕਤੀ ਵੀ ਵਧੇਗੀ ਤੇ ਨਸ਼ਿਆਂ ਤੋਂ ਛੁਟਕਾਰਾ ਵੀ ਹੋਵੇਗਾ।

ਸਾਨੂੰ ਗੁਆਇਆ ਹੋਇਆ ਭੂਗੋਲਿਕ ਭਾਗ ਪ੍ਰਾਪਤ ਕਰਨ ਲਈ ਜਲਦੀ ਤੋਂ ਜਲਦੀ ਉਪਰਾਲਾ ਕਰਨਾ ਚਾਹੀਦਾ ਹੈ। ਸਾਨੂੰ ਥੋਪੇ ਹੋਏ ਸਮਝੌਤਿਆਂ ਨੂੰ ਖਾਰਿਜ ਕਰਕੇ ਆਪਣੇ ਪਾਣੀਆਂ ਅਤੇ ਜ਼ਮੀਨਾਂ ਤੇ ਕਾਨੂੰਨੀ ਅਧਿਕਾਰ ਪ੍ਰਾਪਤ ਕਰਨਾ ਚਾਹੀਦਾ ਹੈ। ਜਿਸ ਖੇਤਰ ਦੀ ਅਸੀਂ ਉਪਜ ਹਾਂ ਉਸ ਉਤੇ ਸਾਡਾ ਪੂਰਨ ਅਧਿਕਾਰ ਹੋਣਾ ਚਾਹੀਦਾ ਹੈ। ਸਾਨੂੰ ਕੇਂਦਰੀ ਸੇਵਾਵਾਂ ਵਿੱਚ ਆਪਣਾ ਬਣਦਾ ਹੱਕ ਅਤੇ ਤਾਕਤ ਦੇ ਖੇਤਰ ਵਿੱਚ ਆਪਣਾ ਪ੍ਰਭਾਵ ਹਾਸਿਲ ਕਰਨਾ ਚਾਹੀਦਾ ਹੈ। ਸਾਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਬਾਹਰਲਿਆਂ ਨੂੰ ਵੋਟਾਂ ਦਾ ਅਧਿਕਾਰ ਜਾਂ ਪੱਕਾ ਰਾਸ਼ਨ ਕਾਰਡ ਸੌਖੀ ਤਰ੍ਹਾਂ ਨਾ ਮਿਲੇ। ਮਹਾਰਾਸ਼ਟਰ ਵਿੱਚ ਲਾਗੂ ਹਦਾਇਤ ਅਨੁਸਾਰ ਪੱਕਾ ਰਾਸ਼ਨ ਕਾਰਡ ਅਤੇ ਵੋਟ ਪੰਦਰਾਂ ਸਾਲ ਲਗਾਤਾਰ ਰਹਿਣ ਤੇ ਮਿਲਦਾ ਹੈ ਇਹੋ ਕਾਨੂੰਨ ਸਾਨੂੰ ਵੀ ਅਪਣਾਉਣਾ ਚਾਹੀਦਾ ਹੈ। ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਿੱਖਾਂ ਦੀਆਂ ਵੋਟਾਂ ਕੱਟੀਆਂ ਨਾ ਜਾਣ ਅਤੇ ਜੋ ਅਫਸਰ ਇਸ ਤਰ੍ਹਾਂ ਕਰਦੇ ਹਨ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇ। ਸਾਨੂੰ ਪੰਜਾਬ ਤੋਂ ਬਾਹਰ ਰਹਿੰਦੇ ਸਿੱਖਾਂ ਨੂੰ ਆਪਣੇ ਭਰਾ ਸਮਝ ਕੇ ਉਨ੍ਹਾਂ ਦੀ ਉਨਤੀ ਲਈ ਮਦਦ ਕਰਨੀ ਚਾਹੀਦੀ ਹੈ। ਸਿਕਲੀਗਰ, ਵਣਜਾਰੇ, ਜੌਹਰੀ ਅਤੇ ਸਤਨਾਮੀ ਸਾਰਿਆਂ ਨੂੰ ਹੀ ਸਿੱਖੀ ਦੇ ਵਿੱਚ ਲਿਆਂਦਾ ਜਾਣਾ ਚਾਹੀਦਾ ਹੈ ਤੇ ਪੰਜਾਬ ਵਸਾਉਣਾ ਚਾਹੀਦਾ ਹੈ। ਸਾਡੀ ਏਕਤਾ ਸਾਡੀ ਸ਼ਕਤੀ ਹੋਣੀ ਚਾਹੀਦੀ ਹੈ। ਅਸੀਂ ਸਾਰੇ 12 ਕਰੋੜ ਤੋਂ ਉਪਰ ਹਾਂ ਅਤੇ ਇਹ ਸਾਡੀ ਵੱਡੀ ਸ਼ਕਤੀ ਹੈ। ਇਹ ਬੜੇ ਦੁੱਖ ਦੀ ਗੱਲ ਹੈ ਕਿ ਸਿਕਲੀਗਰਾਂ ਅਤੇ ਵਣਜਾਰਿਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ ਪਰ ਉਨ੍ਹਾਂ ਨੂੰ ਬਦਲੇ ਵਿੱਚ ਗੁਮਨਾਮੀ ਹੀ ਮਿਲੀ। ਸਾਨੂੰ ਇਸ ਅਵਸਥਾ ਨੂੰ ਪਲਟਾਉਣ ਲਈ ਜਲਦ ਤੋਂ ਜਲਦ ਕੋਸ਼ਿਸ਼ ਕਰਨੀ ਚਾਹੀਦੀ ਹੈ।

ਸਾਡੀ ਸਭ ਤੋਂ ਵੱਡੀ ਸਮੱਸਿਆ ਸਿੱਖਾਂ ਦਾ ਗੁਰੂਆਂ ਦੇ ਦੱਸੇ ਮਾਰਗ ਤੋਂ ਭਟਕਣਾ ਹੈ ਜਿਸ ਦਾ ਕਾਰਨ ਰਹਿਨੁਮਾਈ ਦੀ ਕਮੀਂ ਅਤੇ ਅਜੋਕੀ ਧਾਰਮਿਕ ਪ੍ਰਣਾਲੀ ਵਿੱਚ ਸ਼ਾਂਤੀ ਦੀ ਕਮੀ ਹੈ। ਸਾਡੇ ਗੁਰੂਆਂ ਦਾ ਉਪਦੇਸ਼ ਸਾਫ਼-ਸਾਫ਼ ਇਹ ਦੱਸਦਾ ਹੈ ਕਿ ਸਾਮਾਜਿਕ, ਮੌਲਿਕ ਅਤੇ ਅਧਿਆਤਮ ਜੀਵਨ ਸ਼ੈਲੀ ਕਿਸ ਤਰ੍ਹਾਂ ਅਪਣਾਈ ਜਾਵੇ ਅਤੇ ਕਿਸ ਤਰ੍ਹਾਂ ਨਿਰੰਕਾਰ ਨਾਲ ਲਿਵ ਜੋੜੀ ਜਾਵੇ। ਫਿਰ ਵੀ ਜੇ ਅਸੀਂ ਅਜੋਕੇ ਪ੍ਰਭਾਵ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਚੰਗੀਆਂ ਕਦਰਾਂ ਕੀਮਤਾਂ ਜੋ ਇਸ ਜੀਵਨ ਸ਼ੈਲੀ ਵਿੱਚ ਹੋਣੀਆਂ ਚਾਹੀਦੀਆਂ ਹਨ ਬਿਲਕੁਲ ਨਾਮਾਤਰ ਹਨ। ਜਦੋਂ ਵੀ ਕੋਈ ਸਿੱਖ ਸਿੱਖੀ ਕਦਰਾਂ ਕੀਮਤਾਂ ਦੀ ਉਲੰਘਣਾ ਕਰਦਾ ਹੈ ਤਾਂ ਸਿੱਖ ਧਰਮ ਅਤੇ ਸਿੱਖੀ ਸ਼ਖ਼ਸੀਅਤ ਨੂੰ ਧੱਕਾ ਲੱਗਦਾ ਹੈ। ਸੋ ਜਦੋਂ ਵੀ ਕੋਈ ਸਿੱਖ ਆਪਣੀ ਨਿੱਜੀ ਜ਼ਿੰਦਗੀ ਬਾਰੇ ਕੋਈ ਫੈਸਲਾ ਲੈਂਦਾ ਹੈ ਤਾਂ ਉਸਨੂੰ ਆਪਣੇ ਆਪ ਨੂੰ ਪੁੱਛਣਾ ਚਾਹੀਦਾ ਹੈ ਕਿ ਕੀ ਇਹ ਸਿੱਖੀ ਲਈ ਸਹੀ ਅਤੇ ਸਤਿਕਾਰਯੋਗ ਹੈ ? ਸਾਨੂੰ ਸਭ ਨੂੰ ਗੁਰੂਆਂ ਦੇ ਸੱਚੇ ਭਗਤ ਬਣਨਾ ਹੋਵੇਗਾ। ਸਾਡੇ ਗੁਰੂ ਸਾਹਿਬਾਨ ਦੇ ਉਪਦੇਸ਼ ਦੀ ਇਹ ਮੌਲਿਕ ਗੱਲ ਹੈ। ਇਸ ਤੋਂ ਬਾਅਦ ਹੀ ਤੁਸੀਂ ਰੋਲ ਮਾਡਲ ਜਾਂ ਨਵੀਂ ਪੀੜ੍ਹੀ ਲਈ ਰਹਿਨੁਮਾ ਬਣ ਸਕਦੇ ਹੋ। ਸ਼ਾਇਦ ਆਮ ਸਿੱਖ ਦੂਜਿਆਂ ਲਈ ਚੰਗੀਆਂ ਉਦਾਹਰਣਾਂ ਨਹੀ ਬਣ ਸਕੇ। ਸਾਰੇ ਸਿੱਖ ਵੀਰਾਂ ਅਤੇ ਬੀਬੀਆਂ ਲਈ ਇਹ ਬਹੁਤ ਮਹੱਤਵਪੂਰਨ ਹੈ ਕਿ ਗੁਰੂ ਨਾਲ ਕੀਤੇ ਇਸ ਵਾਅਦੇ ਨੂੰ ਜੋ ਸਾਨੂੰ ਵਿਰਾਸਤ ਵਿੱਚ ਮਿਲਿਆ ਹੈ ਨੂੰ ਪੂਰਾ ਕਰੀਏ। ਸਾਡੀ ਸ਼ਰਧਾ ਸਿਰਫ ਗੁਰਦੁਆਰੇ ਜਾਣ ਤੱਕ ਹੀ ਸੀਮਤ ਹੈ।

ਸਰੀਰਕ ਤੌਰ 'ਤੇ ਭਾਵੇਂ ਅਸੀਂ ਗੁਰਦੁਆਰੇ ਹੋਈਏ ਪਰ ਸਾਡੀ ਸੁਰਤੀ ਭਟਕਦੀ ਰਹਿੰਦੀ ਹੈ ਅਤੇ ਉਸ ਅਕਾਲ ਪੁਰਖ ਨਾਲ ਲਿਵ ਨਹੀਂ ਜੁੜਦੀ। ਇਹ ਅਵਸਥਾ ਨਵੀ ਪੀੜ੍ਹੀ ਵਿੱਚ ਹੋਰ ਵੀ ਚਿੰਤਾਯੋਗ ਹੈ, ਨਾਲ ਹੀ ਵਿਦੇਸ਼ਾਂ ਵਿੱਚ ਜਿਥੋਂ ਦੇ ਨੌਜੁਆਨ ਪੰਜਾਬੀ ਨਹੀ ਸਮਝ ਸਕਦੇ ਕੋਈ ਅਚੰਭੇ ਦੀ ਗੱਲ ਨਹੀਂ ਕਿ ਨੌਜਵਾਨ ਸਾਲ ਵਿੱਚ ਇੱਕ ਅੱਧੀ ਵਾਰ ਗੁਰਪੁਰਬ ਮੌਕੇ ਹੀ ਗੁਰਦੁਆਰੇ ਜਾਂਦੇ ਹਨ।

ਵਿਸ਼ਵ ਪੱਧਰ 'ਤੇ ਸਿੱਖਾਂ ਦੀ ਆਰਥਿਕਤਾ ਨੂੰ ਸਹੀ ਮਾਇਨੇ ਵਿੱਚ ਉੱਚਾ ਨਹੀਂ ਕਿਹਾ ਜਾ ਸਕਦਾ। ਸਿੱਖੀ ਆਰਥਿਕਤਾ ਹੁਣ ਦੋਰਾਹੇ 'ਤੇ ਹੈ। ਸਿੱਖ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਤੇਜ਼ੀ ਨਾਲ ਵਧ ਰਹੀ ਹੈ। ਪਹਿਲਾਂ ਫੌਜ ਅਤੇ ਪੁਲਿਸ ਸਿੱਖਾਂ ਲਈ ਰੁਜ਼ਗਾਰ ਮੁਹੱਈਆ ਕਰਦੇ ਸਨ। ਹੁਣ ਕੇਂਦਰੀ ਸੇਵਾਵਾਂ ਵਿੱਚ ਸਿੱਖਾਂ ਦਾ ਹਿੱਸਾ ਘੱਟ ਕਰ ਦਿੱਤਾ ਗਿਆ ਹੈ ਤੇ ਉਨ੍ਹਾਂ ਲਈ ਕੋਈ ਹੋਰ ਰਸਤਾ ਨਹੀਂ ਰਹਿ ਗਿਆ। ਖੇਤੀ ਵੀ ਹੁਣ ਕਮਾਈ ਦਾ ਸਾਧਨ ਨਹੀਂ ਰਹੀ। ਯੋਗਤਾ ਨਾ ਹੋਣ ਕਾਰਣ ਅਤੇ ਹੱਥੀਂ ਕੰਮ ਤੋਂ ਕਤਰਾਉਣ




ਕਾਰਣ ਸਿੱਖ ਨੌਜਵਾਨ ਬਾਹਰਲੇ ਦੇਸ਼ਾਂ ਵੱਲ ਦੌੜ ਰਹੇ ਹਨ। ਉੱਥੇ ਉਨ੍ਹਾਂ ਨੂੰ ਬਹੁਤ ਮੁਸ਼ਕਲਾਂ ਜਿਵੇਂ ਸ਼ੋਸ਼ਣ, ਜੇਲ੍ਹ, ਅਤੇ ਕਈ ਵਾਰ ਧਰਮ ਬਦਲੀ ਵੀ ਸਹਿਣਾ ਪੈਂਦਾ ਹੈ। ਇਸ ਪੱਖ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਸਾਨੂੰ ਖੇਤੀ ਨੂੰ ਇੱਕ ਲਾਹੇਵੰਦ ਧੰਦਾ ਬਣਾਉਣਾ ਚਾਹੀਦਾ ਹੈ। ਸਾਨੂੰ ਨੌਜਵਾਨਾਂ ਨੂੰ ਕਿੱਤੇ ਬਾਰੇ ਗਿਆਨ ਦੇਣ ਲਈ ਅਤੇ ਹੁਨਰ ਸਿਖਾਉਣ ਲਈ ਸੰਸਥਾਵਾਂ ਖੋਲ੍ਹਣੀਆਂ ਚਾਹੀਦੀਆਂ ਹਨ। ਖੇਤੀ ਇੰਡਸਟਰੀ ਦੀ ਉਸਾਰੀ ਵਲ ਧਿਆਨ ਦੇਣ ਦੀ ਲੋੜ ਹੈ ਤਾਂ ਜੋ ਪੰਜਾਬ ਵਿਚ ਬੇਰੁਜ਼ਗਾਰੀ ਸੰਕਟ ਦੂਰ ਕੀਤਾ ਜਾਵੇ। ਵਿਦੇਸ਼ਾਂ ਵਿੱਚ ਜਾ ਰਹੇ ਨੌਜਵਾਨਾਂ ਦਾ ਲੇਖਾ ਜੋਖਾ ਰੱਖਿਆ ਜਾਣਾ ਚਾਹੀਦਾ ਹੈ। ਵਿਦੇਸ਼ਾਂ ਵਿੱਚ ਰਹਿ ਰਹੇ ਪ੍ਰਵਾਸੀ ਖਾਲਸਾ ਜੀ ਨੂੰ ਇਨ੍ਹਾਂ ਸਿੱਖ ਨੌਜਵਾਨਾਂ ਦੀ ਮਦਦ ਕਰਨੀ ਚਾਹੀਦੀ ਹੈ। ਇਹੋ ਜਿਹੀਆਂ ਹੀ ਸੰਸਥਾਵਾਂ ਵਿਦੇਸ਼ ਜਾ ਰਹੇ ਨੌਜਵਾਨਾਂ ਦੀ ਮਦਦ ਲਈ ਖੋਲ੍ਹਣੀਆਂ ਚਾਹੀਦੀਆਂ ਹਨ। ਗੰਭੀਰ ਸਮੱਸਿਆ ਇਹ ਹੈ ਕਿ ਪੇਂਡੂ ਸਿੱਖਾਂ ਵਿੱਚ ਕੰਮ ਕਰਨ ਦੀ ਇੱਛਾ ਹੁਣ ਮਰਦੀ ਜਾ ਰਹੀ ਹੈ। ਘਾਟੇ ਵਿੱਚ ਜਾ ਰਿਹਾ ਖੇਤੀ ਦਾ ਕੰਮ, ਖੇਤੀ ਲਈ ਘਟਦੀ ਜ਼ਮੀਨ, ਘਟਦਾ ਪਾਣੀ ਅਤੇ ਬਿਜਲੀ, ਰੀਤੀ ਰਿਵਾਜਾਂ ਤੇ ਵਧਦਾ ਖਰਚਾ, ਭੂਮੀਂ ਦੀ ਵੰਡ, ਕੰਮ ਪ੍ਰਤੀ ਘੱਟ ਰੁਝਾਨ, ਖੇਤੀਬਾੜੀ ਦੀ ਵਧ ਰਹੀ ਕੀਮਤ, ਮਸ਼ੀਨਰੀ, ਖਾਦਾਂ, ਬੀਜ ਅਤੇ ਆਮਦਨ ਦੇ ਘੱਟ ਸਾਧਨਾਂ



ਨੇ ਖੇਤੀਬਾੜੀ ਦਾ ਪੱਧਰ ਨੀਵਾਂ ਕਰ ਦਿੱਤਾ ਹੈ। ਇਨ੍ਹਾਂ ਖਰਚਿਆਂ ਕਾਰਨ ਵਧ ਰਹੇ ਕਰਜ਼ਿਆਂ ਅਤੇ ਮਹਿੰਗੇ ਰਸਮਾਂ ਰਿਵਾਜਾਂ ਨੇ ਕਿਸਾਨਾਂ ਨੂੰ ਆਤਮਹੱਤਿਆ ਲਈ ਮਜ਼ਬੂਰ ਕਰ ਦਿੱਤਾ ਹੈ। ਇਹ ਹਾਲਤ ਬਹੁਤ ਹੀ ਤਰਸਯੋਗ ਹੈ ਜਿਸ ਉਤੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਹਾਲਾਂਕਿ ਬਹੁਤ ਸਾਰੀਆਂ ਆਤਮ ਹਤਿਆਵਾਂ ਮਾਲਵਾ ਖੇਤਰ ਵਿੱਚ ਹੀ ਹੋਈਆਂ ਹਨ ਪਰ ਇਸ ਵੱਲ ਕੋਈ ਵੀ ਧਿਆਨ ਨਹੀਂ ਦਿੱਤਾ ਗਿਆ। ਇਸੇ ਤਰ੍ਹਾਂ ਹੀ ਰੁਜ਼ਗਾਰ ਦੇ ਸਾਧਨ ਘਟ ਰਹੇ ਹਨ ਅਤੇ ਕੋਈ ਵੀ ਇਸਦੇ ਹੱਲ ਨਹੀਂ ਲੱਭ ਰਹੇ ਜਿਸਦੇ ਕਾਰਨ ਬਹੁਤ ਸਾਰੇ ਨੌਜਵਾਨ ਵਿਦੇਸ਼ਾਂ ਵੱਲ ਨਿਕਲ ਰਹੇ ਹਨ। ਰਿਹਾਇਸ਼ੀ ਖੇਤਰ ਵਧਣ, ਕਮਾਈ ਦੇ ਸਾਧਨ ਘਟਣ, ਕਰਕੇ ਖੇਤੀਬਾੜੀ ਲਈ ਭੂਮੀਂ ਬਹੁਤ ਘਟ ਰਹੀ ਹੈ। ਪ੍ਰਵਾਸੀ ਕਾਮਿਆਂ ਜਾਂ ਮਜ਼ਦੂਰਾਂ ਦੁਆਰਾ ਘੱਟ ਕੀਮਤ ਤੇ ਕੰਮ ਕਰਨ ਕਰਕੇ ਸ਼ਹਿਰਾਂ ਅਤੇ ਪਿੰਡਾਂ ਵਿੱਚ ਚੰਗੇ ਰੁਜ਼ਗਾਰ ਦੇ ਸਾਧਨ ਘਟ ਗਏ ਹਨ। ਅਪਣੇ ਪਾਣੀ ਦੇ ਸ੍ਰੋਤਾਂ ਨੂੰ ਬਚਾਉਣ ਲਈ ਸਾਨੂੰ ਪਹਿਲਾਂ ਕੀਤੇ ਸਮਝੌਤੇ ਰੱਦ ਕਰਕੇ ਕੇਂਦਰੀ ਸਰਕਾਰ ਤੇ ਦਬਾਅ ਬਣਾਉਣਾ ਚਾਹੀਦਾ ਹੈ ਤਾਂ ਕਿ ਚੰਡੀਗੜ੍ਹ ਮੁੜ ਪੰਜਾਬ ਦੇ ਸਮੁੱਚੇ ਅਧਿਕਾਰ ਵਿੱਚ ਹੋਵੇ। ਖੇਤੀ ਦੇ ਵਧੀਆ ਬੀਜ ਮਿਲਣੇ ਚਾਹੀਦੇ ਹਨ ਅਤੇ ਖੇਤੀ ਦਾ ਨਵੀਨੀਕਰਨ ਹੋਣਾ ਚਾਹੀਦਾ ਹੈ। ਕਰਜ਼ਾ ਵਾਪਸ ਨਾ ਕਰਨ ਦੀ ਸੂਰਤ ਵਿੱਚ ਜੇਲ੍ਹ ਭੇਜਣ ਦੇ ਕਾਨੂੰਨ ਵਿੱਚ ਸੋਧ ਹੋਣੀ ਚਾਹੀਦੀ ਹੈ। ਕਰਜ਼ੇ ਲਈ ਕਿਸਾਨ ਦੇ ਖੇਤ ਅਤੇ ਉਸਦੀ ਜਾਇਦਾਦ ਜ਼ਬਤ ਨਹੀ ਹੋਣੀ ਚਾਹੀਦੀ। ਪੰਜਵੀ ਜਮਾਤ ਤੋਂ ਕਿੱਤਾ ਮੁਖੀ ਸਿਖਲਾਈ ਦੇਣੀ ਚਾਹੀਦੀ ਹੈ। ਪੰਚਾਇਤਾਂ ਨੂੰ ਪਿੰਡਾਂ ਵਿੱਚ 100% ਸਿੱਖਿਆ ਸੁਨਿਸ਼ਚਿਤ ਕਰਨੀ ਚਾਹੀਦੀ ਹੈ। ਵਿਦੇਸ਼ ਜਾਣ ਲਈ ਠੱਗ ਏਜੰਟਾਂ ਨੂੰ ਪੰਚਾਇਤ ਪੱਧਰ ਤੇ ਹੀ ਨੱਜਿਠਣਾ ਚਾਹੀਦਾ ਹੈ। ਵਿਸ਼ਵ ਪੱਧਰ ਤੇ ਸਿੱਖਾਂ ਦੀ ਦੇਖ ਰੇਖ ਕਰਨ ਲਈ ਇੱਕ ਸੰਸਥਾ ਹੋਣੀ ਚਾਹੀਦੀ ਹੈ ਜੋ ਵਿਦੇਸ਼ਾਂ ਵਿੱਚ ਜਾ ਰਹੇ ਸਿੱਖਾਂ ਨੂੰ ਸ਼ੋਸ਼ਣ ਤੋਂ ਬਚਾਵੇ। ਪ੍ਰਾਪਰਟੀ ਡੀਲਰਾਂ ਨੂੰ ਰਜਿਸਟਰ ਕੀਤਾ ਜਾਣਾ ਚਾਹੀਦਾ ਹੈ ਅਤੇ ਰਿਕਾਰਡਾਂ ਦਾ ਲੇਖਾ ਜੋਖਾ ਰੱਖਿਆ ਜਾਣਾ ਚਾਹੀਦਾ ਹੈ। ਘਰ ਦੀ ਉਸਾਰੀ ਲਈ ਖੇਤੀਬਾੜੀ ਦੀ ਜ਼ਮੀਨ ਨੂੰ ਨਹੀਂ ਵਰਤਿਆ ਜਾਣਾ ਚਾਹੀਦਾ ਹੈ। ਜ਼ਮੀਨੀ ਰਿਕਾਰਡ ਕੰਪਿਊਟਰ ਵਿੱਚ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ। ਮੁਫ਼ਤ ਬਿਜਲੀ, ਆਟਾ, ਦਾਲ ਰਾਜਨੀਤਕ ਚਾਲਾਂ ਹਨ। ਸਾਨੂੰ ਸਾਰੀਆਂ ਮੁਫਤ ਸਕੀਮਾਂ ਅਤੇ ਸਬਸਿਡੀ ਬੰਦ ਕਰਨੀ ਚਾਹੀਦੀ ਹੈ। ਇਹ ਫੰਡ ਉਸਾਰੀ ਲਈ ਵਰਤੇ ਜਾ ਸਕਦੇ ਹਨ। ਸਰਕਾਰ ਦੀਆਂ ਪਾਲਸੀਆਂ ਵੋਟਾਂ ਲਈ ਨਹੀਂ, ਉੱਨਤੀ ਲਈ ਹੋਣੀਆਂ ਚਾਹੀਦੀਆਂ ਹਨ। ਕਿਸਾਨ ਜੋ ਕਿ ਹਰੀ ਕ੍ਰਾਂਤੀ ਲਈ ਜ਼ਿੰਮੇਵਾਰ ਸਨ ਅਤੇ ਸਾਡੇ ਦੇਸ਼ ਦੇ ਅੰਨਦਾਤਾ ਸਨ ਉਹ ਹੁਣ ਅਣਦੱਸੀਆਂ ਥਾਂਵਾਂ ਤੇ ਜਾ ਵਸੇ ਹਨ ਜੋ ਕਿ ਬੜੀ ਹੀ ਸ਼ਰਮ ਦੀ ਗੱਲ ਹੈ ਇਸ ਨੂੰ ਠੱਲ੍ਹ ਪਾਉਣੀ ਚਾਹੀਦੀ ਹੈ।

ਮਨੁੱਖੀ ਸ਼ਖ਼ਸੀਅਤ ਵਿੱਚ ਕਮਜ਼ੋਰੀ, ਦੁਚਿੱਤੀ ਅਤੇ ਡਰਪੋਕਪੁਣੇ ਨੇ ਆਤਮਵਿਸ਼ਵਾਸ਼, ਅਗਾਂਹਵਧੂ ਅਤੇ ਵਿਲੱਖਣ ਪਛਾਣ ਦੀ ਥਾਂ ਲੈ ਲਈ ਹੈ। ਅਪਣੇ ਆਤਮਿਕ ਬਲ ਨੂੰ ਛੱਡ ਕੇ ਮਨੁੱਖ ਮਾਇਆ ਦੀ ਦੁਨੀਆਂ ਵਿੱਚ ਗੁਆਚ ਗਿਆ ਹੈ। ਜਦੋਂ ਉਹ ਧਾਰਮਿਕ ਸੰਸਥਾਵਾਂ ਨੂੰ ਵੀ ਮਾਇਆ ਦੀ ਨਗਰੀ ਵਿੱਚ ਗੁਆਚਿਆ ਦੇਖਦਾ ਹੈ ਤਾਂ ਨਸ਼ਿਆਂ ਦਾ ਸਹਾਰਾ ਲੈਣ ਲੱਗ ਪੈਂਦਾ ਹੈ। ਜਦੋਂ ਉਸ ਨੂੰ ਕੋਈ ਗਿਆਨ ਅਤੇ ਕਮਾਈ ਨਹੀਂ ਹੁੰਦੀ ਤਾਂ ਉਹ ਹੌਲੀ ਹੌਲੀ ਇੱਕਲੇਪਣ ਅਤੇ ਨਸ਼ਿਆਂ ਵੱਲ ਹੋਰ ਵਧਦਾ ਹੈ। ਉਹ ਆਪਣੇ ਦਾਦੇ-ਦਾਦੀ ਤੋਂ ਸਿੱਖ ਇਤਿਹਾਸ ਦੀਆਂ ਪਿਰਤਾਂ ਨਹੀਂ ਪ੍ਰਾਪਤ ਕਰਦਾ। ਉਸਨੂੰ ਇਤਿਹਾਸ ਬਾਰੇ ਗਿਆਨ ਹੀ ਨਹੀਂ ਹੁੰਦਾ। ਉਹ ਫਿਲਮਾਂ, ਟੀ.ਵੀ., ਅਖ਼ਬਾਰਾਂ ਵਿੱਚ ਜੋ ਕੁੱਝ ਵੀ ਦੇਖਦਾ ਹੈ ਉਸਨੂੰ ਅਪਨਾਉਣ ਦੀ ਕੋਸ਼ਿਸ਼ ਕਰਦਾ ਹੈ। ਇਥੋਂ ਤੱਕ ਕਿ ਅੰਤਰ-ਰਾਸ਼ਟਰੀ ਪੱਧਰ ਦੇ ਖਿਡਾਰੀ ਜਾਂ ਵੱਡੇ ਰੁਤਬੇ ਵਾਲੇ ਬੰਦੇ ਵੀ ਅਪਨੀ ਸਿੱਖੀ ਹੋਂਦ ਨੂੰ ਕਾਇਮ ਨਹੀਂ ਰੱਖ ਸਕੇ ਜਿਸਦੇ ਕਿ ਬੜੇ ਗਲਤ ਪ੍ਰਭਾਵ ਪੈ ਰਹੇ ਹਨ। ਮਿਸਾਲ ਦੇ ਤੌਰ ਤੇ ਅੰਤਰ-ਰਾਸ਼ਟਰੀ ਖਿਡਾਰੀ ਹਰਭਜਨ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਟੋਪੀ ਲੈਣ ਅਤੇ ਦਾੜ੍ਹੀ ਕਟਵਾਉਣ ਨੂੰ ਪਹਿਲ ਦਿੰਦੇ ਹਨ। ਹਾਕੀ ਖਿਡਾਰੀ, ਅਥਲੀਟ, ਪਹਿਲਵਾਨ ਸਾਰੇ ਬਿਨ੍ਹਾਂ ਕੇਸਾਂ ਅਤੇ ਪਗੜੀ ਤੋਂ ਹੁੰਦੇ ਹਨ। ਇਸੇ ਤਰ੍ਹਾਂ ਹੀ ਬਹੁਤ ਸਾਰੇ ਆਈ. ਏ. ਐਸ., ਆਈ. ਪੀ. ਐਸ., ਆਈ. ਐਫ. ਐਸ. ਅਤੇ ਹੋਰ ਵੱਡੇ ਰੁਤਬੇ ਦੇ ਬੰਦਿਆਂ ਨੂੰ ਬਿਨ੍ਹਾਂ ਕੇਸ, ਪੱਗ ਅਤੇ ਕੱਟੀ ਦਾੜ੍ਹੀ ਵਿੱਚ ਵੇਖਿਆ ਜਾ ਸਕਦਾ ਹੈ। ਲਗਭਗ 80% ਸਿੱਖਾਂ ਨੇ ਪੁਲਿਸ ਦੀ ਨੌਕਰੀ ਵਿੱਚ ਦਾੜ੍ਹੀ ਅਤੇ ਕੇਸ ਕੱਟੇ ਹੋਏ ਹਨ ਇਥੋਂ ਤਕ ਕਿ ਫੌਜ ਵਿੱਚ ਜਿਥੇ ਕਿ ਕੇਸ, ਦਾੜ੍ਹੀ ਅਤੇ ਪਗੜੀ ਜੋ ਕਿ ਜ਼ਰੂਰੀ ਹਨ ਹੁਣ ਕਿਤੇ ਵਿਖਾਈ ਨਹੀਂ ਦੇ ਰਹੇ। ਸਿੱਖ ਗਭਰੂਆਂ ਵਿੱਚ ਪੰਜ ਕਕਾਰਾਂ ਦੀ ਕੋਈ ਅਹਿਮੀਅਤ ਨਹੀਂ ਰਹੀ। ਮਾਲਵਾ ਇਲਾਕੇ ਵਿੱਚ ਲਗਭਗ 80% ਗਭਰੂਆਂ ਨੇ ਪਗੜੀ ਨੂੰ ਅਲਵਿਦਾ ਕਹਿ ਕੇ ਕੇਸ ਕਟਵਾ ਕੇ ਅਪਣੀ ਸ਼ਨਾਖਤ ਗਵਾ ਲਈ ਹੈ। ਅਪਣੀ ਜੜ੍ਹ ਤੋਂ ਉਖੜਿਆ ਮਨੁੱਖ ਨਾ ਤਾਂ ਚੰਗਾ ਖਿਡਾਰੀ ਹੋ ਸਕਦਾ ਹੈ ਅਤੇ ਨਾ ਹੀ ਉਹ ਰਾਸ਼ਟਰੀ ਜਾਂ ਅੰਤਰ-ਰਾਸ਼ਟਰੀ ਪੱਧਰ ਤੇ ਜਿੱਤ ਦਾ ਹੱਕਦਾਰ ਹੈ। ਸਿੱਖਾਂ ਦੀ ਉਨ੍ਹਾਂ ਦੀਆਂ ਮਨਪਸੰਦ ਖੇਡਾਂ ਹਾਕੀ, ਕਬੱਡੀ ਵਿੱਚ ਪ੍ਰਧਾਨਗੀ ਨਹੀਂ ਰਹਿ ਗਈ ਨਾ ਹੀ ਕੋਈ ਮਿਲਖਾ ਸਿੰਘ ਦਿਖਾਈ ਦਿੰਦਾ ਹੈ। ਅੱਧਖੜ ਉਮਰ ਦੇ ਇਸਤਰੀ-ਪੁਰਸ਼ ਮੋਟਾਪੇ ਦਾ ਸ਼ਿਕਾਰ ਹਨ। ਬਿਮਾਰੀਆਂ ਜਿਵੇਂ ਕਿ ਕੈਂਸਰ, ਸ਼ੂਗਰ, ਏਡਜ਼ ਵਧ ਰਹੀਆਂ ਹਨ। ਸਿੱਖ ਜੋ ਪਹਿਲਾਂ ਅੰਮ੍ਰਿਤ ਵੇਲੇ ਉੱਠ ਕੇ ਗੁਰਬਾਣੀ ਦਾ ਪਾਠ ਕਰਦੇ ਸਨ ਉਹ ਕਿਤੇ ਵੀ ਵਿਖਾਈ ਨਹੀਂ ਦੇ ਰਹੇ। ਨਾਮ ਜਪੋ, ਕਿਰਤ ਕਰੋ, ਵੰਡ ਛਕੋ ਦਾ ਸਿੱਖੀ ਸਿਧਾਂਤ ਕਾਗਜ਼ਾਂ ਤੇ ਹੀ ਰਹਿ ਗਿਆ ਹੈ, ਉਹ ਕਾਗਜ਼ ਜੋ ਕਦੇ ਹੀ ਪੜ੍ਹੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਅਪਣਾਉਣ ਦੀ ਕੋਸ਼ਿਸ਼ ਤਾਂ ਕੀ ਕਰਨੀ ਹੈ।

ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਦੀ ਵੱਖਰੀ ਪਛਾਣ ਲਈ ਸਿੱਖੀ ਬਾਣਾ ਲਾਗੂ ਕੀਤਾ ਸੀ ਜੋ ਕਿ ਅੱਜਕਲ੍ਹ ਬਹੁਤ ਘੱਟ ਵੇਖਣ ਨੂੰ ਮਿਲ ਰਿਹਾ ਹੈ। ਹੁਣ ਤਾਂ ਮਾਪੇ ਆਪਣੀਆਂ ਸਿੱਖ ਸਪੁੱਤਰੀਆਂ ਲਈ ਵਿਆਹ ਦੇ ਇਸ਼ਤਿਹਾਰ ਦਿੰਦੇ ਹਨ 'ਲੋੜ ਹੈ ਲਾੜੇ ਦੀ ਜੋ ਕੇਸ ਰਹਿਤ ਹੋਵੇ'। ਕਕਾਰਾਂ ਅਤੇ ਪਗੜੀ ਦੀ ਲੋੜ ਤੇ ਕਿੰਤੂ ਪ੍ਰੰਤੂ ਕੀਤਾ ਜਾਂਦਾ ਹੈ। ਕਿਰਪਾਨ ਅਤੇ ਪਗੜੀ ਅੰਤਰ-ਰਾਸ਼ਟਰੀ ਮਸਲਾ ਬਣ ਗਿਆ ਹੈ। ਫਰਾਂਸ ਵਰਗੇ ਦੇਸ਼ ਵਿੱਚ ਪਗੜੀਧਾਰੀ ਸਿੱਖ ਵਿਦਿਆਰਥੀਆਂ ਨੂੰ ਸਕੂਲਾਂ-ਕਾਲਜਾਂ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਂਦਾ। ਇਹ ਸਮੇਂ ਦੀ ਲੋੜ ਹੈ ਕਿ ਅਸੀਂ ਸਿੱਖੀ, ਸਿੱਖ-ਬਾਣਾ, ਸਿੱਖ-ਰਹਿਤ ਅਤੇ ਸਿੱਖ ਪਹਿਚਾਣ ਦਾ ਸਮੁੱਚੇ ਵਿਸ਼ਵ ਵਿੱਚ ਭਰਵਾਂ ਪ੍ਰਚਾਰ ਕਰੀਏ ਤੇ ਲੋਕਾਂ ਨੂੰ ਸਮਝਾਈਏ ਕਿ ਸਿੱਖਾਂ ਵਿੱਚ ਇਸ ਦਾ ਕੀ ਮਹੱਤਵ ਹੈ।

ਸਾਡਾ ਸਿੱਖੀ ਵਿਦਿਅਕ ਢਾਂਚਾ ਬੜਾ ਕਮਜ਼ੋਰ ਹੈ। ਪਰਿਵਾਰਕ ਸੰਗਠਨਾਤਮਕ ਤੇ ਵਿਦਿਅਕ ਅਦਾਰਿਆਂ ਵਿੱਚ ਸਿੱਖੀ ਦੀ ਸਹੀ ਸਿੱਖਿਆ ਦੀ ਘਾਟ ਹੈ। ਸਾਡੇ ਮਿਸ਼ਨਰੀ ਕਾਲਜਾਂ ਵਿੱਚ ਜ਼ਿਆਦਾਤਰ ਵਿਦਿਆ ਮਾਇਆ ਕਮਾਉਣ ਨਾਲ ਸਬੰਧਤ ਢੰਗਾਂ ਦੀ ਹੋ ਗਈ ਹੈ। ਅਧਿਆਤਮਕ ਅਤੇ ਸ਼ਖ਼ਸੀ ਉੱਚਤਾ ਦੀ ਵਿਦਿਆ ਨਾਮਾਤਰ ਹੀ ਹੁੰਦੀ ਹੈ। ਸਾਡੇ ਰਾਗੀ, ਢਾਡੀ ਤੇ ਵਿਆਖਿਆਕਾਰ ਮਿਸ਼ਨਰੀ ਸਿੱਖਿਆ ਨੂੰ ਕਮਾਈ ਦਾ ਸਾਧਨ ਸਮਝ ਕੇ ਚੱਲਦੇ ਹਨ। ਜ਼ਰੂਰੀ ਹੈ ਕਿ ਸਾਨੂੰ ਪਰਿਵਾਰਕ ਪੱਧਰ, ਸੰਗਤੀ ਪੱਧਰ ਤੇ ਮਿਸ਼ਨਰੀ ਪੱਧਰ ਉੱਤੇ ਸਿੱਖੀ ਦੀ ਅਧਿਆਤਮਕ ਅਤੇ ਸ਼ਖ਼ਸੀ ਸਿੱਖਿਆ ਨੂੰ ਵਿਧੀਵਤ ਭਰਿਆ ਜਾਵੇ। ਜਦ ਅਸੀਂ ਸਿੱਖ ਇਸਤਰੀ ਵਿਦਿਆ ਦੇ ਸੰਸਥਾਪਕ ਭਾਈ ਤਖਤ ਸਿੰਘ ਜ਼ਿੰਦਾ ਸ਼ਹੀਦ ਦੀਆਂ ਸਿਖਿਆ ਪ੍ਰਤੀ ਕੀਤੀਆਂ ਕੁਰਬਾਨੀਆਂ ਦੇਖਦੇ ਹਾਂ ਤਾਂ ਇਹ ਮਹਿਸੂਸ ਹੁੰਦਾ ਹੈ ਸੁਲਝੇ, ਸੁਚੱਜੇ ਗੁਰਸਿੱਖਾਂ ਨੂੰ ਸਿੱਖੀ ਸਿਖਿਆ ਨੂੰ ਉਚਤਾ ਵਲ ਲਿਜਾਣ ਲਈ ਅੱਗੇ ਆਉਣਾ ਚਾਹੀਦਾ ਹੈ। ਸਿੱਖ ਕਦਰਾਂ ਕੀਮਤਾਂ ਸਮਝਾਈਆਂ ਹੀ ਨਾ ਜਾਣ ਸਗੋਂ ਉਨ੍ਹਾਂ ਉੱਪਰ ਚੱਲਣ ਦੀ ਪ੍ਰਕਿਰਿਆ ਹੋਵੇ। ਸਕੂਲਾਂ ਵਿੱਚ ਸਿੱਖਿਆ ਦਾ ਮੁੱਢ ਗੁਰਬਾਣੀ ਸ਼ਬਦ ਤੋਂ ਸ਼ੁਰੂ ਹੋ ਕੇ ਵਿਆਖਿਆ ਨਾਲ ਜੁੜੇ ਤੇ ਇਤਿਹਾਸ ਦੇ ਕੁੱਝ ਅੰਸ਼ ਵੀ ਇਸ ਵਿੱਚ ਸ਼ਾਮਿਲ ਕੀਤੇ ਜਾਣ। ਸਿੱਖ ਸੰਸਥਾਵਾਂ ਆਮ ਤੌਰ 'ਤੇ ਗੁਰਦੁਆਰਿਆਂ ਨਾਲ ਸਬੰਧਤ ਹੋਣ। ਵਿਦਿਆਰਥੀਆਂ ਲਈ ਹਰ ਗੁਰਪੁਰਬ ਵਿੱਚ ਸ਼ਾਮਲ ਹੋਣਾ ਜਰੂਰੀ ਹੋਵੇ ਤੇ ਹਰ ਗੁਰਪੁਰਬ ਵਿੱਚ ਉਸ ਦੀ ਮਹੱਤਤਾ ਦਾ ਗਿਆਨ ਦਿਤਾ ਜਾਵੇ, ਹਰ ਜਮਾਤ ਵਿੱਚ ਘੱਟੋ ਘੱਟ ਇੱਕ ਧਾਰਮਿਕ ਪੀਰਡ ਹੋਵੇ ਜਿਸ ਵਿੱਚ ਗੁਰਬਾਣੀ, ਸਿੱਖ ਇਤਿਹਾਸ ਅਤੇ ਸਿੱਖੀ ਕਦਰਾਂ ਕੀਮਤਾਂ ਦੀ ਸਿੱਖਿਆ ਦਿੱਤੀ ਜਾਵੇ। ਸਿੱਖਾਂ ਵਿੱਚ ਡੇਰਿਆਂ ਬਾਰੇ ਸਹੀ ਜਾਣਕਾਰੀ ਵੰਡੀ ਜਾਵੇ ਤੇ ਉਨ੍ਹਾਂ ਦੀਆਂ ਕਮੀਆਂ ਨੂੰ ਲੋਕਾਂ ਅੱਗੇ ਲਿਆਂਦਾ ਜਾਵੇ ਅਤੇ ਉਨ੍ਹਾਂ ਦੇ ਮੁਕਾਬਲੇ ਸਿੱਖੀ ਦੀਆਂ ਉੱਚ ਕਦਰਾਂ ਕੀਮਤਾਂ ਦੀ ਸਿੱਖਿਆ ਦਿੱਤੀ ਜਾਵੇ।ਘਰ ਮੌਲਿਕ ਅਤੇ ਧਾਰਮਿਕ ਸਿੱਖਿਆ ਦਾ ਪੰਘੂੜਾ ਹੈ। ਸਿੱਖਿਆ ਦੀ ਪਰਿਵਾਰਿਕ ਪ੍ਰਣਾਲੀ ਦਾ ਵੀ ਨਵੀਨੀਕਰਨ ਹੋਣਾ ਚਾਹੀਦਾ ਹੈ। ਸਮਾਜਿਕ ਬੰਧਨਾਂ ਨੂੰ ਮਜ਼ਬੂਤ ਕੀਤਾ ਜਾਵੇ। ਮਾਂ ਸਭ ਤੋਂ ਵਧੀਆ ਅਧਿਆਪਕ ਹੈ, ਇਸ ਲਈ ਸਾਨੂੰ ਅਜਿਹੇ ਕੇਂਦਰ ਖੋਲਣੇ ਚਾਹੀਦੇ ਹਨ ਜੋ ਮਾਂਵਾਂ ਨੂੰ ਸਿੱਖਿਅਤ ਕਰਨ ਤਾਂ ਕਿ ਮਾਂਵਾਂ ਅਪਣੇ ਬੱਚਿਆਂ ਨੂੰ ਬਚਪਨ ਤੋਂ ਹੀ ਸਿੱਖੀ ਦੀ ਰਾਹ ਤੇ ਚਲਣ ਲਈ ਸਿੱਖਿਆ ਦੇਣ ਅਤੇ ਪ੍ਰੇਰਿਤ ਕਰਨ। ਸਾਡੇ ਬਜ਼ੁਰਗਾਂ ਅਤੇ ਦਾਦੇ-ਦਾਦੀਆਂ ਨੂੰ ਧਾਰਮਿਕ ਕਦਰਾਂ ਕੀਮਤਾਂ ਰਾਹੀਂ ਆਪਣੇ ਬੱਚਿਆਂ ਨੂੰ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਲਈ ਸਾਡੀ ਸੋਚ ਦੂਹਰੀ ਹੋਣੀ ਚਾਹੀਦੀ ਹੈ; ਪਹਿਲਾਂ ਸਾਨੂੰ ਚੰਗੇ ਰੋਲ ਮਾਡਲਾਂ (ਉਦਾਹਰਣਾਂ) ਦੀ ਜ਼ਰੂਰਤ ਹੈ ਅਤੇ ਦੂਸਰਾ ਸਾਨੂੰ ਅਜਿਹੀ ਬੋਲੀ ਅਤੇ ਵਾਤਾਵਰਨ ਵਿੱਚ ਸਿੱਖੀ ਦਾ ਸੁਨੇਹਾ ਦਿੱਤਾ ਜਾਵੇ ਜੋ ਸਾਡੀ ਨਵੀਂ ਪੀੜ੍ਹੀ ਸਮਝ ਸਕੇ ਅਤੇ ਵਿਚਰ ਸਕੇ।

(ਬਾਕੀ ਸਫ਼ਾ 35 'ਤੇ)

# ਦੁਖਾਂਤਕ ਰਿਹਾ ਅਫ਼ਗਾਨੀ ਸਿੱਖ ਭਾਈਚਾਰੇ ਲਈ 2022

## ਅੱਤਵਾਦੀਆਂ ਦੀ ਦਹਿਸ਼ਤ ਕਾਰਨ ਬਣਨਾ ਪਿਆ ਸ਼ਰਨਾਰਥੀ ਤੇ ਬੇਘਰੇ



ਵਿਸ਼ੇਸ਼ ਰਿਪੋਰਟ
ਬਘੇਲ ਸਿੰਘ ਧਾਲੀਵਾਲ





ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿਚ 18 ਜੂਨ 2022 ਦੀ ਸਵੇਰ ਅਬਾਦੀ ਕਰਤਾ-ਏ-ਪਰਵਾਨ ਵਿਚਲੇ ਮਰਕਜ਼ੀ ਗੁਰਦੁਆਰਾ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅੰਦਰ ਦੋ ਧਮਾਕੇ ਅਤੇ ਗੋਲੀਬਾਰੀ ਹੋਈ, ਜਿਸ ਨਾਲ ਗੁਰਦੁਆਰਾ ਸਾਹਿਬ ਦੇ ਇਕ ਮੁਸਲਿਮ ਸੁਰੱਖਿਆ ਕਰਮਚਾਰੀ ਅਤੇ ਸਵਿੰਦਰ ਸਿੰਘ (60 ਸਾਲ) ਨਾਮੀ ਅਫ਼ਗਾਨੀ ਸਿੱਖ ਦੀ ਮੌਤ ਹੋਈ, ਜਦਕਿ 7 ਦੇ ਕਰੀਬ ਲੋਕ ਜ਼ਖਮੀ ਹੋ ਗਏ ਸਨ। ਹਮਲਾਵਰ ਵਿਸਫੋਟਕਾਂ ਨਾਲ ਭਰੀ ਗੱਡੀ ਨੂੰ ਲੈ ਕੇ ਆਏ ਸੀ, ਜੋ ਗੁਰਦੁਆਰੇ ਦੇ ਗੇਟ ਤੋਂ ਥੋੜ੍ਹੀ ਦੂਰੀ ’ਤੇ ਹੀ ਬਲਾਸਟ ਹੋ ਗਈ ਸੀ। ਗੁਰਦੁਆਰੇ ਵਿੱਚ ਵੀ ਅੱਤਵਾਦੀਆਂ ਵੱਲੋਂ ਧਮਾਕੇ ਤੇ ਫਾਇਰਿੰਗ ਕੀਤੀ ਗਈ ਸੀ। ਇਸ ਹਮਲੇ ਵਿੱਚ ਗੁਰਦੁਆਰੇ ਦੀ ਇਮਾਰਤ ਨੂੰ ਕਾਫੀ ਨੁਕਸਾਨ ਪਹੁੰਚਿਆ ਸੀ। ਇਸ ਹਮਲੇ ਦੀ ਜ਼ਿੰਮੇਵਾਰੀ ਆਾਈਐੱਸ ਖੈਬਰ ਪਖਤੂਨਵਾ ਸੰਗਠਨ ਵੱਲੋਂ ਲਈ ਗਈ ਸੀ ਜੋ ਕਿ ਅਫ਼ਗਾਨਿਸਤਾਨ ਵਿਚ ਲਗਾਤਾਰ ਸਿੱਖਾਂ ਅਤੇ ਹੋਰਨਾਂ ਘੱਟ-ਗਿਣਤੀਆਂ ਨੂੰ ਨਿਸ਼ਾਨਾ ਬਣਾਉਂਦਾ ਆ ਰਿਹਾ ਸੀ। ਇਸ ਹਮਲੇ ਨੇ ਪਹਿਲਾਂ ਤੋਂ ਸਹਿਮੇ ਅਫ਼ਗਾਨੀ ਸਿੱਖਾਂ ਅਤੇ ਹਿੰਦੂਆਂ ਵਿਚ ਡਰ ਬਹੁਤ ਵਧਾ ਦਿੱਤਾ ਸੀ। ਅਫ਼ਗਾਨਿਸਤਾਨ ਵਿੱਚ ਸਿੱਖਾਂ ਉੱਤੇ ਹਮਲਾ ਪਹਿਲੀ ਵਾਰ ਨਹੀਂ ਹੋਇਆ ਹੈ। ਮੁਲਕ ਵਿੱਚ ਇੱਕ ਘੱਟਗਿਣਤੀ ਕੌਮ ਵਜੋਂ ਰਹਿੰਦੇ ਸਿੱਖ ਕਈ ਵਾਰ ਹਮਲਿਆਂ ਦਾ ਸ਼ਿਕਾਰ ਬਣਦੇ ਰਹੇ ਹਨ। ਬੀਤੇ ਸਮਿਆਂ ਵਿਚ ਕੀਤੇ ਗੁਰਦੁਆਰਾ ਸਾਹਿਬਾਨ ਅਤੇ ਸਿੱਖ ਭਾਈਚਾਰੇ ’ਤੇ ਹੋਏ ਜਿਆਦਾਤਰ ਹਮਲਿਆਂ ਦੀ ਜ਼ਿੰਮੇਵਾਰੀ ਆਈ. ਐਸ. ਕੇ. ਪੀ. (ਇਸਲਾਮਿਕ ਸਟੇਟ ਖੁਰਾਸਾਨ ਪ੍ਰਾਂਤ) ਅਤੇ ਆਈ. ਐਸ. ਆਈ. ਐਲ. (ਇਸਲਾਮਿਕ ਸਟੇਟ ਆਫ਼ ਇਰਾਕ ਐਂਡ ਦਿ ਲਿਵੇਂਟ) ਅੱਤਵਾਦੀ ਸਮੂਹਾਂ ਨੇ ਲਈ ਸੀ ਅਤੇ ਅਫ਼ਗ਼ਾਨ ਸਿੱਖ ਭਾਈਚਾਰੇ ਦੇ ਅਗਵਾ ਅਤੇ ਕਤਲ ਕੀਤੇ ਜਾਣ ਦੇ ਕਈ ਮਾਮਲੇ ਸਾਹਮਣੇ ਆ ਚੁੱਕੇ ਸਨ, ਜਿਸ ਕਾਰਨ ਹੋਰ ਨੁਕਸਾਨ ਤੋਂ ਬਚਣ ਲਈ ਅਫ਼ਗਾਨਿਸਤਾਨ ਦੇ ਕਾਬੁਲ, ਕੰਧਾਰ, ਗ਼ਜ਼ਨੀ, ਜਲਾਲਾਬਾਦ ਆਦਿ ਇਲਾਕਿਆਂ ਤੋਂ ਅਫ਼ਗਾਨ ਹਿੰਦੂ ਸਿੱਖ ਭਾਈਚਾਰੇ ਨੇ ਭਾਰਤ ਵੱਲ ਹਿਜ਼ਰਤ ਸ਼ੁਰੂ ਕਰ ਦਿੱਤੀ । ਦਰਅਸਲ, ਉੱਥੇ ਇਸਲਾਮਿਕ ਅਮੀਰਾਤ ਆਫ਼ ਅਫ਼ਗਾਨਿਸਤਾਨ ਦੀ ਤਾਲਿਬਾਨੀ ਸਰਕਾਰ ਬਣਨ ਤੋਂ ਬਾਅਦ ਸ਼ੁਰੂ ਹੋਈਆਂ ਹਿੰਸਕ ਘਟਨਾਵਾਂ ਦੇ ਚਲਦਿਆਂ ਹਿੰਦੂ ਅਤੇ ਸਿੱਖ ਭਾਈਚਾਰੇ ਨੇ ਭਾਰਤ ਸਰਕਾਰ ਦੇ ਸਹਿਯੋਗ ਨਾਲ ਆਪਣੀਆਂ ਜਾਨਾਂ ਬਚਾ ਕੇ ਪਹਿਲਾਂ ਹੀ ਦਿੱਲੀ ਪਹੁੰਚਣਾ ਸ਼ੁਰੂ ਕਰ ਦਿੱਤਾ ਸੀ । ਨਰਾਇਣ ਸਿੰਘ ਅਰੋੜਾ ਕਹਿੰਦੇ ਹਨ, ‘ਸਾਲ 2018 ਵਿੱਚ ਜਲਾਲਾਬਾਦ ਵਿੱਚ ਵੀ ਵੱਡਾ ਹਮਲਾ ਹੋਇਆ ਸੀ। ਉਸ ਵੇਲੇ 1500 ਸਿੱਖ ਰਹਿੰਦੇ ਸਨ। ਉਸ ਹਮਲੇ ਤੋਂ ਬਾਅਦ ਕਈਆਂ ਨੇ ਅਫ਼ਗਾਨਿਸਤਾਨ ਨੂੰ ਛੱਡ ਦਿੱਤਾ ਸੀ। ਸਾਲ 2021 ਵਿੱਚ ਜਦੋਂ ਤਾਲਿਬਾਨ ਨੇ ਅਫ਼ਗਾਨਿਸਤਾਨ ਉੱਤੇ ਮੁੜ ਕਬਜ਼ਾ ਕੀਤਾ ਤਾਂ ਸਿੱਖਾਂ ਦੇ ਕੁਝ ਜਥੇ ਭਾਰਤ ਪਹੁੰਚਣ ਵਿੱਚ ਕਾਮਯਾਬ ਹੋਏ ਸਨ। ਕਈ ਸਿੱਖਾਂ ਨੂੰ ਭਾਰਤੀ ਹਵਾਈ ਫੌਜ ਦੇ ਵਿਸ਼ੇਸ਼ ਹਵਾਈ ਜਹਾਜ਼ਾਂ ਤੋਂ ਭਾਰਤ ਲਿਆਂਦਾ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਅਫ਼ਗਾਨਿਸਤਾਨ ਵਿਚ ਸਾਲ 1970 ਵਿਚ ਸਿੱਖਾਂ ਦੀ ਅਬਾਦੀ ਲਗਭਗ ਇਕ ਲੱਖ ਸੀ ਪਰ ਦੇਸ਼ ਵਿਚ ਦਹਾਕਿਆਂ ਦੇ ਸੰਘਰਸ਼ ਅਤੇ ਗਰੀਬੀ ਨੇ ਲਗਭਗ ਸਾਰੀ ਸਿੱਖ ਅਬਾਦੀ ਨੂੰ ਅਫ਼ਗ਼ਾਨਿਸਤਾਨ ਛੱਡਣ ਲਈ ਮਜਬੂਰ ਕਰ ਦਿੱਤਾ। ਮੌਜੂਦਾ ਸਮੇਂ ਤਾਲਿਬਾਨ ਸ਼ਾਸਿਤ ਇਸ ਦੇਸ਼ ਵਿਚ ਸਿਰਫ਼ 9 ਸਿੱਖ ਹਿੰਦੂ, ਨਰਾਇਣ ਸਿੰਘ ਅਰੋੜਾ, ਨਾਨਕ ਸਿੰਘ ਮਨੋਚਾ, ਮਨੋਵਰ ਸਿੰਘ ਖ਼ੋਸ਼ਤੀ, ਮੂਨ ਸਿੰਘ ਰਤਰਾ, ਲਖਬੀਰ ਸਿੰਘ ਸੋਨੀ, ਸ਼ਰਨਜੀਤ ਸਿੰਘ, ਸੂਰਬੀਰ ਸਿੰਘ ਨਿਸ਼ਚਲ, ਚੰਦਰ ਪ੍ਰਕਾਸ਼ ਚਨਰਾ ਅਤੇ ਚੂਨੀ ਲਾਲ ਪੂਰੀ ਹੀ ਰਹਿ ਰਹੇ ਹਨ, ਜਿਨ੍ਹਾਂ ਨੇ ਭਾਰਤ ਦੇ ਵੀਜ਼ਾ ਲਈ ਅਪਲਾਈ ਕੀਤਾ ਹੋਇਆ ਹੈ ਅਤੇ ਉਹ ਬੜੀ ਬੇਸਬਰੀ ਨਾਲ ਵੀਜ਼ਾ ਮਿਲਣ ਦੀ ਉਡੀਕ ਵਿਚ ਹਨ ।

ਇਹ ਵੀ ਦੱਸਿਆ ਜਾ ਰਿਹਾ ਹੈ ਕਿ ਅੱਤਵਾਦੀ ਹਮਲੇ ਤੋਂ ਬਾਅਦ ਗੁਰਦੁਆਰਾ ਸਾਹਿਬ ਦੀ ਨਵਉਸਾਰੀ ਤੇ ਮੁਰੰਮਤ ਦੇ ਹੋਰ



ਕੰਮ ਤਾਲਿਬਾਨ ਸਰਕਾਰ ਨੇ ਮੁਕੰਮਲ ਕਰਵਾ ਦਿੱਤੇ ਸਨ

**ਅਫਗਾਨਿਸਤਾਨ ਵਿਚ ਸਿੱਖਾਂ ਦਾ ਇਤਿਹਾਸ**

ਅਫ਼ਗਾਨਿਸਤਾਨ ਵਿੱਚ ਸਿੱਖਾਂ ਤੇ ਹਿੰਦੂਆਂ ਦੀ ਮੌਜੂਦਗੀ ਸਦੀਆਂ ਪੁਰਾਣੀ ਹੈ। ਇੰਦਰਜੀਤ ਸਿੰਘ ਨੇ ‘ਅਫ਼ਗਾਨ ਸਿੱਖ ਐਂਡ ਹਿੰਦੂਜ਼ ਹਿਸਟਰੀ ਆਫ ਥਾਊਜ਼ੈਂਡ ਈਅਰਜ਼’ ਨਾਂ ਦੀ ਕਿਤਾਬ ਲਿਖੀ ਹੈ।

ਇੰਦਰਜੀਤ ਸਿੰਘ ਕਹਿੰਦੇ ਹਨ, ‘ਬਾਬਰ ਤੋਂ ਨਾਦਰ ਸ਼ਾਹ ਦੇ ਭਾਰਤ ਆਉਣ ਤੱਕ ਕਾਬੁਲ, ਜਲਾਲਾਬਾਦ ਤੇ ਗਜ਼ਨੀ ਮੁਗਲ ਰਾਜ ਦਾ ਹੀ ਹਿੱਸਾ ਰਿਹਾ ਸੀ। ਇਹ ਸਮਾਂ ਕਰੀਬ 235 ਸਾਲ ਦਾ ਬਣਦਾ ਹੈ। ਤਾਂ ਇਸ ਵੇਲੇ ਸਿੱਖਾਂ ਤੇ ਹਿੰਦੂਆਂ ਦਾ ਅਫ਼ਗਾਨਿਸਤਾਨ ਵਿੱਚ ਰਹਿਣ ਜਾਂ ਵਿਚਰਨ ਵਿੱਚ ਕੋਈ ਮੁਸ਼ਕਿਲ ਨਹੀਂ ਸੀ। ਅਫ਼ਗਾਨਿਸਤਾਨ ਵਿੱਚ ਸਿੱਖਾਂ ਦੀ ਹੋਂਦ 1519-21 ਵੇਲੇ ਦੀ ਹੈ, ਜਦੋਂ ਸਿੱਖਾਂ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਅਫ਼ਗਾਨਿਸਤਾਨ ਦੀ ਯਾਤਰਾ ਉੱਤੇ ਗਏ ਸਨ। ਉਸ ਵੇਲੇ ਉੱਥੇ ਰਹਿੰਦੇ ਕੁਝ ਹਿੰਦੂ ਉਨ੍ਹਾਂ ਦੇ ਪੈਰੋਕਾਰ ਬਣ ਗਏ ਸਨ।’ ਸਿੱਖ ਇਤਿਹਾਸ ਵਿਚ ਕਾਬੁਲ ਦੀ ਸੰਗਤ ਦੇ ਕਈ ਹਵਾਲੇ ਮਿਲਦੇ ਹਨ। ਇਤਿਹਾਸਕਾਰ ਤੇ ਪੰਜਾਬ ਦੇ ਡਾਇਰੈਕਟਰ ਆਫ਼ ਆਰਕਾਈਵਜ਼ ਰਹਿ ਚੁੱਕੇ ਡਾ. ਗੰਡਾ ਸਿੰਘ ਨੇ ਆਪਣੀ ਕਿਤਾਬ ‘ਅਫਗਾਨਿਸਤਾਨ ਦਾ ਸਫ਼ਰ’ ਵਿੱਚ 1952 ਦੀ ਆਪਣੀ ਯਾਤਰਾ ਦਾ ਵੇਰਵਾ ਦਿੱਤਾ ਹੈ।

ਡਾ. ਗੰਡਾ ਸਿੰਘ ਲਿਖਦੇ ਹਨ, ‘ਪੁਰਾਣੇ ਸਮਿਆਂ ਤੋਂ ਹੀ ਕੁਝ ਹਿੰਦੂ ਇੱਥੇ ਰਹਿੰਦੇ ਆ ਰਹੇ ਹਨ ਜੋ ਇਸਲਾਮ ਦੇ ਇੱਥੇ ਆਉਣ ਤੋਂ ਪਹਿਲਾਂ ਦੇ ਵਸਨੀਕ ਹਨ। ਗੁਰੂ ਨਾਨਕ ਵੇਲੇ ਉਹ ਉਨ੍ਹਾਂ ਦੇ ਸੇਵਕ ਬਣ ਗਏ। ਡਾ. ਗੰਡਾ ਸਿੰਘ ਲਿਖਦੇ ਹਨ ਕਿ ਸਿੱਖ ਇਤਿਹਾਸ ਵਿੱਚ ਹਵਾਲੇ ਮਿਲਦੇ ਹਨ ਜਦੋਂ ਕਈ ਵਾਰੀ ਸਿੱਖ ਸੰਗਤਾਂ ਕਾਬੁਲ, ਗਜ਼ਨੀ ਤੇ ਕੰਧਾਰ ਤੋਂ ਪੰਜਾਬ ਗੁਰੂ ਦੇ ਦਰਸ਼ਨਾਂ ਲਈ ਆਇਆ ਕਰਦੀਆਂ ਸਨ। ਸਿੱਖਾਂ ਦੇ 10ਵੇਂ ਗੁਰੂ ਦੇ ਸਮੇਂ ਦਾ ਜ਼ਿਕਰ ਕਰਦਿਆਂ ਡਾ. ਗੰਡਾ ਸਿੰਘ ਲਿਖਦੇ ਹਨ, ‘ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੋਰ ਸਿੱਖਾਂ ਦੀ ਤਰ੍ਹਾਂ ਇਨ੍ਹਾਂ ਨੇ ਵੀ ਅੰਮ੍ਰਿਤ ਛਕਿਆ ਸੀ। ਫਾਸਲਾ ਦੂਰ ਹੋਣ ਕਾਰਨ ਜੋ ਪੰਜਾਬ ਆ ਕੇ ਸਿੰਘ ਨਹੀਂ ਸਜ ਸਕੇ ਸੀ, ਉਨ੍ਹਾਂ ਉੱਥੇ ਹੀ ਅੰਮ੍ਰਿਤ ਛਕ ਲਿਆ ਸੀ।ਫੇਰ ਵੀ ਕੁਝ ਟੱਬਰ ਅਜਿਹੇ ਰਹਿ ਗਏ ਜਿਨ੍ਹਾਂ ਵਿੱਚੋਂ ਕੋਈ ਵੀ ਅੰਮ੍ਰਿਤਧਾਰੀ ਨਹੀਂ ਹੋ ਸਕਿਆ ਪਰ ਉਨ੍ਹਾਂ ਦੇ ਸਿੱਖੀ ਸਿਦਕ ਵਿੱਚ ਕੋਈ ਫਰਕ ਨਹੀਂ ਆਇਆ ਸੀ।’

ਇਤਿਹਾਸਕਾਰ ਹਰੀ ਰਾਮ ਗੁਪਤਾ ਨੇ ਆਪਣੀ ਕਿਤਾਬ ਹਿਸਟਰੀ ਆਫ਼ ਸਿੱਖਸ ਵਿੱਚ ਵੀ ਕਾਬੁਲ ਤੋਂ ਆਏ ਸਿੱਖਾਂ ਬਾਰੇ ਜ਼ਿਕਰ ਕੀਤਾ ਹੈ।

ਉਨ੍ਹਾਂ ਨੇ ਲਿਖਿਆ ਹੈ ਕਿ ਕਾਬੁਲ ਤੋਂ ਆਏ ਇੱਕ ਸਿੱਖ ਦੁਨੀ ਚੰਦ ਨੇ ਗੁਰੂ ਗੋਬਿੰਦ ਸਿੰਘ (ਉਸ ਵੇਲੇ ਗੋਬਿੰਦ ਰਾਇ) ਨੂੰ ਇੱਕ ਬੇਸ਼ਕੀਮਤੀ ਤੰਬੂ ਦਿੱਤਾ ਸੀ ਜੋ ਰੇਸ਼ਮ ਨਾਲ ਬਣਿਆ ਸੀ ਤੇ ਉਸ ਉੱਤੇ ਸੋਨੇ ਤੇ ਮੋਤੀਆਂ ਦਾ ਕੰਮ ਹੋਇਆ ਸੀ। ਉਸ ਦੇ ਵਿੱਚ ਸ਼ਾਨਦਾਰ ਕਾਲੀਨ ਵੀ ਸਨ।

**ਅਫ਼ਗਾਨਿਸਤਾਨ ਦੇ ਇਤਿਹਾਸਕ ਗੁਰਦੁਆਰੇ**

ਇੰਦਰਜੀਤ ਸਿੰਘ ਨੇ ਅਫ਼ਗਾਨਿਸਤਾਨ ਦੇ ਗੁਰਦਆਰਿਆਂ ਦਾ ਜ਼ਿਕਰ ਕਰਦਿਆਂ ਦੱਸਿਆ, ‘ਅਫ਼ਗਾਨਿਸਤਾਨ ਦੇ ਜਲਾਲਾਬਾਦ ਵਿੱਚ ਗੁਰੂ ਨਾਨਕ ਦਰਬਾਰ ਗੁਰਦੁਆਰਾ ਸਾਹਿਬ ਹੈ। ਇਤਿਹਾਸ ਮੁਤਾਬਕ ਗੁਰੂ ਨਾਨਕ ਦੇਵ ਜੀ ਉੱਥੇ ਆਏ ਸਨ। ਮੌਜੂਦਾ ਵੇਲੇ ਕਰਤਾ-ਏ-ਪਰਵਾਨ ਤੋਂ ਇਲਾਵਾ ਸਾਰੇ ਗੁਰਦੁਆਰਾ ਸਾਹਿਬ ਬੰਦ ਹਨ।ਉਸ ਤੋਂ ਉੱਤੇ ਸੁਲਤਾਨਪੁਰ ਵਿੱਚ ਇੱਕ ਚਸ਼ਮਾ ਹੈ, ਜਿੱਥੇ ਇੱਕ ਚਾਰ ਦੀਵਾਰੀ ਕੀਤੀ ਹੋਈ ਸੀ। ਇੱਥੇ ਤਾਲਿਬਾਨ ਤੋਂ ਪਹਿਲਾਂ ਤੱਕ ਵਿਸਾਖੀ ਦਾ ਮੇਲਾ ਲੱਗਦਾ ਸੀ। ਇਸ ਤੋਂ ਬਾਅਦ ਇੱਕ ਹੋਰ ਗੁਰਦੁਆਰਾ ਕਾਬੁਲ ਵਿੱਚ ਹੈ, ਜਿਸ ਦਾ ਨਾਂ ਗੁਰੂ ਹਰਿ ਰਾਇ ਸਾਹਿਬ ਹੈ। ਇਸੇ ਗੁਰਦੁਆਰਾ ਸਾਹਿਬ ਉੱਤੇ 25 ਮਾਰਚ 2020 ਨੂੰ ਅੱਤਵਾਦੀ ਹਮਲਾ ਹੋਇਆ ਸੀ।’

ਇੰਦਰਜੀਤ ਸਿੰਘ ਨੇ ਅੱਗੇ ਦੱਸਿਆ, ‘ਸਿੱਖਾਂ ਦੇ ਸੱਤਵੇਂ ਗੁਰੂ, ਹਰਿ ਰਾਇ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਭਾਈ ਗੌਂਡਾ ਨੂੰ ਅਫ਼ਗਾਨਿਸਤਾਨ ਦੇ ਕਾਬੁਲ ਸ਼ਹਿਰ ਭੇਜਿਆ ਸੀ ਤੇ ਉਨ੍ਹਾਂ ਨੇ ਇੱਥੇ ਆ ਕੇ ਗੁਰੂ ਸਾਹਿਬ ਦੇ ਨਾਂ ਉੱਤੇ ਇੱਥੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ ਸੀ।’ ਡਾ. ਗੰਡਾ ਸਿੰਘ ਨੇ ਵੀ ਆਪਣੀ ਕਿਤਾਬ ਵਿੱਚ ਇਸ ਗੁਰਦੁਆਰਾ ਸਾਹਿਬ ਦਾ ਜ਼ਿਕਰ ਕੀਤਾ ਹੈ।

ਡਾ. ਗੰਡਾ ਸਿੰਘ ਨੇ ਆਪਣੀ ਕਿਤਾਬ ‘ਅਫ਼ਗਾਨਿਸਤਾਨ ਦਾ ਸਫ਼ਰ’ ਵਿੱਚ ਕੁਝ ਹੋਰ ਗੁਰਧਾਮਾਂ ਦੇ ਨਾਂ ਵੀ ਲਿਖੇ ਹਨ। ਜਿਵੇਂ, ਬਾਬਾ ਗੰਜ ਬਖਸ਼, ਗੁਰਦੁਆਰਾ ਜੋਤੀ ਸਰੂਪ, ਗੁਰਦੁਆਰਾ ਬਾਬਾ ਗੁਰਬਖਸ਼ ਸਿੰਘ, ਕੰਧਾਰੀ ਕੂਚਾ, ਗੁਰਦੁਆਰਾ ਭਾਈ ਪਿਰਾਣਾ ਸਰਾਇ ਲਾਹੌਰੀਆਂ ਤੇ ਗੁਰਦੁਆਰਾ ਭਾਈ ਮਨਸਾ ਸਿੰਘ। ਡਾ. ਗੰਡਾ ਸਿੰਘ ਨੇ ਆਪਣੀ ਕਿਤਾਬ ਵਿੱਚ ਉਸੇ ਵੇਲੇ ਦੇ ਕਈ ਸਿੱਖਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਦੇ ਘਰ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਹੱਥ ਲਿਖਤ ਸਰੂਪ ਮੌਜੂਦ ਸਨ।

**ਕਰਤਾ-ਏ-ਪਰਵਾਨ ਗੁਰਦੁਆਰਾ ਕਦੋਂ ਹੋਂਦ ਵਿੱਚ ਆਇਆ**

ਇੰਦਰਜੀਤ ਸਿੰਘ ਕਰਤਾ-ਏ-ਪਰਵਾਨ ਦੀ ਹੋਂਦ ਬਾਰੇ ਦੱਸਦੇ ਹਨ ਕਿ 1965 ਵਿੱਚ ਕਾਬੁਲ ਦੇ ਕਰਤਾ-ਏ-ਪਰਵਾਨ ਇਲਾਕੇ ਵਿੱਚ ਸਿੱਖਾਂ ਨੂੰ ਗੁਰਦੁਆਰਾ ਬਣਾਉਣ ਦੀ ਇਜਾਜ਼ਤ ਮਿਲੀ ਸੀ। ਉਸ ਮਗਰੋਂ ਇਹ ਅਫ਼ਗਾਨਿਸਤਾਨ ਦਾ ਸਭ ਤੋਂ ਵੱਡਾ ਗੁਰਦੁਆਰਾ ਸਾਹਿਬ ਬਣਿਆ। ਅਸਲ ਵਿੱਚ ਜਦੋਂ ਸਿੱਖ ਪੁਰਾਣੇ ਸ਼ਹਿਰ ਤੋਂ ਬਾਹਰਲੇ ਇਲਾਕਿਆਂ ਵਿੱਚ ਵੱਸਣ ਲੱਗੇ ਸੀ ਤਾਂ ਉਸ ਵੇਲੇ ਉਨ੍ਹਾਂ ਨੂੰ ਉੱਥੇ ਗੁਰਦੁਆਰਾ ਸਾਹਿਬ ਬਣਾਉਣ ਦੀ ਜ਼ਰੂਰਤ ਮਹਿਸੂਸ ਹੋਈ ਸੀ। ਇਸ ਗੁਰਦੁਆਰਾ ਸਾਹਿਬ ਦਾ ਪੂਰਾ ਨਾਂ ਗੁਰਦੁਆਰਾ ਗੁਰੂ ਸਿੰਘ ਸਭਾ ਕਰਤਾ-ਏ-ਪਰਵਾਨ ਹੈ। ਇਸ ਇਲਾਕੇ ਵਿੱਚ ਸਿੱਖਾਂ ਦੀ ਵੱਡੀ ਅਬਾਦੀ ਰਹਿੰਦੀ ਸੀ।

ਇੰਦਰਜੀਤ ਸਿੰਘ ਅਨੁਸਾਰ ਅਫ਼ਗਾਨਿਸਤਾਨ ਦੇ ਬਾਦਸ਼ਾਹ ਜ਼ਾਹਿਰ ਸ਼ਾਹ ਦੇ ਪ੍ਰਧਾਨ ਮੰਤਰੀ ਮੁਹੰਮਦ ਦਾਊਦ ਨੇ 1953 ਵਿੱਚ ਅਹੁਦਾ ਸਾਂਭਿਆ ਸੀ। ਇਹ ਉਹ ਵੇਲਾ ਸੀ ਜਦੋਂ ਅਫ਼ਗਾਨਿਸਤਾਨ ਵਿੱਚ ਸੁਧਾਰ ਸ਼ੁਰੂ ਹੋਏ ਸੀ।ਇਨ੍ਹਾਂ ਸੁਧਾਰਾਂ ਦਾ ਫਾਇਦਾ ਉੱਥੇ ਰਹਿੰਦੇ ਹਿੰਦੂ-ਸਿੱਖਾਂ ਨੂੰ ਵੀ ਹੋਇਆ। 1954-55 ਦੇ ਆਲੇ-ਦੁਆਲੇ ਸਿੱਖਾਂ ਨੂੰ ‘ਤਜ਼ਕਿਰਾ’ ਯਾਨੀ ਪਛਾਣ ਪੱਤਰ ਦਿੱਤੇ ਗਏ ਸਨ। ਉਨ੍ਹਾਂ ਉੱਤੇ ਲਗਾਏ ਗਏ ਜਜ਼ੀਆ ਟੈਕਸ ਨੂੰ ਵੀ ਹਟਾਇਆ ਗਿਆ ਤੇ ਸਿੱਖਾਂ ਨੂੰ ਫੌਜ ਵਿੱਚ ਭਰਤੀ ਹੋਣ ਦੀ ਇਜਾਜ਼ਤ ਦਿੱਤੀ ਗਈ। ਉਸ ਵੇਲੇ ਅਫ਼ਗਾਨ ਨੌਜਵਾਨਾਂ ਲਈ ਦੋ ਸਾਲ ਦੀ ਮਿਲਟਰੀ ਸਰਵਿਸ ਜ਼ਰੂਰੀ ਸੀ।70ਵਿਆਂ ਵਿੱਚ ਵਿਸਾਖੀ ਮੌਕੇ ਕੱਢੇ ਨਗਰ ਕੀਰਤਨਾਂ ਵਿੱਚ ਸਿੱਖ ਫੌਜੀ ਮਾਣ ਨਾਲ ਫੌਜੀ ਵਰਦੀ ਪਾ ਕੇ ਆਉਂਦੇ ਸੀ।’

ਇੰਦਰਜੀਤ ਅਨੁਸਾਰ, ‘ਜਦੋਂ ਸੋਵੀਅਤ ਸੰਘ ਤੇ ਮੁਜ਼ਾਹੀਦੀਨਾਂ ਵਿਚਾਲੇ ਅਫ਼ਗਾਨਿਸਤਾਨ ਵਿੱਚ ਸੰਘਰਸ਼ ਸ਼ੁਰੂ ਹੋਇਆ ਤਾਂ ਸਿੱਖਾਂ ਤੇ ਹਿੰਦੂਆਂ ਨੂੰ ਸੁਰੱਖਿਆ ਦਾ ਖਤਰਾ ਪੈਦਾ ਹੋ ਗਿਆ ਸੀ। ਇੰਦਰਜੀਤ ਸਿੰਘ ਲਿਖਦੇ ਹਨ, ‘ਉਸ ਵੇਲੇ ਅੱਤਵਾਦੀਆਂ ਨੂੰ ਕਿਹਾ ਜਾਂਦਾ ਸੀ ਕਿ ਹਿੰਦੂ-ਸਿੱਖ ਭਾਰਤੀ ਕਾਫ਼ਰ ਹਨ। ਇਹ ਉਹ ਵੇਲਾ ਸੀ ਜਦੋਂ ਕੰਧਾਰ ਤੇ ਹੋਰ ਇਲਾਕਿਆਂ ਤੋਂ ਹਿੰਦੂ-ਸਿੱਖ ਗਜ਼ਨੀ, ਜਲਾਲਾਬਾਦ ਤੇ ਕਾਬੁਲ ਵਿੱਚ ਆ ਕੇ ਵਸ ਗਏ ਸਨ।’ ਇਨ੍ਹਾਂ ਵਿੱਚੋਂ ਕਈਆਂ ਨੇ ਮੁਲਕ ਨੂੰ ਛੱਡ ਵੀ ਦਿੱਤਾ ਸੀ। ਕਾਬੁਲ ਵਿੱਚ ਭਾਰਤੀ ਦੂਤਵਾਸ ਦੇ ਹਵਾਲੇ ਨਾਲ ਇੰਦਰਜੀਤ ਸਿੰਘ ਲਿਖਦੇ ਹਨ ਕਿ 1992-94 ਵਿੱਚ ਕਰੀਬ 75 ਹਜ਼ਾਰ ਲੋਕਾਂ ਨੂੰ ਭਾਰਤੀ ਵੀਜ਼ੇ ਦਿੱਤੇ ਗਏ ਸਨ।

ਸੈਂਟਰ ਫਾਰ ਅਪਲਾਈਡ ਸਾਊਥ ਏਸ਼ੀਅਨ ਸਟੱਡੀਜ਼ ਨਾਲ ਜੁੜੇ ਤੇ ਕਈ ਸਾਲ ਯੂਨੀਵਰਸਿਟੀ ਆਫ਼ ਮੈਨਚੈਸਟਰ ਵਿੱਚ ਪੜ੍ਹਾ ਚੁੱਕੇ ਮਾਨਵ ਵਿਗਿਆਨੀ ਰੋਜ਼ਰ ਬੈਲਾਰਡ ਨੇ 2011 ਵਿੱਚ ਇੱਕ ਰਿਸਰਚ ਪੇਪਰ ‘ਦਿ ਹਿਸਟਰੀ ਐਂਡ ਕਰੰਟ ਕੰਡੀਸ਼ਨ ਆਫ਼ ਸਿਖਸ ਐਂਡ ਹਿੰਦੂਜ਼ ਇਨ ਅਫ਼ਗਾਨਿਸਤਾਨ’ ਛਾਪਿਆ ਸੀ।ਰੋਜ਼ਰ ਬਲਾਰਡ ਲਿਖਦੇ ਹਨ, ‘1994 ਵਿੱਚ ਅਫ਼ਗਾਨਿਸਤਾਨ ਉੱਤੇ ਤਾਲਿਬਾਨ ਦਾ ਕਬਜ਼ਾ ਹੋਣ ਤੋਂ ਬਾਅਦ ਅਫ਼ਗਾਨ ਇਸਲਾਮ ਦੀ ਧਾਰਮਿਕ ਸਹਿਨਸ਼ੀਲਤਾ ਪੂਰੀ ਤਰ੍ਹਾਂ ਗਾਇਬ ਹੋ ਗਈ ਸੀ।’

ਇਸ ਵੇਲੇ ਤਾਲਿਬਾਨ ਨੇ ਅਫ਼ਗਾਨਿਸਤਾਨ ਵਿੱਚ ਹਿੰਦੂ-ਸਿੱਖਾਂ ਸਣੇ ਪੰਜ ਘੱਟ-ਗਿਣਤੀ ਕੌਮਾਂ ਨੂੰ ਕੱਪੜਿਆਂ ਉੱਤੇ ਪੀਲੇ ਸਟਾਰ ਲਗਾਉਣ ਲਈ ਕਿਹਾ ਗਿਆ ਸੀ।2002 ਵਿੱਚ ਅਮਰੀਕੀ ਤੇ ਨਾਟੋ ਫੌਜਾਂ ਨਾਲ ਸੰਘਰਸ਼ ਵਿੱਚ ਤਾਲਿਬਾਨ ਸੱਤਾ ਤੋਂ ਬਾਹਰ ਹੋਇਆ। ਉਸ ਵੇਲੇ ਸਿੱਖਾਂ-ਹਿੰਦੂਆਂ ਲਈ ਕੁਝ ਰਾਹਤ ਵਾਲੇ ਹਾਲਾਤ ਬਣੇ ਤੇ ਕੁਝ ਲੋਕ ਅਫ਼ਗਾਨਿਸਤਾਨ ਵਾਪਸ ਆਏ। ਰੋਜ਼ਰ ਬੈਲਾਰਡ ਅਨੁਸਾਰ 2004 ਤੱਕ ਸਿੱਖਾਂ ਤੇ ਹਿੰਦੂਆਂ ਦੀ ਅਬਾਦੀ 6000 ਦੇ ਆਲੇ ਦੁਆਲੇ ਤੱਕ ਪਹੁੰਚ ਗਈ ਸੀ। ਭਾਵੇਂ ਤਾਲਿਬਾਨ ਸੱਤਾ ਤੋਂ ਬਾਹਰ ਸੀ ਪਰ ਸਿੱਖਾਂ ਉੱਤੇ ਅੱਤਵਾਦੀ ਹਮਲੇ ਹੁੰਦੇ ਰਹੇ ਸਨ। ਅਫ਼ਗਾਨ ਸੰਸਦ ਵਿੱਚ ਇੱਕੋ-ਇੱਕ ਸਿੱਖ ਮੈਂਬਰ ਅਵਤਾਰ ਸਿੰਘ ਖਾਲਸਾ ਦਾ ਜਲਾਲਾਬਾਦ ਵਿੱਚ ਸਾਲ 2018 ਵਿੱਚ ਕਤਲ ਕਰ ਦਿੱਤਾ ਗਿਆ ਸੀ। ਉਨ੍ਹਾਂ ਦੇ ਪੁੱਤਰ ਨਰਿੰਦਰ ਸਿੰਘ ਦੀ ਸੰਸਦ ਮੈਂਬਰ ਵਜੋਂ ਚੋਣ ਹੋਈ ਸੀ। ਬੀਤੇ ਸਾਲ ਅਫਗਾਨਿਸਤਾਨ ਉੱਤੇ ਤਾਲਿਬਾਨ ਦੇ ਮੁੜ ਕਬਜ਼ੇ ਤੋਂ ਬਾਅਦ ਉਹ ਵੀ ਸ਼ਰਨਾਰਥੀਆਂ ਦੇ ਨਾਲ ਭਾਰਤ ਆ ਗਏ ਸਨ।

# ਕਾਲਪੀ ਰਿਸ਼ੀ ਦੀ ਯਾਦਗਾਰ



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪਾਉਂਟਾ ਸਾਹਿਬ ਦੇ ਇਤਿਹਾਸ ਵਿਚ ਕਾਲਪੀ ਰਿਸ਼ੀ ਦਾ ਨਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂਆਂ ਵਿਚ ਲਿਆ ਜਾਂਦਾ ਹੈ। ਇਨ੍ਹਾਂ ਦੀ ਇਕ ਯਾਦਗਾਰ 'ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ' ਦੇ ਦਰਬਾਰ ਹਾਲ ਦੇ ਸਾਹਮਣੇ ਸੁਸ਼ੋਭਿਤ ਹੈ ਜਿੱਥੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਭਾਈ ਵੀਰ ਸਿੰਘ ਕਾਲਪੀ ਰਿਸ਼ੀ ਦਾ ਭਾਵਪੂਰਤ ਢੰਗ ਨਾਲ ਵਰਨਨ ਕਰਦੇ ਹੋਏ ਦੱਸਦੇ ਹਨ ਕਿ ਨਾਹਨ ਰਿਆਸਤ ਨੂੰ ਬਚਾਉਣ ਵਿਚ ਇਨ੍ਹਾਂ ਦਾ ਵਿਸ਼ੇਸ਼ ਯੋਗਦਾਨ ਸੀ। ਇਸ ਤੋਂ ਇਲਾਵਾ ਭਾਈ ਧੰਨਾ ਸਿੰਘ ਦੀ ਗੁਰ ਤੀਰਥ ਸਾਈਕਲ ਯਾਤਰਾ ਵਿਚ ਵੀ ਇਸ ਰਿਸ਼ੀ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਪਾਉਂਟਾ ਸਾਹਿਬ ਦਾ ਇਤਿਹਾਸ ਲਿਖਣ ਵਾਲਿਆਂ ਨੇ ਭਾਈ ਵੀਰ ਸਿੰਘ ਦੀ ਰਚਨਾ ਨੂੰ ਹੀ ਪ੍ਰਮੁਖ ਤੌਰ 'ਤੇ ਆਪਣੀਆਂ ਲਿਖਤਾਂ ਦਾ ਅਧਾਰ ਬਣਾਇਆ ਹੈ।

ਇਸ ਘਟਨਾ ਨਾਲ ਜੁੜੀਆਂ ਹੋਈਆਂ ਲਿਖਤਾਂ ਤੋਂ ਪਤਾ ਲੱਗਦਾ ਹੈ ਕਿ ਰਾਜਾ ਮੇਦਨੀ ਪ੍ਰਕਾਸ਼ ਦੀ ਨਾਹਨ ਰਿਆਸਤ ਦੀ ਹੱਦ ਗੜ੍ਹਵਾਲ ਦੇ ਰਾਜਾ ਫ਼ਤਿਹ ਸ਼ਾਹ ਨਾਲ ਲੱਗਦੀ ਸੀ ਜਿਹੜਾ ਕਿ ਹਰ ਹੀਲੇ ਉਸ 'ਤੇ ਕਬਜ਼ਾ ਕਰਨਾ ਚਾਹੁੰਦਾ ਸੀ। ਭਾਵੇਂ ਕਿ ਗੜ੍ਹਵਾਲ ਦੇ ਰਾਜੇ ਨੇ ਨਾਹਨ ਰਿਆਸਤ ਦੇ ਕੁੱਝ ਇਲਾਕੇ 'ਤੇ ਕਬਜ਼ਾ ਕਰ ਲਿਆ ਸੀ ਪਰ ਫਿਰ ਵੀ ਨਾਹਨ ਰਿਆਸਤ ਉਸ ਦਾ ਮੁਕਾਬਲਾ ਕਰਨ ਲਈ ਤਿਆਰ ਸੀ। ਜਦੋਂ ਰਾਜਾ ਮੇਦਨੀ ਪ੍ਰਕਾਸ਼ ਨੂੰ ਇਹ ਜਾਣਕਾਰੀ ਮਿਲੀ ਕਿ ਰਾਜਾ ਫ਼ਤਿਹ ਸ਼ਾਹ ਦੀ ਲੜਕੀ ਦਾ ਰਿਸ਼ਤਾ ਕਹਿਲੂਰ ਰਿਆਸਤ ਦੇ



ਰਾਜਾ ਭੀਮ ਚੰਦ ਦੇ ਲੜਕੇ ਨਾਲ ਹੋ ਗਿਆ ਹੈ ਤਾਂ ਰਾਜਾ ਮੇਦਨੀ ਪ੍ਰਕਾਸ਼ ਆਪਣੇ ਆਪ ਨੂੰ ਬਹੁਤ ਕਮਜ਼ੋਰ ਸਮਝਣ ਲੱਗ ਪਿਆ ਸੀ। ਦੁਨਿਆਵੀ ਤਾਕਤ ਦਾ ਮੁਕਾਬਲਾ ਨਾ ਕਰਨ ਦੇ ਸਮਰੱਥ ਰਾਜਾ ਮੇਦਨੀ ਪ੍ਰਕਾਸ਼ ਆਪਣੀ ਰਿਆਸਤ ਨੂੰ ਬਚਾਉਣ ਲਈ ਕਿਸੇ ਦੈਵੀ ਤਾਕਤ ਦਾ ਸਹਾਰਾ ਲੈਣ ਲਈ ਯਤਨਸ਼ੀਲ ਹੋ ਗਿਆ ਸੀ।

ਵਜ਼ੀਰ ਨੇ ਰਿਆਸਤ ਵਿਚ ਮੌਜੂਦ 100 ਸਾਲ ਤੋਂ ਵਧੇਰੇ ਉਮਰ ਦੇ ਇਕ ਰਿਸ਼ੀ ਕਾਲਪੀ ਤੋਂ ਸਹਾਇਤਾ ਲੈਣ ਦੀ ਸਲਾਹ ਦਿੱਤੀ ਜਿਹੜਾ ਕਿ ਉਸ ਦੀ ਰਿਆਸਤ ਵਿਚ ਕਾਲਸੀ ਦੇ ਸਥਾਨ 'ਤੇ ਆਪਣੇ ਅੰਤਿਮ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਕੇ ਮੁਕਤੀ ਪ੍ਰਾਪਤ ਕਰਨ ਦੀ ਇੱਛਾ ਰੱਖਦਾ ਸੀ। ਰਾਜਾ ਆਪਣੀ ਰਿਆਸਤ ਬਚਾਉਣ ਲਈ ਆਪਣੇ ਵਜ਼ੀਰ ਸਮੇਤ ਰਿਸ਼ੀ ਦੇ ਚਰਨਾਂ ਵਿਚ ਪੁੱਜਾ ਅਤੇ ਸਾਰੀ ਘਟਨਾ ਬਿਆਨ ਕੀਤੀ। ਰਿਸ਼ੀ ਨੇ ਰਾਜੇ ਨੂੰ ਕਿਹਾ ਕਿ ਇਸ ਸਮੇਂ ਇਕ ਅਜਿਹੇ ਅਵਤਾਰੀ ਪੁਰਸ਼ ਇਸ ਧਰਤੀ 'ਤੇ ਮੌਜੂਦ ਹਨ ਜਿਹੜੇ ਸਮੂਹ ਦੈਵੀ ਅਤੇ ਦੁਨਿਆਵੀ ਸ਼ਕਤੀਆਂ ਦੇ ਮਾਲਕ ਹਨ। ਤੁਸੀਂ ਉਨ੍ਹਾਂ ਦੀ ਸਹਾਇਤਾ ਪ੍ਰਾਪਤ ਕਰੋ ਤਾਂ ਕਿ ਗੜ੍ਹਵਾਲ ਰਿਆਸਤ ਵਿਚ ਮੌਜੂਦ ਰਾਮ ਰਾਇ ਦੀ ਦੈਵੀ ਸ਼ਕਤੀ ਅਤੇ ਸਮੂਹ ਰਾਜਿਆਂ ਦੀ ਦੁਨਿਆਵੀ ਸ਼ਕਤੀ ਦੇ ਖ਼ੌਫ਼ ਤੋਂ ਮੁਕਤੀ ਪ੍ਰਾਪਤ ਹੋ ਸਕੇ।

ਰਿਸ਼ੀ ਦੁਆਰਾ ਦਿੱਤੀ ਸਲਾਹ ਅਨੁਸਾਰ ਰਾਜਾ ਮੇਦਨੀ ਪ੍ਰਕਾਸ਼, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੀ ਰਿਆਸਤ ਵਿਚ ਆਉਣ ਲਈ ਸਤਿਕਾਰ ਸਹਿਤ ਸੱਦਾ ਭੇਜਦਾ ਹੈ ਅਤੇ ਗੁਰੂ ਜੀ ਉਸ ਦੀ ਬੇਨਤੀ ਮੰਨ ਕੇ ਉਸ ਦੀ ਰਿਆਸਤ ਵਿਚ ਆ ਕੇ ਵੱਸ ਜਾਂਦੇ ਹਨ। ਗੁਰੂ ਜੀ ਦੁਆਰਾ ਵਸਾਇਆ ਗਿਆ ਪਾਉਂਟਾ ਸਾਹਿਬ ਇਸ



ਇਲਾਕੇ ਦਾ ਪ੍ਰਸਿੱਧ ਨਗਰ ਹੈ। ਇੱਥੋਂ ਹੀ ਗੁਰੂ ਜੀ ਆਪਣੇ ਸਿੱਖਾਂ ਅਤੇ ਰਾਜਾ ਮੇਦਨੀ ਪ੍ਰਕਾਸ਼ ਨਾਲ ਕਾਲਸੀ ਪਹੁੰਚਦੇ ਹਨ ਜਿੱਥੋਂ ਉਹ ਰਿਸ਼ੀ ਨੂੰ ਪਾਲਕੀ ਵਿਚ ਬਿਠਾ ਕੇ ਪਾਉਂਟਾ ਸਾਹਿਬ ਲੈ ਆਏ ਸਨ। ਕੁੱਝ ਦਿਨਾਂ ਬਾਅਦ ਕਾਲਪੀ ਰਿਸ਼ੀ ਦਾ ਅਕਾਲ ਚਲਾਣਾ ਕਰ ਜਾਣ ਉਪਰੰਤ ਗੁਰੂ ਜੀ ਨੇ ਉਸ ਦਾ ਅੰਤਿਮ ਸਸਕਾਰ ਵੀ ਆਪਣੇ ਹੱਥਾਂ ਨਾਲ ਕੀਤਾ ਸੀ। ਇਨ੍ਹਾਂ ਦੀ ਯਾਦ ਵਿਚ ਪਾਉਂਟਾ ਸਾਹਿਬ ਵਿਖੇ 'ਗੁਰਦੁਆਰਾ ਕਾਲਪੀ ਰਿਸ਼ੀ ਜੀ' ਸਸ਼ੋਭਿਤ ਹੈ।

ਕਾਲਪੀ ਰਿਸ਼ੀ ਦਾ ਤਪ ਅਸਥਾਨ ਪਾਉਂਟਾ ਸਾਹਿਬ ਤੋਂ ਲਗਭਗ 35 ਕਿਲੋਮੀਟਰ ਦੀ ਦੂਰੀ 'ਤੇ ਕਾਲਸੀ ਵਿਖੇ ਸਥਿਤ ਸੀ। ਕਾਲਸੀ ਨਾਂ ਦੇ ਦੋ ਛੋਟੇ ਕਸਬੇ ਨਾਲ-ਨਾਲ ਮੌਜੂਦ ਹਨ ਜਿਨ੍ਹਾਂ ਵਿਚੋਂ ਇਕ ਪੁਰਾਣੀ ਕਾਲਸੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਕਿਸੇ ਸਮੇਂ ਇਹ ਬੋਧੀਆਂ ਦਾ ਵੱਡਾ ਕੇਂਦਰ ਸੀ ਅਤੇ ਸਮਰਾਟ ਅਸ਼ੋਕ ਦੇ ਸਮੇਂ ਦਾ ਇਕ ਸਤੰਭ ਵੀ ਇੱਥੇ ਮੌਜੂਦ ਹੈ ਜਿਸ ਉਤੇ ਪ੍ਰਾਕ੍ਰਿਤ ਭਾਸ਼ਾ ਦੀ ਬ੍ਰਹਮੀ ਲਿਪੀ ਵਿਚ ਲਿਖੇ ਹੋਏ ਅੱਖਰ ਯੁੱਧ ਦਾ ਤਿਆਗ ਕਰਕੇ ਅਹਿੰਸਾ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਣਾ ਪੈਦਾ ਕਰਦੇ ਹਨ। ਭਾਰਤ ਸਰਕਾਰ ਨੇ ਇਨ੍ਹਾਂ ਸ਼ਿਲਾਲੇਖਾਂ ਨੂੰ ਸੁਰੱਖਿਅਤ ਰੱਖਿਆ ਹੋਇਆ ਹੈ।

ਮੁੱਖ ਬਜ਼ਾਰ ਵਿਚ ਰਾਜਕੀਯ ਇੰਟਰ ਕਾਲਜ ਤੋਂ ਥੋੜ੍ਹਾ ਅੱਗੇ ਜਾ ਕੇ ਡਾਕਾਖ਼ਾਨੇ ਦੇ ਨਾਲ ਇਕ ਸੜਕ ਮੁੜਦੀ ਹੈ ਜਿੱਥੋਂ ਕੁੱਝ ਅੱਗੇ ਜਾ ਕੇ ਜਮਨਾ ਨਦੀ ਵੱਲ ਹੇਠਾਂ ਨੂੰ ਪੈਦਲ ਰਸਤਾ ਜਾਂਦਾ ਹੈ। ਲਗਭਗ 500 ਮੀਟਰ ਹੇਠਾਂ ਜਾ ਕੇ ਨਦੀ ਦੇ ਉਤਲੇ ਪਾਸੇ ਖੇਤਾਂ ਦੇ ਛੋਟੇ-ਛੋਟੇ ਕਿਆਰਿਆਂ ਵਿਚ ਪੁਰਾਣੇ ਖੰਡਰ ਮੌਜੂਦ ਹਨ ਜਿਨ੍ਹਾਂ ਨੂੰ 'ਠਾਕਰ ਦਵਾਰਾ' ਕਿਹਾ ਜਾਂਦਾ ਹੈ।

(**ਬਾਕੀ ਸਫ਼ਾ** 35 'ਤੇ)

# ਖੇਤੀ ਨੂੰ ਲਾਹੇਵੰਦ ਬਣਾਉਣ ਲਈ ਸਿਖਲਾਈ ਕੇਂਦਰਾਂ ਨੂੰ ਨਵੀਂ ਦਿਸ਼ਾ ਦਿੱਤੀ ਜਾਵੇ

**ਕਿਸਾਨੀ ਮਸਲਾ**

**ਡਾ. ਅਮਨਪ੍ਰੀਤ ਸਿੰਘ ਬਰਾੜ**

ਅੱਜ ਕਾਫ਼ੀ ਬੁੱਧੀਜੀਵੀ ਖ਼ਾਸ ਕਰਕੇ ਨੀਤੀ ਘਾੜੇ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਜੇਕਰ ਖੇਤੀ ਨੂੰ ਲਾਹੇਵੰਦ ਬਣਾਉਣਾ ਹੈ ਤਾਂ ਇਸ ਨੂੰ ਸਹਿਕਾਰੀ ਸਭਾਵਾਂ (ਕੋਆਪ੍ਰੇਟਿਵ ਸੁਸਾਇਟੀਆਂ) ਦੀ ਤਰ੍ਹਾਂ ਚਲਾਉਣਾ ਪਵੇਗਾ, ਕਿਉਂਕਿ ਜ਼ਮੀਨਾਂ ਘਟਦੀਆਂ ਜਾਂਦੀਆਂ ਹਨ, ਮਸ਼ੀਨਰੀ ਅਤੇ ਹੋਰ ਲੋੜੀਂਦੇ ਸਾਮਾਨ ਮਹਿੰਗੇ ਹੋ ਰਹੇ ਹਨ। ਇਕੱਠੇ ਹੋਣ ਦਾ ਇਕ ਫ਼ਾਇਦਾ ਹੈ ਕਿ ਜਿਹੜੀ ਚੀਜ਼ ਅਸੀਂ ਖ਼ਰੀਦਣੀ ਹੈ ਉਹ ਸਾਨੂੰ ਸਸਤੀ ਮਿਲੇਗੀ ਅਤੇ ਜਿਹੜੀ ਚੀਜ਼ ਵੇਚਣੀ ਹੈ, ਉਸ ਦਾ ਮੁੱਲ ਜ਼ਿਆਦਾ ਮਿਲੇਗਾ। ਇਸ ਵਿਚ ਇਸ ਤੋਂ ਅੱਗੇ ਵੀ ਗੱਲ ਆਉਂਦੀ ਹੈ ਕਿ ਕਿਉਂ ਨਹੀਂ ਇਨ੍ਹਾਂ ਨੂੰ ਨਿਰਮਾਤਾ ਸੰਗਠਨ (ਪ੍ਰੋਡਿਊਸਰ ਆਰਗੇਨਾਈਜੇਸ਼ਨ) ਵਾਂਗ ਚਲਾਇਆ ਜਾਂਦਾ। ਦਰਅਸਲ ਪ੍ਰੋਡਿਊਸਰ ਆਰਗੇਨਾਈਜੇਸ਼ਨ ਦਾ ਮਤਲਬ ਹੈ ਕਿ ਕਿਸੇ ਵੀ ਵਸਤੂ ਦੀ ਪੈਦਾਵਾਰ ਕਰਨ ਵਾਲੇ, ਜਿਨ੍ਹਾਂ ਦੇ ਵਿਚਾਰ ਮਿਲਦੇ ਹੋਣ ਉਹ ਇਕ ਸੰਸਥਾ ਬਣਾ ਲੈਣ। ਪੈਦਾਵਾਰ ਆਪਣੀ ਸਮਰੱਥਾ ਅਨੁਸਾਰ ਕਰਨ ਪਰ ਵੇਚਣ ਲਈ ਜਾਂ ਉਸ ਦੀ ਅੱਗੇ ਵਰਤੋਂ ਕਰਨ ਲਈ ਇਕੱਠੇ ਹੋ ਜਾਣ। ਇਹ ਸੰਸਥਾ ਫ਼ਸਲਾਂ, ਫਲਾਂ, ਸਬਜ਼ੀਆਂ ਦੁੱਧ ਪੈਦਾ ਕਰਨ ਵਾਲੇ, ਖਾਦੀ ਦਾ ਕੱਪੜਾ ਬਣਾਉਣ ਵਾਲੇ, ਕਢਾਈ ਸਿਲਾਈ ਕਰਨ ਵਾਲੇ ਸਭ ਬਣਾ ਸਕਦੇ ਹਨ। ਖੇਤੀ ਦਾ ਧੰਦਾ ਕਰਨ ਵਾਲਿਆਂ ਦੀ ਪ੍ਰੋਡਿਊਸਰ ਆਰਗੇਨਾਈਜੇਸ਼ਨ (ਪੈਦਾਵਾਰ ਕਰਨ ਵਾਲੀ ਸੰਸਥਾ) ਨੂੰ ਕਿਸਾਨ ਨਿਰਮਾਤਾ ਸੰਗਠਨ (ਫਾਰਮਰ ਪ੍ਰੋਡਿਊਸਰ ਆਰਗੇਨਾਈਜੇਸ਼ਨ) ਕਹਿੰਦੇ ਹਨ। ਇਹ ਸੰਸਥਾਵਾਂ ਦੱਖਣ ਭਾਰਤ ਵਿਚ ਅਤੇ ਮਹਾਰਾਸ਼ਟਰ ਵਿਚ ਤਾਂ ਕਾਫ਼ੀ ਪ੍ਰਚਲਿਤ ਹਨ। ਪਰ ਇਸ ਦੇ ਮੁਕਾਬਲੇ ਵਿਚ ਉੱਤਰ



ਭਾਰਤ ਵਿਚ ਸਹਿਕਾਰੀ ਸਭਾਵਾਂ ਚੰਗੀਆਂ ਹਨ, ਜੋ ਪੇਂਡੂ ਵਿਕਾਸ ਵਿਚ ਕਾਫ਼ੀ ਸਹਾਈ ਵੀ ਹੋਈਆਂ ਹਨ।

ਇਨ੍ਹਾਂ ਸਭਾਵਾਂ ਦਾ ਵਿਚਾਰ ਵਧੀਆ ਹੈ ਪਰ ਇਨ੍ਹਾਂ ਨੇ ਅੱਧਾ ਕੰਮ ਕੀਤਾ ਹੈ, ਭਾਵ ਖੇਤੀ ਜ਼ਰੂਰਤ ਦੀਆਂ ਵਸਤੂਆਂ ਖ਼ਰੀਦ ਕੇ ਦਿੱਤੀਆਂ। ਪਰ ਉਪਜ ਦੇ ਮੰਡੀਕਰਨ ਵਿਚ ਇਨ੍ਹਾਂ ਦਾ ਕੋਈ ਯੋਗਦਾਨ ਨਹੀਂ। ਇਨ੍ਹਾਂ ਸਭਾਵਾਂ ਦਾ ਹੀ ਬਦਲ ਹੈ ਕਿਸਾਨ ਨਿਰਮਾਤਾ ਸੰਗਠਨ (ਐਫ.ਪੀ.ਓ.)। ਪਰ ਇਹ ਫ਼ਰਕ ਹੈ ਕਿ ਸਹਿਕਾਰੀ ਸਭਾਵਾਂ ਦਾ ਮੈਂਬਰ ਤਾਂ ਕਈ ਵਾਰ ਕਰਜ਼ਾ ਜਾਂ ਖਾਦ ਲੈਣ ਖ਼ਾਤਰ ਵੀ ਬਣਨਾ ਪੈਂਦਾ ਹੈ ਪਰ ਕਿਸਾਨ ਨਿਰਮਾਤਾ ਸੰਗਠਨ (ਐਫ.ਪੀ.ਓ.) ਬਣਾਉਣ ਲਈ ਕੋਈ ਮਜਬੂਰੀ ਨਹੀਂ ਅਤੇ ਇਹ ਸਵੈ-ਇੱਛਕ ਤੇ ਆਪਣੀ ਮਰਜ਼ੀ ਦੇ ਮੈਂਬਰਾਂ ਨਾਲ ਮਿਲ ਕੇ ਸਾਂਝੇ ਫ਼ਾਇਦੇ ਲਈ ਬਣਾਈ ਜਾਂਦੀ ਹੈ।

1998 ਵਿਚ ਵਿਸ਼ਵ ਬੈਂਕ ਵਲੋਂ ਇਕ ਪਾਇਲਟ ਪ੍ਰਾਜੈਕਟ ਕੌਮੀ ਖੇਤੀਬਾੜੀ ਤਕਨਾਲੋਜੀ ਪ੍ਰਾਜੈਕਟ ਭਾਵ (ਐਨ. ਏ. ਟੀ. ਪੀ) ਜੋ ਬਾਅਦ ਵਿਚ ਭਾਰਤ ਸਰਕਾਰ ਨੇ ਸਾਰੇ ਦੇਸ਼ ਵਿਚ ਲਾਗੂ ਕੀਤਾ, ਜਿਸ ਦਾ ਇਹ ਉਦੇਸ਼ ਸੀ ਕਿ ਜੋ ਨਵੀਂ ਤਕਨੀਕ ਅਪਨਾਉਣੀ ਹੈ, ਉਹ ਕੁਝ ਕਿਸਾਨ ਰਲ ਕੇ ਗਰੁੱਪ ਬਣਾ ਕੇ ਅਪਨਾਉਣ ਅਤੇ ਆਪਣੇ ਤਜਰਬੇ ਸਾਂਝੇ ਕਰਨ। ਜੋ ਪੈਦਾਵਾਰ ਹੋਵੇ ਉਹ ਵੀ ਇਕੱਠੀ ਕਰ ਕੇ ਵੇਚਣ ਤਾਂ ਜੋ ਭਾਅ ਪੂਰਾ ਮਿਲੇ। ਪਾਇਲਟ ਪ੍ਰਾਜੈਕਟ ਵਿਚ ਇਹ ਸਕੀਮ ਬਹੁਤ ਵਧੀਆ ਚੱਲੀ ਪਰ ਜਦੋਂ ਇਸ ਨੂੰ ਸਾਰੇ ਦੇਸ਼ ਵਿਚ ਲਾਗੂ ਕੀਤਾ ਗਿਆ ਤਾਂ ਇਸ ਦੇ ਨਤੀਜੇ ਬਹੁਤੇ ਸਾਰਥਕ ਨਹੀਂ ਆਏ। ਉਸ ਵਕਤ ਕਈ ਗਰੁੱਪ ਬਣੇ, ਕਈ ਟੁੱਟੇ ਅਤੇ ਕਈ ਲੰਮੇ ਸਮੇਂ ਤੱਕ ਨਹੀਂ ਚੱਲੇ, ਉਸ ਵੇਲੇ ਦੀਆਂ ਬਣੀਆਂ ਕਈ ਐਫ.ਪੀ.ਓ. ਅੱਜ ਵੱਡਾ ਰੂਪ ਧਾਰ ਕੇ ਚੱਲ ਰਹੀਆਂ ਹਨ। ਉਸ ਵੇਲੇ ਬਹੁਤ ਸਾਰੇ ਗਰੁੱਪ ਜ਼ੁਬਾਨੀ ਆਪਸੀ ਸਹਿਮਤੀ ਨਾਲ ਬਣੇ ਸਨ, ਉਹ ਕਿਤੇ ਰਜਿਸਟਰਡ ਨਹੀਂ ਸਨ। ਇਸ ਲਈ ਉਨ੍ਹਾਂ ਨੂੰ ਚਲਾਉਣ ਦੀ ਜ਼ਿੰਮੇਵਾਰੀ ਵੀ ਕਿਸੇ ਦੀ ਨਹੀਂ ਸੀ, ਜਿਸ ਕਰਕੇ ਬਹੁਤੇ ਸੰਗਠਨ ਟੁੱਟ ਗਏ।

**ਰਜਿਸਟਰ ਕਰਾਉਣ ਦਾ ਤਰੀਕਾ**:- ਜਦੋਂ ਕਿਸਾਨ ਨਿਰਮਾਤਾ ਸੰਗਠਨ (ਐਫ.ਪੀ.ਓ.) ਦੀ ਗੱਲ ਤੁਰਦੀ ਹੈ ਤਾਂ ਪਹਿਲਾ ਕਦਮ ਹੁੰਦਾ ਹੈ, ਉਸ ਨੂੰ ਰਜਿਸਟਰ ਕਰਵਾਉਣ ਦਾ। ਜਦੋਂ ਕਿਸੇ ਗਰੁੱਪ ਦੀ ਇਹ ਸਹਿਮਤੀ ਹੋਵੇ ਕਿ ਉਨ੍ਹਾਂ ਨੇ ਐਫ.ਪੀ.ਓ. ਨੂੰ ਸੁਸਾਇਟੀ ਜਾਂ ਕੰਪਨੀ ਬਣਾ ਕੇ ਖੋਲ੍ਹਣਾ ਹੈ ਫਿਰ ਉਸ ਦੇ ਮੁਤਾਬਿਕ ਦਸਤਾਵੇਜ਼ ਤਿਆਰ ਕਰਨੇ ਪੈਂਦੇ ਹਨ। ਜੇ ਸੁਸਾਇਟੀ ਬਣਾਉਣੀ ਹੈ ਫਿਰ ਸਟੇਟ ਸੁਸਾਇਟੀ ਐਕਟ ਅਧੀਨ ਬਣਾਉਣੀ ਪੈਂਦੀ ਹੈ ਜਾਂ ਕੇਂਦਰ ਦੀ ਮਲਟੀ ਸਟੇਟ ਸੁਸਾਇਟੀ ਐਕਟ ਅਧੀਨ ਬਣਾਉਣੀ ਪੈਂਦੀ ਹੈ ਅਤੇ ਕੀ ਸੁਸਾਇਟੀ ਲਿਮਟਿਡ ਜਾਂ ਅਨਲਿਮਟਿਡ ਲਾਇਬਿਲਟੀ ਨਾਲ ਖੋਲ੍ਹਣੀ ਪੈਂਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਦੇ ਅਹੁਦੇਦਾਰ ਕੌਣ ਹੋਣਗੇ ਤੇ ਉਨ੍ਹਾਂ ਦਾ ਕੰਮ-ਕਾਜ ਕਿਵੇਂ ਵੰਡਿਆ ਜਾਵੇਗਾ, ਆਦਿ ਨਿਯਮ ਵੀ ਨਿਰਧਾਰਿਤ ਕਰਨੇ ਪੈਂਦੇ ਹਨ।

ਜੇ ਕਿਸਾਨ ਨਿਰਮਾਤਾ ਸੰਗਠਨ (ਐਫ.ਪੀ.ਓ.) ਨੂੰ ਕੰਪਨੀ ਬਣਾ ਕੇ ਚਲਾਉਣਾ ਹੈ ਤਾਂ ਉਸ ਨੂੰ ਰਜਿਸਟਰਾਰ ਆਫ਼ ਕੰਪਨੀਜ਼, ਕੰਪਨੀ ਐਕਟ 1956, ਸੈਕਸ਼ਨ 465 ਕੰਪਨੀਜ਼ ਐਕਟ 2013 ਪ੍ਰੋਵਿਜ਼ਨ 9X ਏ ਦੇ ਅਧੀਨ ਰਜਿਸਟਰ ਕਰਵਾਉਣਾ ਪਵੇਗਾ। ਇਸ ਲਈ ਘੱਟੋ-ਘੱਟ ਅਧਿਕਾਰਤ ਪੂੰਜੀ (Authorised Capital) 5 ਲੱਖ ਹੋਣੀ ਚਾਹੀਦੀ ਹੈ ਤੇ ਘੱਟੋ-ਘੱਟ ਅਦਾ ਕੀਤੀ ਪੂੰਜੀ (Minimum Paid up Capital) 1 ਲੱਖ ਹੋਣੀ ਚਾਹੀਦੀ ਹੈ। ਫਿਰ ਇਸ ਨਾਲ ਮੈਂਬਰਾਂ ਨੂੰ ਜੋੜਨਾ, ਉਨ੍ਹਾਂ ਦਾ ਹਿੱਸਾ ਨਿਰਧਾਰਿਤ ਕਰਨਾ ਭਾਵ ਹਿੱਸੇਦਾਰੀ ਤੈਅ ਕਰਨੀ, ਇਸ ਤੋਂ ਬਾਅਦ ਜਿਹੜੇ ਦਸਤਾਵੇਜ਼ ਰਜਿਸਟਰਾਰ ਕੋਲ ਜਮ੍ਹਾਂ ਕਰਵਾਉਣੇ, ਜਿਨ੍ਹਾਂ ਵਿਚ ਖ਼ਾਸ ਕਰਕੇ ਮੈਮੋਰੰਡਮ ਆਫ਼ ਐਸੋਸੀਏਸ਼ਨ (MOA), ਆਰਟੀਕਲ ਆਫ ਐਸੋਸੀਏਸ਼ਨ (AOA) ਬਣਾਉਣਾ ਆਦਿ ਅਗਲੇ ਕੰਮ ਹੁੰਦੇ ਹਨ। ਮੈਂਬਰਾਂ ਤੋਂ ਡਿਜੀਟਲ ਦਸਤਖ਼ਤ ਲੈਣੇ, ਕੰਪਨੀ ਦਾ ਡਾਇਰੈਕਟਰ ਬਣਾਉਣਾ, ਡਾਇਰੈਕਟਰ ਦਾ ਪਹਿਚਾਣ ਨੰ: (DIN) ਲੈਣਾ ਇਹ ਸਭ ਚੀਜ਼ਾਂ ਆਮ ਵਿਅਕਤੀ ਦੀ ਸਮਝ ਤੋਂ ਹੀ ਬਾਹਰ ਹਨ, ਇਥੋਂ ਤੱਕ ਕਿ ਕੋਈ ਪੜ੍ਹਿਆ-ਲਿਖਿਆ (ਬੀ. ਕਾਮ ਪਾਸ) ਵਿਅਕਤੀ ਵੀ ਬਿਨਾਂ ਸਿਖਲਾਈ ਤੋਂ ਇਸ ਨੂੰ ਨਹੀਂ ਸਮਝ ਸਕਦਾ। ਇਸ ਕੰਮ ਲਈ ਸਿੱਖਿਅਤ ਟ੍ਰੇਨਰ ਦੀ ਲੋੜ ਹੈ, ਜੋ ਸਾਡੇ ਸਿਖਲਾਈ ਕੇਂਦਰਾਂ ਵਿਚ ਨਹੀਂ ਹਨ।

**ਕਾਰੋਬਾਰੀ ਯੋਜਨਾ ਬਣਾਉਣਾ**:- ਰਜਿਸਟਰ ਕਰਵਾਉਣ ਵੇਲੇ ਜਾਂ ਗਰਾਂਟ ਲੈਣ ਵੇਲੇ ਪੁਖ਼ਤਾ ਕਾਰੋਬਾਰੀ ਯੋਜਨਾ ਬਣਾ ਕੇ ਦੇਣੀ ਹੁੰਦੀ ਹੈ ਭਾਵ ਕਿ ਕੀ ਕਰਨਾ ਹੈ, ਕਿਸ ਤਰ੍ਹਾਂ ਕਰਨਾ ਹੈ, ਕਿੰਨਾ ਪੈਸਾ ਲੱਗੇਗਾ, ਕਿਥੋਂ ਲੱਗੇਗਾ ਅਤੇ ਵਾਪਸੀ ਕਦੋਂ ਤੇ ਕਿਵੇਂ ਹੋਵੇਗੀ ਆਦਿ। ਖਾਸ ਕਰਕੇ ਮੈਂਬਰ ਜੋ ਕੰਪਨੀ ਜਾਂ ਸੁਸਾਇਟੀ ਨਾਲ ਜੁੜਦੇ ਹਨ, ਉਨ੍ਹਾਂ ਨੂੰ ਕੀ ਮੁਨਾਫ਼ਾ ਮਿਲੇਗਾ, ਇਸ ਸਭ ਲਈ ਪਹਿਲਾਂ ਕਾਰੋਬਾਰੀ ਵਾਤਾਵਰਨ ਬਾਰੇ ਜਾਣਕਾਰੀ ਹੋਣੀ ਜ਼ਰੂਰੀ ਹੈ ਭਾਵ ਕਿ ਦੇਸ਼, ਸੂਬੇ ਅਤੇ ਅੰਤਰਰਾਸ਼ਟਰੀ ਨੀਤੀਆਂ ਕਿਹੋ ਜਿਹੀਆਂ ਹਨ, ਉਸ ਵਿਚ ਜਿਹੜਾ ਕੰਮ ਕੰਪਨੀ ਜਾਂ ਸੁਸਾਇਟੀ ਕਰਨਾ ਚਾਹੁੰਦੀ ਹੈ, ਉਸ ਨੂੰ ਕਿੰਨੀ ਤਰਜੀਹ ਮਿਲਦੀ ਹੈ, ਮੁਕਾਬਲਾ ਕਿੰਨਾ ਹੈ, ਜਿਹੜੀ ਚੀਜ਼ ਪੈਦਾ ਕਰਨੀ ਹੈ ਜਾਂ ਵੇਚਣੀ ਹੈ, ਉਸ ਦੀ ਮੰਡੀ ਕਿੱਥੇ ਹੈ। ਭਾਵ ਕਿ ਪੂਰਾ ਵਿਸ਼ਲੇਸ਼ਣ (ਤਾਕਤ, ਕਮਜ਼ੋਰੀ, ਮੌਕਾ ਅਤੇ ਔਕੜ) ਕਰਨਾ ਪੈਣਾ ਹੈ। ਇਸ ਤੋਂ ਅੱਗੇ ਹਿਸਾਬ-ਕਿਤਾਬ ਭਾਵ ਫਾਈਨਾਂਸ ਕਿਵੇਂ ਰੱਖਣਾ ਹੈ, ਅੱਜ ਖੇਤੀ ਹੀ ਲੈ ਲਓ, ਕੋਈ ਪੁਖ਼ਤਾ ਹਿਸਾਬ ਨਹੀਂ ਰੱਖਿਆ ਜਾਂਦਾ। ਯੂਨੀਵਰਸਿਟੀ ਵਲੋਂ ਮੁਢਲਾ ਜਾਂ ਵਹੀ ਖਾਤਾ ਬਣਾਉਣ ਲਈ ਇਕ ਕਿਤਾਬਚਾ ਦਿੱਤਾ ਜਾਂਦਾ ਹੈ, ਜੋ ਉਪਰੋਕਤ ਐਫ.ਪੀ.ਓਜ਼ ਦਾ ਕੰਮ ਨਹੀਂ ਸਾਰਦਾ। ਅੱਜ ਇਸ ਗੱਲ ਦੀ ਜ਼ਰੂਰਤ ਹੈ ਕਿ ਐਫ.ਪੀ.ਓ. ਇਕੱਲੀ ਖੇਤੀ ਪੈਦਾਵਾਰ ਵੇਚਣ ਦੇ ਸਮਰੱਥ ਹੀ ਨਾ ਹੋਵੇ, ਬਲਕਿ ਉਸ ਕੋਲ ਪ੍ਰੋਸੈਸ ਕਰ ਕੇ ਫ਼ਸਲ ਦੀ ਗੁਣਵੱਤਾ ਵਧਾਉਣ ਦੀ ਸਮਰਥਾ ਵੀ ਹੋਵੇ, ਤਾਂ ਜੋ ਜਿਹੜੇ ਕਿਸਾਨਾਂ ਦੇ ਬੱਚੇ 30 ਤੋਂ 40 ਲੱਖ ਲਾ ਕੇ ਬਾਹਰ ਜਾਂਦੇ ਹਨ, ਉਹ ਇਥੇ ਹੀ ਆਪਣਾ

ਕਾਰੋਬਾਰ ਖੋਲ੍ਹ ਸਕਣ। ਇਸ ਦੇ ਕਈ ਫ਼ਾਇਦੇ ਹੋਣਗੇ, ਇਕ ਤਾਂ ਸਾਡੀ ਵਿਦੇਸ਼ੀ ਮੁਦਰਾ ਬਾਹਰ ਨਹੀਂ ਜਾਵੇਗੀ, ਦੂਜਾ ਰੁਜ਼ਗਾਰ ਦੇ ਜ਼ਰੀਏ ਬਣਨਗੇ, ਤੀਜਾ ਇਥੇ ਪੈਸਾ ਲੱਗੇਗਾ ਤਾਂ ਸਰਕਾਰ ਨੂੰ ਮਾਲੀਆ ਆਵੇਗਾ। ਚੌਥਾ ਵੱਡੀਆਂ ਕੰਪਨੀਆਂ ਦੇ ਨਾਲ ਮੁਕਾਬਲੇ ਕਰ ਕੇ ਉਨ੍ਹਾਂ ਦੇ ਲਾਭ ਵਿਚੋਂ ਹਿੱਸਾ ਵੰਡਾਵਾਂਗੇ। ਪੰਜਵਾਂ ਆਪਣੇ ਪਰਿਵਾਰ ਵਿਚ ਰਹਿ ਕੇ ਇਕ-ਦੂਜੇ ਦੇ ਦੁੱਖ-ਸੁੱਖ ਵਿਚ ਸਹਾਈ ਹੋਵਾਂਗੇ। ਉਦਾਹਰਨ ਦੇ ਤੌਰ 'ਤੇ ਜਿਹੜੀ ਮੂੰਗੀ ਇਸ ਸਾਲ ਰੰਗ ਬਦਲਣ ਕਾਰਨ ਜਾਂ ਫਿਰ ਹੋਰ ਗੁਣਵੱਤਾ ਦੇ ਕਾਰਨ

(**ਬਾਕੀ ਸਫ਼ਾ** 35 'ਤੇ)

## ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# ਸੰਸਾਰ ਦੇ ਮਹਾਨ ਇਨਕਲਾਬੀ ਰਹਿਬਰ ਗੁਰੂ ਗੋਬਿੰਦ ਸਿੰਘ ਜੀ



ਡਾ. ਰੂਪ ਸਿੰਘ

ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਇਨਕਲਾਬੀ ਯੋਧੇ ਹੋਏ ਹਨ, ਜਿਨ੍ਹਾਂ ਨੇ ਸਦੀਆਂ ਤੋਂ ਜਬਰ-ਜ਼ੁਲਮ ਦੀਆਂ ਸੱਟਾਂ ਨਾਲ ਮਿੱਧੇ-ਮਧੋਲੇ ਹਿੰਦੁਸਤਾਨੀ ਸਮਾਜ ਵਿਚ ਨਵੀਂ ਰੂਹ ਫੂਕੀ ਅਤੇ ਲੋਕਾਂ ਦੇ ਮਨਾਂ ਵਿੱਚੋਂ ਹਕੂਮਤੀ ਜਬਰ ਦੇ ਸਹਿਮ ਨੂੰ ਦੂਰ ਕਰਨ ਲਈ ਤਿਆਰ-ਬਰ-ਤਿਆਰ ਹਥਿਆਰਬੰਦ ਖ਼ਾਲਸਾ-ਪੰਥ ਦੀ ਸਿਰਜਣਾ ਕੀਤੀ। ਉਨ੍ਹਾਂ ਨੇ ਹਿੰਦੁਸਤਾਨੀ ਲੋਕਾਂ ਦੀ ਸੁੱਤੀ ਹੋਈ ਆਤਮਾ ਨੂੰ ਹਲੂਣਿਆ ਅਤੇ ਇੱਜ਼ਤ, ਸਵੈਮਾਣ ਨਾਲ ਜ਼ਿੰਦਗੀ ਜੀਣ ਲਈ ਪ੍ਰੇਰਿਆ : ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮ ਜੇਤਾ ਕਿਛੁ ਖਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 142)

ਗੁਰੂ ਜੀ ਨੂੰ ਇਕ ਪਾਸੇ ਕੱਟੜ ਮੁਗ਼ਲ ਹਕੂਮਤ ਅਤੇ ਦੂਜੇ ਪਾਸੇ ਲੋਭੀ, ਕਰਮ-ਕਾਂਡੀ, ਧਾਰਮਿਕ ਪ੍ਰੰਪਰਾਵਾਂ ਦੀ ਧਾਰਨੀ ਜਾਤ-ਪਾਤ, ਵਰਣ-ਵੰਡ ਅਧਾਰਿਤ ਵੰਡੀ ਬ੍ਰਾਹਮਣੀ ਜਮਾਤ ਦੇ ਨਾਲ-ਨਾਲ ਪਹਾੜੀ ਰਾਜਿਆਂ ਦੀ ਈਰਖਾ ਦਾ ਸੰਤਾਪ ਵੀ ਹੰਢਾਉਣਾ ਪਿਆ। ਇਨ੍ਹਾਂ ਸਮਾਜ-ਵਿਰੋਧੀ ਤਾਕਤਾਂ ਦਾ ਮੁਕਾਬਲਾ ਕਰਨ ਲਈ ਗੁਰੂ ਜੀ ਨੂੰ ਜੀਵਨ ਭਰ ਸੰਘਰਸ਼ ਕਰਨਾ ਪਿਆ।

ਗੁਰੂ ਗੋਬਿੰਦ ਸਿੰਘ ਜੀ ਪੋਹ ਸੁਦੀ ਸਤਵੀਂ, 23 ਪੋਹ (22 ਦਸੰਬਰ, 1666) ਨੂੰ ਪਟਨਾ ਸਾਹਿਬ (ਬਿਹਾਰ) ਦੀ ਇਤਿਹਾਸਕ ਧਰਤੀ 'ਤੇ ਗੁਰੂ ਤੇਗ ਬਹਾਦਰ ਜੀ ਤੇ ਮਾਤਾ ਗੁਜਰੀ ਜੀ ਦੇ ਘਰ ਪ੍ਰਗਟ ਹੋਏ।

ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ-ਉਦੇਸ਼ 'ਸੱਚ' ਧਰਮ ਦੀ ਸਥਾਪਨਾ, ਮਜ਼ਲੂਮਾਂ ਤੇ ਨਿਤਾਣਿਆਂ ਦੀ ਰਾਖੀ ਕਰਨਾ ਅਤੇ ਹਰ ਤਰ੍ਹਾਂ ਦੇ ਜਬਰ-ਜ਼ੁਲਮ ਦਾ ਟਾਕਰਾ ਕਰਨਾ ਸੀ ਕਿਉਂਕਿ ਉਨ੍ਹਾਂ ਨੇ ਜਾਣ ਲਿਆ ਸੀ ਕਿ ਸਮਾਜ ਦੇ ਪਤਨ ਜਾਂ ਅਧਰਮ ਦੇ ਬੋਲਬਾਲੇ ਦਾ ਮੁੱਖ ਕਾਰਨ ਲੋਕਾਂ ਦੀ ਗੁਲਾਮ ਮਾਨਸਿਕਤਾ ਹੈ। ਉਨ੍ਹਾਂ ਦੁਆਰਾ ਧਰਮ ਯੁੱਧ ਕਰਨ ਦਾ ਮਨੋਰਥ ਲੋਕਾਂ ਨਾਲ ਹੋ ਰਹੇ ਜਬਰ-ਜ਼ੁਲਮ ਤੇ ਧੱਕੇਸ਼ਾਹੀ ਨੂੰ ਰੋਕਣਾ ਸੀ। ਧਰਮ ਦੀ ਸਥਾਪਨਾ, ਨੇਕਾ-ਜਨਾਂ ਦੀ ਰੱਖਿਆ ਅਤੇ ਦੁਸ਼ਟਾਂ ਦੇ ਨਾਸ਼ ਕਰਨ ਦੇ ਆਪਣੇ ਜੀਵਨ-ਉਦੇਸ਼ ਨੂੰ ਆਪ 'ਬਚਿਤ੍ਰ ਨਾਟਕ' ਵਿਚ ਭਲੀ-ਭਾਂਤ ਸਪੱਸ਼ਟ ਕਰਦੇ ਹਨ :-

ਹਮ ਇਹ ਕਾਜ ਜਗਤ ਮੋ ਆਏ॥
ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ॥
ਦੁਸਟ ਦੋਖੀਅਨਿ ਪਕਰਿ ਪਛਾਰੋ॥42॥
ਧਰਮ ਚਲਾਵਨ ਸੰਤ ਉਬਾਰਨ॥
ਦੁਸਟ ਸਭਨ ਕੋ ਮੂਲ ਉਪਾਰਨ॥

ਧਰਮ ਦੀ ਬਹਾਲੀ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਗੁਰੂ-ਪਿਤਾ, ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦਿੱਤੀ। ਦਸਮੇਸ਼ ਪਿਤਾ ਜੀ ਨੇ ਅਖੌਤੀ ਧਾਰਮਿਕ ਲੋਕਾਂ ਵੱਲੋਂ ਕੀਤੇ ਜਾ ਰਹੇ ਪਾਖੰਡਾਂ ਦਾ ਖ਼ੂਬ ਪਾਜ ਉਘੇੜਿਆ। ਆਪਣੀ ਬਾਣੀ ਵਿਚ ਉਨ੍ਹਾਂ ਨੇ ਇਨ੍ਹਾਂ ਪਾਖੰਡਾਂ ਅਤੇ ਕਰਮਕਾਡਾਂ ਦੀ ਨਿਖੇਧੀ ਕਰਦਿਆਂ ਲੋਕਾਂ ਨੂੰ ਸੱਚੇ-ਸੁੱਚੇ ਜੀਵਨ ਦੇ ਧਾਰਨੀ ਹੋਣ ਲਈ ਪ੍ਰੇਰਿਆ। ਆਪ ਜੀ ਆਪਣੀ ਬਾਣੀ ਵਿਚ ਦੱਸਦੇ ਹਨ ਕਿ ਮੂਰਤੀ-ਪੂਜਾ, ਬੁੱਤ-ਪੂਜਾ, ਤੀਰਥ ਯਾਤਰਾ ਜਾਂ ਬਗੁਲ ਸਮਾਧੀਆਂ ਨਾਲ ਅਕਾਲ-ਪੁਰਖ ਦੀ ਭਗਤੀ ਤੇ ਪ੍ਰਾਪਤੀ ਨਹੀਂ ਹੋ ਸਕਦੀ। ਕਹਿਣ ਤੋਂ ਭਾਵ ਗੁਰੂ ਜੀ ਨੇ ਪ੍ਰਚਲਿਤ ਅਖੌਤੀ ਧਾਰਮਿਕ ਵਿਸ਼ਵਾਸਾਂ ਦਾ ਖੰਡਨ ਬੇਖ਼ੌਫ਼ ਹੋ ਕੇ ਕੀਤਾ ਅਤੇ ਲੋਕਾਂ ਨੂੰ 'ਸੱਚ' ਮਾਰਗ ਦੇ ਧਾਰਨੀ ਹੋਣ ਲਈ ਪ੍ਰੇਰਿਆ :-

ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ
ਬੈਠਿ ਰਹਿਓ ਬਕ ਧਿਆਨ ਲਗਾਇਓ॥
ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨਿ
ਲੋਕ ਗਯੋ ਪਰਲੋਕ ਗਵਾਇਓ॥
ਬਾਸ ਕੀਓ ਬਿਖਿਆਨ ਸੋ ਬੈਠ ਕੈ
ਐਸੇ ਹੀ ਐਸੇ ਸੁ ਬੈਸ ਬਿਤਾਇਓ॥
ਸਾਚੁ ਕਹੋਂ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥9॥29॥

ਅਜੋਕੀ ਦੁਨੀਆ ਮਨੁੱਖੀ ਅਧਿਕਾਰਾਂ ਅਤੇ ਮਨੁੱਖੀ ਸਤਿਕਾਰ ਦੀ ਬਹਾਲੀ ਲਈ ਤਰਲੇ ਲੈ ਰਹੀ ਹੈ। ਪਰ ਧੰਨ ਹਨ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਨੇ ਅੱਜ ਤੋਂ ਸਦੀਆਂ ਪਹਿਲਾਂ ਇਹ ਐਲਾਨ ਕਰ ਦਿੱਤਾ ਕਿ ਸਮੁੱਚੀ ਮਨੁੱਖਤਾ ਵਿਚ ਇਕ ਅਕਾਲ ਪੁਰਖ ਦੀ ਜੋਤ ਕੰਮ ਕਰ ਰਹੀ ਹੈ, ਸਾਰੇ ਇਕੋ ਮਿੱਟੀ ਦੇ ਬਣੇ ਹੋਏ ਹਨ, ਇਸ ਲਈ ਹਿੰਦੂ, ਮੁਸਲਮਾਨ, ਜੋਗੀ ਆਦਿ ਫਿਰਕੂ ਵੰਡੀਆਂ ਦੇ ਆਧਾਰ 'ਤੇ ਮਨੁੱਖਤਾ ਨੂੰ ਵੰਡਣਾ ਜਾਇਜ਼ ਨਹੀਂ। ਇਸ ਲਈ ਮਾਨਵਤਾ ਨੂੰ ਇਕ ਇਕਾਈ ਮੰਨਦਿਆਂ ਹੋਇਆਂ ਸਭ ਨੂੰ ਉਸੇ ਦਾ ਸਰੂਪ ਸਮਝਣਾ ਚਾਹੀਦਾ ਹੈ :-



ਕੋਊ ਭਇਓ ਮੁੰਡੀਆਮਣ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥15॥85॥

ਸਭ ਤੋਂ ਇਨਕਲਾਬੀ ਗੱਲ ਗੁਰੂ ਸਾਹਿਬ ਨੇ ਇਹ ਕੀਤੀ ਕਿ ਉਨ੍ਹਾਂ ਦੱਬੇ-ਕੁਚਲੇ, ਲਿਤਾੜੇ ਹੋਏ ਲੋਕਾਂ, ਗ਼ਰੀਬ ਕਿਰਤੀਆਂ ਤੇ ਨਿਤਾਣਿਆਂ ਨੂੰ ਗਲ ਨਾਲ ਲਾਇਆ। ਸਦੀਆਂ ਤੋਂ ਗ਼ੁਲਾਮੀ ਅਤੇ ਜਹਾਲਤ ਦੀ ਜ਼ਿੰਦਗੀ ਜੀਅ ਰਹੇ ਲੋਕਾਂ ਵਿਚ ਅਣਖ ਅਤੇ ਸਵੈਮਾਣ ਦੀ ਭਾਵਨਾ ਨੂੰ ਜਗਾ ਦਿੱਤਾ। ਇਹੀ ਲੋਕ ਗੁਰੂ-ਕਿਰਪਾ ਦੇ ਪਾਤਰ ਬਣ ਕੇ ਖ਼ਾਲਸਾ ਸਜੇ ਅਤੇ ਗੁਰੂ-ਨਜ਼ਰਾਂ ਵਿਚ ਪ੍ਰਵਾਨ ਚੜ੍ਹੇ। ਗੁਰੂ ਜੀ ਇਨ੍ਹਾਂ ਦੇ ਕਿਰਦਾਰ, ਵਿਹਾਰ ਤੇ ਅਚਾਰ 'ਤੇ ਤਸੱਲੀ ਪ੍ਰਗਟ ਕਰਦੇ ਰਹਿੰਦੇ ਹਨ :-

ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ
ਨਹੀ ਮੋ ਸੋ ਗਰੀਬ ਕਰੋਰ ਪਰੇ॥ (ਦਸਮ ਗ੍ਰੰਥ, ਪੰਨਾ 716)

ਦੁਨੀਆ ਦੇ ਇਤਿਹਾਸ ਵਿਚ ਇਹ ਇਕ ਵੱਡਾ ਇਨਕਲਾਬ ਮੰਨਿਆ ਜਾਵੇਗਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੈਰੋਕਾਰਾਂ ਨੂੰ ਆਪਣੇ ਬਰਾਬਰ ਗੁਰੂ ਦਾ ਦਰਜਾ ਦਿੱਤਾ। ਦੁਨੀਆ ਦੇ ਕਿਸੇ ਵੀ ਧਾਰਮਿਕ ਰਹਿਬਰ ਨੇ ਆਪਣੇ ਪੈਰੋਕਾਰਾਂ ਨੂੰ ਬਰਾਬਰੀ ਦਾ ਰੁਤਬਾ ਨਹੀਂ ਦਿੱਤਾ। ਪਰ ਦਸਮ-ਪਿਤਾ ਧੰਨ ਹਨ ਜਿਨ੍ਹਾਂ 'ਖ਼ਾਲਸੇ' ਨੂੰ ਆਪਣਾ ਖ਼ਾਸ ਰੂਪ ਦੱਸ ਕੇ ਬਰਾਬਰਤਾ ਹੀ ਨਹੀਂ ਦਿੱਤੀ ਬਲਕਿ ਆਪਣਾ ਗੁਰੂ ਵੀ ਸਵੀਕਾਰ ਕੀਤਾ। ਇਹ ਇਕ ਇਤਿਹਾਸਕ ਸੱਚਾਈ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪ੍ਰਗਟ ਕਰ ਕੇ ਗੁਰ ਦੀਖਿਆ ਦਾ ਅਧਿਕਾਰ ਵੀ 'ਗੁਰੂ-ਪੰਥ' ਨੂੰ ਸੌਂਪ ਦਿੱਤਾ। ਆਪ ਖ਼ਾਲਸੇ ਨੂੰ ਆਪਣਾ ਰੂਪ ਅਤੇ 'ਗੁਰੂ' ਸਵੀਕਾਰ ਕਰਦੇ ਹੋਏ ਫ਼ੁਰਮਾਉਂਦੇ ਹਨ :-

ਖ਼ਾਲਸਾ ਮੇਰੋ ਰੂਪ ਹੈ ਖਾਸ।
ਖ਼ਾਲਸੇ ਮੈ ਹਉ ਕਰਉ ਨਿਵਾਸ।
ਖ਼ਾਲਸਾ ਮੇਰੋ ਸਤਿਗੁਰ ਪੂਰਾ।
ਖ਼ਾਲਸਾ ਮੇਰੋ ਸਜਣ ਸੂਰਾ।

ਦੁਨੀਆ ਦੇ ਹੋਰਨਾਂ ਧਾਰਮਿਕ ਰਹਿਬਰਾਂ ਦੀ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਆਪ ਨੂੰ ਪਰਮਾਤਮਾ ਨਹੀਂ ਅਖਵਾਇਆ, ਆਪਣਾ ਨਾਮ ਨਹੀਂ ਜਪਾਇਆ ਅਤੇ ਨਾ ਹੀ ਆਪਣੇ ਨਾਮ ਦਾ ਧਰਮ ਚਲਾਇਆ। ਆਪਣੇ ਆਪ ਨੂੰ ਅਕਾਲ ਪੁਰਖ, ਵਾਹਿਗੁਰੂ ਦਾ ਦਾਸ, ਸੇਵਕ ਦੱਸਦਿਆਂ, ਉਨ੍ਹਾਂ ਬੜੀ ਸਖ਼ਤ ਹਦਾਇਤ ਕੀਤੀ ਕਿ ਮੈਨੂੰ ਪਰਮਾਤਮਾ ਨਹੀਂ ਸਮਝਣਾ :-

ਜੋ ਹਮ ਕੋ ਪਰਮੇਸਰ ਉਚਰਿਹੈਂ॥
ਤੇ ਸਭ ਨਰਕ ਕੁੰਡ ਮਹਿ ਪਰਿਹੈਂ॥
ਮੋ ਕੌ ਦਾਸ ਤਵਨ ਕਾ ਜਾਨੋ॥
ਯਾ ਮੈ ਭੇਦ ਨ ਰੰਚ ਪਛਾਨੋ॥32॥
(ਬਚਿਤ੍ਰ ਨਾਟਕ)

ਗੁਰੂ ਜੀ ਨੇ ਤਖ਼ਤ, ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੀ ਧਰਤ ਸੁਹਾਵੀ 'ਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ-ਪਿਤਾ, ਗੁਰੂ ਤੇਗ ਬਹਾਦਰ ਦੀ ਬਾਣੀ ਅੰਕਤ ਕਰ ਸੰਪੂਰਨਤਾ ਬਖ਼ਸ਼ੀ। ਤਖ਼ਤ ਸੱਚ-ਖੰਡ ਸ੍ਰੀ ਹਜ਼ੂਰ ਅਬਚਲ ਨਗਰ 'ਚ ਸੰਸਾਰਿਕ ਯਾਤਰਾ ਸੰਪੂਰਨ ਕਰਨ ਤੋਂ ਪਹਿਲਾਂ ਸ਼ਬਦ ਗੁਰੂ, ਗੁਰੂ-ਗ੍ਰੰਥ ਸਾਹਿਬ ਨੂੰ ਹਮੇਸ਼ਾ ਵਾਸਤੇ ਗੁਰਤਾ ਗੱਦੀ 'ਤੇ ਬਿਰਾਜਮਾਨ ਕਰ, ਵਿਅਕਤੀ ਗੁਰੂ ਦੀ ਪਰੰਪਰਾ ਨੂੰ ਸਦਾ ਲਈ ਸਮਾਪਤ ਕਰ, ਗੁਰਸਿੱਖਾਂ ਸੇਵਕਾਂ ਨੂੰ ਹੁਕਮ ਕੀਤਾ :-

ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ।
ਸਬ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।

ਲੜੀਆਂ 14 ਜੰਗਾਂ

ਗੁਰੂ ਜੀ ਨੇ ਕੇਵਲ 42 ਸਾਲ ਦੀ ਉਮਰ 'ਚ ਹਕੂਮਤੀ ਜਬਰ-ਜ਼ੁਲਮ ਦੇ ਨਾਲ 14 ਜੰਗਾਂ ਲੜੀਆਂ ਪਰ ਇੰਚ ਭਰ ਵੀ ਜ਼ਮੀਨ 'ਤੇ ਕਬਜ਼ਾ ਨਹੀਂ ਕੀਤਾ। ਇਨ੍ਹਾਂ ਜੰਗਾਂ ਦੌਰਾਨ ਹੀ ਵੱਡੇ ਸਾਹਿਬਜ਼ਾਦੇ, ਛੋਟੇ ਸਾਹਿਬਜ਼ਾਦੇ, ਮਾਤਾ ਗੁਜਰੀ ਜੀ, ਗੁਰੂ-ਪਿਆਰੇ ਗੁਰਸਿੱਖ ਸ਼ਹੀਦ ਹੋਏ। ਉਨ੍ਹਾਂ ਨੇ ਚਮਕੌਰ ਦੀ ਜੰਗ ਉਪਰੰਤ ਨੰਗੇ ਪੈਰੀਂ ਮਾਛੀਵਾੜੇ ਦੇ ਜੰਗਲਾਂ 'ਚ ਅਕਾਲ-ਪੁਰਖ ਰੂਪੀ ਮਿੱਤਰ-ਪਿਆਰੇ ਨੂੰ ਹਾਲ ਮੁਰੀਦਾਂ ਦਾ ਸੁਣਾਇਆ। ਉਨ੍ਹਾਂ ਦੀਨੇ ਕਾਂਗੜ ਦੀ ਧਰਤੀ ਤੋਂ ਔਰੰਗਜ਼ੇਬ ਨੂੰ ਕੀਤੇ ਜਾ ਰਹੇ ਜ਼ੁਲਮਾਂ ਬਾਰੇ ਵੰਗਾਰਦਿਆਂ ਜ਼ਫ਼ਰਨਾਮਾ ਲਿਖ ਕੇ ਸਮੇਂ ਦੇ ਸੱਚ ਤੋਂ ਜਾਣੂੰ ਕਰਵਾਇਆ।

ਸੰਖੇਪ ਵਿਚ ਜੇਕਰ ਦੇਖਿਆ ਜਾਵੇ ਤਾਂ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਸਮੁੱਚਾ ਜੀਵਨ ਸੰਘਰਸ਼ਮਈ, ਚੜ੍ਹਦੀ ਕਲਾ ਵਾਲਾ, ਇਨਕਲਾਬੀ, ਇਤਿਹਾਸਕ ਕੀਰਤੀਮਾਨ ਸਥਾਪਤ ਕਰਦਿਆਂ ਬਸਰ ਕੀਤਾ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਸੰਸਾਰ ਦੇ ਇਤਿਹਾਸ ਵਿਚ ਇਕ ਇਨਕਲਾਬੀ ਰਹਿਬਰ ਹੋਏ ਹਨ, ਜਿਨ੍ਹਾਂ ਨੇ ਲੋਕਾਂ ਦੀ ਜ਼ਿੰਦਗੀ ਵਿਚ ਇਨਕਲਾਬੀ ਤੇ ਇਤਿਹਾਸਕ ਤਬਦੀਲੀ ਲਿਆਂਦੀ। ਅਜੋਕੇ ਦੇਹਧਾਰੀ ਗੁਰੂਆਂ, ਅਖੌਤੀ ਸਾਧਾਂ-ਸੰਤਾਂ ਅਤੇ ਮਹਾਤਮਾਵਾਂ ਨੂੰ ਦਸਮੇਸ਼ ਪਿਤਾ ਜੀ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਭੇਖ ਤੇ ਅਡੰਬਰ, ਵਿਖਾਵੇ ਦਾ ਤਿਆਗ ਕਰਨਾ ਚਾਹੀਦਾ ਹੈ ਅਤੇ ਲੋਕਾਂ ਨੂੰ ਅੰਧ-ਵਿਸ਼ਵਾਸਾਂ, ਵਹਿਮਾਂ-ਭਰਮਾਂ, ਕਰਮਕਾਡਾਂ ਦੇ ਅੰਧਕਾਰ ਵਿਚ ਪਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਗੁਰਦੇਵ ਪਿਤਾ ਵੱਲੋਂ ਦਿੱਤੇ ਨਾਹਰੇ, 'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ' ਦੇ ਧਾਰਨੀ ਬਣ, ਭਰਮ-ਭੇਖ ਤੋਂ ਸੁਤੰਤਰ ਹੋ, ਗੁਰੂ ਦੇ ਸਪੁੱਤਰ ਹੋਣ ਵਿਚ ਮਾਣ ਤੇ ਸਤਿਕਾਰ ਮਹਿਸੂਸ ਕਰਨਾ ਚਾਹੀਦਾ ਹੈ।



# ਇਤਿਹਾਸ ਦੀ ਨੁਹਾਰ ਬਦਲਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ



ਡਾ. ਜਸਪਾਲ ਸਿੰਘ
ਦਿੱਲੀ



ਦੁਨੀਆ ਦੇ ਇਤਿਹਾਸ ਵਿਚ ਇਕ ਅਦੁੱਤੀ ਧਰਮ-ਗੁਰੂ ਅਤੇ ਮਹਾਨ ਕ੍ਰਾਂਤੀਕਾਰੀ ਮੁਹਿੰਮਕਾਰ ਦੇ ਰੂਪ ਵਿਚ 'ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ' ਦੀ ਭੂਮਿਕਾ ਬੇਮਿਸਾਲ ਹੈ। ਉਨ੍ਹਾਂ ਦੀ ਰੂਹਾਨੀਅਤ ਅਤੇ ਪੈਗੰਬਰੀ ਦਾ ਘੇਰਾ ਬਹੁਤ ਵੱਡਾ ਹੈ। ਉਨ੍ਹਾਂ ਦੀ ਅਗਵਾਈ ਸਾਰੀ ਮਨੁੱਖਤਾ ਲਈ ਸਾਂਝੀ ਹੈ। ਮਨੁੱਖ-ਮਨੁੱਖ ਵਿਚਕਾਰ ਕਿਸੇ ਕਿਸਮ ਦਾ ਕੋਈ ਵਿਤਕਰਾ ਉਨ੍ਹਾਂ ਨੂੰ ਮਨਜ਼ੂਰ ਨਹੀਂ। ਇਤਿਹਾਸ ਗਵਾਹ ਹੈ ਕਿ ਆਪਣੀ ਕਥਨੀ ਤੇ ਕਰਨੀ ਨਾਲ ਉਨ੍ਹਾਂ ਨੇ ਇਤਿਹਾਸ ਦਾ ਰੁਖ਼ ਮੋੜ ਦਿੱਤਾ ਸੀ, ਭਵਿੱਖ ਦੀ ਨੁਹਾਰ ਬਦਲ ਦਿੱਤੀ ਸੀ।

ਹਕੀਮ ਅੱਲਾ ਯਾਰ ਖ਼ਾਂ ਜੋਗੀ ਨੇ ਆਪਣੀ ਰਚਨਾ 'ਗੰਜਿ-ਸ਼ਹੀਦਾਂ' ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੀ ਸ਼ਖ਼ਸੀਅਤ ਦਾ ਬਿਆਨ ਬੜੇ ਖ਼ੂਬਸੂਰਤ ਸ਼ਬਦਾਂ ਵਿਚ ਕੀਤਾ ਹੈ। ਉਸ ਦਾ ਕਹਿਣਾ ਹੈ :-

'ਇਨਸਾਫ਼ ਕਰੇ ਜੀ ਮੇਂ ਜ਼ਮਾਨਾ ਤੋਂ ਯਕੀਂ ਹੈ।
ਕਹਿ ਦੇ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ।
ਯਹ ਪਿਆਰ ਮੁਰੀਦੋਂ ਸੇ ਯੇਹ ਸ਼ਫ਼ਕਤ ਭੀ ਕਹੀਂ ਹੈ।
ਭਗਤੀ ਮੇਂ ਗੁਰੂ ਅਰਸ਼ ਹੈ ਸੰਸਾਰ ਮੇਂ ਜ਼ਿਮੀਂ ਹੈ।
ਉਲਫ਼ਤ ਕੇ ਯੇ ਜਜ਼ਬੇ ਨਹੀਂ ਦੇਖੇ ਕਹੀਂ ਹਮਨੇਂ।
ਹੈ ਦੇਖਨਾ ਏਕ ਬਾਤ, ਸੁਨੇ ਭੀ ਨਹੀਂ ਹਮਨੇਂ।'

ਆਪਣੀ ਆਤਮ ਕਥਾ ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ-ਉਦੇਸ਼ ਨੂੰ ਸਪੱਸ਼ਟ ਕਰਦਿਆਂ ਕਿਹਾ ਹੈ ਕਿ ਮੈਨੂੰ ਪਰਮ-ਪੁਰਖ ਪ੍ਰਮਾਤਮਾ ਨੇ ਸੰਸਾਰ 'ਤੇ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਭੇਜਿਆ ਹੈ ਅਤੇ ਨਾਲ ਹੀ ਇਹ ਜ਼ਿੰਮੇਵਾਰੀ ਵੀ ਦਿੱਤੀ ਹੈ ਕਿ ਜਿਥੇ ਕਿਤੇ ਲੋੜ ਪਵੇ, ਧਰਮ ਦੇ ਪ੍ਰਸਾਰ ਵਿਚ ਰੁਕਾਵਟ ਬਣਨ ਵਾਲੇ ਦੋਖੀਆਂ ਤੇ ਦੁਸ਼ਟਾਂ ਨੂੰ ਸਜ਼ਾ ਵੀ ਦੇਵਾਂ :-

ਹਮ ਇਹ ਕਾਜ ਜਗਤ ਮੋ ਆਏ॥
ਧਰਮ ਹੇਤ ਗੁਰਦੇਵਿ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ॥
ਦੁਸਟ ਦੋਖੀਅਨਿ ਪਕਰਿ ਪਛਾਰੋ॥
ਯਾਹੀ ਕਾਜ ਧਰਾ ਹਮ ਜਨਮੰ॥
ਸਮਝ ਲੇਹੁ ਸਾਧੂ ਸਭ ਮਨ ਮੰ॥
ਧਰਮ ਚਲਾਵਨ ਸੰਤ ਉਬਾਰਨ॥
ਦੁਸਟ ਸਭਨ ਕੋ ਮੂਲ ਉਪਾਰਨ॥ (ਬਚਿਤਰ ਨਾਟਕ)

ਰਤਾ ਗਹਿਰਾਈ ਨਾਲ ਵਿਚਾਰੀਏ ਤਾਂ ਸਪੱਸ਼ਟ ਹੋਵੇਗਾ ਕਿ ਗੁਰੂ ਸਾਹਿਬ ਦੇ ਧਰਮ ਦੇ ਪ੍ਰਚਾਰ-ਪ੍ਰਸਾਰ ਤੇ ਦੁਸ਼ਟਾਂ ਦੇ ਨਾਸ਼ ਦੀ ਵਿਆਪਕ ਯੋਜਨਾ, ਇਕ ਵੱਡੇ ਬਦਲਾਅ ਦੇ ਅੰਦੋਲਨ ਨੂੰ ਸਮਰਪਿਤ ਸੀ। ਇਤਿਹਾਸ ਗਵਾਹ ਹੈ ਕਿ ਗੁਰੂ ਸਾਹਿਬ ਦੀ ਜਿਸ ਗੱਲ ਨੇ ਆਮ ਜਨਤਾ ਨੂੰ ਸਭ ਤੋਂ ਵੱਧ ਅਸਰਅੰਦਾਜ਼ ਕੀਤਾ-ਉਹ ਸੀ ਉਨ੍ਹਾਂ ਦੀ ਸਮਾਜਿਕ ਬਦਲਾਅ ਪ੍ਰਤੀ ਪ੍ਰਤੀਬੱਧਤਾ। ਉਨ੍ਹਾਂ ਦੇ ਹਰ ਵਿਹਾਰ ਵਿਚੋਂ ਇਹ ਪ੍ਰਤੀਬੱਧਤਾ ਪਰਿਪੱਕ ਹੋ ਰਹੀ ਪ੍ਰਤੀਤ ਹੁੰਦੀ ਹੈ।

ਦਰਅਸਲ, ਦਸਮ ਪਿਤਾ ਸਮਾਜ ਦੇ ਪਛੜੇ ਤੇ ਸ਼ੋਸ਼ਿਤ ਵਰਗ ਨੂੰ ਸੰਗਠਿਤ ਕਰ ਕੇ ਰਾਜ ਤੇ ਜੋਗ ਦੋਹਾਂ ਖੇਤਰਾਂ ਵਿਚ ਵਿਸ਼ੇਸ਼ ਰਚਨਾਤਮਿਕ ਭੂਮਿਕਾ ਨਿਭਾਉਣ ਲਈ ਕਾਰਜਸ਼ੀਲ ਕਰਨਾ ਚਾਹੁੰਦੇ ਸਨ। ਉਹ ਚਾਹੁੰਦੇ ਸਨ ਕਿ ਬ੍ਰਾਹਮਣੀ ਵਰਣ ਵਿਵਸਥਾ ਵਾਲੇ ਸਮਾਜ ਦੇ ਵੱਡੇ ਹਿੱਸੇ, ਜਿਹੜਾ ਇਕ ਪਾਸੇ ਸੱਤਾ ਦੇ ਖੇਤਰ ਵਿਚ ਅਪ੍ਰਸੰਗਿਕ ਹੈ ਅਤੇ ਵਿਤਕਰੇ ਤੇ ਜ਼ੁਲਮ ਦਾ ਸ਼ਿਕਾਰ ਹੈ, ਨੂੰ ਨਿੱਗਰ ਹਿੱਸੇਦਾਰੀ ਪ੍ਰਾਪਤ ਹੋਵੇ। ਕੋਈ ਸੰਸਾ ਨਹੀਂ ਕਿ ਪਰਜਾ ਨੂੰ ਹਾਕਮ ਦਾ ਦਰਜਾ ਦਿਵਾਉਣਾ ਉਨ੍ਹਾਂ ਦਾ ਉਦੇਸ਼ ਸੀ। ਐਸਾ ਇਸ ਲਈ ਕਿਉਂਕਿ ਪਰਜਾ ਨੂੰ ਹਾਕਮ ਦੇ ਰੂਪ ਵਿਚ ਸਥਾਪਿਤ ਕਰਨ ਨਾਲ ਸਮਾਜ ਦਾ ਪਛੜਿਆ ਤੇ ਸ਼ੋਸ਼ਿਤ ਵਰਗ ਰਾਜ ਸੱਤਾ ਦਾ ਭਾਗੀਦਾਰ ਬਣ ਜਾਵੇਗਾ ਅਤੇ ਦੂਜੇ ਪਾਸੇ ਰਾਜ ਸੱਤਾ ਕਿਸੇ ਵਿਸ਼ੇਸ਼ ਵਰਗ ਦੇ ਹੱਥਾਂ ਵਿਚ ਕੇਂਦਰਿਤ ਨਹੀਂ ਹੋ ਸਕੇਗੀ। ਇਤਿਹਾਸ ਦੇ ਪੰਨਿਆਂ ਵਿਚੋਂ ਸਾਨੂੰ ਇਸ ਹਕੀਕਤ ਦਾ ਚਾਨਣਾ ਹੁੰਦਾ ਹੈ ਕਿ ਜਦੋਂ ਪਹਾੜੀ ਰਾਜਿਆਂ ਨੇ ਆਪਣੀ ਕੁਲ ਤੇ ਜਾਤ ਦੇ ਅਭਿਮਾਨ ਦਾ ਪ੍ਰਗਟਾਵਾ ਕਰਦਿਆਂ ਗੁਰੂ ਜੀ ਦੀ ਸਮਾਜਿਕ ਪਰਿਵਰਤਨ ਦੀ ਮੁਹਿੰਮ ਵਿਚ ਸ਼ਾਮਿਲ ਹੋਣ ਤੋਂ ਨਾਂਹ ਕਰ ਦਿੱਤੀ ਅਤੇ ਆਪਣੀ ਨਾਂਹ ਦਾ ਕਾਰਨ ਇਹ ਦੱਸਿਆ ਕਿ ਗੁਰੂ ਸਾਹਿਬ ਚਾਰੇ ਵਰਣਾਂ ਨੂੰ ਇਕ ਮੰਨਦੇ ਹਨ ਅਤੇ ਜਾਤ ਭੇਦ ਵਿਚ ਵਿਸ਼ਵਾਸ ਨਹੀਂ ਰੱਖਦੇ, ਤਾਂ ਬੇਕਸਾਂ-ਰਾ ਯਾਰ ਗੁਰੂ ਗੋਬਿੰਦ ਸਿੰਘ ਨੇ ਪਹਾੜੀ ਰਾਜਿਆਂ ਨੂੰ ਚਿਤਾਵਨੀ ਦੀ ਸੁਰ ਵਿਚ ਵੰਗਾਰ ਕੇ ਕਿਹਾ ਸੀ ਕਿ ਜਿਨ੍ਹਾਂ ਨੂੰ ਤੁਸੀਂ ਸ਼ੂਦਰ ਕਹਿੰਦੇ ਹੋ ਇਕ ਦਿਨ ਉਹ ਹਾਕਮ ਹੋਣਗੇ ਅਤੇ ਤੁਸੀਂ ਉਨ੍ਹਾਂ ਦੀ ਪਰਜਾ ਬਣ ਕੇ ਰਹੋਗੇ। ਪੰਥ ਪ੍ਰਕਾਸ਼ ਦੀਆਂ ਇਹ ਸਤਰਾਂ ਵੇਖਣ ਵਾਲੀਆਂ ਹਨ :-

ਪਰਜਾ ਤੇ ਹਾਕਮ ਕਰ ਦੀਨੇ ਹਿੰਦੂ ਤੁਰਕ ਤੇ ਨਿਆਰੇ।
ਜਮਨਾ ਤੇ ਕਾਬਲ ਲੋ ਇਨ ਕਾ ਰਾਜ ਹੋਇ ਹੈ ਸਾਰੇ।
ਤੁਮ ਭੀ ਇਨ ਕੀ ਪਰਜਾ ਥੈਹੋ ਸੂਦ੍ਰ ਜਿਨੈ ਬਤੈ ਹੋ।
ਦੀਨ ਬੰਧ ਮੈ ਤਬੈ ਸਦੈਹੋਂ ਦੀਨਨ ਰਾਜ ਭੁਗੈ ਹੋ।

ਕੁਇਰ ਸਿੰਘ ਦੇ 'ਗੁਰ-ਬਿਲਾਸ' ਨੇ ਵੀ ਦਸਮ ਪਿਤਾ ਦੀ ਉਸ ਮਨੋਸਥਿਤੀ ਦਾ ਜ਼ਿਕਰ ਕੀਤਾ ਹੈ, ਜਿਹੜੀ ਗੁਰੂ ਸਾਹਿਬ ਦੇ ਇਸ ਦ੍ਰਿੜ੍ਹ ਸੰਕਲਪ ਦੇ ਪਿਛੋਕੜ ਵਿਚ ਕਾਰਜਸ਼ੀਲ ਸੀ। ਚਿੜੀਆਂ ਕੋਲੋਂ ਬਾਜ ਤੁੜਵਾਉਣ, ਸਹੇ ਨੂੰ ਸ਼ੇਰ ਬਣਾਉਣ ਦਾ ਗੁਰੂ-ਸੰਕਲਪ ਨਿਸਚਿਤ ਰੂਪ ਵਿਚ ਵਿਤਕਰਿਆਂ ਅਤੇ ਸ਼ੋਸ਼ਣ ਦੀ ਸ਼ਿਕਾਰ ਆਮ ਜਨਤਾ ਨੂੰ ਸਮਾਜ ਵਿਚ ਉੱਚੇ ਦਰਜੇ 'ਤੇ ਪਹੁੰਚਾਉਣ ਅਤੇ ਸੱਤਾ ਵਿਚ ਭਾਈਵਾਲੀ ਦਿਵਾਉਣ ਦਾ ਸੰਕਲਪ ਹੈ :-

ਮੈਂ ਅਸਪਾਨਿਜ ਤਬ ਲਖੋ ਕਰੋ ਐਸ ਯੋ ਕਾਮ॥
ਚਿੜੀਅਨ ਬਾਜ ਤੁਰਾਯ ਹੋ ਸਸੇ ਕਰੋ ਸਿੰਘ ਸਾਮ॥
ਬਾਜ ਚਿੜੀ ਕਹੁ ਮਾਰ ਹੈ ਏ ਪ੍ਰਭੂਤਾ ਕਛੁ ਨਾਹ॥
ਤਾਤੇ ਕਾਜ ਕੀਓ ਇਹੈ ਬਾਜ ਹਨੈ ਚਿੜੀਆਹ॥

ਗੁਰੂ ਪਾਤਸ਼ਾਹ ਦੀ ਇਹ ਨਿਸਚਿਤ ਯੋਜਨਾ ਸੀ ਕਿ ਉਹ ਵਿਤਕਰਿਆਂ ਦੇ ਸ਼ਿਕਾਰ ਭਾਰਤੀ ਸਮਾਜ ਦੀਆਂ ਵੱਖ-ਵੱਖ ਜਾਤਾਂ ਤੇ ਫ਼ਿਰਕਿਆਂ ਨੂੰ ਏਕਤਾ ਦੇ ਸੂਤਰ ਵਿਚ ਪਰੋ ਕੇ ਅਰਥਪੂਰਨ ਜੀਵਨ ਜਿਊਣ ਦੀ ਜਾਚ ਸਿਖਾਉਣਗੇ ਅਤੇ ਫਿਰ ਰਾਜ ਸੱਤਾ ਵਿਚ ਆਪਣੀ ਭਾਗੀਦਾਰੀ ਪ੍ਰਾਪਤ ਕਰਨ ਲਈ ਤਿਆਰ-ਬਰ-ਤਿਆਰ ਕਰਨਗੇ। ਇਸ ਹਕੀਕਤ ਨੂੰ ਵੀ ਚੇਤੇ ਰੱਖਣਾ ਚਾਹੀਦਾ ਹੈ ਕਿ ਸਮੁੱਚੀ ਗੁਰੂ ਪਰੰਪਰਾ ਧਰਮ, ਵਿਸ਼ਵਾਸ ਅਤੇ ਵਿਚਾਰਾਂ ਦੀ ਅਭਿਵਿਅਕਤੀ ਦੀ ਸੁਤੰਤਰਤਾ ਦੀ ਭਰਪੂਰ ਮੁਦੱਈ ਰਹੀ ਹੈ। ਪਿਤਾ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਤਾਂ ਮਨੁੱਖੀ ਏਕਤਾ ਅਤੇ ਵਿਚਾਰਾਂ ਦੀ ਸੁਤੰਤਰਤਾ ਦੀ ਰਾਖੀ ਲਈ ਆਪਣਾ ਸੀਸ ਬਲੀਦਾਨ ਕਰ ਦਿੱਤਾ ਸੀ ਅਤੇ ਉਸੇ ਪਰੰਪਰਾ ਨੂੰ ਅੱਗੇ ਤੋਰਦਿਆਂ ਦਸਮ ਪਿਤਾ ਨੇ ਵੀ ਹਰ ਪ੍ਰਕਾਰ ਦੇ ਵਿਤਕਰਿਆਂ ਤੋਂ ਮੁਕਤ ਸਮਾਜ ਦੀ ਉਸਾਰੀ ਲਈ ਆਪਣਾ ਸਰਬੰਸ ਕੁਰਬਾਨ ਕਰ ਦਿੱਤਾ।

ਇਤਿਹਾਸ ਗਵਾਹ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਾਜਿਕ ਪਰਿਵਰਤਨ ਦੇ ਇਨਕਲਾਬ ਨੇ ਸਮੁੱਚੀ ਸਮਾਜੀ ਵਿਵਸਥਾ ਦੀ ਨੁਹਾਰ ਨੂੰ ਬਦਲ ਦਿੱਤਾ ਸੀ। ਸਦੀਆਂ ਤੋਂ ਸ਼ੋਸ਼ਣ ਦਾ ਸ਼ਿਕਾਰ ਹੁੰਦਾ ਚਲਿਆ ਆ ਰਿਹਾ ਭਾਰਤੀ ਸਮਾਜ ਦਾ ਇਕ ਵੱਡਾ ਹਿੱਸਾ ਸਮਾਜੀ ਤੇ ਰਾਜਸੀ ਪੱਧਰ 'ਤੇ ਸੱਤਾ ਵਿਚ ਹਿੱਸੇਦਾਰੀ ਮੰਗਣ ਦੀ ਰਾਹ 'ਤੇ ਤੁਰ ਪਿਆ ਸੀ। ਇਕ ਨਵੀਂ ਜਾਗਰੂਕਤਾ ਪੈਦਾ ਹੋ ਗਈ ਸੀ, ਆਮ ਆਦਮੀ ਨੂੰ ਆਸ ਦੀ ਕਿਰਨ ਨਜ਼ਰ ਆਉਣੀ ਸ਼ੁਰੂ ਹੋ ਗਈ ਸੀ, ਸਦੀਆਂ ਤੋਂ ਵਿਤਕਰੇ ਦਾ ਨਿਜ਼ਾਮ ਚਲਾਉਣ ਵਾਲੇ ਆਗੂ-ਵਰਗ ਦੀ ਸੋਚ ਵਿਚ ਤਬਦੀਲੀ ਆਉਣ ਲੱਗ ਪਈ ਸੀ। ਸੱਚਮੁਚ ਇਹ ਪਰਿਵਰਤਨ ਹਰ ਲਿਹਾਜ਼ ਨਾਲ ਬਹੁਤ ਮਹੱਤਵਪੂਰਨ ਸੀ ਅਤੇ ਭਾਰਤੀ ਸਮਾਜ ਇਸ ਪਰਿਵਰਤਨ ਦੇ ਇਨਕਲਾਬ ਦੇ ਮੋਢੀ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹਮੇਸ਼ਾ ਰਿਣੀ ਰਹੇਗਾ। ਭਾਈ ਨੰਦ ਲਾਲ ਦੀਆਂ ਇਹ ਪੰਕਤੀਆਂ ਸਦੀਆਂ ਤੋਂ ਵਿਤਕਰੇ ਦੇ ਸ਼ਿਕਾਰ ਬੇਸਹਾਰਾ ਪਛੜੇ ਵਰਗ ਦੀ ਬਾਂਹ ਫੜਨ ਵਾਲੇ ਗੁਰੂ ਸਾਹਿਬ ਨੂੰ ਅਕੀਦਤ ਪੇਸ਼ ਕਰਨ ਲਈ ਬਹੁਤ ਢੁਕਵੀਆਂ ਹਨ :-

ਕਾਦਿਰੇ ਹਰਕਾਰ ਗੁਰੂ ਗੋਬਿੰਦ ਸਿੰਘ।
ਬੇਕਸਾਂ-ਰਾ ਯਾਰ ਗੁਰੂ ਗੋਬਿੰਦ ਸਿੰਘ।

ਇਥੇ ਇਕ ਹੋਰ ਜ਼ਰੂਰੀ ਨੁਕਤਾ ਗੁਰੂ ਸਾਹਿਬ ਦੀ ਸ਼ਾਹਕਾਰ ਰਚਨਾ 'ਜ਼ਫ਼ਰਨਾਮਹ' ਦੇ ਹਵਾਲੇ ਨਾਲ ਸਾਂਝਾ ਕਰਨਾ ਚਾਹੁੰਦਾ ਹਾਂ। ਇਸ ਰਚਨਾ ਵਿਚ ਵੇਲੇ ਦੇ ਹੁਕਮਰਾਨ ਦੀ ਨਿਰੰਕੁਸ਼ ਤੇ ਤਾਨਾਸ਼ਾਹੀ ਕਾਰਜਗੁਜ਼ਾਰੀ ਉੱਪਰ ਤਿੱਖਾ ਪ੍ਰਤੀਕਰਮ ਦਰਜ ਹੈ। ਸਖ਼ਤ ਸ਼ਬਦਾਂ ਵਿਚ ਤਾੜਨਾ ਕੀਤੀ ਗਈ ਹੈ ਕਿ ਰਾਜਸੀ ਸੱਤਾ ਹਾਸਲ ਕਰਨ ਲਈ ਅਤੇ ਉਸ ਉੱਪਰ ਕਾਬਜ਼ ਰਹਿਣ ਲਈ ਲੋਕਾਂ ਉੱਪਰ ਤਸ਼ੱਦਦ ਕਰਨਾ, ਇਨਸਾਫ਼ ਦਾ ਰਾਹ ਛੱਡ ਦੇਣਾ, ਰੱਬ ਦੀ ਦਰਗਾਹ ਵਿਚ ਇਕ ਸੰਗੀਨ ਗੁਨਾਹ ਹੈ। ਔਰੰਗਜ਼ੇਬ ਨੂੰ ਸੰਬੋਧਨ ਕਰਦਿਆਂ ਗੁਰੂ ਸਾਹਿਬ ਕਹਿੰਦੇ ਹਨ-ਨਾ ਤੇਰੇ ਪਾਸ ਇਮਾਨ ਹੈ, ਨਾ ਸ਼ਰ੍ਹਾ ਦੀ ਸੂਝ। ਨਾ ਤੇਰੇ ਪਾਸ ਰੱਬ ਦੀ ਪਛਾਣ ਹੈ, ਨਾ ਹੀ ਤੇਰਾ ਹਜ਼ਰਤ ਮੁਹੰਮਦ 'ਤੇ ਭਰੋਸਾ :

ਨਾ ਈਮਾਂ ਪ੍ਰਸਤੀ ਨ ਔਜਾ-ਇ ਦੀਂ॥
ਨ ਸਾਹਿਬ ਸ਼ਨਾਸੀ ਨ ਮੁਹੰਮਦ ਯਕੀਂ॥

ਸਮੁੱਚੇ ਸੰਦਰਭ ਵਿਚ ਪ੍ਰੋ: ਪੂਰਨ ਸਿੰਘ ਦੀ ਇਕ ਲਿਖਤ ਦੀਆਂ ਕੁਝ ਸਤਰਾਂ ਇਥੇ ਦਰਜ ਕਰਨਾ ਚਾਹੁੰਦਾ ਹਾਂ। ਉਨ੍ਹਾਂ ਦਾ ਕਥਨ ਹੈ-'ਗੁਰੂ ਦੇ ਸਿੱਖ ਘੋੜ ਸਵਾਰ ਬਣੇ। ਉਨ੍ਹਾਂ ਨੇ ਕਿਰਪਾਨਾਂ ਸਜਾਈਆਂ ਅਤੇ ਜੇਤੂ ਮਹਾਰਾਜਿਆਂ ਵਾਲੀਆਂ ਪੁਸ਼ਾਕਾਂ ਪਹਿਨੀਆਂ, ਪਰ ਅਜਿਹਾ ਉਹ 'ਵਾਹੁ! ਵਾਹੁ!' ਦੇ ਸਿਮਰਨ ਕਰਦੇ ਹੀ ਬਣੇ। ਗੁਰੂ ਜੀ ਦੀ ਨਾਮ ਬਾਣੀ ਵਿਚ ਪੁਨਰ ਜੀਵਤ ਹੋ ਕੇ ਵਿਅਕਤੀ ਆਤਮਿਕ ਅਨੁਭਵ ਦੀ ਸੁਤੰਤਰਤਾ ਵਿਚ ਅਨੰਤ ਹੋ ਗਿਆ। ਗੁਰੂ ਦਾ ਹਰ ਸਿੱਖ, ਸ਼ਕਤੀ, ਪ੍ਰੇਮ ਤੇ ਸੇਵਾ ਦੀ ਸਾਕਾਰ ਪ੍ਰਤਿਭਾ ਹੈ ਅਤੇ ਇਹ ਪ੍ਰਤਿਭਾ ਦੀ ਪ੍ਰਭੁਤਾ ਗੁਰੂ ਜੀ ਨੇ ਪੰਜਾਬ ਦੇ ਦੱਬੇ-ਢੱਠੇ ਲੋਕਾਂ, ਹਲ-ਵਾਹਕਾਂ, ਲੱਕੜ-ਹਾਰਿਆਂ, ਕਲਾਲਾਂ ਅਤੇ ਹੋਰ ਨੀਵੀਆਂ ਜਾਤੀਆਂ ਦੇ ਪ੍ਰਾਣੀਆਂ ਨੂੰ ਦਾਤਾਂ ਵਜੋਂ ਬਖ਼ਸ਼ੀ।'

ਆਖ਼ਰ ਵਿਚ, ਹਿੰਦੀ ਜਗਤ ਦੇ ਮੰਨੇ-ਪ੍ਰਮੰਨੇ ਸਾਹਿਤਕਾਰ ਹਜ਼ਾਰੀ ਪ੍ਰਸਾਦ ਦਿਵੇਦੀ ਦੇ ਇਸ ਮੱਤ ਨਾਲ ਆਪਣੀ ਗੱਲ ਸਮਾਪਤ ਕਰ ਰਿਹਾ ਹਾਂ ਕਿ ਜੋ ਕੁਝ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਰ ਵਿਖਾਇਆ, ਉਸ ਨੇ ਇਤਿਹਾਸ ਦੀ ਦਿਸ਼ਾ ਬਦਲ ਦਿੱਤੀ ਸੀ। ਉਨ੍ਹਾਂ ਦਾ ਕਹਿਣਾ ਹੈ-'ਇਤਿਹਾਸ ਦੇ ਪੰਡਿਤਾਂ ਨੇ ਬੜੇ ਅਸਚਰਜ ਨਾਲ ਦੇਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਅਦਭੁੱਤ ਚਮਤਕਾਰ ਕਰ ਦਿਖਾਇਆ। ਜਨਤਾ ਨਿਰਾਸ਼ ਸੀ, ਉਸ ਵਿਚ ਕਿਸੇ ਕਿਸਮ ਦਾ ਆਤਮ-ਸਨਮਾਨ ਨਹੀਂ ਰਹਿ ਗਿਆ ਸੀ। ਅੱਤਿਆਚਾਰ ਅਤੇ ਅਨਾਚਾਰ ਨੂੰ ਕਿਸਮਤ ਦਾ ਦੋਸ਼ ਕਹਿ ਕੇ ਸਵੀਕਾਰ ਕਰ ਲਿਆ ਜਾਂਦਾ ਸੀ। ਐਸੇ ਹੀ ਲੋਕਾਂ ਵਿਚ ਉਨ੍ਹਾਂ ਨੇ ਮਹਾਨ ਸੂਰਬੀਰ ਪੈਦਾ ਕਰ ਦਿੱਤੇ। ਮੌਤ ਦੇ ਡਰ ਨੂੰ ਮੰਨੋ, ਮੰਤਰ ਦੀ ਸ਼ਕਤੀ ਨਾਲ ਉਡਾ ਦਿੱਤਾ। ਸਿਰ ਹਥੇਲੀ ਉੱਤੇ ਰੱਖ ਕੇ ਇਨ੍ਹਾਂ ਯੋਧਿਆਂ ਨੇ ਅਨਿਆਂ ਨੂੰ ਲਲਕਾਰਿਆ ਅਤੇ ਦੇਖਦਿਆਂ-ਦੇਖਦਿਆਂ ਇਤਿਹਾਸ ਪਲਟ ਦਿੱਤਾ। ਇਤਿਹਾਸ ਵਿਚ ਇਹੋ ਜਿਹੀ ਕੋਈ ਹੋਰ ਘਟਨਾ ਘੱਟ ਹੀ ਵੇਖੀ ਗਈ ਹੈ। ਕਾਲ ਦੇ ਰੱਥ-ਚੱਕਰ ਨੂੰ ਇਸ ਤਰ੍ਹਾਂ ਮੋੜ ਦੇਣਾ, ਗੁਰੂ ਜੀ ਦੀ ਹੀ ਕਰਾਮਾਤ ਸੀ।'

**ਇਤਿਹਾਸ ਦੇ ਪੰਨਿਆਂ ਵਿਚੋਂ ਸਾਨੂੰ ਇਸ ਹਕੀਕਤ ਦਾ ਚਾਨਣਾ ਹੁੰਦਾ ਹੈ ਕਿ ਜਦੋਂ ਪਹਾੜੀ ਰਾਜਿਆਂ ਨੇ ਆਪਣੀ ਕੁਲ ਤੇ ਜਾਤ ਦੇ ਅਭਿਮਾਨ ਦਾ ਪ੍ਰਗਟਾਵਾ ਕਰਦਿਆਂ ਗੁਰੂ ਜੀ ਦੀ ਸਮਾਜਿਕ ਪਰਿਵਰਤਨ ਦੀ ਮੁਹਿੰਮ ਵਿਚ ਸ਼ਾਮਿਲ ਹੋਣ ਤੋਂ ਨਾਂਹ ਕਰ ਦਿੱਤੀ ਅਤੇ ਆਪਣੀ ਨਾਂਹ ਦਾ ਕਾਰਨ ਇਹ ਦੱਸਿਆ ਕਿ ਗੁਰੂ ਸਾਹਿਬ ਚਾਰੇ ਵਰਣਾਂ ਨੂੰ ਇਕ ਮੰਨਦੇ ਹਨ ਅਤੇ ਜਾਤ ਭੇਦ ਵਿਚ ਵਿਸ਼ਵਾਸ ਨਹੀਂ ਰੱਖਦੇ, ਤਾਂ ਬੇਕਸਾਂ-ਰਾ ਯਾਰ ਗੁਰੂ ਗੋਬਿੰਦ ਸਿੰਘ ਨੇ ਪਹਾੜੀ ਰਾਜਿਆਂ ਨੂੰ ਚਿਤਾਵਨੀ ਦੀ ਸੁਰ ਵਿਚ ਵੰਗਾਰ ਕੇ ਕਿਹਾ ਸੀ ਕਿ ਜਿਨ੍ਹਾਂ ਨੂੰ ਤੁਸੀਂ ਸ਼ੂਦਰ ਕਹਿੰਦੇ ਹੋ ਇਕ ਦਿਨ ਉਹ ਹਾਕਮ ਹੋਣਗੇ ਅਤੇ ਤੁਸੀਂ ਉਨ੍ਹਾਂ ਦੀ ਪਰਜਾ ਬਣ ਕੇ ਰਹੋਗੇ। ਪੰਥ ਪ੍ਰਕਾਸ਼ ਦੀਆਂ ਇਹ ਸਤਰਾਂ ਵੇਖਣ ਵਾਲੀਆਂ ਹਨ :-
ਪਰਜਾ ਤੇ ਹਾਕਮ ਕਰ ਦੀਨੇ ਹਿੰਦੂ ਤੁਰਕ ਤੇ ਨਿਆਰੇ।
ਜਮਨਾ ਤੇ ਕਾਬਲ ਲੋ ਇਨ ਕਾ ਰਾਜ ਹੋਇ ਹੈ ਸਾਰੇ।
ਤੁਮ ਭੀ ਇਨ ਕੀ ਪਰਜਾ ਥੈਹੋ ਸੂਦ੍ਰ ਜਿਨੈ ਬਤੈ ਹੋ।
ਦੀਨ ਬੰਧ ਮੈ ਤਬੈ ਸਦੈਹੋਂ ਦੀਨਨ ਰਾਜ ਭੁਗੈ ਹੋ।
ਕੁਇਰ ਸਿੰਘ ਦੇ 'ਗੁਰ-ਬਿਲਾਸ' ਨੇ ਵੀ ਦਸਮ ਪਿਤਾ ਦੀ ਉਸ ਮਨੋਸਥਿਤੀ ਦਾ ਜ਼ਿਕਰ ਕੀਤਾ ਹੈ, ਜਿਹੜੀ ਗੁਰੂ ਸਾਹਿਬ ਦੇ ਇਸ ਦ੍ਰਿੜ੍ਹ ਸੰਕਲਪ ਦੇ ਪਿਛੋਕੜ ਵਿਚ ਕਾਰਜਸ਼ੀਲ ਸੀ।**

# ਭਾਈ ਨੰਦ ਲਾਲ ਦੀ ਨਜ਼ਰ 'ਚ ਸਤਿਗੁਰੂ ਗੋਬਿੰਦ ਸਿੰਘ ਜੀ

ਦੀਦਾਰ ਸਿੰਘ

ਭਾਈ ਨੰਦ ਲਾਲ ਅਧਿਆਤਮਕ ਅਵਸਥਾ ਦੇ ਮਾਲਕ, ਰੂਹਾਨੀਅਤ ਦੇ ਮੁਜੱਸਮੇ ਅਤੇ ਉੱਚ ਕੋਟੀ ਦੇ ਵਿਦਵਾਨ ਸਨ। ਉਹ ਸੰਸਕ੍ਰਿਤ, ਅਰਬੀ, ਫਾਰਸੀ, ਪੰਜਾਬੀ ਅਤੇ ਬ੍ਰਿਜ ਭਾਸ਼ਾ ਦੇ ਮਹਾਨ ਗਿਆਨੀ ਸਨ। ਉਨ੍ਹਾਂ ਦੇ ਪਿਤਾ ਦੇ ਮੁਗ਼ਲ ਖਾਨਦਾਨ ਨਾਲ ਚੰਗੇ ਸਬੰਧ ਸਨ। ਇਸ ਕਰਕੇ ਉਨ੍ਹਾਂ ਦੇ ਵਿਦਵਤਾ ਭਰਪੂਰ ਹੋਣ ਕਰਕੇ ਉਨ੍ਹਾਂ ਨੂੰ ਔਰੰਗਜ਼ੇਬ ਦੇ ਪੁੱਤਰ ਬਹਾਦਰ ਸ਼ਾਹ ਦੇ ਅਧਿਆਪਕ ਵਜੋਂ ਨਿਯੁਕਤ ਕੀਤਾ ਗਿਆ। ਭਾਈ ਨੰਦ ਲਾਲ ਨੂੰ ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਕਵੀ ਹੋਣ ਦਾ ਮਾਣ ਪ੍ਰਾਪਤ ਹੈ। ਗੁਰੂ ਸਾਹਿਬ ਦੇ ਦਰਬਾਰ ਦੇ 52 ਕਵੀਆਂ 'ਚੋਂ ਸਿਰਫ ਭਾਈ ਨੰਦ ਲਾਲ ਹੀ ਐਸੇ ਕਵੀ ਹਨ, ਜਿਨ੍ਹਾਂ ਦੀਆਂ ਰਚਨਾਵਾਂ ਨੂੰ ਕੀਰਤਨ ਰੂਪ ਵਿੱਚ ਗਾਇਆ ਜਾਂਦਾ ਹੈ। ਭਾਈ ਨੰਦ ਲਾਲ ਦੀਆਂ ਰਚਨਾਵਾਂ ਵਿੱਚੋਂ ਗੁਰੂ ਗੋਬਿੰਦ ਸਿੰਘ ਦੀ ਬਹੁ-ਪੱਖੀ ਸ਼ਖ਼ਸੀਅਤ ਉੱਘੜ ਕੇ ਸਾਹਮਣੇ ਆਉਂਦੀ ਹੈ। ਗੁਰੂ ਗੋਬਿੰਦ ਸਿੰਘ ਨੀਤੀਵਾਨ ਆਗੂ, ਜਰਨੈਲ, ਤੇਗ ਦੇ ਧਨੀ, ਰਮਜ਼ੀ ਅਤੇ ਹੋਰ ਬੇਅੰਤ ਗੁਣਾਂ ਦੇ ਧਾਰਨੀ ਸਨ। ਭਾਈ ਨੰਦ ਲਾਲ ਦੀ ਫਾਰਸੀ ਰਚਨਾ 'ਗੰਜਨਾਮਾ' ਵਿੱਚ ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਦਸ ਗੁਰੂ ਸਾਹਿਬਾਨ ਦੀ ਉਸਤਤਿ ਵਾਰਤਕ ਅਤੇ ਕਾਵਿ ਵਿੱਚ ਅਥਾਹ ਸ਼ਰਧਾ ਅਤੇ ਪ੍ਰੇਮ ਨਾਲ ਕੀਤੀ ਗਈ ਹੈ। ਸਿੱਖ ਧਰਮ ਵਿੱਚ ਜੋਤਿ ਅਤੇ ਜੁਗਤ ਦਾ ਬੁਨਿਆਦੀ ਸਿਧਾਂਤ ਅਤਿ ਮਹੱਤਵਪੂਰਨ ਹੈ। ਭਾਈ ਨੰਦ ਲਾਲ ਇਸ ਸਿਧਾਂਤ ਨੂੰ ਪੇਸ਼ ਕਰਦੇ ਹੋਏ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਦੀ ਜੋਤਿ ਹੀ ਦਸ ਪਾਤਸ਼ਾਹੀਆਂ 'ਚ ਪ੍ਰਕਾਸ਼ਮਾਨ ਹੋਈ ਅਤੇ ਸਮੁੱਚੀ ਮਨੁੱਖਤਾ ਅੰਦਰ ਸੱਚ ਦਾ ਪ੍ਰਕਾਸ਼ ਕੀਤਾ।

ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸਤ।
ਹਮਾ ਸਬਦਿ ਊ ਜੌਹਰੋ ਮਾਨਕ ਅਸਤ॥



ਭਾਈ ਨੰਦ ਲਾਲ, ਗੁਰੂ ਸਾਹਿਬ ਨੂੰ ਦੋਹਾਂ ਜਹਾਨਾਂ ਦਾ ਬਾਦਸ਼ਾਹ ਕਹਿ ਕੇ ਸੰਬੋਧਨ ਕਰਦੇ ਹਨ ਅਤੇ ਦੱਸਦੇ ਹਨ ਕਿ ਸਮੁੱਚਾ ਸੰਸਾਰ, ਤਿੰਨੇ ਲੋਕ ਅਤੇ ਚਾਰੇ ਖਾਣੀਆਂ ਗੁਰੂ ਜੀ ਦੇ ਹੁਕਮ ਅੰਦਰ ਕਾਰਜਸ਼ੀਲ ਹਨ।

ਬਰ ਦੋ ਆਲਮ ਸ਼ਾਹ ਗੁਰੂ ਗੋਬਿੰਦ ਸਿੰਘ।
ਖ਼ਸਮ ਰਾ ਜਾਂ-ਕਾਹ ਗੁਰ ਗੋਬਿੰਦ ਸਿੰਘ॥108॥
ਸੁਲਸ ਹਮ ਮਹਿਕੂਮਿ ਗੁਰ ਗਬਿੰਦ ਸਿੰਘ।
ਰੁੱਬਅ ਹਮ ਮਖ਼ਤੂਮਿ ਗੁਰੂ ਗੋਬਿੰਦ ਸਿੰਘ॥122॥

ਗੁਰੂ ਗੋਬਿੰਦ ਸਿੰਘ ਨੂੰ ਭਾਈ ਨੰਦ ਲਾਲ ਨੇ ਇੱਕ ਵੈਦ ਦੇ ਰੂਪ ਵਿੱਚ ਵੀ ਪੇਸ਼ ਕੀਤਾ ਹੈ। ਗੁਰੂ ਸਾਹਿਬ ਸਮੁੱਚੀ ਕਾਇਨਾਤ ਦੇ ਦੁੱਖ ਦੂਰ ਕਰਨ ਵਾਲੇ ਹਨ। ਗੁਰੂ ਗੋਬਿੰਦ ਸਿੰਘ ਦੀਨਾਂ ਅਤੇ ਨਿਆਸਰਿਆਂ ਦਾ ਆਸਰਾ ਹਨ, ਜੋ ਵੀ ਗੁਰੂ ਸਾਹਿਬ ਦੀ ਸ਼ਰਨ ਵਿੱਚ ਆਸ ਦੀ ਕਿਰਨ ਲੈ ਕੇ ਆਉਂਦਾ ਹੈ, ਉਹ ਕਦੇ ਵੀ ਇਸ ਦਰ ਤੋਂ ਨਿਰਾਸ਼ ਨਹੀਂ ਜਾਂਦਾ।

ਕਾਦਿਰਿ ਹਰ ਕਾਰ ਗੁਰ ਗੋਬਿੰਦ ਸਿੰਘ।
ਬੇਕਸਾਂ-ਰਾ ਯਾਰ ਗੁਰ ਗੋਬਿੰਦ ਸਿੰਘ॥136॥

ਭਾਈ ਨੰਦ ਲਾਲ ਆਪਣੀਆਂ ਰਚਨਾਵਾਂ ਵਿੱਚ ਦੱਸਦੇ ਹਨ ਕਿ ਗੁਰੂ ਗੋਬਿੰਦ ਸਿੰਘ ਨਿਰਵੈਰਤਾ ਵਾਲੇ ਗੁਣ ਨਾਲ ਭਰਪੂਰ ਹਨ ਕਿਉਂਕਿ ਉਨ੍ਹਾਂ ਦਾ ਦਿਲ ਸਾਫ ਅਤੇ ਵੈਰ ਭਾਵ ਤੋਂ ਬਿਲਕੁਲ ਖਾਲੀ ਹੈ। ਗੁਰੂ ਸਾਹਿਬ ਨੇ ਆਪਣੇ ਜੀਵਨ-ਕਾਲ ਵਿੱਚ 14 ਜੰਗਾਂ ਲੜੀਆਂ। ਗੁਰੂ ਜੀ ਦਾ ਕਿਸੇ ਨਾਲ ਵੀ ਕਿਸੇ ਕਿਸਮ ਦਾ ਨਿੱਜੀ ਵੈਰ ਨਹੀਂ ਸੀ, ਉਹ ਕੇਵਲ ਜ਼ੁਲਮ ਦੇ ਖ਼ਿਲਾਫ਼ ਸਨ। ਭਾਈ ਨੰਦ ਲਾਲ ਨੇ ਗੁਰੂ ਸਾਹਿਬ ਨੂੰ ਨਿਰਵੈਰਤਾ ਦੀ ਮੂਰਤ ਅਤੇ ਸੱਚ ਦੇ ਸ਼ੀਸ਼ੇ ਦੱਸਿਆ ਹੈ।

ਖਾਲਿਸੋ ਬੇ-ਕੀਨਾ ਗੁਰ ਗੋਬਿੰਦ ਸਿੰਘ।
ਹੱਕ ਹੱਕ ਆਈਨਾ ਗੁਰ ਗੋਬਿੰਦ ਸਿੰਘ॥124॥

ਗੁਰੂ ਗੋਬਿੰਦ ਸਿੰਘ ਉੱਚ ਕੋਟੀ ਦੇ ਜੰਗੀ ਜਰਨੈਲ, ਸੂਰਬੀਰ ਯੋਧੇ ਅਤੇ ਨਿਡਰਤਾ ਭਰਪੂਰ ਸਨ। ਭਾਈ ਨੰਦ ਲਾਲ ਗੁਰੂ ਗੋਬਿੰਦ ਸਿੰਘ ਜੀ ਨੂੰ ਤੇਗ ਦੇ ਮਹਾਨ ਧਨੀ ਦੱਸਦੇ ਹਨ। ਜੰਗੀ ਕਾਲ ਦੌਰਾਨ ਗੁਰੂ ਗੋਬਿੰਦ ਜੀ ਨੇ ਤੇਗ ਦੇ ਅਸਚਰਜ ਕੌਤਕ ਦਿਖਾਏ।

ਤੇਗ ਰਾ ਫੱਤਾਹ ਗੁਰ ਗੋਬਿੰਦ ਸਿੰਘ।
ਜਾਨੋ ਦਿਲ ਰਾ ਰਾਹ ਗੁਰ ਗਬਿੰਦ ਸਿੰਘ॥114॥

ਇਸ ਤਰ੍ਹਾਂ ਭਾਈ ਨੰਦ ਲਾਲ ਨੇ ਆਪਣੀਆਂ ਰਚਨਾਵਾਂ ਵਿੱਚ ਗੁਰੂ ਗੋਬਿੰਦ ਸਿੰਘ ਦੀ ਬਹੁ-ਪੱਖੀ ਸ਼ਖ਼ਸੀਅਤ ਨੂੰ ਉਭਾਰਿਆ ਹੈ।



# ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377



ਗੁਰੂ ਨਾਨਕ ਦੇਵ ਸਾਹਿਬ ਜੀ ਦੇ ਚਲਾਏ ਮਾਨਵਵਾਦੀ ਧਰਮ ਵਿਚ ਮਨੁੱਖਤਾ ਦੀ ਭਲਾਈ ਦਾ ਇਨਕਲਾਬ ਆਇਆ। ਪੁਰਾਤਨ ਝੂਠੇ ਕਰਮ ਕਾਂਡਾਂ, ਵਹਿਮਾਂ ਭਰਮਾਂ ਵਿਚੋਂ ਸਮਾਜ ਨੂੰ ਕੱਢ ਕੇ ਸਵੈਮਾਣ, ਸਵੈ ਰੱਖਿਆ ਵਾਲਾ ਜੀਵਨ ਜਿਉਣ ਦੇ ਕਾਬਲ ਬਣਾਇਆ। ਗੁਰੂ ਨਾਨਕ ਦੇਵ ਸਾਹਿਬ ਜੀ ਦੇ ਉਪਦੇਸ਼ ਵਿਚ ਇਕ ਵਿਕਸਿਤ ਸ਼ਬਦਾਵਲੀ ਦਾ ਭੰਡਾਰ ਸੀ। ਉਨ੍ਹਾਂ ਨੂੰ ਹਰ ਧਰਮ ਦਾ ਡੂੰਘਾ ਗਿਆਨ ਸੀ। ਜਿਸ ਨਾਲ ਉਹ ਆਤਮਿਕ ਵਿਦਿਆ ਵਿਚ ਨਿਪੁੰਨ ਸਨ। ਉਨ੍ਹਾਂ ਦੇ ਜੀਵਨ ਦਾ ਬਹੁਤ ਸਾਰਾ ਸਮਾਂ ਜੋਗੀਆਂ, ਸੰਤਾਂ ਅਤੇ ਫਕੀਰਾਂ ਨਾਲ ਚਰਚਾ ਵਿਚ ਬੀਤਿਆ। ਸਿੱਧ ਗੋਸ਼ਟੀ ਵੀ ਉਨ੍ਹਾਂ ਦੇ ਇਸੇ ਹੁਨਰ ਤੇ ਆਧਾਰਤ ਹੈ।

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ। ਅੰਗ 660

ਹੇ ਨਾਨਕ, ਜਦ ਤੱਕ ਦੁਨੀਆ ਵਿਚ ਜਿਊਣਾ ਹੈ, ਪ੍ਰਮਾਤਮਾ ਦੀ ਸਿਫ਼ਤ ਸਲਾਹ ਸੁਣਨੀ ਕਰਨੀ ਚਾਹੀਦੀ ਹੈ। ਇਹ ਉਸ ਸਦਭਾਵਨਾ ਦਾ ਮੰਤਰ ਹੈ ਕਿ ਕਿਸੇ ਦੀ ਗੱਲ ਸੁਣਨਾ ਅਤੇ ਆਪਣੀ ਕਹਿਣ ਨਾਲ ਸੁੱਖ ਮਿਲਦਾ ਹੈ। ਇਕ ਦੂਜੇ ਦੀ ਪਛਾਣ ਹੁੰਦੀ ਹੈ। ਵਿਚਾਰ ਚਰਚਾ ਚਲਦੀ ਹੈ। ਸ਼ੰਕੇ ਦੂਰ ਹੁੰਦੇ ਹਨ। ਗੁਰੂ ਸਾਹਿਬ ਜੀ ਨੇ ਸਿੱਖਾਂ ਨੂੰ ਅਧਿਆਤਮਕ, ਵਿਦਿਅਕ, ਵਿਵਹਾਰਕ ਅਤੇ ਰਾਜਨੀਤਕ ਪੱਖੋ ਜਾਗ੍ਰਿਤ ਕਰਨਾ ਸੀ। ਜਿੰਨਾ ਚਿਰ ਅਧਿਆਤਮਕ ਗਿਆਨ ਦਾ ਪ੍ਰਚਾਰ ਪਾਸਾਰ ਨਹੀਂ ਹੁੰਦਾ, ਉਤਨਾ ਚਿਰ ਪ੍ਰਬਲ ਪ੍ਰਕਾਸ਼ ਵੀ ਸਕਾਰਥ ਨਹੀਂ ਹੁੰਦਾ। ਗਿਆਨ ਨੂੰ ਬਾਣੀ ਰੂਪ ਵਿਚ ਸੰਗਠਿਤ ਕਰਕੇ ਮਾਨਵ ਧਰਮ ਦਾ ਆਧਾਰ ਬਣਾਇਆ। ਉਸ ਵੇਲੇ ਮਨੁੱਖੀ ਸਮਾਜ ਦੇ ਵਿਕਾਸ ਲਈ ਸੂਝ ਬੂਝ ਦਾ ਵਿਕਾਸ ਜਰੂਰੀ ਸੀ। ਉਨ੍ਹਾਂ ਖੁਦ ਬਾਣੀ ਉਚਾਰਨ ਕੀਤੀ ਅਤੇ ਥਾਂ ਥਾਂ ਫਿਰ ਕੇ ਆਪਣੇ ਪ੍ਰਚਾਰਕ ਦੌਰਿਆਂ ਸਮੇਂ ਹਿੰਦ ਭਰ ਵਿਚ ਅਨੁਭਵੀ ਮਹਾਂਪੁਰਸ਼ਾਂ ਦੇ ਬਚਨ ਸੰਚਿਤ ਕੀਤੇ ਕਿ ਅਗਿਆਨ ਮਿਟਾ ਕੇ ਚਾਨਣ ਪਸਾਰਿਆ ਜਾਵੇ।

ਗੁਰੂ ਸਾਹਿਬ ਜੀ ਨੇ ਆਪਣੇ ਗੱਦੀ ਨਸ਼ੀਨਾਂ ਨੂੰ ਉਪਦੇਸ਼ ਦਿੱਤਾ ਕਿ ਰੂਹਾਨੀ ਸਾਹਿਤ ਅਥਵਾ ਬਾਣੀ ਦਾ ਥਾਂ ਥਾਂ ਪ੍ਰਚਾਰ ਕਰਨ ਅਤੇ ਜਿੱਥੋ ਕਿ ਵੀ ਹੋਰ ਸੰਤਾਂ, ਫਕੀਰਾਂ ਦੀ ਬਾਣੀ ਮਿਲੇ ਉਸ ਦੀ ਵੀ ਸੰਭਾਲ ਕਰਨੀ ਹੈ। ਜਦੋਂ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਜੋ ਬਾਣੀ ਦੀ ਸੰਚੀ ਮਿਲੀ, ਉਸ ਨੂੰ ਆਪ ਨੇ ਲਿਖ ਲਿਖਾ ਕੇ ਥਾਂ ਥਾਂ ਸਿੱਖਾਂ ਵਿਚ ਪ੍ਰਚਾਰਿਆ। ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸਫਰਾਂ ਦੀ ਸਾਖੀ ਤਿਆਰ ਕਰਵਾ ਕੇ ਉਤ ਵਾਰਤਕ ਦੀ ਬੁਨਿਆਦ ਰੱਖੀ। ਜਿਸ ਨੂੰ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਭਤੀਜੇ ਬਾਬਾ ਮਿਹਰਵਾਨ ਨੇ 'ਗੋਸ਼ਿਟ ਗੁਰੂ ਬਾਬੇ ਨਾਨਕ ਜੀ ਕੀ' ਦਾ ਵਿਸ਼ਾਲ ਗ੍ਰੰਥ ਲਿਖਿਆ। ਗੁਰੂ ਅਮਰਦਾਸ ਸਾਹਿਬ ਜੀ ਨੇ ਆਪਣੇ ਸਾਰੇ ਪਰਿਵਾਰ ਨੂੰ ਹੀ ਇਸ ਸਾਹਿਤਕ ਕਾਰਜ ਤੇ ਲਾ ਦਿੱਤਾ। ਗੁਰੂ ਰਾਮਦਾਸ ਸਾਹਿਬ ਜੀ ਆਪ ਇਕ ਵੀ ਸਨ, ਉਨ੍ਹਾਂ ਨੇ ਹੱਥੀਂ ਬਾਣੀ ਲਿਖੀ।

ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸੰਤਾਂ ਫਕੀਰਾਂ ਦੀ ਬਾਣੀ ਨੂੰ ਆਦਰ ਸਾਹਿਤ ਆਦਿ ਗ੍ਰੰਥ ਦੇ ਰੂਪ ਵਿਚ ਸੰਪਾਦਿਤ ਕੀਤਾ ਤਾਂ ਜੋ ਅਜਿਹੀ ਧਰਮ ਪੋਥੀ ਤਿਆਰ ਕੀਤੀ ਜਾਵੇ ਜੋ ਸਰਬ ਸਾਂਝੀਵਾਲਤਾ ਤੇ ਗੁਣਿਗਿਆਨਕਤਾ ਦੀ ਕਸਵੱਟੀ ਤੇ ਪੂਰੀ ਉਤਰ ਸਕੇ। ਹਿੰਦੁਸਤਾਨ ਵਿਚ ਦੋ ਹੀ ਗ੍ਰੰਥ ਪ੍ਰਚਲਤ ਸਨ ਵੇਦ ਅਤੇ ਕੁਰਾਨ। ਵੇਦ ਜਾਂ ਹੋਰ ਸਨਾਤਨ ਧਰਮ ਗਿਆਨ ਸੰਸਕ੍ਰਿਤ ਵਿਚ ਸੀ ਜੋ ਆਮ ਲੋਕਾਂ ਦੀ ਸਮਝ ਤੋਂ ਪਰੇ ਸੀ। ਅਰਬੀ ਵੀ ਵਿਦੇਸ਼ੀ ਭਾਸ਼ਾ ਸੀ, ਉਹ ਵੀ ਲੋਕਾਂ ਦੀ ਗਿਆਨ ਦੀ ਲੋੜ ਪੂਰੀ ਨਹੀਂ ਕਰਦੀ ਸੀ। ਇਸ ਸਮੇਂ ਅਜਿਹੇ ਗਿਆਨ ਦੀ ਲੋੜ ਸੀ ਜੋ ਜਨ ਸਾਧਾਰਨ ਦੀ ਭਾਸ਼ਾ ਵਿਚ ਹੋਵੇ, ਇਸ ਲਈ ਸੰਤ ਭਾਸ਼ਾ ਵਿਚ ਗਿਆਨ ਦੀ ਸੰਪਾਦਨਾ ਕਰਕੇ ਇਕ ਬੇਮਿਸਾਲ ਕਾਰਜ ਕੀਤਾ। ਜੋ ਕੇਵਲ ਧਾਰਮਿਕ ਜਾਂ ਸੱਭਿਆਚਾਰਕ ਖੇਤਰ ਵਿਚ ਹੀ ਨਹੀਂ ਸਾਹਿਤਕ ਖੇਤਰ ਵਿਚ ਵੀ ਨਵੀਂ ਪ੍ਰਾਪਤੀ ਸੀ। ਇਸ ਦੀ ਸੰਪਾਦਨਾ ਵਿਚ ਮਜ਼ਬ ਸੰਪ੍ਰਦਾ, ਨਸਲ, ਵਰਣ ਜਾਂ ਪ੍ਰਾਂਤਕ ਭੇਦ ਨਹੀਂ ਰੱਖਿਆ। ਹਰ ਇਕ ਲਈ ਉਪਦੇਸ਼ ਸਾਂਝਾ ਹੈ।

ਸਿੱਖ ਗੁਰੂ ਸਾਹਿਬਾਨ ਅਨੁਭਵ ਕਰਦੇ ਸਨ ਕਿ ਜ਼ਿੰਦਗੀ ਦੇ ਵਿਕਾਸ ਲਈ ਅਧਿਆਤਮਕ ਸਾਹਿਤ ਦਾ ਮਹੱਤਵ ਹੈ। ਗਿਆਨ ਤੋਂ ਬਿਨਾਂ ਮਨੁੱਖ ਦਾ ਪਾਰ ਉਤਾਰਾ ਨਹੀਂ ਹੋ ਸਕਦਾ। ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਦਾ ਦਰਜਾ ਦੇ ਕੇ ਵਡਿਆਈ ਕੀਤੀ। ਬਾਣੀ ਨੂੰ ਇਸ ਸਿੰਘਾਸਨ ਤੇ ਸੁਸ਼ੋਭਿਤ ਕੀਤਾ ਕਿ ਮਨੁੱਖ ਸਦਾ ਲਈ ਸ਼ਖਸੀ ਗੁਲਾਮੀ ਤੋਂ ਛੁਟਕਾਰਾ ਪਾ ਸਕਦੇ। ਮਨੁੱਖ ਸਿਵਾਏ ਪ੍ਰਮੇਸ਼ਰ ਦੇ ਕਿਸੇ ਦਾ ਆਝੀ ਨਾ ਹੋਵੇ। ਕਿਸੇ ਪੀਰ ਅਵਤਾਰ ਦੀ ਮੁਰੀਦੀ ਮੁਥਾਜੀ ਦੀ ਲੋੜ ਨਹੀਂ।

ਇਸ ਸਿਧਾਂਤ ਦੀ ਰਾਖੀ ਵੀ ਕਰਨੀ ਸੀ। ਮਨੁੱਖੀ ਸਮਾਜ ਦਾ ਵਿਕਾਸ ਹੋਣਾ ਸੀ। ਇਸ ਸਿਧਾਂਤ ਨੂੰ ਕਾਇਮ ਰੱਖਣ ਲਈ ਗੁਰੂ ਹਰਗੋਬਿੰਦ, ਗੁਰੂ ਹਰਿਰਾਇ ਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਘਾਲ ਘਾਲੀ, ਫਿਰ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਵੈਰਾਗਮਈ ਬਾਣੀ ਕਹਿ ਕੇ ਇਸ ਸਿੱਖੀ ਸਿਧਾਂਤ ਨੂੰ ਵਿਆਪਕ ਲਹਿਰ ਬਣਾਉਣ ਦਾ ਯਤਨ ਕੀਤਾ। ਨਾਲ ਹੀ ਲੋਕਾਂ ਨੂੰ ਸੰਸਾਰ ਦੀ ਨਾਸ਼ਮਾਨਤਾ ਤੇ ਨਿਰਭੈਤਾ ਲਈ ਹਰ ਤਰ੍ਹਾਂ ਦੀ ਕੁਰਬਾਨੀ ਲਈ ਤਿਆਰ ਬਰ ਤਿਆਰ ਕੀਤਾ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਹ ਲਹਿਰ ਸਿਖਰ ਤੇ ਪੁੱਜ ਚੁੱਕੀ ਸੀ। ਅਧਿਆਤਮਕ ਗਿਆਨ ਨੂੰ ਬਲਵਾਨ ਰੱਖਣਾ ਸੀ। ਇਸ ਲਈ ਸ਼ਸਤਰਧਾਰੀ ਪੰਥ ਬਣਾਇਆ। ਉਨ੍ਹਾਂ ਨਵਾਂ ਬਲਵੰਤ ਸਾਹਿਤ ਰਚਿਆ, ਜਿਸ ਨਾਲ ਜ਼ਿੰਦਗੀ ਗੌਰਵ ਅਨੁਭਵ ਕਰਕੇ ਉਮਾਹ ਵਿਚ ਆਵੇ। ਦੱਬੀ ਕੁਚਲੀ ਕੌਮ ਨੂੰ ਜਗਾਉਣ ਲਈ ਰੂਹਾਨੀ ਸਾਹਿਤ ਨੂੰ ਬੀਰ-ਰਸੀ ਪਾਹ ਦੇ ਕੇ ਨਵੇਂ ਰੰਗ ਵਿਚ ਪ੍ਰਗਟਾਇਆ। ਧਰਮ ਯੁੱਧ ਦਾ ਚਾਊ ਪੈਦਾ ਕੀਤਾ। ਨਿਹੱਥੇ ਤੇ ਨਿਤਾਣੇ ਲੋਕ ਮੁਗਲ ਸਾਮਰਾਜ ਨਾਲ ਟੱਕਰ ਲੈਣ ਲਈ ਤਿਆਰ ਬਰ ਤਿਆਰ ਹੋ ਗਏ। ਗੁਰੂ ਸਾਹਿਬ ਜੀ ਨੇ ਆਪ ਹੀ ਸਾਹਿਤ ਨਹੀਂ ਰਚਿਆ ਸਗੋਂ ਕਿਤਨੇ ਹੀ ਹੋਰ ਲੇਖਕਾਂ, ਕਵੀਆਂ ਨੂੰ ਇਸ ਸੱਭਿਆਚਾਰਕ ਉਸਾਰੀ ਵਿਚ ਆਪਣੇ ਸਰਗਰਮ ਸਹਿਯੋਗੀ ਬਣਾ ਕੇ ਨਵੀਂ ਸਾਹਿਤ ਧਾਰਾ ਦੀ ਸਥਾਪਨਾ ਕੀਤੀ।

ਗੁਰੂ ਸਾਹਿਬ ਜੀ ਨੇ ਜਿੱਥੇ ਚੰਗੇ ਸਸ਼ਤਰਧਾਰੀ ਸੂਰਮੇ ਭਰਤੀ ਕੀਤੇ, ਦੂਜੇ ਪਾਸੇ ਸ਼ਸਤਰਵੇਦਾਂ, ਵਿਦਵਾਨ ਕਲਮਧਾਰੀ ਵੀ ਬੜੇ ਮਾਣ ਨਾਲ ਨਿਵਾਜੇ। ਗੁਰੂ ਸਾਹਿਬ ਜੀ ਦੀ ਸ਼ਖਸੀਅਤ ਅਧਿਆਤਮਕ ਗੁਰੂ, ਬੀਰ ਸੈਨਾਪਤੀ ਵਿਦਵਾਨ ਅਤੇ ਕਵੀ ਦਾ ਸੁਮੇਲ ਸੀ। ਗੁਰੂ ਸਾਹਿਬ ਜੀ ਨੇ ਮਨੁੱਖੀ ਜੀਵਨ ਦੇ ਵਿਕਾਸ ਲਈ ਹਰ ਖੇਤਰ ਵਿਚ ਕਰੜੀ ਘਾਲ ਘਾਲੀ ਕਿ ਕਲਮ ਵੀ ਚਲਾਈ ਤੇ ਤੇਗ ਵੀ ਵਾਹੀ।

ਗੁਰੂ ਸਾਹਿਬ ਜੀ ਦੀ ਲੇਖਣੀ ਦਾ ਸਫ਼ਰ 1678 ਤੋਂ ਸ਼ੁਰੂ ਹੋ ਕੇ ਦੋ ਦਹਾਕੇ ਚਲਦਾ ਹੈ ਜਿਸ ਵਿਚ ਅਨੰਦਪੁਰ ਸਾਹਿਬ ਦਾ ਦਰਬਾਰ, ਪਾਉਂਟਾ ਸਾਹਿਬ ਤੋਂ ਵਾਪਸ ਅਨੰਦਪੁਰ ਸਾਹਿਬ, ਦਮਦਮਾ ਸਾਹਿਬ ਅਤੇ ਲੱਖੀ ਜੰਗ ਵਿਚ ਵੀ ਸਾਹਿਤ ਦਾ ਪ੍ਰਵਾਹ ਚੱਲਿਆ ਹੈ। ਅਨੰਦਪੁਰ ਸਾਹਿਬ ਦੇ ਦਰਬਾਰ ਵਿਚ ਦੇਸ਼ ਦੇ ਕੋਨੇ ਕੋਨੇ ਤੋਂ ਲਿਖਾਰੀ ਵਿਦਵਾਨ ਕਵੀਆਂ ਨੂੰ ਸੱਦਾ ਦਿੱਤਾ। ਬਹੁਤ ਸਾਰੇ ਸਾਹਿਤਕਾਰ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਆਏ। ਦਸ਼ਮੇਸ਼ ਪਿਤਾ ਜੀ ਦੇ ਅਨੁਪਮ ਇਲਾਹੀ ਦਰਬਾਰ ਵਿਚ ਨਾ ਕੇਵਲ ਕਥਾ, ਕੀਰਤਨ, ਧਰਮ ਉਦੇਸ਼ ਅਤੇ ਜੀਅਦਾਨ ਦਾ ਪ੍ਰਵਾਹ ਚਲਦਾ ਸੀ, ਨਾ ਕੇਵਲ ਬੀਰਰਸੀ ਅਭਿਆਸ ਆਪਣੇ ਜੋਬਨ ਤੇ ਸੀ, ਨਾ ਕੇਵਲ ਸਸ਼ਤਰਾਂ ਦੀ ਘਾੜਤ ਅਤੇ ਟੁਣਕਾਰ ਸੀ, ਸਗੋਂ ਵਿਦਿਆ ਕਲਾ ਅਤੇ ਕਵਿਤਾ ਦੀ ਰੌਣਕ ਵੀ ਬਾਮਕਾਲ ਸੀ। ਇੱਥੇ ਹਿੰਦੀ, ਸੰਸਕ੍ਰਿਤ ਅਤੇ ਫਾਰਸੀ ਦੀਆਂ ਲਿਖਤਾਂ ਦਾ ਅਨੁਵਾਦ ਹੋਇਆ। ਬ੍ਰਿਜਭਾਸ਼ਾ ਅਤੇ ਪੰਜਾਬੀ ਵਿਚ ਅਨੁਵਾਦ ਹੋਇਆ। ਜੰਗੀ ਹੁਨਰ ਅਤੇ ਸੱਭਿਆਚਾਰ ਤੇ ਵੀ ਸਾਹਿਤ ਰਚਨਾ ਹੋਈ। ਕੁਝ ਸਮਾਂ ਗੁਰੂ ਸਾਹਿਬ ਪਾਉਂਟਾ ਸਾਹਿਬ ਵਿਖੇ 1685-1689 ਤੱਕ ਰਹੇ। ਯਮਨਾ ਦੇ ਕੰਢੇ ਰਮਣੀਕ ਸਥਾਨ ਤੇ ਕਵੀ ਦਰਬਾਰ ਅਤੇ ਕਾਵਿ ਗੋਸ਼ਟੀਆਂ ਦਾ ਪ੍ਰਵਾਹ ਚੱਲਿਆ। ਫੌਜੀ ਛਾਉਣੀਆਂ ਦੇ ਨਾਲ ਸਾਹਿਤ ਰਚਨਾ ਦੀ ਵੀ ਸਥਾਪਨਾ ਹੋਈ।

ਜਦ ਅਨੰਦਪੁਰ ਸਾਹਿਬ ਪਰਤੇ ਤਾਂ ਸਾਹਿਤਕ ਕਾਰਜ ਦੀ ਯੋਜਨਾ ਸੰਜੀਦਗੀ ਨਾਲ ਬਣਾਈ। ਬੜੇ ਜੋਸ਼ ਅਤੇ ਸਰਗਰਮੀ ਨਾਲ ਕਵੀਆਂ ਨੂੰ ਸੰਗਠਿਤ ਕੀਤਾ। ਦਿੱਲੀ ਦਰਬਾਰ ਦੇ ਸਨਮਾਨਤ ਕਵੀ ਵੀ ਗੁਰੂ ਸਾਹਿਬ ਜੀ ਦੇ ਸੰਗਠਨ ਵਿਚ ਆਏ। ਜਿਵੇਂ ਆਲਮ, ਸੁਖਦੇਵ, ਬ੍ਰਿੰਦ, ਚੰਦ, ਕਾਸੀਰਾਮ, ਕੁੰਵਰੇਸ਼, ਨੰਦ ਰਾਮ, ਨੰਦ ਲਾਲ ਗੋਯਾ ਆਦਿ ਵੀ ਅਨੰਦਪੁਰ ਦਰਬਾਰ ਵਿਚ ਆਏ। ਗੁਰੂ ਸਾਹਿਬ ਜੀ ਦੀ ਸਾਹਿਤਕ ਦੇਣ ਦੀ ਕਵੀ ਕਦਰ ਕਰਦੇ ਸਨ ਕਿ ਗੁਰੂ ਸਾਹਿਬ ਜੀ ਭਾਰਤੀ ਸੰਸਕ੍ਰਿਤੀ ਦੀ ਪੁਨਰ ਸੁਰਜੀਤੀ ਲਈ ਇਹ ਸਾਹਿਤਕ ਕਾਰਜ ਕਰਕੇ ਇਕ ਨਵੇਂ ਮਨੁੱਖੀ ਭਲਾਈ ਦੇ ਇਨਕਲਾਬ ਦੀ ਨੀਂਹ ਰੱਖ ਰਹੇ ਸਨ। ਗੁਰੂ ਸਾਹਿਬ ਕਵੀਆਂ ਨੂੰ ਦਾਨ ਸਨਮਾਨ ਨਾਲ ਨਿਵਾਜਦੇ, ਉਹ ਕਵੀਆਂ ਨੂੰ ਰੋਜ਼ ਧੰਨ ਦੌਲਤ ਨਾਲ ਮਾਲਾਮਾਲ ਕਰਦੇ, ਰੋਜ਼ ਦਾਤਾਂ ਵੰਡੀਆਂ ਜਾਂਦੀਆਂ, ਕਵੀ ਗੁਰੂ ਸਾਹਿਬ ਦਾ ਜਸ ਗਾਉਂਦੇ ਨਾ ਥੱਕਦੇ। ਕੇਵਲ ਨਕਦ ਪੈਸੇ ਹੀ ਨਹੀਂ ਸੁੰਦਰ ਘੋੜੇ, ਹਥਿਆਰ, ਹੀਰੇ ਮੋਤੀ ਅਤੇ ਹੋਰ ਸੁਨਹਿਰੀ ਭੂਸ਼ਣ ਵੀ ਕਵੀਆਂ ਨੂੰ ਪ੍ਰਦਾਨ ਕਰਦੇ।

ਗੁਰੂ ਸਾਹਿਬ ਖੁਦ ਹਿੰਦੀ ਫਾਰਸੀ, ਪੰਜਾਬੀ ਦੇ ਮਹਾਨ ਕਵੀ ਸਨ। ਇਸੇ ਲਈ ਗੁਣੀ ਮਹਾਂਪੁਰਸ਼ਾਂ ਦਾ ਸਿਰ ਵੀ ਗੁਰੂ ਸਾਹਿਬ ਜੀ ਦੀ ਕਲਮ ਅੱਗੇ ਝੁਕਦਾ ਸੀ। ਇਸ ਕਲਾ ਪ੍ਰੇਮ ਤੇ ਕਦਰਦਾਨੀ ਸਦਕਾ ਹੀ ਫਾਰਸੀ, ਸੰਸਕ੍ਰਿਤ ਦੇ ਅਨੇਕਾਂ ਵਿਦਵਾਨ ਦੂਰੋਂ ਦੂਰੋਂ ਆ ਕੇ ਗੁਰੂ ਦਰਬਾਰ ਦਾ ਸ਼ਿੰਗਾਰ ਬਣਦੇ। ਗੁਰੂ ਸਾਹਿਬ ਦੀ ਉਦਾਰ ਪ੍ਰੇਰਣਾ ਹੀ ਸਭ ਨੂੰ ਅਨੰਦ ਪ੍ਰਦਾਨ ਕਰਦੀ ਸੀ। ਇਹ ਭਾਰਤੀ ਸੰਸਕ੍ਰਿਤੀ ਦੀ ਰੱਖਿਆ ਦਾ ਧਰਮ ਯੱਗ ਸੀ। ਇਹ ਸਾਰੀ ਸੰਸਕ੍ਰਿਤੀ ਸਰਗਰਮੀ ਗੁਰੂ ਸਾਹਿਬ ਦੇ ਯਤਨਾਂ ਨੂੰ ਬੜੇ ਮਨੋਹਰ ਰੂਪ ਵਿਚ ਪੇਸ਼ ਕਰ ਰਹੀ ਸੀ। ਜੋ ਸਾਹਿਤ ਰਚਿਆ ਗਿਆ, ਉਸ ਦਾ ਮਨੋਰਥ ਲੋਕ ਜਾਗ੍ਰਿਤੀ ਵਿਚ ਕ੍ਰਾਂਤੀ ਲਿਆਉਣਾ ਸੀ।

ਗੁਰੂ ਦਰਬਾਰ ਵਿਚ ਸਮੇਂ ਸਮੇਂ ਵਿਦਵਾਨਾਂ ਦੇ ਆਉਣ ਜਾਣ ਦਾ ਤਾਂਤਾ ਲੱਗਾ ਰਹਿੰਦਾ ਸੀ। ਸਮੂਹਿਕ ਲੇਖਣੀ ਨਾਲ ਸਾਹਿਤ ਦਾ ਵੱਡਾ ਭੰਡਾਰ ਹੋ ਗਿਆ ਸੀ। ਜਿਸ ਨੂੰ ਵਿਦਿਆ ਸਾਰਾਰ ਜਾਂ ਵਿਦਿਆ-ਸਰ ਕਿਹਾ ਜਾਂਦਾ ਸੀ। ਪਰ ਅਨੰਦਪੁਰ ਛੱਡਣ ਸਮੇਂ ਖੁਰਦ ਬੁਰਦ ਹੋ ਗਿਆ ਸੀ। ਸਿਰਫ਼ ਉਹ ਹੀ ਸਾਹਿਤ ਬਚਿਆ ਜੋ ਸਾਹਿਤਕਾਰਾਂ ਕੋਲ ਸੀ ਜਾਂ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਘਰਾਂ ਵਿਚ ਸੀ। ਕਵੀ ਆਪਣੀਆਂ ਰਚਨਾਵਾਂ ਵਿਚ ਅਜਿਹੇ ਦ੍ਰਿਸ਼ ਬੰਨ੍ਹਦੇ ਸਨ ਜਿਵੇਂ : ਭਿਆਨਕ ਜੰਗ, ਜੰਗ ਦੀਆਂ ਤਿਆਰੀਆਂ, ਨਗਾਰਿਆਂ ਦੀ ਚੋਟ, ਫੌਜੀ ਅਭਿਆਸ, ਰਣਭੂਮੀ ਦੇ ਵੀਰਤਾ ਦ੍ਰਿਸ਼, ਬੀਰਰਸ, ਤੀਰ ਅੰਦਾਜੀ, ਸ਼ਿਕਾਰ, ਗਤਕੇ ਦੇ ਕਰਤਬ ਆਦਿ ਪ੍ਰਸੰਗ ਸ਼ਾਮਲ ਸਨ।

ਗੁਰੂ ਸਾਹਿਬ ਨੇ ਸਾਹਿਤਕਾਰਾਂ ਦੇ ਦ੍ਰਿਸ਼ਟੀਕੋਣ ਬਦਲ ਦਿੱਤੇ ਤੇ ਉਨ੍ਹਾਂ ਦੀ ਕਲਾ ਨੂੰ ਸਹੀ ਸੇਧ ਦੇ ਕੇ ਸਮਾਜ ਲਈ ਉਪਯੋਗੀ ਬਣਾਇਆ। ਲੋਕ ਉਪਯੋਗੀ ਸਾਹਿਤ ਦਾ ਅਨੁਵਾਦ ਕਰਵਾਇਆ। ਦਰਬਾਰ ਵਿਚ ਪਰਮਾਰਥਕ ਵਿਸ਼ਿਆਂ ਤੇ ਗਿਆਨ ਗੋਸ਼ਟੀਆਂ ਵੀ ਹੁੰਦੀਆਂ। ਜਿਸ ਵਿਚ ਵਿਦਵਾਨਾਂ ਦੀ ਵਿਚਾਰ ਰੋਸ਼ਨੀ ਵਿਚ ਜ਼ਿੰਦਗੀ ਦੇ ਗੰਭੀਰ ਪ੍ਰਸ਼ਨਾਂ ਨੂੰ ਵੀ ਸੁਲਝਾਇਆ ਜਾਂਦਾ। ਜਿਸ ਨਾਲ ਜਨ ਸਾਧਾਰਨ ਵਿਚ ਉਭਾਰ ਆਵੇ ਅਤੇ ਉਹ ਖੰਡਾ ਫੜ ਕੇ ਅਜਾਦੀ ਦੇ ਦੁਸ਼ਮਣਾਂ ਦਾ ਤਹਿਸ ਨਹਿਸ ਕਰ ਦੇਵੇ। ਅਨੰਦਪੁਰ ਦਾ ਦਰਬਾਰ ਸ਼ਸਤਰਧਾਰੀ ਤੇ ਸ਼ਾਸਤਰਧਾਰੀ ਦੋਹਾਂ ਦਾ ਕੇਂਦਰੀ ਸਥਾਨ ਸੀ। ਅਨੰਦਪੁਰ ਛੱਡਣਾ ਪਿਆ ਤਾਂ ਦਮਦਮਾ ਸਾਹਿਬ ਲਿਖਣਸਰ ਬਣਾ ਕੇ 'ਗੁਰੂ ਕੀ ਕਾਸ਼ੀ' ਦਾ ਵਰ ਦਿੱਤਾ। ਲੱਖੀ ਜੰਗ ਵਿਚ ਵੀ ਕਵੀ ਹਾਜ਼ਰ ਸਨ।

ਕਵੀਆਂ ਨੇ ਗੁਰੂ ਸਾਹਿਬ ਜੀ ਦੇ ਦੀਦਾਰ ਕੀਤੇ ਸਨ। ਉਨ੍ਹਾਂ ਦੀ ਸ਼ਖਸੀਅਤ ਤੇ ਚਰਨਾਵਾਂ ਰਚੀਆਂ ਹਨ, ਭਾਵੇਂ ਗੁਰੂ ਸਾਹਿਬ ਜੀ ਦੀ ਲਾਸਾਨੀ ਸ਼ਖਸੀਅਤ ਨੂੰ ਲਫ਼ਜ਼ਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ ਪਰ ਕਵੀਆਂ ਨੇ ਦਰਸਾਇਆ ਕਿ ਉਨ੍ਹਾਂ ਦੀ ਸ਼ਖਸੀਅਤ ਅੱਗੇ ਸਿਰ ਝੁਕ ਜਾਂਦਾ ਹੈ। ਗੁਰੂ ਦਰਬਾਰ ਦੇ ਸ਼੍ਰੋਮਣੀ ਕਵੀ ਭਾਈ ਨੰਦ ਲਾਲ ਜੀ ਗੋਯਾ ਜੀ ਦੀ ਰਚਨਾ 'ਗੰਜਨਾਮਾ' ਵਿਚ ਮਹਾਰਾਜਾ ਦੇ ਸਤਿਕਾਰ, ਉਨ੍ਹਾਂ ਦੇ ਗੁਣਾਂ ਦੀ ਉਪਮਾ ਵਿਚ ਲਿਖਿਆ ਗਿਆ ਹੈ ; 'ਬਾਦ ਜਾਨਸ਼ ਫਿਦਾਏ ਗੁਰੂ ਗੋਬਿੰਦ ਸਿੰਘ, ਫਰਕ ਉਬਰ ਪਾਇ ਗੁਰੂ ਗੋਬਿੰਦ ਸਿੰਘ' ਭਾਵ ਬੇਨਤੀ ਹੈ ਕਿ ਮੇਰੀ ਜਾਨ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਤੋਂ ਕੁਰਬਾਨ ਹੋਵੇ ਅਤੇ ਮੇਰਾ ਸੀਸ ਸਦਾ ਮਹਾਰਾਜ ਦੇ ਚਰਨਾਂ ਵਿਚ ਰਹੇ।

ਸਿੱਖ ਇਤਿਹਾਸ ਵਿਚ ਅਨੰਦਪੁਰ ਦੇ ਦਰਬਾਰ ਵਿਚ ਕਵੀਆਂ ਦੀ ਗਿਣਤੀ 51 ਤੇ ਲਿਖਾਰੀਆਂ ਦੀ 36 ਹੈ। ਜਿਵੇਂ : ਗਦਕਾਰ, ਵਿਆਖਿਆਕਾਰ, ਵਕਤਾ, ਵਿਚਾਰਵਾਨ ਅਤੇ ਵਿਦਵਾਨ ਆਦਿ। ਜਿਨ੍ਹਾਂ ਨੂੰ ਦਰਬਾਰੀ ਰਤਨ ਕਿਹਾ ਜਾਂਦਾ ਹੈ। ਭਾਵੇਂ ਪ੍ਰਮੁੱਖ ਤੌਰ 'ਤੇ ਕਵੀਆਂ ਦਾ ਹੀ ਯੋਗਦਾਨ ਸੀ। ਗੁਰੂ ਦਰਬਾਰ ਦਾ ਹਿਸਾਬ ਰੱਖਣ ਵਾਲੇ ਮੁੱਸਦੀ ਅਤੇ ਦਫ਼ਤਰੀ ਬਾਬੂ ਵੀ ਸਨ, ਇਤਨੇ ਵੱਡੇ ਪ੍ਰਬੰਧ ਹੇਠ ਗੁਰੂ ਸਾਹਿਬ ਜੀ ਦੀ ਵਿਸ਼ਾਲ ਸਾਹਿਤਕ ਦੇਣ ਉਨ੍ਹਾਂ ਦੀ ਬੌਧਿਕ ਅਤੇ ਅਧਿਆਤਮਕ ਕਲਾ ਦਾ ਹੀ ਸਿੱਟਾ ਹੈ।

**ਗੁਰੂ ਸਾਹਿਬ ਜੀ ਨੇ ਆਪਣੇ ਗੱਦੀ ਨਸ਼ੀਨਾਂ ਨੂੰ ਉਪਦੇਸ਼ ਦਿੱਤਾ ਕਿ ਰੂਹਾਨੀ ਸਾਹਿਤ ਅਥਵਾ ਬਾਣੀ ਦਾ ਥਾਂ ਥਾਂ ਪ੍ਰਚਾਰ ਕਰਨ ਅਤੇ ਜਿੱਥੋ ਕੇ ਵੀ ਹੋਰ ਸੰਤਾਂ, ਫਕੀਰਾਂ ਦੀ ਬਾਣੀ ਮਿਲੇ ਉਸ ਦੀ ਵੀ ਸੰਭਾਲ ਕਰਨੀ ਹੈ। ਜਦੋਂ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਜੋ ਬਾਣੀ ਦੀ ਸੰਚੀ ਮਿਲੀ, ਉਸ ਨੂੰ ਆਪ ਨੇ ਲਿਖ ਲਿਖਾ ਕੇ ਥਾਂ ਥਾਂ ਸਿੱਖਾਂ ਵਿਚ ਪ੍ਰਚਾਰਿਆ। ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸਫਰਾਂ ਦੀ ਸਾਖੀ ਤਿਆਰ ਕਰਵਾ ਕੇ ਉਤ ਵਾਰਤਕ ਦੀ ਬੁਨਿਆਦ ਰੱਖੀ। ਜਿਸ ਨੂੰ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਭਤੀਜੇ ਬਾਬਾ ਮਿਹਰਵਾਨ ਨੇ 'ਗੋਸ਼ਿਟ ਗੁਰੂ ਬਾਬੇ ਨਾਨਕ ਜੀ ਕੀ' ਦਾ ਵਿਸ਼ਾਲ ਗ੍ਰੰਥ ਲਿਖਿਆ। ਗੁਰੂ ਅਮਰਦਾਸ ਸਾਹਿਬ ਜੀ ਨੇ ਆਪਣੇ ਸਾਰੇ ਪਰਿਵਾਰ ਨੂੰ ਹੀ ਇਸ ਸਾਹਿਤਕ ਕਾਰਜ ਤੇ ਲਾ ਦਿੱਤਾ। ਗੁਰੂ ਰਾਮਦਾਸ ਸਾਹਿਬ ਜੀ ਆਪ ਇਕ ਵੀ ਸਨ, ਉਨ੍ਹਾਂ ਨੇ ਹੱਥੀਂ ਬਾਣੀ ਲਿਖੀ।**

# ਗੁਰੂ ਗੋਬਿੰਦ ਸਿੰਘ ਜੀ ਦਾ ਵਿਲੱਖਣ ਸੰਗੀਤਕ ਯੋਗਦਾਨ



ਗੁਰਨਾਮ ਸਿੰਘ
(ਡਾ.)

ਸਰਬੰਸਦਾਨੀ ਦਸਵੇਂ ਪਾਤਸ਼ਾਹ ਦਾ ਮਾਨਵੀ ਸੰਸਕ੍ਰਿਤੀ ਨੂੰ ਯੋਗਦਾਨ ਬਹੁਪੱਖੀ ਤੇ ਬਹੁਦਿਸ਼ਾਵੀ ਹੈ। ਸੰਗੀਤ ਦੇ ਪ੍ਰਸੰਗ ਵਿਚ ਉਨ੍ਹਾਂ ਦੇ ਯੋਗਦਾਨ ਦਾ ਵਿਸ਼ਲੇਸ਼ਣ ਅਤੇ ਵਿਆਖਿਆ ਦੀਆਂ ਅਨੇਕ ਸੰਭਾਵਨਾਵਾਂ ਮੌਜੂਦ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੁਨਰ ਸੰਕਲਨ, ਦਸਮ ਗ੍ਰੰਥ ਵਿਚ ਸੰਗੀਤ ਦਾ ਬਹੁਪੱਖੀ ਪ੍ਰਯੋਗ, ਇਸੇ ਤਰ੍ਹਾਂ ਸਰਬ ਲੋਹ ਗ੍ਰੰਥ ਦਾ ਵਿਲੱਖਣ ਸੰਗੀਤ ਵਿਧਾਨ ਇਸ ਖੇਤਰ ਵਿਚ ਸਾਡੀ ਜਿਗਿਆਸਾ ਨੂੰ ਦੂਣ ਸਵਾਇਆ ਕਰਦਾ ਹੈ।

ਗੁਰਮਤਿ ਸੰਗੀਤ ਦੇ ਪ੍ਰਸੰਗ ਵਿਚ ਵਾਚੀਏ ਤਾਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਆਪਣੇ ਤੋਂ ਪੂਰਵਲੇ ਗੁਰੂ ਸਿੱਖ ਸਾਹਿਬਾਨ ਵਲੋਂ ਸਥਾਪਤ ਗੁਰਮਤਿ ਸੰਗੀਤ ਪਰੰਪਰਾ ਨੂੰ ਵਿਹਾਰਕ ਰੂਪ ਵਿਚ ਦ੍ਰਿੜਾਉਣ ਦੇ ਅਨੇਕ ਇਤਿਹਾਸਕ ਹਵਾਲੇ ਮਿਲਦੇ ਹਨ, ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਮਰਿਆਦਤ ਰੂਪ ਵਿਚ ਦ੍ਰਿੜਾਇਆ। ਭਾਈ ਸੱਦੂ ਤੇ ਭਾਈ ਮੱਦੂ ਆਪ ਦੇ ਦਰਬਾਰ ਦੇ ਮੁੱਖ ਕੀਰਤਨੀਏ ਸਨ। ਇਕ ਇਤਿਹਾਸਕ ਹਵਾਲੇ ਅਨੁਸਾਰ, ਆਨੰਦਪੁਰੀ ਛੱਡਣ ਸਮੇਂ ਸਿਰਸਾ ਦੇ ਕੰਢੇ ਮੁਗਲ ਫੌਜਾਂ ਵਿਚ ਘਿਰੇ ਹੋਣ ਦੇ ਬਾਵਜੂਦ ਦਸਵੇਂ ਪਾਤਸ਼ਾਹ ਨੇ ਸਿੱਖਾਂ ਨੂੰ ਆਸਾ ਦੀ ਵਾਰ ਦੀ ਕੀਰਤਨ ਚੌਂਕੀ ਲਗਾਉਣ ਦਾ ਆਦੇਸ਼ ਦਿੱਤਾ ਜੋ ਗੁਰਮਤਿ ਸੰਗੀਤ ਦੀ ਮਰਿਆਦਤ ਗੀਤ ਸਥਾਪਤ ਕਰਨ ਪ੍ਰਤੀ ਆਪ ਦੀ ਪ੍ਰਤੀਬੱਧਤਾ ਦਾ ਲਖਾਇਕ ਹੈ। ਆਪ ਦੁਆਰਾ ਕੀਰਤਨ ਹਿਤ ਤਾਨਪੁਰੇ (ਤੰਬੂਰੇ) ਦਾ ਪ੍ਰਯੋਗ ਅਤੇ ਤੰਤੀ ਸਾਜ਼ਾਂ ਦੁਆਰਾ ਕੀਰਤਨ ਨੂੰ ਉਤਸ਼ਾਹਿਤ ਕਰਨਾ, ਵਿਸ਼ੇਸ਼ ਕਰਕੇ ਦਿਲਰੁਬਾ ਸਾਜ਼ ਆਪ ਦੇ ਕਾਲ ਤੋਂ ਹੀ ਪ੍ਰਚਲਿਤ ਹੋਇਆ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਲਈ ਰਾਗਾਂ ਦਾ ਪ੍ਰਯੋਗ ਕੀਤਾ ਜਿਨ੍ਹਾਂ ਵਿਚ ਰਾਗ ਸਾਰੰਗ, ਗਉੜੀ, ਭੈਰਉ, ਰਾਮਕਲੀ, ਗੂਜਰੀ, ਦੇਵਗੰਧਾਰੀ, ਪ੍ਰਭਾਤੀ, ਧਨਾਸਰੀ, ਸੂਹੀ, ਤਿਲੰਗ, ਮਾਝ ਆਦਿ ਰਾਗ ਵਿਸ਼ੇਸ਼ ਹਨ। ਪ੍ਰਕਿਰਤੀ ਕਰਕੇ ਸਾਂਝੇ ਰਾਗ ਅਤੇ ਬਾਣੀ ਦੀ ਨਿਵੇਕਲੀ ਮਿਸਾਲ ਹੈ। ਜੋਗੀਆਂ ਦੇ ਪ੍ਰਿਯ ਰਾਗ ਰਾਮਕਲੀ ਵਿਚ ਰਚਿਤ ਜੋਗ ਤੇ ਸੰਨਿਆਸ ਸਬੰਧੀ ਬਾਣੀ ਵਿਸ਼ੇਸ਼ ਰੂਪ ਵਿਚ ਵਿਚਰਦੀ ਹੈ, ਜਿਵੇਂ :-

ਰੇ ਮਨ ਐਸੋ ਕਰਿ ਸੰਨਿਆਸਾ॥
ਬਨ ਸੇ ਸਦਨ ਸਭੈ ਕਰਿ ਸਮਝਹੁ
ਮਨ ਹੀ ਮਾਹਿ ਉਦਾਸਾ॥੧॥ ਰਹਾਉ॥
ਜਤ ਕੀ ਜਟਾ ਜੋਗ ਕੋ ਮੰਜਨੁ
ਨੇਮ ਕੇ ਨਖਨ ਬਢਾਓ॥
ਗਿਆਨ ਗੁਰੂ ਆਤਮ ਉਪਦੇਸਹੁ
ਨਾਮ ਬਿਭੂਤ ਲਗਾਓ॥੧॥ (ਰਾਮਕਲੀ ਪਾਤਿਸ਼ਾਹੀ ੧੦)
ਰੇ ਮਨ ਇਹ ਬਿਧਿ ਜੋਗ ਕਮਾਓ॥
ਸਿੰਙੀ ਸਾਜ ਅਕਪਟ ਕੰਠਲਾ
ਧਿਆਨ ਬਿਭੂਤ ਚੜਾਓ॥੧॥ ਰਹਾਉ॥
ਤਾਤੀ ਗਹੁ ਆਤਮ ਬਸਿ ਕਰ ਕੀ
ਭਿੱਛਾ ਨਾਮ ਅਧਾਰੰ॥
ਬਾਜੇ ਧਰਮ ਤਾਰ ਤਤੁ ਹਰਿ ਕੋ
ਉਤਜੈ ਰਾਗ ਰਸਾਰੰ॥੧॥ (ਰਾਮਕਲੀ ਪਾਤਿਸ਼ਾਹੀ ੧੦)

ਰਾਗ ਸੋਰਠਿ ਅਧੀਨ ਪ੍ਰਭੂ ਦੇ ਦਇਆਮਈ ਗੁਣਾਂ ਦਾ ਵਰਣਨ ਕਾਵਿਕ ਅਤੇ ਸੰਗੀਤ ਪੱਖੋਂ ਸਰਵੋਤਮ ਹੈ। ਦਸਮ ਗ੍ਰੰਥ ਦੀ ਬਾਣੀ ਵਿਚ ਪ੍ਰਯੁਕਤ ਸੰਗੀਤ ਛੰਦ ਗੁਰੂ ਗੋਬਿੰਦ ਸਿੰਘ ਜੀ ਦੇ ਨਾਦਾਤਮਕ ਸੰਸਾਰ ਦਾ ਸਰਵੋਤਮ ਨਮੂਨਾ ਹੈ। ਜਿਵੇਂ ਸੰਗੀਤ ਛਪੈ ਛੰਦ, ਸੰਗੀਤ ਪਧਿਸਟਕਾ ਛੰਦ, ਸੰਗੀਤ ਬਹੜਾ ਛੰਦ, ਸੰਗੀਤ ਭੁਜੰਗ ਪ੍ਰਯਾਤ, ਸੰਗੀਤ ਨਰਾਜ ਛੰਦ, ਸੰਗੀਤ ਮਧੁਭਾਰ ਛੰਦ ਆਦਿ। ਇਨ੍ਹਾਂ ਪਦਾਂ ਦੀ ਛੰਦਾਤਮਕ ਲੈਅ ਵਿਚ ਮਿਰਦੰਗ ਦੇ ਬੋਲਾਂ ਦੀ ਗੂੰਜ ਅਤੇ ਰਵਾਨੀ ਹੈ। ਮਿਰਦੰਗ ਦੀ ਪੜੰਤ ਵਾਂਗੂ ਇਨ੍ਹਾਂ ਬੋਲਾਂ ਦੀ ਸ਼ਬਦ ਧੁਨੀ ਤਾਲਾਤਮਕ ਨਾਦ ਉਤਪੰਨ ਕਰਦੀ ਹੈ। ਇਨ੍ਹਾਂ ਛੰਦਾਂ ਦੀਆਂ ਕੁਝ ਉਦਾਹਰਣਾਂ ਇਸ ਪ੍ਰਕਾਰ ਹਨ :-

ਕਾਗੜਦੀ ਕੁੱਪਯੋ ਕਪਿ ਕਟਕ,
ਬਾਗੜਦੀ ਬਾਜਨ ਰਣ ਬੰਜੀਯ॥
ਤਾਗੜਦੀ ਤੇਗ ਝਲਹਲੀ,
ਗਾਗੜਦੀ ਜੋਧਾ ਗਲ ਗੱਜੀਯ॥ (ਰਾਮਾਵਤਾਰ)
ਕਾਗੜਦੰ ਕੋਪ ਕੈ ਦਈਤ ਰਾਜਾ
ਜਾਗੜਦੰ ਜੁਧ ਕੋ ਸਜਯੋ ਸਾਜ॥
ਬਾਗੜਦੰ, ਬੀਰ ਬੁਲੇ ਅਨੰਤ।
ਰਾਗੜਦੰ ਰੋਸ ਰੋਹੇ ਦੁਰੰਤ॥੪੮੩॥ (ਰਾਮਾਵਤਾਰ)
ਕਾਗੜਦੰ ਕਾਤੀ, ਕਟਾਰੀ ਕੜਾਕੰ।
ਤਾਗੜਦੰ ਤੀਰੰ, ਤੁਪੱਕੋ ਤੜਾਕੰ।
ਝਾਗੜਦੰ ਨਾਗੜਦੰ, ਬਾਗੜਦੰ ਬਾਜੇ,
ਗਾਗੜਦੰਗਾਜੀਮਹਾਰਾਜਗਾਜੇ॥੮੧੨॥ (ਚੰਡੀ ਚਰਿੱਤਰ)
ਕਾਗੜਦੰ ਕੜਾਕ। ਤਾਗੜਦੰ ਤੜਾਕ।
ਸਾਗੜਦੰ ਸੁ ਬੀਰ। ਗਾਗੜਦੰ ਗਹੀਰ।
ਨਾਗੜਦੰ ਨਿਸਾਣ। ਜਾਗੜਦੰ ਜੁਆਣ।
ਨਾਗੜਦੰ ਨਿਹੰਗ। ਪਾਗੜਦੀ ਪਲੰਗ॥੧੬੭॥
(ਚੰਡੀ ਚਰਿੱਤਰ)

ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਸਿਧ ਰਚਨਾ ਖਿਆਲ ਪਾਤਿਸ਼ਾਹੀ 10 'ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ' ਪੰਜਾਬੀ ਸਾਹਿਤ ਲਈ ਉਚਤਮ ਕਾਵਿ ਨਮੂਨਾ ਹੈ। ਖਿਆਲ ਭਾਰਤੀ ਸੰਗੀਤ ਦੀ ਪ੍ਰਸਿਧ ਗਾਇਨ ਸ਼ੈਲੀ ਹੈ ਜਿਸ ਦਾ ਆਰੰਭਿਕ ਸਰੂਪ 15ਵੀਂ ਸਦੀ ਦੇ ਕਰੀਬ ਵਿਕਸਿਤ ਹੋਇਆ ਮੰਨਿਆ ਜਾਂਦਾ ਹੈ ਪਰ ਇਸ ਦੇ ਸਪਸ਼ਟ ਪ੍ਰਮਾਣ ਨਹੀਂ ਮਿਲਦੇ। ਖਿਆਲ ਸ਼ੈਲੀ ਨੂੰ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਦਾਰੰਗ (ਸੰਗੀਤਕਾਰ ਨਿਯਾਮਤ ਖਾਂ) ਨੇ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਦੇ ਕਾਲ ਵਿਚ ਅਪਣਾਇਆ। ਗੁਰੂ ਗੋਬਿੰਦ ਜੀ ਦੁਆਰਾ ਰਚਿਤ ਖਿਆਲ ਪਾਤਸ਼ਾਹੀ 10 ਸਿਰਲੇਖ ਅਧੀਨ ਰਚਿਤ ਇਹ ਰਚਨਾ ਪ੍ਰੌਢ ਸ਼ੈਲੀ ਤੋਂ ਇਹ ਪ੍ਰਤੱਖ ਹੈ ਕਿ ਇਸ ਗਾਇਨ ਰੂਪ ਦਾ ਸ਼ਾਹ ਸਦਾਰੰਗ ਤੋਂ ਪੂਰਵ ਰਚੇ ਜਾਣਾ ਅਤੇ ਲੋਕਪ੍ਰਿਯ ਹੋ ਜਾਣਾ ਖਿਆਲ ਸ਼ੈਲੀ ਦੇ ਵਰਤਮਾਨ ਸਰੂਪ ਦਾ ਆਗਾਜ਼ ਸੀ, ਕਿਉਂਕਿ ਗੁਰੂ ਗੋਬਿੰਦ ਜੀ ਅਤੇ ਪੂਰਵ ਕਾਲੀਨ ਖਿਆਲ ਸ਼ੈਲੀ ਵਿਚ ਕੋਈ ਪ੍ਰਮਾਣਿਕ ਰਚਨਾ ਅਜੇ ਸਾਨੂੰ ਪ੍ਰਾਪਤ ਨਹੀਂ ਹੋ ਸਕੀ।

ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਭਾਰਤੀ ਸੰਗੀਤ ਦੀ ਸ਼ਬਦਾਵਲੀ ਦੇ ਅਨੇਕ ਰੂਪਾਂ ਦਾ ਵਿਵਿਧਅਕਾਰੀ ਪ੍ਰਯੋਗ ਵੀ ਮਿਲਦਾ ਹੈ। ਜਿਵੇਂ ਢੋਲ, ਮਿਰਦੰਗ, ਨਗਾਰੇ, ਸੰਖ, ਧੁਨੀ, ਕੋਲਾਹਲ ਰਾਗ, ਗੰਧਰਵ, ਸਿੰਙੀ, ਡੰਡੀ, ਰਾਗ ਰਸਾਲੂ, ਤਾਨ ਤਰੰਗ, ਤਾਲ, ਗੀਤ ਆਦਿ ਸ਼ਬਦ ਗੂੜ੍ਹ ਸੰਗੀਤ ਕਸਮ ਦੀ ਉਪਜ ਹਨ। ਫੱਗਣ ਦੀ ਰੁੱਤ ਵਿਚ ਹੋਲੀ ਖੇਡਣ ਨੂੰ 'ਖੇਲਤ ਧਮਾਰ' ਕਹਿਣਾ ਉਸ ਸਮੇਂ ਦੀ ਪ੍ਰਸਿਧ ਗਾਇਨ ਸ਼ੈਲੀ ਧਮਾਰ ਸਬੰਧੀ ਜਾਣਕਾਰੀ ਹੀ ਨਹੀਂ ਦਰਸਾਉਂਦੀ ਸਗੋਂ ਇਸ ਸ਼ੈਲੀ ਦੀ ਵਿਹਾਰਕਤਾ ਨੂੰ ਸੰਗੀਤਕ ਦ੍ਰਿਸ਼ਟੀ ਤੋਂ ਪ੍ਰਗਟਾਇਆ ਹੈ।

ਸ੍ਰੀ ਸਰਬ ਲੋਹ ਗ੍ਰੰਥ ਨੂੰ ਗੁਰੂ ਗੋਬਿੰਦ ਜੀ ਦੀ ਰਚਨਾ ਮੰਨਣ ਬਾਰੇ ਤਾਂ ਵਿਦਵਾਨ ਕਿੰਤੂ-ਪਰੰਤੂ ਕਰਦੇ ਹਨ ਪਰ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਨਾਲ ਜੁੜੀ ਇਸ ਰਚਨਾ ਵਿਚ ਸੰਗੀਤ ਦਾ ਵਿਸ਼ਾਲ ਸਰਮਾਇਆ ਮੌਜੂਦ ਹੈ ਜਿਸ ਵਿਚ ਅਨੇਕ ਰਾਗਾਂ, ਰਾਗ ਪ੍ਰਕਾਰਾਂ ਦਾ ਜ਼ਿਕਰ ਹੈ, ਜਿਵੇਂ : ਰਾਗ ਸਾਰੰਗ, ਗਉੜੀ, ਭੈਰਉ, ਰਾਮਕਲੀ, ਗੂਜਰੀ, ਦੇਵਗੰਧਾਰੀ, ਪ੍ਰਭਾਤੀ, ਜੈਤਸਰੀ, ਬੇਰਾੜੀ, ਬਿਲਾਵੀ, ਬੰਗਾਲਮ, ਖਉਖਟ ਤਯਲੰਗੀ ਮੰਗਲਨ, ਕੁਸਮ, ਸਯਾਮ ਆਦਿ। ਇਸੇ ਤਰ੍ਹਾਂ ਕੁਝ ਰਾਗ ਪ੍ਰਕਾਰ ਧਨਾਸਰੀ ਅੰਬਿਕਾ, ਬਿਲਾਵਲ ਮੰਗਲ, ਤੇਲੰਗ ਕਾਫੀ, ਗਾਉੜੀ ਪੂਰਬੀ, ਗਉੜੀ ਬੈਰਾਗਣਿ, ਗਉੜੀ ਚੇਤੀ, ਆਸਾ ਕਾਫੀ, ਨਟ ਨਾਰਾਇਣ, ਕਾਫੀ ਨਟ, ਬਿਹਾਗੜਾ ਅਡਾਨਾ, ਮਾਲਵਾ, ਗੋਡ ਬਿਲਾਵਲ, ਸਾਰੰਗ ਕਾਫੀ ਆਦਿ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਸੰਗੀਤਕ ਯੋਗਦਾਨ ਨੂੰ ਗੁਰਮਤਿ ਸੰਗੀਤ ਦੇ ਵਿਕਾਸ ਲਈ ਵਿਸ਼ੇਸ਼ ਰੂਪ ਵਿਚ ਅਧਿਐਨ ਕਰਨ ਦੀ ਜ਼ਰੂਰਤ ਹੈ ਜਿਸ ਨਾਲ ਅਸੀਂ ਗੁਰਮਤਿ ਸੰਗੀਤ ਨੂੰ ਕ੍ਰਾਂਤੀਕਾਰੀ ਵਿਸਥਾਰ ਕਰ ਸਕਦੇ ਹਾਂ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪ੍ਰਯੋਗ ਕੀਤੇ ਗਏ ਰਾਗ, ਗਾਇਨ ਰੂਪ, ਸੰਗੀਤ ਛੰਦ ਅਤੇ ਹੋਰ ਸੰਗੀਤ ਜੁਗਤਾਂ ਦੇ ਗਹਿਰੇ ਅਧਿਐਨ ਦੁਆਰਾ ਹੀ ਸੰਭਵ ਹੈ।



# ਕਾਵਿ ਸੰਸਾਰ

## ਧਰਮ ਯੁੱਧ



ਪ੍ਰਮਿੰਦਰ ਸਿੰਘ ਪ੍ਰਵਾਨਾ

ਦਸਮੇਸ਼ ਪਿਤਾ ਨੇ
ਗੁਰੂਆਂ ਦੇ
ਅਧਿਆਤਮ ਗਿਆਨ
ਨੂੰ ਬਲਵਾਨ ਕੀਤਾ
ਗੁਰਾਂ ਸਸ਼ਤਰਧਾਰੀ ਪੰਥ ਸਜਾਇਆ,
ਦਬੀ ਕੁਚੀ ਕੌਮ ਨੂੰ
ਜਗਾਉਣ ਲਈ
ਰੂਹਾਨੀ ਸਾਹਿਤ ਨੂੰ
ਬੀਰ-ਰਸ ਪਾ ਦੇ ਕੇ
ਨਵਾਂ ਜੋਸ਼ ਪ੍ਰਗਟਾਇਆ
ਧਰਮ ਯੁੱਧ ਦਾ ਚਾਊ ਪੈਦਾ ਕੀਤਾ
ਨਿਹੱਥੇ ਨਿਤਾਣਿਆਂ ਨੂੰ
ਮੁਗਲਾਂ ਖਿਲਾਫ਼
ਜੂਝਣ ਲਈ ਤਿਆਰ ਕੀਤਾ।
ਗੁਰਾਂ ਬੀਰਰਸ ਸਾਹਿਤ ਰਚ ਕੇ
ਦਰਬਾਰੀ ਰਤਨਾਂ ਨੂੰ
ਕੋਮ ਉਸਾਰੀ ਲਈ ਸਰਗਰਮ ਬਣਾਇਆ
ਸਾਹਿਤ ਧਾਰਾ ਦੀ ਸਥਾਪਨਾ ਹੋਈ
ਵਿਦਵਾਨਾਂ ਸੂਰਮਿਆਂ ਦਾ ਸੁਮੇਲ ਹੋਇਆ।
ਗੁਰਾਂ ਤੇਗ ਵੀ ਚਲਾਈ,
ਗੁਰਾਂ ਕਲਮ ਵੀ ਵਾਹੀ
ਸਾਹਿਤ ਦਾ ਸਫਰ ਅਨੰਦਪੁਰ ਸਾਹਿਬ ਤੋਂ
ਪਾਉਂਟਾ ਵਾਪਸ ਅਨੰਦਪੁਰ ਸਾਹਿਬ ਤੋਂ
ਦਮਦਮਾ ਸਾਹਿਬ ਲਖੀ ਜੰਗਲਾਂ ਤੋਂ
ਸਾਹਿਤ ਦਾ ਪ੍ਰਵਾਹ ਚਲਾਇਆ।
ਗੁਰੂ ਸ਼ਰਨ ਵਿਚ ਆਏ ਦਰਬਾਰੀ ਰਤਨਾਂ
ਦਾ ਸਤਿਕਾਰ ਕੀਤਾ
ਪਾਉਂਟਾ ਸਾਹਿਬ ਵਿਖੇ 1685-89 ਤੱਕ
ਯਮਨਾ ਦੇ ਰਮਣੀਕ ਕਿਨਾਰੇ
ਕਵੀ ਦਰਬਾਰ ਗੋਸ਼ਟੀਆਂ ਦਾ
ਪ੍ਰਵਾਹ ਚਲਾਇਆ।
ਫੌਜੀ ਛਾਉਣੀਆਂ ਸੰਗ
ਸਾਹਿਤ ਰਚਨਾ ਹੋਈ,
ਗੁਰਾਂ ਭਾਰਤੀ ਸੰਸਕ੍ਰਿਤੀ
ਦੀ ਰੱਖਿਆ ਲਈ
ਧਰਮ ਯੱਗ ਚਲਾਇਆ
ਲੋਕ ਜਾਗ੍ਰਿਤੀ ਵਿਚ ਕ੍ਰਾਂਤੀ ਆਈ
'ਪ੍ਰਵਾਨਾ' ਨੇ ਸਾਹਿਤ ਧਰਮ ਯੱਗ
ਅੱਗੇ ਸਦਾ ਸੀਸ ਝੁਕਾਇਆ।

## ਅਨੰਦ ਪੁਰੀ



ਗੁਰਮੁਖ ਸਿੰਘ ਮੁਸਾਫਰ

ਦੱਸੀਂ ਪੁਰੀ ਅਨੰਦ ਦਿਆ ਵਾਸੀਆ ਵੇ,
ਅਪਨਾ ਸਾਥ ਸਾਰਾ ਕਿੱਥੇ ਛੋੜ ਆਇਓਂ ।
ਜੁੜਿਆ ਲੜੀ ਦੇ ਵਾਂਗ ਪਰਵਾਰ ਸੀਗਾ,
ਮੋਤੀ ਹਾਰ ਚੋਂ ਤੋੜ ਵਿਛੋੜ ਆਇਓਂ ।
ਸੋਹਣੇ ਬਾਗ਼ ਪ੍ਰਵਾਰ ਦੇ ਖੇਤ ਵਿਚੋਂ,
ਫੁੱਲ ਮਹਿਕਦੇ ਕਿੱਥੇ ਤ੍ਰੋੜ ਆਇਓਂ ।
ਕਿੱਥੇ ਮਾਤ ਪਿਆਰੀ ਕਿੱਥੇ ਲਾਲ ਚਾਰੇ,
ਕਿਥੇ ਬਾਜ ਘੋੜਾ ਵਾਗਾਂ ਮੋੜ ਆਇਓਂ ।
ਦਰਸ਼ਨ ਪਤੀ ਦਾ ਪਾਇਕੇ ਮਾਤ ਸੁੰਦਰੀ,
ਕਹਿੰਦੀ ਛੱਡਿਆ ਕਿੱਥੇ ਦੁਲਾਰਿਆਂ ਨੂੰ ।
ਮੇਰੇ ਬੇਟਿਆਂ ਜਿਗਰ ਦੇ ਟੋਟਿਆਂ ਨੂੰ,
ਮੇਰੀ ਅਖ ਦੇ ਚਮਕਦੇ ਤਾਰਿਆਂ ਨੂੰ ।

ਜਿੱਧਰ ਨਜ਼ਰ ਮਾਰਾਂ ਸੱਭੋ ਹੈਨ ਅਪਨੇ,
ਮੇਰ ਤੇਰ ਦਾ ਭੇਦ ਮਿਟਾ ਆਇਆ ।
ਉਹ ਤਾਂ ਕਰਜ਼ ਕਰਤਾਰ ਦਾ ਸਿਰ ਸੀਗਾ,
ਭਾਗਾਂ ਵਾਲੀਏ ਅੱਜ ਮੁਕਾ ਆਇਆ ।
ਹੋਇਆ ਕੀ ਜੇ ਧਰਮ ਦੀ ਆਨ ਬਦਲੇ,
ਚਾਰੇ ਲਾਲ ਅਪਣੇ ਅਸੀਂ ਵਾਰ ਬੈਠੇ ।
ਸਾਈਂ ਵਾਲੀਏ ਮਾਰ ਕੇ ਨਜ਼ਰ ਤਕ ਲੈ,
ਤੇਰੀ ਗੋਦੀ ਵਿਚ ਕਈ ਹਜ਼ਾਰ ਬੈਠੇ ।

ਅਸਾਂ ਸਖ਼ੀ ਫ਼ੱਯਾਜ਼ ਵੀ ਬਹੁਤ ਡਿੱਠੇ,
ਸੁਣੀ ਕਥਾ ਵੀ ਏ ਰਾਜੇ ਰਾਨੀਆਂ ਦੀ ।

ਧਨ ਦੇਣ ਵਾਲੇ ਮਨ ਦੇਣ ਵਾਲੇ,
ਤਨ ਦੇਣ ਵਾਲੇ ਬ੍ਰਹਮ ਗਿਆਨੀਆਂ ਦੀ ।
ਦਿੱਤਾ ਜਾਣਦੇ ਸਭੀ ਕਰਤਾਰ ਦਾ ਜੋ,
ਅਸਾਂ ਲਿਸਟ ਵੇਖੀ ਕਈਆਂ ਦਾਨੀਆਂ ਦੀ ।
ਕਲਗੀ ਵਾਲੜੇ ਗੁਰੂ ਦਾ ਨਾਮ ਲਿਆਂ,
ਹੱਦ ਮੁੱਕ ਜਾਂਦੀ ਕੁਰਬਾਨੀਆਂ ਦੀ ।
ਸੱਕੇ ਬੇਟਿਆਂ ਜਿਗਰ ਦੇ ਟੋਟਿਆਂ ਨੂੰ,
ਜ਼ਿੰਦਾ ਵਿਚ ਨੀਹਾਂ ਚਿਣਵਾਇ ਕਿਹੜਾ ।
ਸਿਹਰੇ ਬੰਨ੍ਹ ਸ਼ਹਾਦਤ ਦੇ ਆਪ ਹੱਥੀਂ,
ਧਰਮ ਹੇਤ ਸ਼ਹੀਦ ਕਰਇ ਕਿਹੜਾ ।

ਸਿਰ ਧਰ ਤਲੀ ਪ੍ਰੇਮ ਦੀ ਗਲੀ ਜਾਣਾ,
ਇਹ ਹੈ ਸਬਕ ਤੇਰਾ ਬਾਜਾਂ ਵਾਲਿਆ ਵੇ ।
ਕੌਮੀ ਪਿਆਰ ਤੇ ਧਰਮ ਦੀ ਅਣੀ ਵਾਲੇ,
ਸਦਾ ਸੀਸ ਦੇ ਕੇ ਇਹਨੂੰ ਪਾਲਿਆ ਵੇ ।
ਫੇਰ ਸਮੇਂ ਦਾ ਸਮੇਂ ਨੇ ਸਮਾਂ ਦਿੱਤਾ,
ਸਿੱਦਕ ਵਾਲਿਆਂ ਨਫ਼ਾ ਉਠਾਲਿਆ ਵੇ ।
ਐਪਰ ਗਿਆ @ਮੁਸਾਫ਼ਰ@ ਨ ਰਾਹ ਉਤੇ,
ਨਾ ਹੀ ਸਫ਼ਰ ਦੇ ਦੁਖ ਨੂੰ ਝਾਲਿਆ ਵੇ ।
ਪਾਵਨ ਦਰਸ ਤੇ ਓਹੀ ਦੀਦਾਰ ਕਰਦੇ,
ਉਠ, ਰਾਹ ਪਿਆਰੇ ਦਾ ਮੱਲਦੇ ਜੋ ।
ਪਹੁੰਚਨ ਵਤਨ ਪਿਆਰੇ ਦੇ ਓਹੀ ਬੰਦੇ,
ਪੀੜਾਂ ਵਿਚ ਮੁਸਾਫ਼ਰੀ ਝੱਲਦੇ ਜੋ ।

ਸ਼ਹੀਦੀ ਦਿਵਸ 'ਤੇ ਵਿਸ਼ੇਸ਼

## 'ਤੋਰਦੇ ਛੇਤੀ ਮਾਂ ਦਾਦੀ'



ਲਖਵਿੰਦਰ ਸਿੰਘ ਲੱਖਾ ਸਲੇਮਪੁਰੀ
9855227530

ਸਾਨੂੰ ਤੋਰਦੇ ਛੇਤੀ ਮਾਂ ਦਾਦੀ,
ਅਸਾਂ ਮੌਤ ਵਿਆਹਵਣ ਜਾਣਾ ਏ,
ਸਾਡਾ ਨਾਸ਼ਵਾਨ ਇਹ ਦੁਨੀਆਂ ਤੇ,
ਪਲ ਦੋ ਪਲ ਹੋਰ ਟਿਕਾਣਾ ਏ।
ਸਾਨੂੰ.....।
ਗੁਰੂ ਪਿਤਾ ਗੋਬਿੰਦ ਦੇ ਲਾਲ ਅਸੀਂ,
ਜੋ ਜ਼ਬਰ ਜ਼ੁਲਮ ਨਾਲ ਹੈ ਲੜਦੇ,
ਇਹ ਵੇਲਾ ਸ਼ਗਨ ਮਨਾਵਣ ਦਾ,
ਲਾ ਸੀਨੇ ਸਿਰ ਤੇ ਹੱਥ ਧਰ ਦੇ,
ਅਸਾਂ ਵਿੱਚ ਉਹ ਕਚਿਹਰੀ ਸੂਬੇ ਦੀ,
ਨਾ ਰੱਤੀ ਵੀ ਘਬਰਾਣਾ ਏ,
ਸਾਨੂੰ.....।
ਤੁਸੀਂ ਸਾਥ ਪਿਤਾ ਦਾ ਛੱਡਿਓ ਨਾ,
ਵੱਡਿਆਂ ਵੀਰਾਂ ਨੂੰ ਕਹਿਣਾ ਜੀ,
ਅਸੀਂ ਲਾੜੀ ਮੌਤ ਵਿਆਹ ਚੱਲੇ,
ਪਾ ਅਣਖ਼ ਇੱਜਤ ਦਾ ਗਹਿਣਾ ਜੀ,
ਕਦੇ ਧਰਮ ਕੌਮ ਨੂੰ ਪਿੱਠ ਦੇ ਕੇ,
ਨਾ ਦਾਗ਼ ਸਿੱਖੀ ਨੂੰ ਲਾਣਾ ਏ,
ਸਾਨੂੰ.....।
ਹੱਸ ਹੱਸਕੇ ਸ਼ਹੀਦੀਆਂ ਪਾਵਾਂਗੇ,
ਦੁਨੀਆਂ ਤੇ ਅਮਰ ਹੋ ਜਾਵਾਂਗੇ,
ਮੁੜ ਮੁੜ ਆਵਾਂਗੇ ਜੱਗ ਉੱਤੇ,
ਦੁਸ਼ਟਾਂ ਨੂੰ ਸੋਧੇ ਲਾਵਾਂਗੇ,
ਦੇਸਮੇਸ਼ ਪਿਤਾ ਦੀ ਸਿੱਖੀ ਦਾ,
ਇਹੋ ਬਹੁਤ ਕੀਮਤੀ ਬਾਣਾ ਏ,
ਸਾਨੂੰ.....।
ਭਾਵੇਂ ਕੰਧਾਂ ਲੱਖ ਉਸਾਰਨ ਉਹ,
ਸਾਨੂੰ ਸਿੱਖਿਆ ਧਰਮੋਂ ਨਾ ਹੱਟਿਓ,
ਸਾਡੀ ਭੁੱਲਣਾ ਨਾ ਕੁਰਬਾਨੀ ਨੂੰ,
ਦਸਮੇਸ਼ ਪਿਤਾ ਦੇ ਸਿੱਖ ਬੱਚਿਓ,
'ਲੱਖੇ' ਸਲੇਮਪੁਰੀਏ ਵਰਗਿਆਂ ਨੂੰ,
ਬੱਸ ਇਹੋ ਈ ਸਮਝਾਣਾ ਏ,
ਸਾਨੂੰ.....।

## ਕੰਧੇ ਨੀ ਸਰਹੰਦ ਦੀਏ..

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ.ਕੇ.

ਕੰਧੇ ਨੀ ਸਰਹੰਦ ਦੀਏ, ਕੁੱਝ ਤਾਂ ਮੂੰਹੋਂ ਬੋਲ,
ਗੁੱਝੇ ਭੇਦ ਅਤੀਤ ਦੇ, ਜ਼ਰਾ ਫਿਰ ਤੋਂ ਖੋਲ੍ਹ।
ਤੇਰੇ ਅੰਦਰ ਕੀ ਸਮਾਇਆ, ਤੂੰ ਭਲੇ ਹੀ ਜਾਣੇ,
ਤੇਰੇ ਜ਼ਰੇ ਜ਼ਰੇ ਨਹੀਂ, ਇਤਿਹਾਸ ਤੋਂ ਅਣਜਾਣੇ।
ਤੇਰੀਆਂ ਇੱਟਾਂ ਦਾ ਰੰਗ ਲਾਲ, ਐਵੇਂ ਨਹੀਂ ਹੋਇਆ,
ਇਸ ਵਿੱਚ ਮਾਸੂਮ ਲਾਲਾਂ ਦਾ, ਹੈ ਖ਼ੂਨ ਸਮੋਇਆ।
ਜਿਨ੍ਹਾਂ ਨੇ ਹੱਕ 'ਤੇ ਸੱਚ ਲਈ, ਜੈਕਾਰੇ ਛੱਡ ਕੇ,
ਬਲੀਦਾਨ ਸੀ ਆਪਣੇ ਦਿੱਤੇ, ਸਭ ਲਾਲਚ ਤੱਜ ਕੇ।
ਮਹਾਨ ਨਿੱਕੀਆਂ ਜਿੰਦਾਂ ਨੇ, ਹਿਲਾ ਦਿੱਤੇ ਮੀਨਾਰੇ,
ਮਲੀਆਮੇਟ ਕਰ ਦਿੱਤੇ, ਰਹਿੰਦੀ ਦੁਨੀਆ ਤੱਕ ਸਾਰੇ।
ਗਵਾਹ ਨੇ ਤੇਰੇ ਹੱਕ ਵਿੱਚ, ਕਈ ਅਨੋਖੇ ਦਾਨੀ,
ਜਿਨ੍ਹਾਂ ਨੇ ਸਭ ਕੁੱਝ ਵਾਰ ਕੇ, ਦਿੱਤੀ ਕੁਰਬਾਨੀ।
ਕਈ ਮਰਜੀਵੜੇ ਨਿੱਤਰੇ, ਇਤਿਹਾਸ ਦੇ ਮੋਤੀ,
ਜਗਾਈ ਰੱਖੀ ਜਿਨ੍ਹਾਂ ਨੇ, ਵਫ਼ਾ ਦੀ ਜੋਤੀ।
ਤੈਨੂੰ ਨਤਮਸਤਕ ਹੋਣ ਲਈ, ਕਈ ਆਏ ਬਹਾਦਰ,
ਬੰਦ ਬੰਦ ਕਟਵਾ ਗਏ, ਸੁੱਚੀ ਅਣਖ ਦੀ ਖ਼ਾਤਰ।
ਸ਼ਾਲਾ ਤੇਰੀ ਸ਼ਾਨ ਸਦਾ, ਰਹੇ ਜੱਗ 'ਤੇ ਉੱਚੀ,
ਸੁਣਦੀ ਰਹੇ ਸਿੱਖ ਕੌਮ, ਤੇਰੀ ਦਾਸਤਾਂ ਅਦੁੱਤੀ।
ਕੰਧੇ ਨੀ ਸਰਹੰਦ ਦੀਏ, ਕੁੱਝ ਤਾਂ ਮੂੰਹੋਂ ਬੋਲ,
ਗੁੱਝੇ ਭੇਦ ਅਤੀਤ ਦੇ, ਜ਼ਰਾ ਫਿਰ ਤੋਂ ਖੋਲ੍ਹ।

## ਸਤਿਗੁਰ ਦਾ ਪੈਗਾਮ

(ਆਪਣੇ ਆਦਰਸ਼ ਸਿੱਖ ਦੇ ਨਾਮ)



ਲਾਲਾ ਧਨੀ ਰਾਮ ਚਾਤ੍ਰਿਕ

ਹੇ ਗੁਰ ਸਿਖ ਵਾੜੀ ਦੇ ਫੁੱਲਾ,
ਉਠ ਨਵੀਂ ਬਹਾਰ ਖਿੜਾ ਸਿਖਾ ।
ਦੁਨੀਆਂ ਨੂੰ ਸੀਤਲ ਕਰਨ ਲਈ,
ਤੂੰ ਆਪਣੀ ਮਹਿਕ ਲੁਟਾ ਸਿਖਾ ।

ਜੇ ਮੇਰਾ ਸਿਖ ਸਦਾਣਾ ਈ,
ਜੇ ਪ੍ਰੇਮ ਗਲੀ ਵਿਚ ਜਾਣਾ ਈ,
ਤਦ ਆਪਣਾ ਆਪ ਗੁਆ ਸਿਖਾ,
ਸਹਿ ਚੋਟਾਂ ਸਿਦਕ ਵਿਖਾ ਸਿਖਾ ।

ਜਦ ਮੇਰਾ ਅੰਮ੍ਰਿਤ ਪੀਤਾ ਸੀ,
ਇਕਰਾਰ ਇਹੋ ਤੂੰ ਕੀਤਾ ਸੀ,
ਮੇਰੇ ਮਕਸਦ ਦੇ ਰਸਤੇ ਵਿਚ,
ਦੇਵੇਂਗਾ ਸਭ ਕੁਝ ਲਾ ਸਿਖਾ ।

ਪਾ ਕੇ ਚੋਲਾ ਪਰਵਾਨੇ ਦਾ,
ਰਖ ਚੇਤਾ ਅਸਲ ਨਿਸ਼ਾਨੇ ਦਾ,
ਛਡ ਝਾਕ ਨਫੇ ਨੁਕਸਾਨਾਂ ਦੀ,
ਅੱਖ ਮੀਟੀ ਤੁਰਿਆ ਜਾ ਸਿਖਾ ।

ਆਦਰਸ਼ ਤੇਰਾ ਜਦ ਮਰਨਾ ਹੈ,
ਇਕ ਸਿਦਕ ਸਮੁੰਦਰ ਤਰਨਾ ਹੈ,
ਤੂੰ ਧਰਤੀ ਤੇ ਕੀ ਕਰਨਾ ਹੈ,
ਉਠ ਅਰਸ਼ ਉਡਾਰੀ ਲਾ ਸਿਖਾ ।

## ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਦੀ ਦਾਦੀ ਤੋਂ ਵਿਦਾਇਗੀ ਦੇ ਨਾਂ

ਸੰਤ ਰਾਮ ਉਦਾਸੀ

ਦਾਦੀਏ ! ਅੰਮੀਏ ! !
ਅਸੀਂ ਅੱਜ ਤੇਰੇ ਮਹਿਮਾਨ ।
ਅਸੀਂ ਹਾਂ ਜਗਾਉਣ ਚੱਲੇ ਇੱਟਾਂ ਦਿਆਂ ਦਿਲਾਂ ਵਿਚ,
ਮਮਤਾ ਦਾ ਵਰਦਾਨ ।

ਸਾਂਭੀ ਤਾਂ ਰੱਖਣ ਤੇਰੇ ਬਾਗ਼ ਦੇ ਬਗੀਚੜੇ
ਸਦੀਆਂ ਦੀ ਖੁਸ਼ਬੋ ।
ਬੰਨ੍ਹ ਬੰਨ੍ਹ ਪੰਡਾਂ ਅਸੀਂ ਆਪਣਿਆਂ ਸਿਰਾਂ ਨਾਲ,
ਮਹਿਕਾਂ ਸਭ ਲੈਣੀਆਂ ਨੇ ਢੋਅ ।
ਤੇਰੀਆਂ ਬਰੂਹਾਂ ਉਤੋਂ ਕਵੀਆਂ ਨੂੰ ਲੱਭਣੇ ਨੇ,
ਕਵਿਤਾ ਦੇ ਅਨੁਵਾਨ ।
ਅਸੀਂ ਅੱਜ ਤੇਰੇ ਮਹਿਮਾਨ ।

ਆਪਣਿਆਂ ਪਿੰਡਿਆਂ 'ਤੇ ਵੇਖਣਾ ਪਰਖ ਕੇ ਹੈ,
ਜ਼ਾਲਮਾਂ ਤੇ ਜ਼ੁਲਮਾਂ ਦਾ ਸੇਕ ।
ਕਿਵੇਂ ਤਲਵਾਰਾਂ ਦੀਆਂ ਛਾਵਾਂ ਹੇਠ ਗੂੰਜਦੀ ਹੈ,
ਕਿਸੇ ਕੈਦੀ ਸੂਰਮੇ ਦੀ ਹੇਕ ।
ਕਾਲਿਆਂ ਕੇਸਾਂ ਦੇ ਨਾਲ ਰੱਖ ਕੇ ਵਿਖਾਉਣੀ,
ਤੇਰੇ ਦੁਧ ਚਿੱਟਿਆਂ ਦੀ ਸ਼ਾਨ ।
ਅਸੀਂ ਅੱਜ ਤੇਰੇ ਮਹਿਮਾਨ ।

ਆਏ ਸਾਲ ਕਿਹੜਾ ਤਾਂ ਚੁਰਾਏ ਸਾਡੇ ਖੇਤਾਂ ਵਿਚੋਂ,
ਪੈਲੀਆਂ ਦੇ ਮੱਥੇ ਦਾ ਗ਼ਰੂਰ ।
ਲੋਕਾਂ ਦੀਆਂ ਸਧਰਾਂ ਦਾ ਖ਼ੂਨ ਅਸੀਂ ਰੋਕਣਾ ਏਂ,
ਪਰ ਅਸੀਂ ਖ਼ੂਨ ਡੋਲ੍ਹਣਾ ਜ਼ਰੂਰ ।
ਜ਼ਾਲਮਾਂ ਦੇ ਪੈਰਾਂ ਨਾਲ ਅਸੀਂ ਨਹੀਂ ਹੋਣ ਦੇਣਾ,
ਪੈਹਿਆਂ ਦਾ ਅਪਮਾਨ ।
ਦਾਦੀਏ !ਅੰਮੀਏ ! !
ਅਸੀਂ ਅੱਜ ਤੇਰੇ ਮਹਿਮਾਨ ।
ਅਸੀਂ ਹਾਂ ਜਗਾਉਣ ਚੱਲੇ ਇੱਟਾਂ ਦਿਆਂ ਦਿਲਾਂ ਵਿਚ,
ਮਮਤਾ ਦਾ ਵਰਦਾਨ ।

# ਸਤਿਗੁਰ ਕੇ ਲਾਲ ਬੋਲੇ, "ਨਾ ਛੂਨਾ ਹਮਾਰੇ ਹਾਥ । ਗੜਨੇ ਹਮ ਆਜ ਜ਼ਿੰਦਾ ਚਲੇਂਗੇ ਖ਼ੁਸ਼ੀ ਕੇ ਸਾਥ"



ਹਰਮਨਪ੍ਰੀਤ ਸਿੰਘ
ਮੋ.: 9855010005

ਪੋਹ ਦੇ ਮਹੀਨੇ ਸਿੱਖ ਤਵਾਰੀਖ 'ਚ ਲਹੂ ਭਿੱਜੇ ਸ਼ਹੀਦੀ ਹਫਤੇ ਦੀਆਂ ਕਾਲੀਆਂ ਕਹਿਰ ਦੀਆਂ ਰਾਤਾਂ ਦੀ ਯਾਦ ਜ਼ਿਹਣ ਵਿਚ ਆਉਦਿਆਂ ਹੀ ਰੂਹ ਕੰਬ ਉੱਠਦੀ ਹੈ। ਮੁਗਲ ਸਲਤਨਤ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਾਂਤਮਈ ਢੰਗ ਨਾਲ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਲਈ ਚੁੱਕੀਆਂ ਸੋਹੁੰਆਂ ਉਦੋਂ ਝੂਠੀਆਂ 'ਹੋ ਨਿੱਬੜੀਆਂ ਜਦੋਂ ਤਵਾਰੀਖ 6 ਪੋਹ ਅਤੇ 7 ਪੋਹ ਸੰਮਤ 1761 ਬਿਕ੍ਰਮੀ ਅਰਥਾਤ ਮਿਤੀ 20 ਦਸੰਬਰ ਅਤੇ 21 ਦਸੰਬਰ 1704 ਈ. ਦੀ ਦਰਮਿਆਨੀ ਰਾਤ ਨੂੰ ਸੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਉੱਥੋਂ ਨਿਕਲੇ ਤਾਂ ਮੁਗਲ ਫੌਜ ਤੇ ਪਹਾੜੀ ਰਾਜਿਆਂ ਨੇ ਪਿੱਛੋਂ ਹਮਲਾ ਕਰ ਦਿੱਤਾ। ਇਸ ਘਮਾਸਾਣ ਯੁੱਧ 'ਚ ਅਨੇਕਾਂ ਸਿੰਘ, ਸਿੰਘਣੀਆਂ ਦੀ ਸ਼ਹੀਦੀ ਉਪਰੰਤ ਜਦੋਂ ਗੁਰੂ ਸਾਹਿਬ ਸਰਸਾ ਨਦੀ ਪਾਰ ਕਰ ਰਹੇ ਸਨ ਤਾਂ ਸਰਸਾ ਨਦੀ ਵੀ ਮੁਗਲ ਸਲਤਨਤ ਨਾਲ ਰਲੀ ਜਾਪੀ ਤੇ ਪੋਹ ਮਾਹ ਦੀ ਕਾਲੀ-ਬੋਲ਼ੀ ਰਾਤ 'ਚ ਅਚਨਚੇਤ ਆਏ ਸਰਸਾ ਦੇ ਤੇਜ਼ ਪਾਣੀ ਦੇ ਵਹਾ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਰਿਵਾਰ ਤਿੰਨ ਥਾਂਏਂ ਵੰਡਿਆ ਗਿਆ। ਗੁਰੂ ਗੋਬਿੰਦ ਸਿੰਘ ਜੀ, ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ ਅਤੇ ਕੁਝ ਸਿੰਘ ਚਮਕੌਰ ਦੀ ਕੱਚੀ ਗੜ੍ਹੀ 'ਚ ਜਾ ਪਹੁੰਚੇ, ਦੂਜੇ ਪਾਸੇ ਭਾਈ ਮਨੀ ਸਿੰਘ ਜੀ ਦੇ ਜਥੇ ਨਾਲ ਮਾਤਾ ਸਾਹਿਬ ਕੌਰ ਜੀ ਅਤੇ ਮਾਤਾ ਸੁੰਦਰੀ ਜੀ ਰੋਪੜ ਜਾ ਪਹੁੰਚੇ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫ਼ਤਹਿ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਨੂੰ ਗੁਰੂ ਘਰ ਦਾ ਰਸੋਈਆ ਗੰਗੂ ਆਪਣੇ ਨਾਲ ਆਪਣੇ ਘਰ ਪਿੰਡ ਸਹੇੜੀ ਲੈ ਜਾਂਦਾ ਹੈ ਅਤੇ ਸੂਬਾ ਸਰਹੰਦ ਤੋਂ ਇਨਾਮ ਹਾਸਲ ਕਰਨ ਲਈ ਮੋਰਿੰਡੇ ਦੇ ਕੋਤਵਾਲ ਜਨੀ ਖਾਨ ਤੇ ਮਨੀ ਖਾਨ ਕੋਲ ਮੁਖਬਰੀ ਕਰ ਫੜਾ ਦਿੰਦਾ ਹੈ। ਇਸ ਮਗਰੋਂ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹੰਦ ਵਜ਼ੀਰ ਖਾਂ ਕੋਲ ਪੇਸ਼ ਕੀਤਾ ਜਾਂਦਾ ਹੈ, ਪੋਹ ਦੀਆਂ ਸਰਦ ਰਾਤਾਂ 'ਚ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ ਵਿਚ ਕੈਦ ਕਰ ਦਿੱਤਾ ਜਾਂਦਾ ਹੈ। ਜਦੋਂ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਠੰਡੇ ਬੁਰਜ ਵਿਚ ਕੈਦ ਦੀ ਖ਼ਬਰ ਮੋਤੀ ਰਾਮ ਮਹਿਰੇ ਨੂੰ ਲੱਗਦੀ ਹੈ ਤਾਂ ਉਹ ਆਪਣੀ ਜਾਨ ਜੋਖਮ 'ਚ ਪਾ ਠੰਡੇ ਬੁਰਜ ਵਿਚ ਕੈਦ ਸਾਹਿਬਜ਼ਾਦਿਆਂ ਲਈ ਦੁੱਧ ਪਿਆਉਣ ਦੀ ਸੇਵਾ ਕਰਦਾ ਹੈ। ਅਗਲੇ ਦਿਨ ਛੋਟੇ ਸਾਹਿਬਜ਼ਾਦਿਆਂ ਨੂੰ ਜਦੋਂ ਸੂਬਾ ਸਰਹੰਦ ਦੀ ਕਚਹਿਰੀ 'ਚ ਪੇਸ਼ ਕੀਤਾ ਜਾਂਦਾ ਹੈ ਤਾਂ ਅਨੇਕਾਂ ਹੀ ਲਾਲਚ ਦੇ ਇਸਲਾਮ ਕਬੂਲ ਕਰਨ ਤੇ ਜ਼ੋਰ ਦਿੱਤਾ ਜਾਂਦਾ ਹੈ ਪ੍ਰੰਤੂ ਛੋਟੇ ਸਾਹਿਬਜ਼ਾਦਿਆਂ ਨੇ ਇਸਲਾਮ ਦੇ ਮੁਕਾਬਲੇ ਮੌਤ ਕਬੂਲਣ ਦਾ ਫੈਸਲਾ ਲਿਆ। ਇਸ ਉਪਰੰਤ ਕਾਜੀ ਨੇ ਦੋਵੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿਚ ਚਿਣ ਕੇ ਮੌਤ ਦੀ ਸਜ਼ਾ ਸੁਣਾ ਦਿੱਤੀ। ਜਿਸ ਵਕਤ ਕਾਜੀ ਨੇ ਫਤਵਾ ਲਾ ਕੇ ਛੋਟੇ ਸਾਹਿਬਜ਼ਾਦਿਆਂ ਨੂੰ ਜਿਉਂਦੇ-ਜੀਅ ਨੀਹਾਂ ਵਿੱਚ ਚਿਣਨ ਦਾ ਹੁਕਮ ਸੁਣਾਇਆ ਤਾਂ ਉੱਥੇ ਮੌਜੂਦ ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਂ ਨੇ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿਚ ਚਿਣ ਕੇ ਮੌਤ ਦੀ ਸਜ਼ਾ ਦੇ ਫੈਸਲੇ ਦਾ ਵਿਰੋਧ ਕੀਤਾ ਤੇ ਹੱਕ-ਸੱਚ ਲਈ ਹਾਅ ਦਾ ਨਾਅਰਾ ਮਾਰਿਆ ਤਾਂ ਭਰੀਂ ਕਚਹਿਰੀ 'ਚ ਸੂਬਾ ਸਰਹਿੰਦ ਵਜ਼ੀਰ ਖਾਂ ਨੇ ਹੱਕ-ਸੱਚ ਲਈ ਹਾਅ ਦਾ ਨਾਅਰਾ ਮਾਰਨ ਵਾਲੇ ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਂ ਨੂੰ ਜੰਗੇ-ਏ-ਚਮਕੌਰ 'ਚ ਗੁਰੂ ਗੋਬਿੰਦ ਸਿੰਘ ਜੀ ਹੱਥੋਂ ਮਾਰੇ ਗਏ ਉਸਦੇ ਭਰਾ ਨਾਹਰ ਖਾਂ ਅਤੇ ਗਨੀ ਖਾਂ ਦਾ ਬਦਲਾ ਸਾਹਿਬਜ਼ਾਦਿਆਂ ਤੋਂ ਲੈਣ ਲਈ ਕਿਹਾ ਪ੍ਰੰਤੂ ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਂ ਸਾਹਿਬਜ਼ਾਦਿਆਂ ਦੇ ਹੱਕ 'ਚ ਮਾਰੇ ਹਾਅ ਦਾ ਨਾਅਰੇ ਤੇ ਆਖਰੀ ਦਮ ਤੱਕ ਕਾਇਮ ਰਹੇ। ਅਖੀਰ ਸੂਬਾ ਸਰਹੰਦ ਦੀ ਕਚਹਿਰੀ 'ਚ ਕਾਜੀਆਂ ਵੱਲੋਂ ਨੀਹਾਂ ਵਿੱਚ ਚਿਣਨ ਦਾ ਹੁਕਮ ਸੁਣਾ ਦਿੱਤਾ ਗਿਆ। ਸੂਬਾ ਸਰਹਿੰਦ ਵਜ਼ੀਰ ਖਾਂ ਵੱਲੋਂ ਸਾਹਿਬਜ਼ਾਦਿਆਂ ਨੂੰ ਸ਼ਹਾਦਤ ਤੋਂ ਪਹਿਲਾਂ ਦਿੱਤੇ ਅਨੇਕਾਂ ਦਿਲ-ਕੰਬਾਊ ਤਸੀਹਿਆਂ ਦਾ ਖਿਆਲ ਆਉਂਦਿਆਂ ਹੀ ਰੂਹ ਕੰਬ ਜਾਂਦੀ ਹੈ। ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਮਹਾਨਤਾ ਇਹ ਹੈ ਕਿ ਉਨ੍ਹਾਂ 13 ਪੋਹ ਸੰਮਤ 1761 ਬਿਕ੍ਰਮੀ ਅਰਥਾਤ ਮਿਤੀ 27 ਦਸੰਬਰ 1704 ਈ; ਦੇ ਦਿਨ ਛੋਟੀ ਉਮਰੇ (ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਉਮਰ 9 ਸਾਲ, ਸਾਹਿਬਜ਼ਾਦਾ ਫ਼ਤਹਿ ਸਿੰਘ ਜੀ ਉਮਰ 7 ਸਾਲ) ਨੀਂਹਾਂ ਵਿਚ ਚਿਣ ਸਿੱਖ ਪੰਥ ਦੀ ਨੀਂਹ ਆਪਣੇ ਲਹੂ ਨਾਲ ਮਜਬੂਤ ਕਰ ਗਏ। ਦੂਜੇ ਪਾਸੇ ਠੰਡੇ ਬੁਰਜ 'ਚ ਜਦੋਂ ਮਾਤਾ ਜੀ ਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖ਼ਬਰ ਮਿਲਦੀ ਹੈ ਤਾਂ ਉਨ੍ਹਾਂ ਅਕਾਲ ਪੁਰਖ ਦੇ ਚਰਨਾਂ 'ਚ ਭਾਣਾ ਮੰਨਣ ਅਤੇ ਸ਼ੁਕਰਾਨੇ ਦੀ ਅਰਦਾਸ ਕਰ ਆਪ ਵੀ ਸ਼ਹੀਦੀ ਪ੍ਰਾਪਤ ਕਰ ਜਾਂਦੇ ਹਨ।

ਜਿਸ ਅਸਥਾਨ 'ਤੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਹਿ ਸਿੰਘ ਜੀ ਨੂੰ ਸੂਬਾ ਸਰਹੰਦ ਨੇ ਕੈਦ ਕਰ ਰੱਖਿਆ ਸੀ ਉਸ ਅਸਥਾਨ ਤੇ ਅੱਜ-ਕੱਲ੍ਹ ਗੁਰਦੁਆਰਾ ਸਾਹਿਬ ਸ੍ਰੀ ਠੰਡਾ ਬੁਰਜ ਸੁਸ਼ੋਭਿਤ ਹੈ ਅਤੇ ਜਿਸ ਅਸਥਾਨ ਤੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਉਮਰ 9 ਸਾਲ, ਸਾਹਿਬਜ਼ਾਦਾ ਫ਼ਤਹਿ ਸਿੰਘ ਜੀ ਉਮਰ 7 ਸਾਲ ਨੀਹਾਂ ਵਿਚ ਚਿਣ ਸਿੱਖ ਪੰਥ ਦੀ ਨੀਂਹ ਆਪਣੇ ਲਹੂ ਨਾਲ ਮਜਬੂਤ ਕਰ ਗਏ ਉਸ ਅਸਥਾਨ ਤੇ ਅੱਜ-ਕੱਲ੍ਹ ਗੁਰਦੁਆਰਾ ਸ੍ਰੀ ਭੋਰਾ ਸਾਹਿਬ ਸੁਸ਼ੋਭਿਤ ਹੈ। ਜਾਲਮ ਹਕੂਮਤ ਵੱਲੋ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਹਿ ਸਿੰਘ ਜੀ ਦੇ ਸ਼ਹੀਦੀ ਉਪਰੰਤ ਉਨ੍ਹਾਂ ਦੇ ਸਰੀਰ ਸ਼ਹੀਦੀ ਅਸਥਾਨ ਤੋਂ ਕੁਝ ਦੂਰੀ ਤੇ ਬੀਆ-ਬਾਨ ਜੰਗਲ 'ਚ ਸੁੱਟ ਦਿਤੇ ਜਾਂਦੇ ਹਨ ਤੇ ਇਨ੍ਹਾਂ ਰੱਬੀ ਰੂਹਾਂ ਦੇ ਸਰੀਰਾਂ ਦੀ ਸਾਰੀ ਰਾਤ ਰਾਖੀ ਸ਼ੇਰ ਕਰਦੇ ਹਨ, ਇਸ ਸਥਾਨ ਤੇ ਅੱਜ-ਕੱਲ੍ਹ ਗੁਰਦੁਆਰਾ ਸ੍ਰੀ ਬੀਬਾਣਗੜ੍ਹ ਸਾਹਿਬ ਸੁਸ਼ੋਭਿਤ ਹੈ। ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਹਿ ਸਿੰਘ ਜੀ ਦੀ ਖ਼ਬਰ ਜਦੋਂ ਦੀਵਾਨ ਟੋਡਰ ਮੱਲ ਨੂੰ ਪਤਾ ਲੱਗੀ ਤਾਂ ਉਸ ਨੇ ਸੂਬਾ ਸਰਹੰਦ ਦਾ ਡਰ ਅਤੇ ਖੌਫ ਆਪਣੇ ਜਿਹਨ 'ਚੋਂ ਕੱਢ ਨਵਾਬ ਤੋਂ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੇ ਸਰੀਰਾਂ ਦਾ ਸਸਕਾਰ ਕਰਨ ਲਈ ਜਗ੍ਹਾ ਮੰਗੀ ਤਾਂ ਜਾਲਮ ਹਕੂਮਤ ਦੇ ਨੁਮਾਇੰਦੇ ਸੂਬਾ ਸਰਹੰਦ ਨੇ ਜਿੰਨੀ ਜਗ੍ਹਾ 'ਚ ਸਾਹਿਬਜ਼ਾਦਿਆਂ ਦੇ ਸਰੀਰਾਂ ਦਾ ਸਸਕਾਰ ਹੋਣਾ ਸੀ ਓਨੀ ਜਗ੍ਹਾ ਸੋਨੇ ਦੀਆਂ ਮੋਹਰਾਂ ਵਿਛਾਅ ਕੇ ਮੁੱਲ ਤਾਰਨ ਦੀ ਸ਼ਰਤ ਰੱਖੀ, ਬਿਨਾ ਕਿਸੇ ਦੇਰੀ ਦੇ ਦੀਵਾਨ ਟੋਡਰ ਮੱਲ ਨੇ ਮੋਹਰਾਂ ਵਿਛਾਅ ਕੇ ਮੁੱਲ ਜਗ੍ਹਾ ਲਈ ਤੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੇ ਸਰੀਰਾਂ ਦਾ ਸਸਕਾਰ ਕੀਤਾ। ਇਸ ਸਥਾਨ ਤੇ ਅੱਜ-ਕੱਲ੍ਹ ਗੁਰੂਦਵਾਰਾ ਸ਼੍ਰੀ ਜੋਤੀ ਸਰੂਪ ਸਾਹਿਬ ਸੁਸ਼ੋਭਿਤ ਹੈ। ਇਨ੍ਹਾਂ ਹੋਈਆਂ ਸ਼ਹੀਦੀਆਂ ਤੋਂ ਮਗਰੋਂ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਚੱਪੜ-ਚਿੜੀ ਦੇ ਮੈਦਾਨ 'ਚ ਸੂਬਾ ਸਰਹਿੰਦ ਨੂੰ ਮਾਰ ਕੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲਿਆ। ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਨਜ਼ਦੀਕ ਅੱਜ ਵੀ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਢਹਿ-ਢੇਰੀ ਕੀਤੀ ਸੂਬਾ ਸਰਹਿੰਦ ਦੇ ਹਊਮੇ-ਹੰਕਾਰ ਦੀ ਸਲਤਨਤ ਮਿੱਟੀ ਦੇ 'ਥੇਹ' ਦੇ ਰੂਪ 'ਚ ਮੌਜੂਦ ਹੈ।

ਅੱਜ ਤੋਂ 318 ਸਾਲ ਪਹਿਲਾਂ ਹੋਈਆਂ ਇਹ ਸ਼ਹੀਦੀਆਂ ਸਾਨੂੰ ਅੰਦਰ ਤੱਕ ਝੰਜੋੜ ਕੇ ਰੱਖ ਦਿੰਦੀਆਂ ਹਨ। ਪੋਹ ਦੇ ਮਹੀਨੇ ਦੀਆਂ ਅਤ ਠੰਡੀਆਂ ਰਾਤਾਂ ਠੰਡੇ ਬੁਰਜ 'ਚ ਕਿਵੇਂ ਛੋਟੇ ਸਾਹਿਬਜ਼ਾਦਿਆਂ ਨਾਲ ਮਾਤਾ ਗੁਜਰੀ ਜੀ ਨੇ ਗੁਜਾਰੀਆਂ ਹੋਣਗੀਆਂ, ਜਿਹਨ 'ਚ ਆਉਂਦੇ ਹੀ ਅੱਖਾਂ ਅੱਗੇ ਠੰਡੇ ਬੁਰਜ ਦੀ ਓਹ ਤਸਵੀਰ ਘੁੰਮਦੀ ਨਜ਼ਰ ਆਉਂਦੀ ਹੈ, ਜਦੋਂ ਬੁਰਜ ਦੇ ਚਹੁੰਪਾਸੀਂ ਬੀਆ-ਬਾਨ ਜੰਗਲ ਤੇ ਨਾਲ ਵਗਦੀ ਹੰਸਲਾ ਨਦੀ ਅੱਤ ਦੀਆਂ ਠੰਡੀਆਂ ਰਾਤਾਂ ਨੂੰ ਹੋਰ ਠੰਡਾ ਕਰ ਦਿੰਦੀ, ਸਮੇਂ ਦੇ ਬੀਤਣ ਨਾਲ ਅੱਜ ਹੰਸਲਾ ਨਦੀ ਵੀ ਆਪਣਾ ਵਜੂਦ ਗੁਆ ਬੈਠੀ। ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਹਿ ਸਿੰਘ ਜੀ ਨੂੰ ਆਪਣੇ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਲੋਕਾਂ ਦਾ ਸੰਗਤੀ ਰੂਪ 'ਚ ਸ੍ਰੀ ਫ਼ਤਹਿਗੜ੍ਹ ਸਾਹਿਬ ਇਕੱਤਰ ਹੋਣਾ ਸ਼ੁਰੂ ਹੋਇਆ। ਹਰ ਸਾਲ 11, 12 ਅਤੇ 13 ਪੋਹ ਨੂੰ ਸੰਗਤਾਂ ਆਉਂਦੀਆਂ ਅਤੇ ਅਤਿ-ਵੈਰਾਗ-ਮਈ ਅਵਸਥਾ 'ਚ ਸਿੱਖ ਪੰਥ ਤੇ ਮਨੁੱਖਤਾ ਲਈ ਹੋਈਆਂ ਕੁਰਬਾਨੀਆਂ ਨੂੰ ਯਾਦ ਕਰਦੀਆਂ। (ਬਾਕੀ ਸਫ਼ਾ 35 'ਤੇ)

ਕਲਮਾਂ ਦੇ ਜਜ਼ਬਾਤ

# ਸਫੇਦ ਚਾਦਰ

ਦੀਪ ਕਮਲ



ਅਵਨੀਤ ਦੇ ਪਤੀ ਗੁਜਰੇ ਨੂੰ ਦੋ ਮਹੀਨੇ ਹੋ ਗਏ ਸੀ। ਉਹ ਹੌਲੀ ਹੌਲੀ ਆਪਣੇ ਆਪ ਨੂੰ ਸੰਭਾਲ ਰਹੀ ਸੀ। ਉਹਦਾ ਪੰਜ ਸਾਲ ਦਾ ਇੱਕ ਪੁੱਤ ਸੀ। ਸੱਸ ਸਹੁਰਾ ਪਹਿਲਾਂ ਹੀ ਦੁਨੀਆ ਤੋਂ ਜਾ ਚੁੱਕੇ ਸੀ ਹੋਰ ਚਾਚੇ ਤਾਏ ਸਭ ਵੱਖ ਰਹਿੰਦੇ ਸਨ। ਇਸ ਦੁੱਖ ਦੀ ਘੜੀ ਸਾਰੇ ਗਲੀ ਗੁਆਂਢ ਨੇ ਉਹਦਾ ਹੱਥ ਫੜ੍ਹਿਆ, ਇੱਕ ਵਿਧਵਾ ਗੁਆਂਢਣ ਚਰਨਜੀਤ ਨੂੰ ਛੱਡ ਕੇ ਕਿਉਂਕਿ ਉਹ ਆਪ ਵੀ ਤਾਂ ਕਦੇ ਉਹਦੀ ਦਹਿਲੀਜ ਨਹੀਂ ਸੀ ਟੱਪੀ। ਉਹਦੇ ਪਤੀ ਤੇ ਸੱਸ ਨੇ ਉਹਨੂੰ ਉਹਦੇ ਕੋਲ ਜਾਣ ਤੋਂ ਵਰਜਿਆ ਸੀ ਕਿ ਉਹ ਚੰਗੀ ਔਰਤ ਨਹੀਂ। ਉਹਦਾ ਚਰਿਤਰ ਚੰਗਾ ਨਹੀਂ, ਇਸੇ ਦੁੱਖੋਂ ਉਹਦੇ ਜਵਾਨ ਪੁੱਤ ਨੇ ਆਤਮ ਹੱਤਿਆ ਕਰ ਲਈ ਸੀ।

ਅੱਜ ਉਸ ਨੂੰ ਮਹਿਸੂਸ ਹੋਇਆ ਜਿਵੇਂ ਉਹ ਉਸਨੂੰ ਬੁਲਾਉਣ ਦੀ ਕੋਸ਼ਿਸ਼ ਕਰ ਰਹੀ ਏ।ਪਰ ਉਸ ਨੇ ਉਸ ਨੂੰ ਨਜਰਅੰਦਾਜ ਕਰ ਦਿੱਤਾ। ਆਥਣ ਤੱਕ ਉਸ ਨੇ ਕਿੰਨੇ ਹੀ ਗੇੜੇ ਛੱਤ ਤੇ ਲਾਏ ਪਰ ਅਵਨੀਤ ਉਹਦੇ ਮੱਥੇ ਨਾ ਲੱਗੀ। ਫਿਰ ਉਹਨੇ ਇੱਕ ਕਾਗਜ ਤੇ ਕੁੱਝ ਲਿਖ ਕੇ ਉਹਦੇ ਵਿਹੜੇ ਵਿੱਚ ਸੁੱਟ ਦਿੱਤਾ। ਅਵਨੀਤ ਨੇ ਨਾ ਚਾਹੁੰਦਿਆਂ ਵੀ ਚੁੱਕ ਲਿਆ।

'ਪਿਆਰੀ ਭੈਣ ਅਵਨੀਤ ਮੈਂ ਜਾਣਦੀ ਹਾਂ ਤੂੰ ਇੱਕ ਖਤਰਨਾਕ ਦੌਰ ਵਿੱਚੋਂ ਲੰਘ ਰਹੀ ਏਂ....ਮੈਨੂੰ ਪਤਾ ਕਿਉਂਕਿ ਮੈਂ ਇੱਥੋਂ ਲੰਘ ਚੁੱਕੀ ਹਾਂ।ਪਰ ਤੇਰਾ ਵੀ ਮੇਰੇ ਵਰਗਾ ਹਾਲ ਨਾ ਹੋਵੇ ਇਸ ਲਈ ਮੈਂ ਤੈਨੂੰ ਮਿਲਣਾ ਚਾਹੁੰਦੀ ਹਾਂ, ਸਿਰਫ ਇੱਕ ਵਾਰੀ...ਮੈਂ ਰਾਤ ਦੇ ਹਨੇਰੇ 'ਚ ਆਵਾਂਗੀ ਤੂੰ ਛੱਤ ਉਪਰਲਾ ਦਰਵਾਜਾ ਖੋਲ੍ਹ ਦਵੀਂ। ਸਿਰਫ ਇੱਕ ਵਾਰੀ... ਤੈਨੂੰ ਤੇਰੇ ਪੁੱਤ ਦੀ ਸੁੰਹ...ਤੇਰੀ ਵੱਡੀ ਭੈਣ ਚਰਨਜੀਤ।'

ਅਵਨੀਤ ਨੇ ਬਹੁਤ ਸੋਚਿਆ ਕਿ ਕਿਤੇ ਉਹ ਉਸਨੂੰ ਵੀ ਗਲਤ ਕੰਮਾਂ ਵਿੱਚ ਨਾ ਪਾ ਦਵੇ...ਪਰ ਫਿਰ ਸੋਚਿਆ 'ਮੈਂ ਕਿਹੜਾ ਨਿਆਣੀ ਹਾਂ ਜੋ ਉਸ ਦੀਆਂ ਗੱਲਾਂ 'ਚ ਆ ਜਾਵਾਂਗੀ। ਫਿਰ ਰਾਤ ਪਈ ਤੋਂ ਜਦੋਂ ਉਸਦਾ ਪੁੱਤ ਸੌਂ ਗਿਆ ਉਹ ਛੱਤ 'ਤੇ ਚਲੀ ਗਈ। ਉਸ ਨੇ ਉਪਰਲਾ ਦਰਵਾਜਾ ਖੋਲ੍ਹਿਆ ਉਹ ਚਰਨਜੀਤ ਦੇ ਘਰ ਵੱਲ ਜਾਣ ਹੀ ਲੱਗੀ ਸੀ ਕਿ ਚਰਨਜੀਤ ਦਰਵਾਜੇ ਦਾ ਖੜਕਾ ਸੁਣ ਕੇ ਆਪ ਹੀ ਛੱਤ ਤੇ ਆ ਗਈ।

'ਕੀ ਆਪਾਂ ਬੈਠ ਕੇ ਗੱਲ ਕਰ ਸਕਦੇ ਹਾਂ?' ਚਰਨਜੀਤ ਨੇ ਪੁੱਛਿਆ। 'ਆਜੋ ਥੱਲੇ ਹੀ ਆਜੋ, 'ਅਵਨੀਤ ਉਹਨੂੰ ਆਪਣੇ ਘਰ ਲੈ ਆਈ।

'ਮੈਨੂੰ ਪਤਾ ਇਸ ਸਮੇਂ ਤੇਰੇ ਦਿਮਾਗ ਵਿੱਚ ਬਹੁਤ ਕੁੱਝ ਚੱਲ ਰਿਹਾ ਏ। ਸਭ ਤੋਂ ਪਹਿਲਾਂ ਤਾਂ ਵੀਰ ਜਗਜੀਤ (ਅਵਨੀਤ ਦਾ ਪਤੀ) ਦੇ ਅਚਾਨਕ ਤੁਰ ਜਾਣ ਦਾ ਮੈਨੂੰ ਬੇਹੱਦ ਅਫਸੋਸ ਹੈ। ਮੈਂ ਤੇਰਾ ਦਰਦ ਵੰਡਾਉਣਾ ਚਾਹੁੰਦੀ ਸੀ ਪਰ ਕੋਈ ਮੈਨੂੰ ਆਪਣੇ ਘਰ ਦੇਖ ਕੇ ਖੁਸ਼ ਨਹੀਂ ਹੁੰਦਾ। ਅਵਨੀਤ ਮੈਂ ਵੀ ਤੇਰੇ ਵਰਗੀ ਹੀ ਇੱਕ ਸਧਾਰਨ ਔਰਤ ਹਾਂ।ਪਤੀ ਦੀ ਮੌਤ ਤੋਂ ਬਾਅਦ ਮੇਰੇ 'ਤੇ ਕੀ ਬੀਤੀ ਇਹ ਹੁਣ ਤੈਨੂੰ ਦੱਸਣ ਦੀ ਲੋੜ ਨਹੀਂ। ਮੇਰੇ ਕੋਲ ਵੀ ਤੇਰੇ ਵਾਂਗੂੰ ਕੋਈ ਨਹੀਂ ਸੀ।

ਅਸੀਂ ਤਿੰਨ ਭੈਣਾਂ ਸੀ ਤੇ ਮਾਪੇ ਅੱਤ ਦੇ ਗਰੀਬ, ਮੈਂ ਸਭ ਤੋਂ ਵੱਡੀ। ਪਿਉ ਦੇ ਗੁਜਰਨ ਬਾਅਦ ਮੈਂ ਪੜ੍ਹਾਈ ਛੱਡ ਦਿੱਤੀ।ਜ਼ਿਮੀਦਾਰ ਹੋਣ ਦੇ ਬਾਵਜੂਦ ਮੈਂ ਲੋਕਾਂ ਦੇ ਘਰੀਂ ਗੋਹਾ ਕੂੜਾ ਕੀਤਾ ਤੇ ਆਪਣੀਆਂ ਦੋਵਾਂ ਭੈਣਾਂ ਨੂੰ ਪੜ੍ਹਾਇਆ। ਮਾਂ ਨੇ ਲੋਕਾਂ ਦੇ ਕੱਪੜੇ ਸਿਉਣੇ, ਅੱਧੀ ਅੱਧੀ ਰਾਤ ਤੱਕ ਮਸ਼ੀਨ ਤੇ ਬੈਠੀ ਰਹਿੰਦੀ, ਦੋਵਾਂ ਭੈਣਾਂ ਦੇ ਵਿਆਹ ਕਰਨ ਤੋਂ ਬਾਅਦ ਮਾਂ ਵੀ ਮੰਜੇ 'ਤੇ ਪੈ ਗਈ। ਫਿਰ ਜਿਦ ਕਰਕੇ ਉਸਨੇ ਮੇਰਾ ਵਿਆਹ ਕਰ ਦਿੱਤਾ। ਮੇਰੇ ਪਤੀ ਦੀ ਐਕਸੀਡੈਂਟ ਕਾਰਨ ਲੱਤ ਟੁੱਟੀ ਹੋਈ ਸੀ, ਪਰ ਕਿਉਂਕਿ ਉਨ੍ਹਾਂ ਕੋਈ ਦਾਜ ਦਹੇਜ ਦੀ ਮੰਗ ਨਹੀਂ ਕੀਤੀ। ਮੈਂ ਸਿਰ ਸੁੱਟ ਕੇ ਉਹਦੇ ਮਗਰ ਹੋ ਤੁਰੀ।ਉਹਦੇ ਨਾਲ ਰਹਿੰਦਿਆਂ ਪਤਾ ਲੱਗਿਆ ਉਹ ਨਸ਼ਾ ਵੀ ਕਰਦਾ ਸੀ।

ਵਿਆਹ ਤੋਂ ਪਹਿਲਾਂ ਤੇ ਵਿਆਹ ਤੋਂ ਬਾਅਦ ਵੀ ਕਈ ਮੁੰਡਿਆਂ ਨੇ ਮੇਰੀ ਮਜਬੂਰੀ ਦਾ ਫਾਇਦਾ ਚੁੱਕਣਾ ਚਾਹਿਆ ਪਰ ਮੈਂ ਕਿਸੇ ਨੂੰ ਕੋਈ ਮੌਕਾ ਨਹੀਂ ਦਿੱਤਾ। ਫਿਰ ਪਤੀ ਦੀ ਮੌਤ ਨੇ ਤਾਂ ਮੈਨੂੰ ਇੱਕਦਮ ਤੋੜ ਦਿੱਤਾ।ਮੇਰੇ ਪੁੱਤ ਦੀ ਉਮਰ ਉਦੋਂ 13 ਸਾਲ ਦੀ ਸੀ। ਆਪਣੇ ਗੁਆਂਢ 'ਚ ਰਹਿੰਦੇ ਮਨਜਿੰਦਰ ਨੇ ਹੌਲੀ ਹੌਲੀ ਮੇਰੀ ਮਦਦ ਕਰਨੀ ਸ਼ੁਰੂ ਕੀਤੀ।

'ਹਾਂ ਬੜਾ ਚੰਗਾ ਬੰਦਾ ਏ ਮੇਰੀ ਵੀ ਬਹੁਤ ਮਦਦ ਕਰਦਾ, ਕਹਿੰਦਾ ਜਦੋਂ ਵੀ ਲੋੜ ਹੋਵੇ, ਉਦੋਂ ਹੀ ਆਵਾਜ ਮਾਰੋ, ਹੋਰ ਗੁਆਂਢ ਕਾਹਦੇ ਲਈ ਹੁੰਦਾ' ਅਵਨੀਤ ਨੇ ਉਹਦੀ ਗੱਲ ਵਿੱਚੇ ਟੋਕ ਕੇ ਕਿਹਾ।

'ਹਾਂ ਬਹੁਤ ਚੰਗਾ....ਪਹਿਲਾ ਮੇਰੀ ਪੂਰੀ ਗੱਲ ਸੁਣ...' ਉਹਨੇ ਚਿਹਰੇ ਤੇ ਅਜੀਬ ਜਿਹੇ ਭਾਵ ਲਿਆਉਂਦਿਆਂ ਕਿਹਾ। 'ਕਦੇ ਕੋਈ ਸੌਦਾ, ਕਦੇ ਬਿਜਲੀ ਦਾ ਬਿੱਲ, ਕਦੇ ਸਿਲੰਡਰ, ਕਦੇ ਫੋਨ ਰੀਚਾਰਜ ਗੱਲ ਕੀ ਹਰ ਛੋਟਾ ਛੋਟਾ ਕੰਮ ਉਹ ਆਪੇ ਧੱਕੇ ਨਾਲ ਕਰ ਦਿੰਦਾ ...' ਨਹੀਂ ਕੋਈ ਨਾ ਭਾਬੀ ਜੀ ਮੈਂ ਹੈਗਾ...ਮੈਂ ਕਰ ਦਿੰਦਾ..। 'ਬੱਸ ਆਪਣਾਪਣ ਦਿਖਾ ਕੇ ਉਹਨੇ ਮੇਰਾ ਵਿਸ਼ਵਾਸ਼ ਜਿੱਤ ਲਿਆ। ਫਿਰ ਜਦੋਂ ਉਹ ਕੋਈ ਕੰਮ ਆਉਂਦਾ ਮੈਂ ਰਸਮੀ ਚਾਹ ਪਾਣੀ ਪੁੱਛ ਲੈਂਦੀ, ਕਦੇ ਮਨ੍ਹਾ ਕਰ ਦਿੰਦਾ, ਕਦੇ ਪੀ ਵੀ ਲੈਂਦਾ।

ਫਿਰ ਇੱਕ ਦਿਨ ਇੱਦਾਂ ਹੀ ਉਹ ਸਿਲੰਡਰ ਰੱਖਣ ਆਇਆ ਤੇ ਕਹਿੰਦਾ ਇਸੇ ਖੁਸ਼ੀ ਚਾਹ ਹੀ ਪਿਆ ਦਿਓ।ਮੈਂ ਚਾਹ ਧਰਨ ਲੱਗ ਪਈ ਉਹ ਮੇਰੇ ਮਗਰੇ ਰਸੋਈ 'ਚ ਆ ਗਿਆ। ਗੱਲਾਂ ਕਰਦੇ ਕਰਦੇ ਨੇ ਉਹਨੇ ਮੇਰਾ ਹੱਥ ਫੜ ਲਿਆ। 'ਭਾਬੀ ਐ ਥੋਡਾ ਕੱਲਿਆਂ ਦਾ ਕਿਵੇਂ ਜੀਅ ਲੱਗ ਜਾਂਦਾ, ਕੁੱਝ ਘਾਟ ਜਿਹੀ ਨੀਂ ਮਹਿਸੂਸ ਹੁੰਦੀ।'

'ਘਾਟ ਕਾਹਦੀ ਮਹਿਸੂਸ ਹੋਣੀ ਮੇਰੇ ਕੋਲ ਮੇਰਾ ਪੁੱਤ ਹੈਗਾ' ਮੈਂ ਉਹਦੇ ਤੋਂ ਆਪਣਾ ਹੱਥ ਛੁਡਾਉਦਿਆਂ ਕਿਹਾ।

'ਨਹੀਂ ਫਿਰ ਵੀ ....ਮੈਨੂੰ ਥੋਡੇ ਤੇ ਬੜਾ ਤਰਸ ਜਿਹਾ ਆਉਂਦਾ....ਮੈਂ ਥੋਡੀ ਹਰ ਜਰੂਰਤ ਪੂਰੀ ਕਰ ਸਕਦਾ ਜੇ ਤੁਸੀਂ ਕਹੋ ਤਾਂ 'ਉਸਨੇ ਮੈਨੂੰ ਬੇਝਿਜਕ ਆਪਣੀਆਂ ਬਾਹਵਾਂ ਵਿੱਚ ਲੈ ਲਿਆ। ਮੈਂ ਗੁੱਸੇ 'ਚ ਉਸਦੇ ਇੱਕ ਥੱਪੜ ਜੜ ਦਿੱਤਾ ਉਹ ਉਬਲਦੀ ਚਾਹ ਦੇ ਉੱਪਰ ਡਿੱਗ ਪਿਆ ਤੇ ਉਹਦੀ ਬਾਂਹ ਜਲ ਗਈ। ਉਸ ਨੇ ਗੁੱਸੇ 'ਚ ਮੈਨੂੰ ਬਹੁਤ ਗਾਲ਼ਾਂ ਕੱਢੀਆਂ ਤੇ ਕਿਹਾ 'ਤੈਨੂੰ ਇਹ ਥੱਪੜ ਮਹਿੰਗਾ ਪਏਗਾ।' 'ਨਿੱਕਲਜਾ ਮੇਰੇ ਘਰੋਂ ਇਸੇ ਵਕਤ ਨਹੀ ਮੈਂ ਰੌਲਾ ਪਾ ਦੇਣਾ।'

ਉਹ ਜਖਮੀ ਸ਼ੇਰ ਵਾਂਗੂੰ ਗੰਦੀਆਂ ਗਾਲ਼ਾਂ ਕੱਢਦਾ ਭੱਜ ਗਿਆ। ਫਿਰ ਉਸਨੇ ਉਹ ਮੈਸਜ ਜੋ ਮੈਂ ਉਸਨੂੰ ਕੋਈ ਕੰਮ ਲਈ ਕਰਦੀ ਸੀ ਉਹ ਵਿੱਚੋਂ ਵਿੱਚੋਂ ਡਲੀਟ ਕਰ ਕੇ ....ਕਿ ਪੜ੍ਹਨ ਵਾਲੇ ਨੂੰ ਇਸ ਤਰ੍ਹਾਂ ਲੱਗੇ ਕਿ ਮੈਂ ਉਹਨੂੰ ਘਰੇ ਮਿਲਣ ਲਈ ਸੱਦ ਰਹੀ ਹਾਂ ਕਿ ਹੁਣ ਘਰੇ ਕੋਈ ਨੀਂ ਹੁਣ ਤੂੰ ਆਜਾ...। ਉਸਨੇ ਇਹ ਮੈਸਜ ਮੇਰੇ ਪੁੱਤ ਨੂੰ ਮੁੰਡਿਆਂ 'ਚ ਬੈਠੇ ਨੂੰ ਦਿਖਾ ਦਿੱਤੇ ਤੇ ਉਸਨੇ ਬਿਨਾ ਮੇਰੀ ਸਫਾਈ ਸੁਣਿਆ ਫਾਹਾ ਲੈ ਕੇ ਆਪਣੀ ਜਿੰਦਗੀ ਖਤਮ ਕਰ ਲਈ। ਜਿਹੜੇ ਮਾੜੇ ਮੋਟੇ ਰਿਸ਼ਤੇਦਾਰ ਬੁਲਾਉਂਦੇ ਸੀ, ਉਹ ਵੀ ਹਟ ਗਏ ਕਿ ਆਪਦੇ ਪੁੱਤ ਨੂੰ ਖਾ ਗਈ। ਮੇਰੀ ਸਫਾਈ ਕਿਸੇ ਨੇ ਨਹੀਂ ਸੁਣੀ ਤੇ ਮੈਨੂੰ ਚਰਿੱਤਰਹੀਣ ਦਾ ਸਰਟੀਫਿਕੇਟ ਦੇ ਦਿੱਤਾ।

ਮੇਰਾ ਤੈਨੂੰ ਇਹ ਸਭ ਕੁੱਝ ਦੱਸਣ ਦਾ ਇਹ ਮਕਸਦ ਨਹੀਂ ਕਿ ਮੈਂ ਇਹ ਸਾਬਿਤ ਕਰਨਾ ਚਾਹੁੰਦੀ ਹਾਂ ਕਿ ਮੇਰੀ ਸਫੇਦ ਚਾਦਰ 'ਤੇ ਕੋਈ ਦਾਗ ਨਹੀਂ। ਬਲਕਿ ਕਾਰਨ ਤੂੰ ਸ਼ਾਇਦ ਸਮਝ ਗਈ ਹੋਵੇਂਗੀ....ਕਿ ਅੱਜ ਕੱਲ੍ਹ ਮਨਜਿੰਦਰ ਨੂੰ ਮੈਂ ਤੇਰੇ ਘਰ ਚੱਕਰ ਲਗਾਉਦਿਆਂ ਦੇਖ ਰਹੀ ਹਾਂ।ਉਹ ਸ਼ਾਇਦ ਨਵੇਂ ਸ਼ਿਕਾਰ ਦੀ ਭਾਲ ਕਰ ਰਿਹਾ ਹੈ। ਭੈਣ ਮੇਰੀਏ, ਉਹਨੂੰ ਕਦੇ ਮੂੰਹ ਨਾ ਲਾਈਂ।ਮੇਰੀ ਤਾਂ ਇਹੋ ਸਲਾਹ ਹੈ ਕਿ ਅਜੇ ਤੇਰਾ ਪੁੱਤ ਬਹੁਤ ਛੋਟਾ ਏ।ਤੂੰ ਆਪਣੀ ਚਾਦਰ ਨੂੰ ਦੁਬਾਰਾ ਰੰਗੀਨ ਕਰ ਸਕਦੀ ਏਂ।ਪਰ ਜੇ ਤੇਰਾ ਮਨ ਨਹੀਂ ਹੈ ਤਾਂ ਭੈਣ ਮੇਰੀਏ ਮਰਦ ਬਣ ਮਰਦ.....ਕਿਸੇ ਦਾ ਆਸਰਾ ਨਾ ਤੱਕੀਂ ....ਸਫੇਦ ਚਾਦਰ ਲੈ ਕੇ ਗੰਦੇ ਪਾਣੀ ਕੋਲੋਂ ਤਾਂ ਕੀ ਸਾਫ ਪਾਣੀ ਕੋਲੋਂ ਵੀ ਨਾ ਲੰਘੀ ਕਿਉਂਕਿ ਸਫੇਦ ਚਾਦਰ 'ਤੇ ਤਾਂ ਸਾਫ ਪਾਣੀ ਦੇ ਛਿੱਟੇ ਵੀ ਪੈ ਜਾਣ ਤਾਂ ਵੀ ਦਾਗ ਪੈ ਜਾਂਦੇ ਨੇ ਤੇ ਇਹ ਦਾਗ ਸਾਰੀ ਉਮਰ ਨਹੀਂ ਲਹਿੰਦੇ।

ਅਵਨੀਤ ਦੀਆਂ ਅੱਖਾਂ ਵਿੱਚ ਪਛਤਾਵੇ ਦੇ ਹੰਝੂ ਸਨ ਉਹ ਉੱਠ ਕੇ ਉਹਦੇ ਪੈਰਾਂ 'ਚ ਬੈਠ ਗਈ। 'ਸੌਰੀ ਦੀਦੀ ਮੈਨੂੰ ਮਾਫ ਕਰ ਦਿਉ ਮੈਂ ਅੱਜ ਤੱਕ (ਬਾਕੀ ਸਫ਼ਾ 35 'ਤੇ)

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT

MAJOR NETWORK OF TRUCK STOPS

## FUEL CARDS

NO CREDIT - NO PROBLEM

BEST CUSTOMER SERVICE




FLEET ONE FACTORING

WE WANT TO MAKE FACTORING EASY FOR YOU

SAME-DAY FUNDING - NO HIDDEN FEES

COMPETITIVE RATES - 97% ADVANCE RATE

## YOU BREAK DOWN

WE SHOW UP

24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT

NEARLY 3,000 HIGHLY SKILLED TECHNICIANS COAST TO COAST

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035




# ਖ਼ਾਲਸਾ ਪੰਥ ਨੂੰ ਗੌਰਵਸ਼ਾਲੀ ਪਹਿਚਾਣ ਬਖਸ਼ਣ ਵਿੱਚ ਸਤਿਕਾਰਤ ਭੂਮਿਕਾ ਨਿਭਾਉਣ ਵਾਲੇ ਮਾਤਾ ਸਾਹਿਬ ਕੌਰ ਜੀ

**ਮੇਜਰ ਸਿੰਘ**

ਰੋਹਤਾਸ (ਹੁਣ ਪਾਕਿਸਤਾਨ) ਜਿੱਥੇ ਧੰਨ ਗੁਰੂ ਨਾਨਕ ਦੇਵ ਮਹਾਰਾਜ ਜੀ ਦਾ ਚਰਨਛੋਹ ਪਾਵਨ ਸਥਾਨ ਹੈ ਚੋਆ ਸਾਹਿਬ। ਇੱਥੋਂ ਦੇ ਰਹਿਣ ਵਾਲੇ ਬਾਬਾ ਰਾਮੂ ਜੀ ਜਿਨ੍ਹਾਂ ਦੇ ਘਰ ਕੋਈ ਔਲਾਦ ਨਹੀਂ ਸੀ, ਉਨ੍ਹਾਂ ਆਨੰਦਪੁਰ ਸਾਹਿਬ ਜਾ ਕੇ ਗੁਰੂ ਚਰਨਾਂ 'ਚ ਔਲਾਦ ਲਈ ਬੇਨਤੀ ਕੀਤੀ। ਗੁਰਦੇਵ ਨੇ ਬਚਨ ਕਹੇ, ਸੇਵਾ ਕਰੋ, ਗੁਰੂ ਨਾਨਕ ਸਾਹਿਬ ਕ੍ਰਿਪਾ ਕਰਨਗੇ। ਸਮੇਂ ਦੇ ਨਾਲ 18 ਕੱਤਕ (3 ਨਵੰਬਰ) 1681 ਈ: ਨੂੰ ਬਾਬਾ ਰਾਮੂ ਜੀ ਦੇ ਘਰ ਮਾਤਾ ਜਸਦੇਵੀ ਜੀ ਦੀ ਪਾਵਨ ਕੁਖੋਂ ਇਕ ਪੁੱਤਰੀ ਦਾ ਜਨਮ ਹੋਇਆ। ਗੁਰੂ ਸਾਹਿਬ ਦੀ ਦਾਤ ਜਾਣ ਕੇ ਨਾਮ ਰੱਖਿਆ 'ਸਾਹਿਬਦੇਵਾਂ' ਇੱਕ ਪੁੱਤ ਦਾ ਵੀ ਜਨਮ ਹੋਇਆ, ਨਾਮ ਰੱਖਿਆ 'ਸਾਹਿਬ ਸਿੰਘ' ਧੀ ਦੇ ਜਨਮ ਸਮੇਂ ਬਾਬਾ ਰਾਮੂ ਜੀ ਨੇ ਸੰਗਤ ਸਾਹਮਣੇ ਸੰਕਲਪ ਕੀਤਾ ਕਿ ਗੁਰੂ ਦੀ ਦਾਤ ਹੈ ਗੁਰੂ ਚਰਨਾਂ 'ਚ ਹੀ ਭੇਟਾ ਕਰ ਦੇਣੀ ਹੈ। ਇਸ ਲਈ ਰੋਹਤਾਸ ਦਾ ਸਾਰਾ ਇਲਾਕਾ ਸਾਹਿਬ ਦੇਵਾਂ ਜੀ ਨੂੰ ਮਾਤਾ ਸਾਹਿਬ ਦੇਵਾਂ ਜੀ ਕਹਿ ਕੇ ਬੁਲਾਉਂਦਾ ਸੀ ਤੇ ਬੜਾ ਅਦਬ ਕਰਦੇ। ਮਾਤਾ ਜੀ ਦਾ ਸੁਭਾਅ ਬੜਾ ਨਿਮਰਤਾ ਵਾਲਾ, ਹਰ ਸਮੇਂ ਸੇਵਾ ਬਾਣੀ ਤੇ ਨਾਮ ਵਿਚ ਹੀ ਜੁੜੇ ਦਿਸਦੇ। ਜਦੋਂ ਧੀ ਦੀ ਉਮਰ 17/18 ਸਾਲ ਦੀ ਹੋਈ ਤਾਂ ਭਾਈ ਰਾਮੂ ਜੀ ਨੂੰ ਆਪਣਾ ਸੰਕਲਪ ਟੁੱਟਦਾ ਦਿਖਾਈ ਦਿੱਤਾ। ਉਨ੍ਹਾਂ ਪਤਨੀ ਜਸਦੇਵੀ ਨਾਲ ਧੀ ਦਾ ਰਿਸ਼ਤਾ ਹੋਰ ਥਾਂ ਕਰਨ ਦੀ ਸੋਚੀ, ਪਰ ਮਾਤਾ ਸਾਹਿਬ ਦੇਵਾਂ ਜੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਕਿਹਾ ਮੈਂ ਆਪਣੇ ਸਭ ਕੁਝ ਕਲਗੀਧਰ ਜੀ ਨੂੰ ਮੰਨਿਆ ਹੈ, ਹੁਣ ਹੋਰ ਥਾਂ ਰਿਸ਼ਤਾ ਕਰਨ ਦਾ ਸੋਚਣਾ ਗਲਤ ਹੈ। ਬਾਬਾ ਰਾਮੂ ਜੀ ਬੜੇ ਖੁਸ਼ ਹੋਏ ਪਰ ਮਨ 'ਚ ਚਿੰਤਾ ਵੀ ਸੀ ਕਿ ਪਤਾ ਨੀ ਦਸਮੇਸ਼ ਜੀ ਆਗਿਆ ਦੇਣਗੇ ਕਿ ਨਹੀਂ ਕਿਉਂਕਿ ਉਨ੍ਹਾਂ ਦੇ ਦੋ ਆਨੰਦ ਕਾਰਜ ਪਹਿਲਾਂ ਹੋ ਚੁੱਕੇ ਹਨ ਅਤੇ ਸਾਹਿਬਜ਼ਾਦੇ ਵੀ ਹਨ।

ਫਿਰ ਗੁਰੂ ਸਾਹਿਬ ਨੂੰ ਗਰੀਬ ਨਿਵਾਜ਼ ਜਾਣ ਸੰਗਤ ਦੇ ਕੋਲ ਬੇਨਤੀ ਕੀਤੀ, ਸਾਰੇ ਇਲਾਕੇ ਦੀ ਸੰਗਤ ਨੂੰ ਨਾਲ ਲੈ ਕੇ ਸ੍ਰੀ ਆਨੰਦਪੁਰ ਸਾਹਿਬ ਪਹੁੰਚੇ। ਗੁਰੂਘਰ ਦੇ ਖ਼ਜ਼ਾਨਚੀ ਭਾਈ ਭਗਵਾਨ ਸਿੰਘ ਜੋ ਰੋਹਤਾਸ ਦੇ ਸਨ ਤੇ ਸਿੱਖੀ ਵਿਚ ਬੜੇ ਪ੍ਰਪੱਕ ਸਨ, ਉਨ੍ਹਾਂ ਨਾਲ ਗੱਲ ਕੀਤੀ। ਫਿਰ ਭਾਈ ਮਨੀ ਸਿੰਘ ਦੇ ਨਾਲ ਗੱਲ ਕਰਕੇ ਸੰਗਤ ਵਲੋਂ ਗੁਰੂ ਚਰਨਾਂ 'ਚ ਬੇਨਤੀ ਕੀਤੀ। ਗੁਰੂ ਪਿਤਾ ਨੇ ਕਿਹਾ ਅਸੀਂ ਹੁਣ ਬ੍ਰਹਮਚਰਯ ਰੱਖਿਆ ਹੈ, ਪਰ ਕਿਉਂਕਿ ਸੰਗਤ ਦੀ ਬੇਨਤੀ ਹੈ, ਉਸ ਨੂੰ ਵੀ ਮੋੜ ਵੀ ਨਹੀਂ ਸਕਦੇ, ਇਸ ਕਰਕੇ ਸਾਹਿਬ ਦੇਵਾਂ ਨੂੰ ਕਵਾਰੇ ਡੋਲੇ ਦੇ ਰੂਪ 'ਚ ਹੀ ਪ੍ਰਵਾਨ ਕਰ ਸਕਦੇ ਹਾਂ। ਤੁਸੀਂ ਸਾਹਿਬ ਦੇਵਾਂ ਨਾਲ ਵਿਚਾਰ ਕਰਲੋ। ਮਾਤਾ ਸਾਹਿਬ ਦੇਵਾਂ ਜੀ ਨੇ ਕਿਹਾ ਜੋ ਆਪ ਦਾ ਹੁਕਮ ਸਿਰ ਮੱਥੇ। ਬਾਬਾ ਰਾਮੂ ਜੀ ਸਾਰੀ ਸੰਗਤ ਬੜੀ ਖੁਸ਼, ਗੁਰੂ ਹੁਕਮ ਦੇ ਨਾਲ ਪਹਿਲਾਂ



ਸਾਰੇ ਪਰਿਵਾਰ ਨੂੰ ਤੇ ਸਾਹਿਬ ਦੇਵਾਂ ਜੀ ਨੂੰ ਅੰਮ੍ਰਿਤ ਛਕਾਇਆ ਗਿਆ, ਨਾਮ ਹੋਇਆ 'ਸਾਹਿਬ ਕੌਰ' ਫਿਰ ਭਾਈ ਸੱਦੂ ਮੱਦੂ ਜੀ ਨੇ ਕੀਰਤਨ ਕੀਤਾ ਬਾਬਾ ਬੁੱਢਾ ਸਾਹਿਬ ਦੀ ਬੰਸ 'ਚੋਂ ਭਾਈ ਗੁਰਬਖ਼ਸ਼ ਸਿੰਘ ਜੀ ਨੇ ਲਾਵਾਂ ਕਰਵਾਈਆਂ।

ਏਦਾਂ 18 ਵੈਸਾਖ 1700 ਈ: ਮਾਤਾ ਸਾਹਿਬ ਕੌਰ ਤੇ ਕਲਗੀਧਰ ਪਿਤਾ ਜੀ ਦਾ ਆਨੰਦ ਕਾਰਜ ਹੋਇਆ। ਇਸ ਸਮੇਂ ਮਾਤਾ ਜੀ ਦੀ ਉਮਰ 19 ਸਾਲ 6 ਮਹੀਨੇ ਸੀ ਤੇ ਕਲਗੀਧਰ ਜੀ ਦੀ ਉਮਰ 34 ਕੁ ਸਾਲ ਸੀ। ਰੋਹਤਾਸ ਦੀ ਸੰਗਤ ਵਾਪਸ ਚੱਲੇ ਗਈ। ਭਰਾ ਭਾਈ ਸਾਹਿਬ ਸਿੰਘ ਜੀ ਜੋ ਖਾਲਸੇ ਦੇ ਮਾਮਾ ਜੀ ਕਰਕੇ ਜਾਣੇ ਜਾਂਦੇ ਹਨ, ਗੁਰੂ ਸੇਵਾ ਵਿਚ ਹੀ ਰੁਕ ਗਏ। ਮਾਤਾ ਸਾਹਿਬ ਕੌਰ ਜੀ ਨੂੰ ਆਨੰਦਪੁਰ ਸਾਹਿਬ ਰਹਿੰਦਿਆਂ ਗੁਰਦੇਵ ਦੀ ਸੇਵਾ ਕਰਦਿਆਂ ਕੁਝ ਸਮਾਂ ਬਤੀਤ ਹੋਇਆ। ਸਾਹਿਬਜ਼ਾਦਾ ਅਜੀਤ ਸਿੰਘ ਜੁਝਾਰ ਸਿੰਘ ਫਤਹਿ ਸਿੰਘ ਨੂੰ ਮਾਂਵਾਂ ਨਾਲ ਲਾਡ ਕਰਦਿਆਂ ਖੇਡਦਿਆਂ ਦੇਖ ਪੁੱਤਰ ਦੀ ਇੱਛਾ ਪੈਦਾ ਹੋਈ। ਪਰ ਫਿਰ ਸੰਕੋਚ ਕਰ ਜਾਂਦੇ, ਇੱਕ ਦਿਨ ਅੰਤਰਜਾਮੀ ਦਸਮੇਸ਼ ਜੀ ਨੇ ਉਦਾਸੀ ਦਾ ਕਾਰਨ ਪੁਛਿਆ ਤਾਂ ਪੁੱਤਰ ਲਈ ਬੇਨਤੀ ਕੀਤੀ। ਸਤਿਗੁਰਾਂ ਨੇ ਕਿਹਾ ਅਸੀਂ ਤੁਹਾਨੂੰ ਪਹਿਲੇ ਦਿਨ ਹੀ ਬਚਨ ਕੀਤਾ ਸੀ ਪਰ ਤੁਹਾਡੀ ਭਾਵਨਾ ਨੂੰ ਅਸੀਂ ਸਮਝਦੇ ਹਾਂ ਤੇ ਬੇਨਤੀ ਮੋੜ ਨਹੀਂ ਸਕਦੇ। ਇਸ ਲਈ ਖ਼ਾਲਸਾ ਪੰਥ ਜੋ ਸਾਡਾ ਨਾਦੀ ਪੁੱਤਰ ਹੈ, ਨੂੰ ਤੁਹਾਡੀ ਝੋਲੀ ਪਾਉਂਦੇ ਹਾਂ। ਅੱਜ ਤੋਂ ਤੁਸੀਂ 'ਖ਼ਾਲਸੇ ਦੀ ਮਾਤਾ' ਹੋਵੋਗੇ। ਖਾਲਸਾ ਜੋ ਅਮਰ ਅਟੱਲ ਹੈ, ਸਾਰੇ ਅੰਮ੍ਰਿਤਧਾਰੀ ਸਿੰਘਾਂ ਨੂੰ ਤੁਸੀਂ ਆਪਣਾ ਪੁੱਤਰ ਜਾਣਨਾ, ਮਾਤਾ ਸਾਹਿਬ ਕੌਰ ਜੀ ਬੜੇ ਪ੍ਰਸੰਨ ਗੁਰੂ ਚਰਨਾਂ 'ਚ ਸਿਰ ਝੁਕਾਇਆ। ਫਿਰ ਪਹਿਲਾਂ ਦੀ ਤਰ੍ਹਾਂ ਦਿਨ ਰਾਤ ਸੇਵਾ 'ਚ ਜੁੜ ਗਏ। ਕਲਗੀਧਰ ਜੀ ਨਾਲ ਏਨਾ ਪਿਆਰ ਸੀ ਮਾਤਾ ਜੀ ਦਰਸ਼ਨ ਕਰਕੇ ਅੰਨ ਜਲ ਮੂੰਹ ਲਾਉਂਦੇ। ਜੇ ਕਿਸੇ ਕਾਰਨ ਦਰਸ਼ਨ ਨਾ ਹੋਣੇ ਤਾਂ ਦਿਨ ਰਾਤ ਭੁੱਖੇ ਹੀ ਰਹਿੰਦੇ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ :-

ਦਰਸ਼ਨ ਕਰੇ ਤਾਂ ਭੋਜਨ ਪਾਵੈਂ।
ਨਤ ਨਿਸ ਬਾਸੁਰ ਛੁਧਤ ਬਿਹਾਵੈ। (ਸੂਰਜ ਪ੍ਰਕਾਸ਼)

ਨਾਂਦੇੜ, ਹਜ਼ੂਰ ਸਾਹਿਬ ਜਾ ਕੇ ਸਤਿਗੁਰਾਂ ਨੇ ਹੁਕਮ ਕੀਤਾ ਤੁਸੀਂ ਦਿੱਲੀ ਚਲੇ ਜਾਓ ਤਾਂ ਮਾਤਾ ਜੀ ਨੇ ਬੇਨਤੀ ਕੀਤੀ ਮਹਾਰਾਜ ਮੈਂ ਤਾਂ ਆਪ ਜੀ ਦੇ ਦਰਸ਼ਨਾਂ ਬਗੈਰ ਅੰਨ ਜਲ ਨਹੀਂ ਛਕਦੀ, ਫਿਰ ਤੁਹਾਡੇ ਦਰਸ਼ਨਾਂ ਬਗ਼ੈਰ ਕਿਵੇਂ ਗੁਜ਼ਾਰਾ ਹੋਵੇਗਾ? ਗੁਰਦੇਵ ਜੀ ਨੇ ਛੇਵੇਂ ਪਾਤਸ਼ਾਹ ਦੇ ਪੰਜ ਸ਼ਸਤਰ ਇਕ ਖੰਡਾ ਇਕ ਕਿਰਪਾਨ ਦੋ ਜਮਧਰ ਇਕ ਖੰਜ਼ਰ ਮਾਤਾ ਸਾਹਿਬ ਕੌਰ ਜੀ ਨੂੰ ਬਖ਼ਸ਼ੇ ਤੇ ਕਿਹਾ ਇਨ੍ਹਾਂ ਦੇ ਦਰਸ਼ਨ ਕਰਨਾ, ਸਾਡੇ ਦਰਸ਼ਨ ਹੋਣਗੇ। ਮਾਤਾ ਸਾਹਿਬ ਕੌਰ ਜੀ ਤੇ ਮਾਤਾ ਸੁੰਦਰ ਕੌਰ ਜੀ ਦਿੱਲੀ ਆ ਗਏ ਤੇ ਅਖੀਰ ਤੱਕ ਇੱਥੇ ਹੀ ਰਹੇ। ਕਲਗੀਧਰ ਪਿਤਾ ਦੇ ਸੱਚਖੰਡ ਪਿਆਨਾ ਕਰਨ ਤੋਂ ਬਾਅਦ ਮਾਤਾ ਜੀ ਨੇ ਆਪਣੇ ਪੁਤਰ ਖ਼ਾਲਸਾ ਪੰਥ ਨੂੰ ਸੰਭਾਲਿਆ। ਮਾਤਾ ਜੀ ਦੇ ਲਿਖੇ ਹੋਏ ਹੁਕਮਨਾਮੇ ਮੌਜੂਦ ਹਨ ਜੋ ਸਾਡੇ ਲਈ ਮਾਤਾ ਜੀ ਦੀਆਂ ਅਸੀਸਾਂ ਨਾਲ ਭਰੇ ਪਏ ਹਨ। ਮਾਤਾ ਜੀ ਨੇ ਦਿੱਲੀ ਵਿਚ ਹੀ ਸਰੀਰ ਤਿਆਗਿਆ।

ਪੂਤਾ ਮਾਤਾ ਕੀ ਆਸੀਸ ॥
ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥੧॥ ਰਹਾਉ ॥

ਮਾਤਾ ਜੀ ਅਸੀਸ ਦਿਉ ਆਪਣੇ ਪੁੱਤ ਖਾਲਸਾ ਪੰਥ ਨੂੰ, ਆਪਸੀ ਪ੍ਰੇਮ ਪਿਆਰ ਸਿੱਖੀ ਸਿਦਕ ਬਖਸ਼ੋ, ਗੁਲਾਮੀ ਦੇ ਹਨੇਰੇ 'ਚੋਂ ਸਿੱਖ ਕੌਮ ਨੂੰ ਰੋਸ਼ਨੀ ਦੀ ਕਿਰਨ ਨਜ਼ਰੀਂ ਪਾਓ।

# ਸਿੱਖ ਇਸਤਰੀ ਦਾ ਪਰਿਵਾਰ ਤੇ ਪੰਥ ਪ੍ਰਤੀ ਫ਼ਰਜ਼



**ਮੇਜਰ ਭਗਵੰਤ ਸਿੰਘ**

ਅੱਜ ਦੇ ਯੁੱਗ ਵਿਚ ਹਰ ਇਕ ਵਿਅਕਤੀ ਸੁਖ, ਆਰਾਮ ਅਤੇ ਸ਼ਾਂਤੀ ਚਾਹੁੰਦਾ ਹੈ ਪਰ ਇਹ ਪੈਸੇ ਨਾਲ ਹੀ ਇਹ ਸਭ ਖ਼ਰੀਦਣਾ ਚਾਹੁੰਦਾ ਹੈ। ਇਸ ਲਈ ਇਹ ਪੈਸੇ ਦੀ ਦੌੜ ਮਗਰ ਪੈ ਗਿਆ ਹੈ ਜੋ ਸਰਾਸਰ ਗ਼ਲਤ ਹੈ। ਜੇਕਰ ਅੱਜ ਦੀ ਇਸਤਰੀ ਸਬਰ-ਸੰਤੋਖ ਵਿਚ ਯਕੀਨ ਰੱਖ ਲਵੇ ਜਿਵੇਂ ਗੁਰੂ ਮਹਾਰਾਜ ਫ਼ਰਮਾਉਂਦੇ ਹਨ :-

ਬਿਨਾ ਸੰਤੋਖ ਨਹੀ ਕੋਊ ਰਾਜੈ ॥
ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥ (ਪੰਨਾ ੨੭੯)

ਤਾਂ ਉਹ ਸਹੀ ਅਰਥਾਂ ਵਿਚ ਆਪਣੇ ਘਰ-ਪਰਿਵਾਰ ਪ੍ਰਤੀ ਅਤੇ ਸਿੱਟੇ ਦੇ ਤੌਰ 'ਤੇ ਪੰਥ ਪ੍ਰਤੀ ਵੱਡਾ ਉਸਾਰੂ ਰੋਲ ਅਦਾ ਕਰ ਸਕਦੀ ਹੈ। ਜਦੋਂ ਇਸ ਗੱਲ ਦੀ ਇਸਤਰੀ ਨੂੰ ਸਮਝ ਆ ਜਾਵੇਗੀ ਤਦ ਉਹ ਆਪਣੇ ਪਰਿਵਾਰ ਨੂੰ ਸਬਰ ਦੀ ਜ਼ਿੰਦਗੀ ਬਤੀਤ ਕਰਨੀ ਸਿਖਾ ਦੇਵੇਗੀ। ਸਬਰ-ਸੰਤੋਖ ਵਿਚ ਜੀਵਨ ਗੁਜ਼ਾਰਨ ਵਾਲੇ ਸਿੱਖ ਪਰਿਵਾਰ ਸਿੱਖ ਪੰਥ ਦੀ ਗੌਰਵਮਈ ਇਤਿਹਾਸਕ ਆਨ-ਸ਼ਾਨ ਨੂੰ ਕਾਇਮ ਕਰ ਸਕਦੇ ਹਨ। ਸਿੱਖ-ਪੰਥ ਨੂੰ ਹਮੇਸ਼ਾਂ ਚੜ੍ਹਦੀ ਕਲਾ ਵਿਚ ਰੱਖਣ ਲਈ ਇਸਤਰੀ ਬਹੁਤ ਮਹੱਤਤਾ ਰੱਖਦੀ ਹੈ। ਗੁਰ-ਇਤਿਹਾਸ ਇਸ ਤੱਥ ਨੂੰ ਸਬੂਤ ਦੇ ਰੂਪ ਵਿਚ ਉਜਾਗਰ ਕਰਦਾ ਹੈ। ਜਿਵੇਂ ਕਿ: ਬੇਬੇ ਨਾਨਕੀ ਜੀ ਜਿਨ੍ਹਾਂ ਨੂੰ ਸਾਰੇ ਪੰਥ ਦੀ ਭੈਣ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ, ਜਿਨ੍ਹਾਂ ਨੇ ਆਪਣੇ ਵੀਰ ਸ੍ਰੀ ਗੁਰੂ ਨਾਨਕ ਦੇਵ ਜੀ ਅੰਦਰ ਜਗਦੀ ਜੋਤ ਨੂੰ ਸਭ ਤੋਂ ਪਹਿਲਾਂ ਮਹਿਸੂਸ ਕੀਤਾ ਅਤੇ ਆਪਣੇ ਪਿਤਾ ਮਹਿਤਾ ਕਾਲੂ ਜੀ ਨੂੰ ਕਿਹਾ ਕਿ ਮੇਰਾ ਵੀਰ ਤਾਂ ਨਿਰੰਕਾਰ ਵੱਲੋਂ ਭੇਜੀ ਹੋਈ ਦੁਨੀਆਂ ਨੂੰ ਰੋਸ਼ਨੀ ਦੇਣ ਵਾਲੀ ਜੋਤ ਹੈ। ਫਿਰ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਦੁਨੀਆਂ ਦਾ ਉਧਾਰ ਕਰਨ ਲਈ ਨਿਕਲੇ ਤਾਂ ਇਹ ਬੇਬੇ ਨਾਨਕੀ ਜੀ ਹੀ ਸਨ ਜਿਨ੍ਹਾਂ ਨੇ ਮਾਤਾ ਸੁਲੱਖਣੀ ਜੀ ਅਤੇ ਉਨ੍ਹਾਂ ਦੇ ਬੱਚਿਆਂ ਦੀ ਜ਼ਿੰਮੇਵਾਰੀ ਲੈ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਨੁੱਖਤਾ ਦੀ ਸੇਵਾ ਨਿਭਾਉਣ ਵਾਸਤੇ ਘਰ-ਪਰਿਵਾਰ ਦੀਆਂ ਜ਼ਿੰਮੇਵਾਰੀਆ ਤੋਂ ਕਾਫ਼ੀ ਹੱਦ ਤਕ ਸੁਰਖ਼ਰੂ ਕੀਤਾ। ਬੇਬੇ ਨਾਨਕੀ ਜੀ ਦੇ ਵੱਡੇ ਭੈਣ ਜੀ ਹੋਣ ਦਾ ਮਾਣ ਉਨ੍ਹਾਂ ਦੀ ਝੋਲੀ ਵਿਚ ਕੁੱਲ ਸੰਸਾਰ ਵੱਲੋਂ ਪੈਂਦਾ ਆ ਰਿਹਾ ਹੈ। ਇਥੋਂ ਤਕ ਕਿ ਉਨ੍ਹਾਂ ਦੇ ਪਤੀ ਸ੍ਰੀ ਜੈ ਰਾਮ ਜੀ ਨੇ ਇਹ ਕਹਿੰਦਿਆਂ ਨਾਨਕੀ ਜੀ ਅਤੇ ਉਨ੍ਹਾਂ ਦੇ ਵੀਰ ਨਾਨਕ ਨੂੰ ਵਡਿਆਇਆ ਹੈ ਕਿ ਧੰਨ- ਧੰਨ ਹੈ ਤੇਰਾ ਵੀਰ ਜੋ ਜਗਤ-ਉਧਾਰ ਦੇ ਵਾਸਤੇ ਇੰਨਾ ਕੁਝ ਕਰ ਰਿਹਾ ਏ।

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੁਪਤਨੀ ਮਾਤਾ ਖੀਵੀ ਜੀ ਲੰਗਰ ਸੰਸਥਾ ਦੇ ਪਹਿਲੇ ਸੰਚਾਲਕ ਬਣੇ। ਘਿਉ ਦੀ ਖੀਰ ਵਰਤਾ ਮਾਤਾ ਜੀ ਸੰਘਣੇ ਪੱਤਿਆਂ ਵਾਲੀ ਛਾਂ ਬਣੇ। ਵਰਤਮਾਨ ਸਮੇਂ ਵਿਚ ਵੀ ਇਸ ਰਵਾਇਤ ਨੂੰ ਜਾਰੀ ਰੱਖਦਿਆਂ ਸ੍ਰੀ ਖਡੂਰ ਸਾਹਿਬ ਦੇ ਗੁਰਦੁਆਰੇ ਵਿਚ ਘਿਉ ਵਾਲੀ ਖੀਰ ਵਰਤਾਈ ਜਾਂਦੀ ਹੈ। ਇਨ੍ਹਾਂ ਬਾਰੇ ਗੁਰੂ-ਘਰ ਦੇ ਰਬਾਬੀ ਨੇ ਫ਼ਰਮਾਇਆ ਹੈ :

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥ (ਪੰਨਾ ੯੬੭)

ਸਿੱਖ-ਪੰਥ ਦੇ ਪਹਿਲੇ ਇਸਤਰੀ ਪ੍ਰਚਾਰਕ ਬੀਬੀ ਅਮਰੋ ਜੀ ਨੂੰ ਸਵੀਕਾਰਿਆ ਜਾ ਸਕਦਾ ਹੈ ਜਿਨ੍ਹਾਂ ਨੂੰ ਮਾਂ ਖੀਵੀ ਜੀ ਨੇ ਗੁਰਬਾਣੀ ਦੀ ਐਸੀ ਗੁੜ੍ਹਤੀ ਦਿੱਤੀ ਕਿ ਉਨ੍ਹਾਂ ਨੂੰਹ ਦੇ ਰਿਸ਼ਤੇ ਨਾਲ ਸਹੁਰੇ ਘਰ ਵਿਚ ਬਾਣੀ ਦਾ ਐਸਾ ਬੀਜ, ਬੀਜ ਦਿੱਤਾ ਕਿ ਇਸ ਪਰਿਵਾਰ ਵਿੱਚੋਂ ਬਾਬਾ ਅਮਰਦਾਸ ਜੀ ਨੂੰ ਗੁਰੂ-ਪਦਵੀ ਪ੍ਰਾਪਤ ਹੋਈ। ਮਾਤਾ ਸਾਹਿਬ ਕੌਰ ਨੂੰ ਖਾਲਸੇ ਦੀ ਮਾਤਾ ਦਾ ਖਿਤਾਬ ਮਿਲਿਆ। ਮਾਤਾ ਗੁਜਰੀ ਜੀ ਸਿੱਖ ਇਤਿਹਾਸ ਵਿਚ ਪਹਿਲੀ ਸ਼ਹੀਦ ਇਸਤਰੀ ਹੈ ਜਿਨ੍ਹਾਂ ਨੇ ਮਾਂ, ਪਤਨੀ ਅਤੇ ਦਾਦੀ ਦੇ ਰਿਸ਼ਤਿਆਂ ਨੂੰ ਅਦੁੱਤੀ ਰੂਪ 'ਚ ਨਿਭਾਇਆ ਅਤੇ ਸਿੱਖ-ਪੰਥ ਦੀ ਸੁਯੋਗ ਅਗਵਾਈ ਕੀਤੀ। ਮਾਤਾ ਸੁੰਦਰ ਕੌਰ ਜੀ ਨੇ ਪੰਥ ਨੂੰ ਦੋ-ਫਾੜ ਹੋਣ ਤੋਂ ਬਚਾ ਕੇ ਇਤਿਹਾਸ ਨੂੰ ਨਵਾਂ ਮੋੜ ਦਿੱਤਾ। ਜੇਕਰ ਮਾਤਾ ਭਾਗੋ ਜੀ ਗੁਰੂ ਸਾਹਿਬ ਤੋਂ ਵਿੱਛੜ ਕੇ ਆਏ ਸਿੱਖਾਂ ਨੂੰ ਲਾਹਨਤਾਂ ਨਾ ਪਾਉਂਦੀ ਤਾਂ ਅੱਜ ਸਿੱਖ-ਪੰਥ ਦੇ ਇਤਿਹਾਸ ਵਿਚ ਸ੍ਰੀ ਮੁਕਤਸਰ ਸਾਹਿਬ ਦੀ ਅਪਾਰ ਮਹਿਮਾ ਦਾ ਜ਼ਿਕਰ ਕਿਵੇਂ ਹੁੰਦਾ?

ਆਓ! ਵਿਚਾਰ ਕਰੀਏ ਕਿ ਅੱਜ ਵਰਤਮਾਨ ਸਮੇਂ ਅੰਦਰ ਸਿੱਖ ਬੀਬੀਆਂ ਪਰਿਵਾਰਾਂ ਵਿਚ ਕਿੰਨਾ ਯੋਗਦਾਨ ਪਾ ਸਕਦੀਆਂ ਹਨ।

ਪਰਿਵਾਰ ਨੂੰ ਖੁਸ਼, ਸੰਤੁਸ਼ਟ ਰੱਖਣ, ਆਪਸੀ ਪਿਆਰ, ਸ਼ਾਂਤੀ ਤੇ ਮਿਲਵਰਤਨ ਬਣਾਈ ਰੱਖਣ ਲਈ ਮਾਂ ਤੇ ਪਤਨੀ ਦਾ ਸਭ ਤੋਂ ਵੱਡਾ ਰੋਲ ਹੁੰਦਾ ਹੈ। ਅੱਜ ਲੜਕੀਆਂ ਦਾ ਲਿਬਾਸ ਦੇਖ ਕੇ ਅਤੇ ਟੀ.ਵੀ. ਵਿਚ ਇਨ੍ਹਾਂ ਦੇ ਉਲਟੇ-ਸਿੱਧੇ ਰੋਲ ਵੇਖ ਕੇ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਦੁਪੱਟਾ ਜਿਸ ਨੂੰ ਇਸਤਰੀ ਦੀ ਇੱਜ਼ਤ ਸਮਝਿਆ ਜਾਂਦਾ ਸੀ ਅੱਜ ਸਿਰ 'ਤੇ ਕੀ, ਗਲੇ ਵਿੱਚੋਂ ਵੀ ਗਾਇਬ ਹੋ ਗਿਆ ਹੈ। ਇਸ ਸਬੰਧ ਵਿਚ ਸਿੱਖ ਆਪਣੀ ਧੀ ਨੂੰ ਆਪਣੇ ਸਿੱਖੀ ਜੀਵਨ ਅਤੇ ਪਿਆਰ ਭਰੀ ਪ੍ਰੇਰਨਾ ਨਾਲ ਸਹੀ ਮਾਰਗ 'ਤੇ ਲਿਆ ਸਕਦੀ ਹੈ।

ਜੋ ਇਸਤਰੀ ਗੁਣਵੰਤੀ, ਬੱਤੀਹ ਸੁਲਖਣੀ ਹੋਵੇਗੀ, ਪਰਵਾਰ ਨੂੰ ਸਿੱਧੇ ਰਸਤੇ ਪਾਵੇਗੀ ਅਤੇ ਉਹ ਘਰ ਸਵਰਗ ਹੋਵੇਗਾ ਅਤੇ ਉਥੇ ਦੀਨ-ਦੁਨੀਆਂ ਦੇ ਸਾਰੇ ਸੁਖ ਅਤੇ ਖੁਸ਼ੀਆਂ ਹੋਣਗੀਆਂ। ਨੂੰਹ-ਸੱਸ ਦੇ ਰਿਸ਼ਤੇ ਨੂੰ ਸੁਖਾਵਾਂ ਬਣਾਉਣ ਲਈ ਨੂੰਹ ਦੀ, ਸੱਸ ਮਾਂ ਦੀ ਜ਼ਿੰਮੇਵਾਰੀ ਇਕੋ ਜਿਹੀ ਮਹੱਤਵਪੂਰਨ ਹੈ। ਸਿੱਖ ਸੱਸ-ਮਾਂ ਅਤੇ ਸਿੱਖ ਨੂੰਹ ਜੇਕਰ ਦੋਵੇਂ ਗੁਰਮਤਿ ਜੀਵਨ-ਜਾਚ ਤੋਂ ਜਾਣੂੰ ਹੋਣ ਤਾਂ ਜਿੱਥੇ ਉਨ੍ਹਾਂ ਵਿਚ ਆਪਸੀ ਪਿਆਰ ਤੇ ਮਿਲਵਰਤਨ ਹੋ ਸਕਦਾ ਹੈ ਉਥੇ ਘਰੇਲੂ ਕਲੇਸ਼ ਤੇ ਲੜਾਈ-ਝਗੜਿਆਂ ਤੋਂ ਰਹਿਤ ਮਾਹੌਲ ਪੈਦਾ ਹੋ ਸਕਦਾ ਹੈ। ਇਉਂ ਅੰਤਮ ਰੂਪ 'ਚ ਸਿੱਖ-ਪੰਥ ਦੀ ਚੜ੍ਹਦੀ ਕਲਾ ਯਕੀਨੀ ਹੋ ਸਕਦੀ ਹੈ।

ਸਿੱਖ ਮਾਤਾ-ਪਿਤਾ ਨੂੰ ਆਪਣੀ ਬੱਚੀ ਨੂੰ ਵਿਆਹੁਣ ਤੋਂ ਪਹਿਲਾਂ ਜਾਂ ਸਹੁਰੇ- ਘਰ ਲਈ ਤੋਰਨ ਸਮੇਂ ਸਮਝਾਉਣਾ ਚਾਹੀਦਾ ਹੈ ਕਿ ਸੱਸ ਵੀ ਇਕ ਸਹੀ ਮਾਂ ਹੈ ਜੋ ਆਪਣੇ ਪੁੱਤਰ ਦੀ ਘਰ-ਗ੍ਰਿਹਸਥੀ ਦੀ ਨੀਂਹ ਤਿਆਰ ਕਰਦੀ ਹੈ। ਜੇਕਰ ਸੱਸ, ਨੂੰਹ ਦੇ ਪਿਆਰ ਅਤੇ ਸਤਿਕਾਰ ਦੇ ਮਿੱਠੇ ਬੋਲਾਂ ਦਾ ਦਿਲੋਂ ਵਜੋਂ ਸਵਾਗਤ ਕਰੇਗੀ ਤਾਂ ਨੂੰਹ ਵੀ ਇਸ ਦਾ ਚੰਗਾ ਹੁੰਗਾਰਾ ਭਰੇਗੀ ਅਤੇ ਇਵੇਂ ਘਰ ਸਵਰਗ ਬਣ ਜਾਵੇਗਾ। ਸੱਸ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਨੂੰਹ ਵੀ ਕਿਸੇ ਦੀ ਪਿਆਰੀ ਬੇਟੀ ਹੈ। ਅੱਜ ਪੜ੍ਹਿਆ-ਲਿਖਿਆ ਸਮਾਜ ਹੋਣ ਕਰਕੇ ਉਹ ਦਿਨ ਲੰਘ ਗਏ ਹਨ ਜਦੋਂ ਔਰਤ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਪਰ ਅਜੇ ਵੀ ਔਰਤ ਦੇ ਸਮਾਜ ਵਿਚ ਉਚਿਤ ਮਾਣ-ਸਨਮਾਨ ਵਾਸਤੇ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ। ਭਾਰਤ ਵਿਚ ਅੱਜ ਵੀ ਔਰਤ ਨੂੰ ਤਿੰਨ ਪੱਪਿਆਂ (ਪ) ਦੀ ਮੁਥਾਜ ਸਮਝਿਆ ਜਾਂਦਾ ਹੈ- ਬਚਪਨ ਵਿਚ ਪਿਤਾ, ਜਵਾਨੀ ਵਿਚ ਪਤੀ ਅਤੇ ਬੁਢਾਪੇ ਵਿਚ ਪੁੱਤਰਾਂ ਦੀ। ਸੰਵਿਧਾਨ ਨੇ ਔਰਤਾਂ ਨੂੰ ਕਾਫ਼ੀ ਹੱਕ ਦਿੱਤੇ ਹਨ। ਲੜਕੀਆਂ ਪੜ੍ਹਾਈ ਕਰ ਰਹੀਆਂ ਹਨ, ਜੋ ਚੰਗੀ ਗੱਲ ਹੈ।

(ਬਾਕੀ ਸਫ਼ਾ 34 'ਤੇ)

ਨਾਵਲ

ਕਿਸ਼ਤ-10

# ਇਹ ਖ਼ੁਦਕੁਸ਼ੀ ਨਹੀਂ ਜਨਾਬ ! ਕਤਲ ਹੈ



ਹਰਦੇਵ ਗਰੇਵਾਲ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਗਗਨ ਦਾ ਹੱਥ ਤੇਜਵੀਰ ਦੇ ਹੱਥ 'ਤੇ ਆ ਟਿਕਿਆ। ਕੁਝ ਪਲਾਂ ਲਈ ਕੈਬਿਨ 'ਚ ਉਦਾਸੀ ਭਰੀ ਚੁੱਪ ਪਸਰ ਗਈ।

'ਵੈੱਲ ਮਾਈ ਬੁਆਏਜ਼।' ਭੋਗਲ ਸਾਹਬ ਨੇ ਪਹਿਲ ਕਰਦਿਆਂ ਚੁੱਪ ਨੂੰ ਤੋੜਿਆ, 'ਕੱਲ੍ਹ ਦਾ ਕੀ ਪ੍ਰੋਗਰਾਮ ਹੈ ? ਆਈ ਮੀਨ ਮੈਂ ਚਾਹੁੰਨਾ ਹਾਂ ਕਿ ਇਸ ਕੇਸ ਦਾ ਪ੍ਰੌਪਰ ਫ਼ੌਲੋਅੱਪ ਹੋਵੇ। ਮੈਂ ਰਾਏਕੋਟ ਤੋਂ ਹੀ ਆ ਰਿਹਾ ਹਾਂ, ਢਿੱਲੋਂ ਸਾਹਬ ਨੂੰ ਬੜਾ ਗਹਿਰਾ ਸਦਮਾ ਲੱਗਾ ਹੈ। ਬੜੀ ਦੁੱਖ ਦੀ ਘੜੀ ਹੈ ਉਨ੍ਹਾਂ ਲਈ, ਪਰ ਹੁਣ ਜਦੋਂ ਉਨ੍ਹਾਂ ਨੂੰ ਪਤਾ ਲੱਗੇਗਾ ਕਿ ਉਨ੍ਹਾਂ ਦੀ ਬੇਟੀ ਦੀ ਮੌਤ ਖ਼ੁਦਕੁਸ਼ੀ ਨਹੀਂ ਬਲਕਿ ਮਰਡਰ ਹੈ, ਪਤਾ ਨਹੀਂ ਕੀ ਬੀਤੇਗੀ ਉਨ੍ਹਾਂ 'ਤੇ।'

'ਬੱਟ ਸਰ, ਉਨ੍ਹਾਂ ਨੂੰ ਸ਼ਾਇਦ ਇਤਰਾਜ਼ ਹੋਵੇ, ਜੋ ਸਟੋਰੀ ਆਪਾਂ ਛਾਪਣ ਜਾ ਰਹੇ ਹਾਂ। ਆਈ ਮੀਨ ਇਸ ਨਾਲ ਉਨ੍ਹਾਂ ਦੀ ਬੇਟੀ ਦੇ ਕੈਰੈਕਟਰ 'ਤੇ ਵੀ ਤਾਂ ਸਵਾਲੀਆ ਨਿਸ਼ਾਨ ਲੱਗੇਗਾ ?' ਉਦਾਸੀ ਦੇ ਭੰਵਰ 'ਚੋਂ ਬਾਹਰ ਆ ਚੁੱਕੇ ਤੇਜਵੀਰ ਨੇ ਕਿਹਾ।

'ਸੱਚ ਸਾਹਮਣੇ ਲਿਆਉਣਾ ਸਾਡਾ ਫ਼ਰਜ਼ ਹੈ ਤੇਜਵੀਰ, ਤੇ ਸਾਡਾ ਫ਼ਰਜ਼ ਹੀ ਸਾਡੀ ਪ੍ਰਾਇਓਰਿਟੀ ਹੈ। ਆਈ ਪਰਸਨਲੀ ਵਾਂਟ ਕਿ ਰੁਪਿੰਦਰ ਦਾ ਕਾਤਲ ਜਲਦ-ਅਜ਼-ਜਲਦ ਸਲਾਖਾਂ ਦੇ ਪਿੱਛੇ ਹੋਵੇ। ਇਸ ਲਈ ਤੁਸੀਂ ਦੋਵੇਂ ਇਸ ਕੇਸ ਨੂੰ ਪ੍ਰਾਪਰਲੀ ਫ਼ਾੱਲੋ ਕਰੋ। ਐਂਡ ਗਗਨ, ਹੋਰ ਕੋਈ ਅਸਾਈਨਮੈਂਟ ਐਂਟਰਟੇਨ ਨਹੀਂ ਕਰਨੀ ਤੁਸੀਂ ਓਨੀ ਦੇਰ, ਜਦ ਤੱਕ ਇਹ ਕੇਸ ਸਾੱਲਵ ਨਹੀਂ ਹੋ ਜਾਂਦਾ। ਐਂਡ ਰਿਮੈਂਬਰ, ਫ਼ਰਜ਼ ਦੇ ਰਾਹ 'ਚ ਆਉਣ ਵਾਲਾ ਭਾਵੇਂ ਕਿੰਨਾ ਵੀ ਜ਼ੋਰਾਵਰ ਕਿਉਂ ਨਾ ਹੋਵੇ, ਕਿਸੇ ਦੀ ਕੋਈ ਪਰਵਾਹ ਨਹੀਂ ਕਰਨੀ। ਐਵਰ ਰਿਮੈਂਬਰ, ਤੁਹਾਡੀ ਬੈਕ 'ਤੇ 'ਰੋਜ਼ਾਨਾ ਖ਼ਬਰਨਾਮਾ' ਹੈ। ਐਂਡ ਮਾਰਕ ਮਾਈ ਵਰਡਜ਼, ਆਪਣੇ ਫ਼ਰਜ਼ ਦੇ ਰਾਹ 'ਤੋਂ ਕਦੇ ਨਹੀਂ ਥਿੜਕਣਾ ਮਾਈ ਬੁਆਏਜ਼। ਭਾਵੇਂ ਥਿੜਕਾਉਣ ਵਾਲਾ ਤਾਰਾ ਚੰਦ ਭੋਗਲ ਹੀ ਕਿਉਂ ਨਾ ਹੋਵੇ।'

ਭੋਗਲ ਸਾਹਬ ਦਾ ਇਹ ਰੂਪ ਦੇਖ ਕੇ ਗਗਨ ਅਸਚਰਜਚਕਿਤ ਰਹਿ ਗਿਆ। ਤੇਜਵੀਰ ਦੇ ਅੰਦਰ ਇੱਕ ਨਵੇਂ ਜੋਸ਼ ਦਾ ਸੰਚਾਰ ਹੋ ਰਿਹਾ ਸੀ।

'ਸਰ, ਮੈਂ ਢਿੱਲੋਂ ਸਾਹਬ ਤੇ ਉਨ੍ਹਾਂ ਦੇ ਮਿਸਿਜ਼ ਨਾਲ ਕੇਸ ਦੇ ਸਿਲਸਿਲੇ 'ਚ ਇੱਕ ਮੁਲਾਕਾਤ ਕਰਨੀ ਚਾਹੁੰਨਾਂ। ਸ਼ਾਇਦ ਉਨ੍ਹਾਂ ਤੋਂ ਕੋਈ ਜਾਣਕਾਰੀ ਹਾਸਿਲ ਹੋ ਜਾਏ। ਬੱਟ ਓਸ ਤੋਂ ਵੀ ਪਹਿਲਾਂ ਮੈਂ ਮੌਕਾਏ-ਵਾਰਦਾਤ ਦਾ ਇੱਕ ਵਾਰ ਫੇਰ ਤੋਂ ਅੱਛੀ ਤਰ੍ਹਾਂ ਮੁਆਇਨਾ ਕਰਨਾ ਚਾਹੁੰਨਾਂ। ਅੱਜ ਤਾਂ ਇਹ ਪਾੱਸੀਬਲ ਨਹੀਂ ਹੋ ਪਾਇਆ ਸਰ, ਪਰ ਕੱਲ੍ਹ ਅਗਰ ਇਸਦਾ ਇੰਤਜ਼ਾਮ ਹੋ ਜਾਏ, ਤਾਂ ਸ਼ਾਇਦ ਕੋਈ ਐਸਾ ਕਲੂ ਹੱਥ ਲੱਗ ਜਾਵੇ, ਜੋ ਕਾਤਲ ਵੱਲ ਇਸ਼ਾਰਾ ਕਰਦਾ ਹੋਵੇ।'

'ਡੋਂਟ ਵਰੀ ਮਾਈ ਬੁਆਏਜ਼, ਇੰਤਜ਼ਾਮ ਹੋ ਜਾਏਗਾ। ਓ ਕੇ ਦੈਨ, ਯੂ ਮੇ ਲੀਵ ਨਾਓ।'

'ਥੈਂਕਯੂ ਸਰ।' ਇੱਕੋ ਸੁਰ 'ਚ ਆਖ ਕੇ ਦੋਨੋਂ ਉੱਠ ਖੜ੍ਹੇ ਹੋਏ।

ਅਗਲੀ ਸਵੇਰ ਸਰਦੂਲ ਸਿੰਘ ਫਿਰ ਬਿਸਤਰੇ 'ਚੋਂ ਉੱਭੜਵਾਹੇ ਉੱਠਿਆ।

ਸਿਰ ਤੋਂ ਪੈਰਾਂ ਤੀਕ ਪਸੀਨੇ ਨਾਲ਼ ਬੁਰੀ ਤਰ੍ਹਾਂ ਨਾਲ਼ ਗੜੁੱਚ, ਉਹ ਸਾਹੋ-ਸਾਹੀ ਹੋਇਆ ਪਿਆ ਸੀ।

ਕੱਲ੍ਹ ਉਸਦੇ ਗਰੂਰ ਨੂੰ ਤੇਜਵੀਰ ਹੱਥੋਂ ਬੜੀ ਗਹਿਰੀ ਚੋਟ ਪੁੱਜੀ ਸੀ।

ਡਿਊਟੀ ਤੋਂ ਫ਼ਾਰਿਗ ਹੁੰਦੇ ਸਾਰ ਹੀ ਉਹ ਆਪਣੇ ਪਸੰਦੀਦਾ ਹਾਤੇ 'ਤੇ ਜਾ ਪੁੱਜਾ ਅਤੇ ਮਨੋ-ਮਨੀ ਕੁੜ੍ਹਦਾ-ਕੁੜ੍ਹਦਾ ਬੇਤਹਾਸ਼ਾ ਸ਼ਰਾਬ ਪੀਂਦਾ ਰਿਹਾ।

ਰਹਿ-ਰਹਿ ਕੇ ਉਸਦੀਆਂ ਅੱਖਾਂ ਅੱਗੇ ਤੇਜਵੀਰ ਦਾ ਚਿਹਰਾ ਆ ਰਿਹਾ ਸੀ।

ਉਸ 'ਪਿੱਦੀ ਜਿਹੇ ਛੋਕਰੇ' ਦੇ ਕਰਾਰੇ ਬੋਲ, ਵਾਰ-ਵਾਰ ਉਸਦੇ ਕੰਨਾਂ 'ਚ ਗੂੰਜ ਰਹੇ ਸਨ।

ਉਹ ਬੱਸ ਕਿਸੇ ਤਰ੍ਹਾਂ ਆਪਣੇ ਇਨ੍ਹਾਂ ਬਦਮਜ਼ਾ ਖ਼ਿਆਲਾਤਾਂ ਨੂੰ ਸ਼ਰਾਬ ਦੇ ਗਲਾਸ ਵਿੱਚ ਡੁਬੋ ਦੇਣਾ ਚਾਹੁੰਦਾ ਸੀ।

'ਸਾਲ਼ੀ ਇਹ ਦਾਰੂ ਵੀ ਨੀਂ ਚੜ੍ਹਦੀ ਅੱਜ ਤਾਂ।'

ਮਣਾਂ-ਮੂੰਹੀਂ ਸ਼ਰਾਬ ਪੀਣ ਤੋਂ ਬਾਅਦ ਘਰ ਜਾਣ ਦੀ ਬਜਾਏ ਉਹ ਲੜਖੜਾਉਂਦਾ ਹੋਇਆ ਨਰਸ ਦੇ ਪਹਿਲੂ ਵਿਚ ਜਾ ਗਰਕ ਹੋਇਆ।

ਨਸ਼ੇ ਦੀ ਅਧਿਕਤਾ ਕਾਰਨ ਨੀਮ ਬੇਹੋਸ਼ੀ ਦੀ ਹਾਲਤ 'ਚ ਵੀ ਉਹ ਸਾਰੀ ਰਾਤ ਪਿਆ ਬੜਬੜਾਉਂਦਾ ਰਿਹਾ, ਪਰ ਨੀਂਦ ਉਸਦੀਆਂ ਅੱਖਾਂ ਤੋਂ ਕੋਹਾਂ ਦੂਰ ਰਹੀ।

ਪਹੁ-ਫੁਟਾਲ਼ੇ ਤੋਂ ਜ਼ਰਾ ਕੁ ਪਹਿਲਾਂ ਮਾੜੀ ਜਿਹੀ ਅੱਖ ਲੱਗੀ ਸੀ ਕਿ ਫਿਰ ਤੋਂ ਉਹੀ ਭਿਆਨਕ ਸੁਪਨਾ।

ਇਸ ਵਾਰ ਉਸ ਨਰਮੁੰਡਧਾਰੀ ਭਿਆਨਕ ਆਕ੍ਰਿਤੀ ਨੇ ਆਪਣੇ ਹੱਥ 'ਚ ਫੜਿਆ ਸਿਰ, ਆਪਣੀ ਗਰਦਨ 'ਤੇ ਟਿਕਾ ਲਿਆ ਸੀ, ਅਤੇ ਉਸ ਸਿਰ ਨੇ ਤੇਜਵੀਰ ਦੀ ਸ਼ਕਲ ਇਖ਼ਤਿਆਰ ਕਰ ਲਈ ਸੀ। ਚੀਕ-ਚਿਹਾੜਾਂ ਦੀਆਂ ਆਵਾਜ਼ਾਂ ਵਿੱਚੋਂ ਢੋਲ-ਨਗਾੜਿਆਂ ਦੀਆਂ ਆਵਾਜ਼ਾਂ ਗੂੰਜਣ ਲੱਗ ਪਈਆਂ ਤੇ ਹੌਲ਼ੀ-ਹੌਲ਼ੀ ਢੋਲ-ਨਗਾੜਿਆਂ ਦੀ ਆਵਾਜ਼ ਸਭ ਆਵਾਜ਼ਾਂ ਉੱਤੇ ਭਾਰੀ ਹੋ ਗਈ। ਅੰਤ ਉਹ ਆਵਾਜ਼ ਠਹਾਕਿਆਂ ਦੀ ਆਵਾਜ਼ ਵਿੱਚ ਤਬਦੀਲ ਹੋ ਗਈ। ਹੌਲ਼ੀ-ਹੌਲ਼ੀ ਉਨ੍ਹਾਂ ਠਹਾਕਿਆਂ ਦੀ ਆਵਾਜ਼ ਏਨੀ ਤੇਜ਼ ਹੋ ਗਈ ਕਿ ਉਸ ਦੇ ਕੰਨਾਂ ਦੇ ਪਰਦੇ ਫਟਣ ਲੱਗ ਪਏ ਤੇ ਉਸਦੀ ਅੱਖ ਖੁੱਲ੍ਹ ਗਈ।

ਆਪਣੇ ਸਾਹਾਂ ਦੇ ਕਾਬੂ ਆਉਣ 'ਤੇ ਉਸਨੂੰ ਅਹਿਸਾਸ ਹੋਇਆ ਕਿ ਸਿਰਹਾਣੇ ਪਏ ਉਸਦੇ ਮੋਬਾਈਲ ਫ਼ੋਨ ਦੀ ਘੰਟੀ ਵੱਜ ਰਹੀ ਸੀ।

ਅੱਧ-ਸੁੱਤੀਆਂ ਅੱਖਾਂ ਮਲ਼ਦਿਆਂ ਉਸਨੇ ਮੋਬਾਈਲ ਫ਼ੋਨ ਚੁੱਕ ਆਪਣੇ ਕੰਨ ਨੂੰ ਲਾ ਲਿਆ।

ਅੱਗਿਓਂ ਉਸਦੀ ਘਰਵਾਲ਼ੀ ਦੀ ਆਵਾਜ਼ ਆਈ।

'ਹੈਂਅ ਜੀ, ਕਿੱਥੇ ਓਂ ਕੱਲ੍ਹ ਦੇ ?'

ਅਤੇ ਕਿੰਨਾ ਹੀ ਚਿਰ ਉਸਦੀ ਨੀਮ-ਪਾਗਲ ਪਤਨੀ ਆਪਣਾ ਰਾਗ ਅਲਾਪਦੀ ਰਹੀ।

'ਕਿਉਂ ਸਵੇਰੇ-ਸਵੇਰੇ ਕੁੱਤੇ ਆਂਗੂੰ ਭੌਂਕੀ ਜਾਨੀ ਏਂ ? ਡਿਊਟੀ 'ਤੇ ਸੀ।'

'ਆਹੋ, ਮੈਂ ਹੁਣ ਕੁੱਤੀ ਹੋਗੀ। ਮੈਨੂੰ ਪਤਾ ਕਿਹੜੀ ਕੰਜਰੀ ਦੇ ਢੂਹੇ 'ਚ ਡਿਊਟੀ ਕਰਦਾ ਸੀ। ਮੇਰੇ ਤਾਂ ਕਰਮਾਂ ਨੂੰ ।' ਅੱਕ ਕੇ ਸਰਦੂਲ ਸਿੰਘ ਨੇ ਕਾਲ ਕੱਟ ਦਿੱਤੀ।

ਮੋਬਾਈਲ ਦੀ ਘੰਟੀ ਫਿਰ ਤੋਂ ਵੱਜ ਉੱਠੀ।

ਉਸਨੇ ਖਿਝ ਕੇ ਮੋਬਾਈਲ ਸਵਿੱਚ ਆੱਫ਼ ਕਰ ਦਿੱਤਾ।

'ਉੱਠ ਖੜ੍ਹੇ ਸਰਕਾਰ ਮੇਰੇ ?'

ਖੁੱਲ੍ਹੇ ਗਲ਼ੇ ਦੀ ਪਾਰਦਰਸ਼ੀ ਨਾਇਟੀ ਪਹਿਨੀ ਨਰਸ ਨੇ ਕਮਰੇ 'ਚ ਕਦਮ ਰੱਖਿਦਆਂ ਆਖਿਆ।

ਉਸਦੇ ਹੱਥਾਂ 'ਚ ਚਾਹ ਵਾਲ਼ੀ ਟ੍ਰੇ ਫੜੀ ਹੋਈ ਸੀ।

ਉਹ ਲਹਿਰਾਉਂਦੀ ਹੋਈ ਸਰਦੂਲ ਸਿੰਘ ਦੇ ਸਿਰਹਾਣੇ ਜਾ ਖੜ੍ਹੀ ਹੋਈ।

ਉਸਦੇ ਲਿਬਾਸ ਵਿੱਚੋਂ ਦੀ ਸਾਫ਼ ਝਲਕ ਰਹੇ ਉਸਦੇ ਗੁੰਦਵੇਂ ਜਿਸਮ ਦੀ ਇੱਕ-ਇੱਕ ਗੋਲ਼ਾਈ ਨੁਮਾਇਆਂ ਹੋ ਰਹੀ ਸੀ।

ਸਿਰਹਾਣੇ ਕੋਲ਼ ਪਈ ਤਿਪਾਈ 'ਤੇ ਟ੍ਰੇ ਰੱਖ, ਉਸਨੇ ਇੱਕ ਮਾਦਕ ਅੰਗੜਾਈ ਲਈ।

ਸਰਦੂਲ ਸਿੰਘ ਦੇ ਸਬਰ ਦਾ ਬੰਨ੍ਹ ਟੁੱਟਿਆ।

ਉਹ ਬਾਜ਼ ਵਾਂਗੂੰ ਝਪਟਿਆ ਤੇ ਉਸਨੂੰ ਕੁੱਕੜੀ ਵਾਂਗੂੰ ਦਬੋਚ ਕੇ ਉਸਨੇ ਬੈੱਡ 'ਤੇ ਸੁੱਟ ਲਿਆ।

ਅਗਲੇ ਅੱਧੇ ਘੰਟੇ ਤੱਕ ਬੈੱਡ 'ਤੇ ਜਿਵੇਂ ਭੂਚਾਲ਼ ਜਿਹਾ ਆ ਗਿਆ।



ਸਿਰਹਾਣੇ ਪਈ ਚਾਹ ਖ਼ਾਮੋਸ਼ ਠੰਡੀ ਹੁੰਦੀ ਰਹੀ।

ਸਵੇਰੇ-ਸਵੇਰੇ ਮਿਲ਼ੀ ਇਸ ਤਾਜ਼ਾਤਰੀਨ ਡੋਜ਼ ਸਦਕਾ, ਸਰਦੂਲ ਸਿੰਘ ਦੇ ਸਰੀਰ ਦੀ ਗਰਮੀ ਦੇ ਨਾਲ਼-ਨਾਲ਼ ਦਿਮਾਗ਼ ਦੀ ਗਰਮੀ ਵੀ ਥੋੜ੍ਹੀ ਜਿਹੀ ਸ਼ਾਂਤ ਹੋ ਗਈ।

ਜ਼ਰਾ ਕੁ ਬਿਹਤਰ ਮੂਡ ਲੈ ਉਹ ਚੌਂਕੀ ਪਹੁੰਚਿਆ।

ਗੇਟ 'ਤੇ ਖੜ੍ਹੇ ਸਿਪਾਹੀ ਨੇ ਹਰ ਰੋਜ਼ ਵਾਂਗ ਸਲਾਮ ਠੋਕਿਆ, ਪਰ ਸਰਦੂਲ ਸਿੰਘ ਨੂੰ ਉਸਦੀ ਝਾਕਣੀ ਬੜੀ ਅਜੀਬ ਜਿਹੀ ਲੱਗੀ।

ਉਸਦੀ ਝਾਕਣੀ 'ਚ ਇੱਕ ਮਜ਼ਾਹੀਆ ਜਿਹਾ ਭਾਵ ਸੀ, ਜਿਸਨੇ ਸਰਦੂਲ ਸਿੰਘ ਦੇ ਮਨ ਵਿਚ ਇੱਕ ਅਜੀਬ ਜਿਹੀ ਬੇਚੈਨੀ ਭਰ ਦਿੱਤੀ।

ਫਿਰ ਆਪਣੇ ਇਸ ਬੇਸੁਆਦੇ ਜਿਹੇ ਅਹਿਸਾਸ ਨੂੰ ਅਣਗੌਲ਼ਿਆਂ ਕਰਨ ਲਈ ਉਸਨੇ ਆਪਣਾ ਸਿਰ ਬੇਪ੍ਰਵਾਹੀ ਜਿਹੀ ਨਾਲ਼ ਝਟਕਿਆ।

'ਸਾਲ਼ਾ ਦਿਮਾਗ ਈ ਫਿਰਿਆ ਪਿਆ ਮੇਰਾ ਤਾਂ!'

ਬੁੜਬੁੜਾਉਂਦਾ ਹੋਇਆ ਸਰਦੂਲ ਸਿੰਘ ਆਪਣੀ ਵਿਸ਼ਾਲ ਗੋਗੜ 'ਤੋਂ ਢਿਲ਼ਕੀ ਜਾ ਰਹੀ ਪੈਂਟ ਨੂੰ ਬੈਲਟ ਤੋਂ ਫੜ, ਉਤਾਂਹ ਨੂੰ ਖਿੱਚ ਕੇ ਟਿਕਾਣੇ ਸਿਰ ਲਿਆਉਂਦਾ ਹੋਇਆ ਆਪਣੇ ਦਫ਼ਤਰ ਵੱਲ ਨੂੰ ਹੋ ਤੁਰਿਆ।

ਬਰਾਮਦੇ 'ਚ ਖੜ੍ਹੇ ਸਿਪਾਹੀਆਂ ਦੀਆਂ ਨਜ਼ਰਾਂ ਵਿਚ ਵੀ ਉਸਨੂੰ ਕੁਝ ਉਹੋ ਜਿਹੇ ਹੀ ਭਾਵ ਨਜ਼ਰ ਆਏ।

'ਤੇਰੇ ਮਨ ਦਾ ਵਹਿਮ ਏ ਸਰਦੂਲ ਸਿਆਂ।'

ਮਨ ਹੀ ਮਨ ਆਪਣੇ ਆਪ ਨੂੰ ਤਸੱਲੀ ਜਿਹੀ ਦਿੰਦਾ ਹੋਇਆ, ਉਹ ਆਪਣੀ ਕੁਰਸੀ 'ਤੇ ਜਾ ਵਿਰਾਜਮਾਨ ਹੋਇਆ।

ਹੁਣ ਉਸਨੇ ਆਪਣੀ ਸੋਚ ਦਾ ਰੁਖ਼ 'ਉਸ ਪੱਤਰਕਾਰ ਛੋਕਰੇ ਨੂੰ ਸਬਕ ਕਿਵੇਂ ਸਿਖਾਇਆ ਜਾਵੇ ?' ਦੇ ਅੱਤ ਜ਼ਰੂਰੀ ਕਾਰਜ ਵੱਲ ਮੋੜ ਲਿਆ।

'ਬੈਂਸ ਨੇ ਕੁਝ ਕੀਤਾ ਹੋਣਾ ਜਾਂ ਨਹੀਂ ?'

'ਜੇ ਕਿਤੇ ਨੌਕਰੀਓਂ ਹੀ ਲਹਿ ਗਿਆ ਤਾਂ ਫੇਰ ਪੱਤਾ ਕੱਟਣਾ ਸੌਖਾ ਰਹੂ।'

ਉਸਨੇ ਸਾਹਮਣੇ ਟੇਬਲ 'ਤੇ ਪਏ ਸਰਕਾਰੀ ਫ਼ੋਨ 'ਤੋਂ ਬੈਂਸ ਦਾ ਨੰਬਰ ਮਿਲਾਇਆ।

ਘੰਟੀ ਵੱਜਦੀ ਰਹੀ, ਪਰ ਅੱਗਿਓਂ ਫ਼ੋਨ ਰਿਸੀਵ ਨਾ ਕੀਤਾ ਬੈਂਸ ਨੇ।

'ਮੂਤ ਗਿਆ ਮੇਰੇ ਸਾਲ਼ੇ ਦਾ! ਕੋਈ ਨਾ ਪੁੱਤ ਮੈਂ ਆਪੇ ਈ ਦੇਖ ਲੂੰ ਉਸ ਪਿੱਦੀ ਜਿਹੇ ਛੋਕਰੇ ਨੂੰ, ਨਾਲ਼ੇ ਵਿੱਚੇ ਈ ਤੈਨੂੰ ਵੀ।'

ਉਹ ਹਾਲੇ ਇਨ੍ਹਾਂ ਸੋਚਾਂ 'ਚ ਹੀ ਅਟਕਿਆ ਹੋਇਆ ਸੀ ਕਿ ਐਨੇ ਨੂੰ ਮੁਣਸ਼ੀ ਅੰਦਰ ਪ੍ਰਵੇਸ਼ ਕਰਦਿਆਂ ਝਿਜਕਦਿਆਂ ਜਹੇ ਆਖਿਆ, 'ਜਨਾਬ, ਗੱਲ ਤਾਂ ਬੜੀ ਮਾੜੀ ਹੋਈ। ਇਹ ਸਾਲ਼ੇ ਮੀਡੀਆ ਆਲ਼ੇ ਤਾਂ ਐਵੇਂ ਈ ਬਾਤ ਦਾ ਬਤੰਗੜ ਜਿਹਾ ਬਣਾ ਧਰਦੇ ਆ।'

'ਉਏ ਕੀ ਸਵੇਰੇ-ਸਵੇਰੇ ਕਹਾਣੀਆਂ ਜਿਹੀਆਂ ਪਾਉਣ ਲੱਗ ਪਿਆਂ ਦੇਸ ਰਾਜਾ! ਕੀ ਹੋ ਗਿਆ ?'

'ਕਿਉਂ ਜਨਾਬ ? ਖਬਰਾਂ ਨੀ ਦੇਖੀਆਂ ਤੁਸੀਂ ?'

'ਉਏ ਕੀ ਆ ਗਿਆ ਖਬਰਾਂ 'ਚ ? ਕਿਹੜਾ ਬੰਬ ਡਿੱਗ ਪਿਆ ਸਵੇਰੇ-ਸਵੇਰੇ ?'

'ਬੰਬ ਈ ਡਿੱਗ ਪਿਆ ਜਨਾਬ।' ਮੁਣਸ਼ੀ ਬੁੜਬੁੜਾਇਆ।

'ਉਏ ਬੁੜ-ਬੁੜ ਈ ਕਰੀ ਜਾਏਂਗਾ ਜਾਂ ਕੁਸ਼ ਮੂੰਹੋਂ ਫੁੱਟੇਂਗਾ ਵੀ ?' ਸਰਦੂਲ ਸਿੰਘ ਦਾ ਸਬਰ ਮੁੱਕ ਚੱਲਾ ਸੀ।

'ਜਨਾਬ ਸਵੇਰੇ ਦਾ ਫੋਨ ਟਰਾਈ ਕਰੀ ਜਾਨਾਂ ਮੈਂ ਤਾਂ ਬੰਦ ਈ ਆਈ ਜਾ ਰਿਹਾ।'

ਉਸਨੂੰ ਯਾਦ ਆਇਆ, ਉਸਨੇ ਸਵੇਰੇ ਹੀ ਤਾਂ ਬੰਦ ਕੀਤਾ ਸੀ। ਉਸਨੇ ਤੁਰੰਤ ਫ਼ੋਨ ਆੱਨ ਕੀਤਾ।

'ਦੇਸ ਰਾਜ! ਤਸੱਲੀ ਨਾਲ਼ ਦੱਸ ਹੋਇਆ ਕੀ ?'

'ਜਨਾਬ ਤੁਸੀਂ ਆਪ ਈ ਦੇਖ ਲਓ।' ਆਖ ਮੁਣਸ਼ੀ ਨੇ ਸਾਹਮਣੇ ਕੋਨੇ 'ਚ ਪਿਆ ਟੀ.ਵੀ. ਆਨ ਕਰ ਦਿੱਤਾ।

'ਜਨਾਬ, ਜਿਹੜਾ ਮਰਜ਼ੀ ਨਿਊਜ਼ ਚੈਨਲ ਲਾ ਲੋ; ਗਾਹ ਪਿਆ ਹੋਇਆ ਹਰ ਪਾਸੇ ਮੈਂ ਪੰਜਾਂ ਮਿੰਟਾਂ 'ਚ ਹਾਜ਼ਿਰ ਹੋਇਆ।

ਆਖ ਮੁਣਸ਼ੀ ਬਾਹਰ ਜਾਣ ਲਈ ਮੁੜਿਆ ਹੀ ਸੀ ਕਿ ਪਿੱਛਿਓਂ ਸਰਦੂਲ ਸਿੰਘ ਨੇ ਹੋਕਰਾ ਮਾਰਿਆ।

'ਉਏ ਖਸਮਾਂ! ਚਾਹ ਭੇਜ ਦਈਂ। ਸਾਲ਼ੀ ਸਵੇਰ ਦੀ ਚਾਹ ਵੀ ਨੀਂ ਪੀਤੀ ਅੱਜ।'

'ਜੀ ਜਨਾਬ!' ਆਖ ਮੁਣਸ਼ੀ ਤੁਰ ਪਿਆ, ਪਰ ਦਰਵਾਜ਼ੇ ਕੋਲ਼ ਪਹੁੰਚ ਕੇ ਠਿਠਕ ਗਿਆ ਤੇ ਪਿੱਛੇ ਮੁੜ ਕੇ, 'ਨਾਲ਼ੇ ਜਨਾਬ ਅੱਜ ਦੇ ਅਖ਼ਬਾਰ 'ਤੇ ਵੀ ਨਜ਼ਰ ਮਾਰ ਲਿਓ 'ਖ਼ਬਰਨਾਮੇ' 'ਤੇ।' ਆਖਦਿਆਂ-ਆਖਦਿਆਂ ਹੀ ਦਰਵਾਜ਼ਾ ਪਾਰ ਕਰ ਗਿਆ।

ਮੁਣਸ਼ੀ ਸਰਦੂਲ ਸਿੰਘ ਦੇ ਸੁਭਾਅ ਨੂੰ ਬੜੀ ਚੰਗੀ ਤਰ੍ਹਾਂ ਨਾਲ਼ ਜਾਣਦਾ ਸੀ। ਉਸਨੂੰ ਪਤਾ ਸੀ ਕਿ ਥੋੜ੍ਹੀ ਦੇਰ 'ਚ ਹੀ ਸਰਦੂਲ ਸਿੰਘ ਦਾ ਸੁਭਾਅ ਕਿਸ ਕਰਵਟ ਬੈਠਣ ਵਾਲ਼ਾ ਸੀ, ਤੇ ਉਹ ਬੇਮਤਲਬ ਦੀ ਕੁੱਤੇਖਾਣੀ ਨਹੀਂ ਕਰਵਾਉਣਾ ਚਾਹੁੰਦਾ ਸੀ।'ਡਿੱਗੀ ਖੋਤੀ ਤੋਂ, ਗੁੱਸਾ ਘੁਮਿਆਰ 'ਤੇ' ਵਾਲ਼ੀ ਕਹਾਵਤ ਸਿੱਧ ਹੋਣ ਤੋਂ ਪਹਿਲਾਂ ਹੀ, ਉਸਨੇ ਖਿਸਕ ਜਾਣਾ ਹੀ ਠੀਕ ਸਮਝਿਆ।

'ਪਤਾ ਨੀ ਸਾਲ਼ਾ ਕੀ ਬੁਝਾਰਤ ਜਿਹੀ ਪਾ ਗਿਆ।'

ਪਿੱਛਿਓਂ ਬੁੜਬੁੜਾਉਂਦੇ ਹੋਏ ਸਰਦੂਲ ਸਿੰਘ ਨੇ ਰਿਮੋਟ ਚੁੱਕ ਨਿਊਜ਼ ਚੈਨਲ ਗਾਹੁਣੇ ਸ਼ੁਰੂ ਕੀਤੇ।

ਦੋ-ਤਿੰਨ ਵਾਰ ਬਟਨ ਦੱਬਣ ਬਾਅਦ ਹੀ ਉਸ ਨੂੰ ਟੀ.ਵੀ. ਸਕਰੀਨ 'ਤੇ ਆਪਣੀ ਸੂਰਤ ਝਲਕਦੀ ਹੋਈ ਨਜ਼ਰ ਆਈ।

ਪਲ ਦੋ ਪਲ ਲਈ ਉਸ ਦੇ ਪੂਰੇ ਵਜੂਦ 'ਚ ਖ਼ੁਸ਼ੀ ਦੀ ਲਹਿਰ ਦੌੜ ਗਈ।

'ਵਾਹ ਬਈ ਵਾਹ ਸਰਦੂਲ ਸਿੰਘ ਏ.ਐੱਸ.ਆਈ.! ਤੂੰ ਤਾਂ ਸਟਾਰ ਬਣ ਗਿਆ ਬਈ।'

ਮਨ ਹੀ ਮਨ ਆਪਣੀ ਪਿੱਠ ਠੋਕਦਿਆਂ ਉਸ ਨੇ ਟੀ.ਵੀ. ਦੀ ਆਵਾਜ਼ ਤੇਜ਼ ਕੀਤੀ।

ਉਸੇ ਵਕਤ ਟੀ.ਵੀ. ਸਕਰੀਨ 'ਤੇ ਦ੍ਰਿਸ਼ ਤਬਦੀਲ ਹੋਇਆ ਅਤੇ ਸਕਰੀਨ 'ਤੇ ਉਸ ਨੂੰ ਸਵਾਲ ਕਰਨ ਵਾਲ਼ੇ ਟੀ.ਵੀ. ਰਿਪੋਰਟਰ ਦਾ ਚਿਹਰਾ ਚਮਕਿਆ।

'ਆਜ-ਕਲ ਲੁਧਿਆਨਾ ਪੁਲਿਸ ਕੀ ਗਿਰਤੀ ਹੂਈ ਸਾਖ ਕੇ ਬਾਰੇ ਮੇਂ ਆਪਕਾ ਕਯਾ ਕਹਨਾ ਹੈ ? ਕਯਾ ਲੁਧਿਆਨਾ ਪੁਲਿਸ ਅਪਨੀ ਗਿਰਤੀ ਹੂਈ ਸਾਖ ਕੋ ਬਚਾ ਪਾਏਗੀ ?'

ਕੈਮਰਾ ਸਰਦੂਲ ਸਿੰਘ ਵੱਲ ਘੁੰਮਿਆ।

'ਮੈਂ ਕਿਹਾ ਤਫ਼ਤੀਸ਼ ਜਾਰੀ ਹੈ। ਜੈਸੇ ਹੀ ਮੈਨੂੰ ਜਾਨੀ ਕਿ ਸਰਦੂਲ ਸਿੰਘ ਏ.ਐੱਸ.ਆਈ. ਕੋ ਖ਼ਬਰ ਹੋਤੀ ਹੈ, ਮੈਂ ਫ਼ੌਰਨ ਤੁਮਕੋ ਖ਼ਬਰ ਕਰੂੰਗਾ। ਦੋਸ਼ੀਆਂ ਕੋ ਕੜੀ ਸੇ ਕੜੀ ਸਜ਼ਾ ਦੁਆਈ ਜਾਊਗੀ।'

ਸਕਰੀਨ 'ਤੇ ਨਿਊਜ਼ ਰੀਡਰ ਦਾ ਚਿਹਰਾ ਚਮਕਿਆ।

'ਤੋ ਦੇਖਾ ਆਪਨੇ ? ਯੇ ਸਾਹਬ ਖ਼ੁਦ ਅਪਨੀ ਜ਼ੁਬਾਨ ਸੇ ਯੇ ਕਬੂਲ ਕਰ ਰਹੇ ਹੈਂ ਕਿ ਲੁਧਿਆਨਾ ਪੁਲਿਸ ਕੀ ਸਾਖ ਵਾਕਯੀ ਗਿਰ ਰਹੀ ਹੈ। ਇਨਹੋਂ ਨੇ ਤੋ ਯੇ ਤਕ ਭੀ ਕਹਾ ਹੈ ਕਿ ਇਸ ਬਾਤ ਕੀ ਤਫ਼ਤੀਸ਼ ਭੀ ਜਾਰੀ ਹੈ, ਔਰ ਜਬ ਇਨ ਸਾਹਬ ਕੋ ਦੋਸ਼ੀਓਂ ਕਾ ਪਤਾ ਚਲੇਗਾ, ਤੋ ਯੇ ਉਨਕੋ ਕੜੀ ਸੇ ਕੜੀ ਸਜ਼ਾ ਦਿਲਵਾਏਂਗੇ। ਕਯਾ ਇਸਸੇ ਯੇ ਅਨੁਮਾਨ ਲਗਾਯਾ ਜਾਏ ਕਿ ਪੁਲਿਸ ਡਿਪਾਰਟਮੈਂਟ ਨੇ ਅਪਨੀ ਗਿਰਤੀ ਹੂਈ ਸਾਖ ਕੋ ਬਚਾਨੇ ਕਾ ਜ਼ਿੰਮਾ ਇਨ ਸਾਹਬ ਕੇ ਕਾਂਧੋਂ ਪਰ ਡਾਲਾ ਹੂਆ ਹੈ ? ਅਬ ਜ਼ਰਾ ਇਨਕੀ ਇਨਵੈੱਸਟਿਗੇਟਿੰਗ ਸਕਿੱਲਜ਼ ਕੇ ਬਾਰੇ ਮੇਂ ਭੀ ਜਾਨ ਲੀਆ ਜਾਏ। ਯੇ ਸਾਹਬ ਯਹਾਂ ਏਕ ਬਹੁਤ ਹੀ ਗੰਭੀਰ ਘਟਨਾ ਕੀ ਤਫ਼ਤੀਸ਼ ਕੇ ਲੀਏ ਆਏ ਹੈਂ, ਜਿਸਮੇਂ ਏਕ ਨੌਜਵਾਨ ਲੜਕੀ ਕੀ ਮੌਤ ਹੋ ਗਈ ਹੈ, ਔਰ ਇਨ ਸਾਹਬ ਕੀ ਤਫ਼ਤੀਸ਼ ਕਯਾ ਕਹਤੀ ਹੈ, ਪਹਲੇ ਇਸ ਬਾਤ ਕੋ ਜਾਨ ਲੀਆ ਜਾਏ।'

ਸਕਰੀਨ 'ਤੇ ਇੱਕ ਵਾਰ ਫਿਰ ਸਰਦੂਲ ਸਿੰਘ ਦਾ ਚਿਹਰਾ ਚਮਕਿਆ।

'ਜਹੀ ਤੋ ਮੈਂ ਕਹਿ ਰਿਹਾ ਹੂੰ, ਬਈ ਏਕ ਲੜਕੀ ਨੇ ਪੱਖੇ ਕੇ ਸਾਥ ਲਟਕ ਕੇ ਖ਼ੁਦਕੁਸ਼ੀ ਕਰ ਲੀ ਹੈ। ਮਾਮਲਾ ਖ਼ੁਦਕੁਸ਼ੀ ਕਾ ਹੈ।'

'ਤੋ ਸੁਨਾ ਆਪਨੇ ? ਇਨ ਸਾਹਬ ਕੀ ਤਫ਼ਤੀਸ਼ ਯੇ ਕਹਤੀ ਹੈ ਕਿ ਮਾਮਲਾ ਖ਼ੁਦਕੁਸ਼ੀ ਕਾ ਹੈ ਲੇਕਿਨ ਹਮ ਅਪਨੇ ਦਰਸ਼ਕੋਂ ਕੋ ਏਕ ਸਥਾਨੀਯ ਅਖ਼ਬਾਰ ਕੇ ਹਵਾਲੇ ਸੇ ਯੇ ਬਤਾਨਾ ਚਾਹਤੇ ਹੈਂ ਕਿ ਯੇ ਮਾਮਲਾ ਖ਼ੁਦਕੁਸ਼ੀ ਕਾ ਨਹੀ ਬਲਕਿ ਕਤਲ ਕਾ ਹੈ। ਜੀ ਹਾਂ, ਬਿਲਕੁਲ ਠੀਕ ਸੁਨਾ ਆਪਨੇ। ਮਾਮਲਾ ਕਤਲ ਕਾ ਹੈ, ਜਿਸਕੋ ਯੇ ਸਾਹਬ ਖ਼ੁਦਕੁਸ਼ੀ ਬਤਾ ਕਰ ਕਾਤਿਲ ਕੋ ਤਲਾਸ਼ ਕਰਨੇ ਕੀ ਜ਼ਹਮਤ ਸੇ ਬਚਨਾ ਚਾਹਤੇ ਹੈਂ, ਜਬ ਕਿ ਉਸ ਸਥਾਨੀਯ ਅਖ਼ਬਾਰ ਕੇ ਏਕ ਨੌਜਵਾਨ ਰਿਪੋਰਟਰ ਨੇ ਮੌਕਾਏ-ਵਾਰਦਾਤ ਪਰ ਕੁਛ ਐਸੇ ਸੁਰਾਗੋਂ ਪਰ ਰੌਸ਼ਨੀ ਡਾਲੀ ਹੈ ਜੋ ਸਾਫ਼-ਸਾਫ਼ ਕਤਲ ਕੀ ਓਰ ਇਸ਼ਾਰਾ ਕਰ ਰਹੇ ਹੈਂ। ਔਰ ਜਬ ਉਸ ਰਿਪੋਰਟਰ ਨੇ ਅਪਨੇ ਫ਼ਰਜ਼ ਕੋ ਅੰਜਾਮ ਦੇਤੇ ਹੂਏ ਇਨ ਸਾਹਬ ਕੋ

(ਚਲਦਾ)

ਕਹਾਣੀ

ਅੰਤਿਮ ਕਿਸ਼ਤ

# ਸੱਪਾਂ ਵਾਲ਼ਾ ਪਹਾੜ ਅਤੇ ਦੁਸ਼ਮਣੀ ਦੀ ਬੂਅ



ਜਸਬੀਰ ਭੁੱਲਰ



**(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)**

'ਲੋੜਾਂ,' ਬੁੱਢਾ ਹੱਸਿਆ, 'ਪੁੱਤਰ, ਬਣੀ ਵਿੱਚ ਕਾਹਦਾ ਘਾਟਾ ਏ। ਸਭ ਕੁਝ ਤਾਂ ਹੈਗਾ ਏ ਇੱਥੇ। ਲੋੜ ਪਈ 'ਤੇ ਇੱਕ ਦੂਜੇ ਨਾਲ ਚੀਜ਼ਾਂ ਵਟਾ ਲਈਦੀਆਂ ਨੇ।'

'ਤੇ ਲੂਣ?+

'ਇੱਕ ਬੰਦਾ ਸਾਲ ਵਿੱਚ ਦੋ ਕੁ ਵਾਰ ਬਾਹਰੋਂ ਕਿਤਿਓਂ ਲੂਣ ਲੈ ਕੇ ਵੀ ਆਉਂਦਾ ਏ। ਲੂਣ ਦੇ ਕੇ ਉਹ ਸਾਥੋਂ ਸਾਡੀਆਂ ਚੀਜ਼ਾਂ ਲੈ ਲੈਂਦਾ ਏ।'

'ਕੌਣ ਏ ਉਹ ਬੰਦਾ?'

'ਬੰਦੇ ਤਾਂ ਰੱਬ ਦੇ ਈ ਹੁੰਦੇ ਨੇ। ਹੋਰ ਕੌਣ ਹੋਊ ਉਹ?'

ਲੈਫਟੀਨੈਂਟ ਈਮਾਨ ਦਾ ਵੀ ਗੱਲਾਂ ਦਾ ਉਤਸ਼ਾਹ ਮੱਠਾ ਪੈ ਗਿਆ। ਉਹ ਪਾਸਾ ਵੱਟ ਕੇ ਪੈ ਗਿਆ। ਬਾਬੇ ਦੇ ਬੋਲਾਂ ਨੇ ਮੁੜ ਹਲੂਣਿਆ, 'ਪੁੱਤਰ, ਭਲਾ ਅੰਗਰੇਜ਼ ਹਿੰਦੁਸਤਾਨ ਵਿੱਚੋਂ ਚਲੇ ਗਏ ਨੇ?'

ਈਮਾਨ ਨੇ ਚੁੱਪ ਰਹਿਣ ਦਾ ਸੋਚ ਲਿਆ ਸੀ। ਜਵਾਬ ਮੈਂ ਦਿੱਤਾ, 'ਹਾਂ ਬਾਬਾ, ਇਹ ਤਾਂ ਕਈ ਸਾਲ ਪੁਰਾਣੀ ਗੱਲ ਹੈ। ਉਦੋਂ ਹੀ ਤਾਂ ਨਹਿਰੂ ਪ੍ਰਧਾਨ ਮੰਤਰੀ ਬਣਿਆ ਸੀ।'

'ਨਹਿਰੂ ਤਾਂ ਫਿਰ ਅੰਗਰੇਜ਼ ਨਈਂ ਹੋਣਾ।' ਬੁੱਢੇ ਨੇ ਜਿਵੇਂ ਆਪਣੇ ਆਪ ਨਾਲ ਗੱਲ ਕੀਤੀ, 'ਪਰ ਕੀ ਪਤੈ, ਨਹਿਰੂ ਅੰਗਰੇਜ਼ ਹੀ ਹੋਵੇ।'

ਬੁੱਢੇ ਨਾਲ ਗੱਲਾਂ ਕਰਨ ਪਿੱਛੋਂ ਸਾਨੂੰ ਕਿਧਰੋਂ ਵੀ ਕੋਈ ਹੋਰ ਗੱਲ ਪੁੱਛਣ ਦੀ ਲੋੜ ਨਹੀਂ ਸੀ ਰਹੀ।

ਸਾਡਾ ਵਾਪਸੀ ਦਾ ਰਾਹ ਕੁਝ ਸੁਖਾਲਾ ਵੀ ਸੀ ਤੇ ਨਿੱਕਾ ਵੀ। ਉਸ ਰਾਹ ਉੱਤੇ ਟਾਵੇਂ-ਟੱਲੇ ਮਕਾਨ ਵੀ ਦਿਸਦੇ ਰਹੇ। ਗਸ਼ਤ ਦੇ ਆਖ਼ਰੀ ਦਿਨ ਸਾਰੇ ਸੈਨਿਕ ਉਤਸ਼ਾਹ ਨਾਲ ਭਰੇ ਹੋਏ ਸਨ। ਰਸਦ ਚੁੱਕਣ ਲਈ ਉਨ੍ਹਾਂ ਨੂੰ ਜਿਹੜੇ ਮਜ਼ਦੂਰ ਕਰਨੇ ਪੈਣੇ ਸਨ, ਉਹ ਭਾਰ ਆਪਸ ਵਿੱਚ ਵੰਡ ਕੇ ਉਨ੍ਹਾਂ ਨੇ ਮਜ਼ਦੂਰੀ ਬਚਾ ਲਈ ਸੀ।

ਸੂਬੇਦਾਰ ਮੰਗਤ ਰਾਮ ਨੇ ਆਖਿਆ, 'ਸਰ, ਜਵਾਨਾਂ ਲਈ ਤਾਂ ਬੜਾ ਖਾਣਾ ਹੋਣਾ ਚਾਹੀਦੈ।' ਲੈਫਟੀਨੈਂਟ ਈਮਾਨ ਉਮਾਹ ਨਾਲ ਬੋਲਿਆ, 'ਸਾਬ੍ਹ, ਪਲਟਨ ਵਿੱਚ ਜਾ ਕੇ ਬੜਾ ਖਾਣਾ ਵੀ ਜ਼ਰੂਰ ਹੋਊ, ਪਰ ਜੇ ਰਾਹ ਵਿੱਚ ਕਿਧਰੇ ਕੁੱਕੜ ਮਿਲਣ ਤਾਂ ਬੇਸ਼ੱਕ ਖ਼ਰੀਦ ਲਿਓ। ਬੰਦ ਡੱਬਿਆਂ ਦੀ ਦਾਲ, ਭਾਜੀ ਖਾਂਦਿਆਂ ਮੂੰਹ ਦਾ ਜ਼ਾਇਕਾ ਵੀ ਕੁਝ ਹੋਰੂੰ ਹੋਇਆ ਪਿਆ ਏ।'

ਰਾਹ ਵਿੱਚ ਖੱਚਰ-ਡੰਡੀ ਦੇ ਨਾਲ ਲੱਗਦੇ ਇੱਕ ਮਕਾਨ ਸਾਹਮਣੇ ਕੁਝ ਕੁੱਕੜ ਕੁੱਕੜੀਆਂ ਚੋਗਾ ਚੁਗ ਰਹੇ ਸਨ। ਇੱਕ ਅਧਖੜ ਜਿਹਾ ਬੰਦਾ ਪੱਥਰ ਉੱਤੇ ਬੈਠਾ ਹੁੱਕਾ ਪੀ ਰਿਹਾ ਸੀ। ਸੂਬੇਦਾਰ ਮੰਗਤ ਰਾਮ ਨੇ ਅਗਾਂਹ ਹੋ ਕੇ ਪੁੱਛਿਆ, 'ਬੜੇ ਮੀਆਂ, ਕੁੱਕੜ ਵੇਚਣੇ ਨੇ?'

'ਹਾਂ, ਕਿੰਨੇ ਪੈਸੇ ਦਿਓਗੇ?'

'ਤੂੰ ਦੱਸ?'

'ਦੋ ਰੁਪਏ।' ਉਹਨੇ ਆਪਣੇ ਵੱਲੋਂ ਮੁੱਲ ਕੁਝ ਵਧਾ ਕੇ ਦੱਸਿਆ। ਅਸੀਂ ਲੋੜ ਅਨੁਸਾਰ ਕੁੱਕੜ ਖ਼ਰੀਦ ਲਏ। ਅਸੀਂ ਉਦੋਂ ਦਸ-ਬਾਰਾਂ ਕਿਲੋਮੀਟਰ ਦਾ ਪੈਂਡਾ ਤੈਅ ਕਰ ਚੁੱਕੇ ਸਾਂ ਕਿ ਇੱਕ ਜਵਾਨ ਨੇ ਸੁਭਾਇਕੀ ਭਉਂ ਕੇ ਵੇਖਿਆ। ਪਿਛਲੇ ਮੋੜ ਉੱਤੇ ਕੋਈ ਹੱਥ ਹਿਲਾ ਹਿਲਾ ਕੇ ਸਾਨੂੰ ਰੁਕਣ ਦਾ ਇਸ਼ਾਰਾ ਕਰ ਰਿਹਾ ਸੀ। ਇਹ ਉਹੀ ਆਦਮੀ ਸੀ ਜੀਹਨੇ ਸਾਨੂੰ ਕੁੱਕੜ ਵੇਚੇ ਸਨ। ਉਹ ਹੱਫਿਆ ਹੋਇਆ ਸੀ। ਉਹਦੇ ਸਾਹ ਧੌਂਕਣੀ ਵਾਂਗੂੰ ਚੱਲ ਰਹੇ ਸਨ।

ਅਸੀਂ ਰੁਕ ਗਏ। ਕੋਲ ਪਹੁੰਚ ਕੇ ਉਹਨੇ ਸਾਹ ਕਾਬੂ ਵਿੱਚ ਕੀਤੇ ਤੇ ਗੁੱਸੇ ਵਾਲੇ ਰੌਂਅ ਵਿੱਚ ਬੋਲਿਆ, 'ਤੁਸੀਂ ਮੇਰੇ ਨਾਲ ਧੋਖਾ ਕੀਤਾ ਏ। ਤੁਸੀਂ ਮੈਨੂੰ ਕੁੱਕੜਾਂ ਦੇ ਬੱਸ ਥੋੜ੍ਹੇ ਜਿਹੇ ਪੈਸੇ ਹੀ ਦਿੱਤੇ ਨੇ।'

'ਨਈਂ, ਥੋੜ੍ਹੇ ਤਾਂ ਨਈਂ ਦਿੱਤੇ। ਤੂੰ ਜਿੰਨੇ ਮੰਗੇ ਸੀ ਗਿਣ ਕੇ ਓਨੇ ਹੀ ਦਿੱਤੇ ਨੇ।' ਸੂਬੇਦਾਰ ਮੰਗਤ ਰਾਮ ਨੇ ਸਪੱਸ਼ਟ ਕੀਤਾ।

'ਮੇਰਾ ਪੁੱਤਰ ਸਕੂਲ ਪੜ੍ਹਦਾ ਏ। ਉਹਨੂੰ ਸਭ ਪਤਾ ਏ,' ਉਹਨੇ ਪੂਰੇ ਦਾਅਵੇ ਨਾਲ ਕਿਹਾ, 'ਉਹ ਆਖਦਾ ਏ ਇੱਕ ਕੁੱਕੜ ਦੇ ਦੋ ਰੁਪਏ ਬਹੁਤ ਥੋੜ੍ਹੇ ਹੁੰਦੇ ਨੇ।' ਮੈਂ ਉਸ ਪਹਾੜੀਏ ਦੀ ਸਾਦਗੀ ਉੱਤੇ ਮੁਸਕਰਾਇਆ। ਦਸ ਰੁਪਏ ਦਾ ਨੋਟ ਉਹਦੇ ਵੱਲ ਕਰਦਿਆਂ ਕਿਹਾ, 'ਮੀਆਂ, ਹੁਣ ਤਾਂ ਰੁਪਏ ਥੋੜ੍ਹੇ ਨਈਂ ਨਾ?'

ਦਸ ਰੁਪਏ ਲੈ ਕੇ ਪਹਾੜੀਆ ਚਾਈਂ-ਚਾਈਂ ਉੱਥੋਂ ਤੁਰ ਪਿਆ। ਝਾਗੇ ਪੈਂਡੇ ਦਾ ਉਹਦੇ ਚਿਹਰੇ ਉੱਤੇ ਰੱਤੀ ਭਰ ਵੀ ਹਰਖ ਨਹੀਂ ਸੀ।

ਦੁਪਹਿਰ ਵੇਲੇ ਅਸੀਂ ਉੱਥੇ ਪਹੁੰਚ ਗਏ, ਜਿੱਥੋਂ ਇੱਕ ਹਫ਼ਤਾ ਪਹਿਲਾਂ ਤੁਰੇ ਸਾਂ। ਫ਼ੌਜੀ ਟਰੱਕ ਨੇ ਸਾਨੂੰ ਦੁਪਹਿਰ ਢਲੇ ਲੈਣ ਆਉਣਾ ਸੀ। ਜਵਾਨਾਂ ਨੇ ਪਿੱਠੂ ਉਤਾਰ ਕੇ ਇੱਕ ਕਤਾਰ ਵਿੱਚ ਰੱਖ ਦਿੱਤੇ ਤੇ ਹਥਿਆਰ ਸਾਫ਼ ਕਰਨ ਲੱਗ ਪਏ। ਜਿਨ੍ਹਾਂ ਜਵਾਨਾਂ ਦੀ ਖਾਣਾ ਬਣਾਉਣ ਦੀ ਵਾਰੀ ਸੀ, ਉਨ੍ਹਾਂ ਲੱਕੜਾਂ ਇਕੱਠੀਆਂ ਕਰ ਕੇ ਅੱਗ ਬਾਲ ਲਈ।

ਮੈਂ ਤੇ ਲੈਫਟੀਨੈਂਟ ਈਮਾਨ ਨੇ ਵਾਪਸ ਪਹੁੰਚ ਕੇ ਲੰਮੀ ਗਸ਼ਤ ਬਾਰੇ ਆਪੋ ਆਪਣੀ ਰਿਪੋਰਟ ਪੇਸ਼ ਕਰਨੀ ਸੀ। ਬਣੀ ਦੇ ਇਲਾਕੇ ਵਿੱਚ ਮੀਲਾਂ ਲੰਮੀ ਸਰਹੱਦ ਖੁੱਲ੍ਹੀ ਪਈ ਸੀ। ਕਿਧਰੇ ਵੀ ਕੋਈ ਰੋਕ-ਟੋਕ ਨਹੀਂ ਸੀ। ਕੋਈ ਭਾਵੇਂ ਕਿਧਰੋਂ ਵੀ, ਕਦੋਂ ਵੀ ਭਾਰਤ ਅੰਦਰ ਦਾਖ਼ਲ ਹੋ ਜਾਵੇ। ਜੇ ਉੱਥੇ ਰਾਖੀ ਲਈ ਫ਼ੌਜ ਬਿਠਾ ਦਿੱਤੀ ਜਾਵੇ ਤਾਂ ਕਿਹੋ ਜਿਹੇ ਪ੍ਰਬੰਧਕੀ ਮਸਲੇ ਦਰਪੇਸ਼ ਆਉਣਗੇ। ਮੈਂ ਆਪਣੀ ਰਿਪੋਰਟ ਵਿੱਚ ਬੱਸ ਇਹੋ ਧਿਆਨ ਰੱਖਣਾ ਸੀ।

ਲੈਫਟੀਨੈਂਟ ਈਮਾਨ ਦੀ ਰਿਪੋਰਟ ਸੁਰੱਖਿਆ ਦੇ ਮਸਲੇ ਨਾਲ ਜੁੜੀ ਹੋਈ ਸੀ। ਉਸ ਰਿਪੋਰਟ ਵਿੱਚ ਉਹਨੇ ਬਣੀ ਦੇ ਲੋਕਾਂ ਦਾ ਹੀਜ਼ ਪਿਆਜ਼ ਵੀ ਖੋਲ੍ਹਣਾ ਸੀ, ਪਰ ਉਹ ਕੀ ਲਿਖੇਗਾ ਉਨ੍ਹਾਂ ਬਾਰੇ?

ਬਣੀ ਦੇ ਵਾਸੀਆਂ ਕੋਲ ਨਾ ਤਾਂ ਕੋਈ ਦੇਸ਼ ਸੀ ਅਤੇ ਨਾ ਹੀ ਉਹ ਕਿਸੇ ਸਰਹੱਦ ਨੂੰ ਜਾਣਦੇ ਸਨ। ਉਹ ਤਾਂ ਬੇਝਿਜਕ ਲੀਕੋਂ ਪਾਰ ਹੋ ਕੇ ਆਉਂਦੇ ਸਨ। ਉੱਥੇ ਉਨ੍ਹਾਂ ਦੀਆਂ ਰਿਸ਼ਤੇਦਾਰੀਆਂ ਵੀ ਸਨ। ਅਸੀਂ ਜਿਨ੍ਹਾਂ ਵਿੱਚੋਂ ਦੁਸ਼ਮਣੀ ਦੀ ਬੂਅ ਸੁੰਘਣ ਗਏ ਸਾਂ, ਉਹ ਪੰਛੀਆਂ ਵਰਗੇ ਸਨ, ਮਾਸੂਮ ਤੇ ਨਿਰਛਲ। ਉਹ ਭਾਵੇਂ ਉੱਡ ਕੇ ਕਿਤੇ ਵੀ ਚਲੇ ਜਾਣ। ਉਨ੍ਹਾਂ ਦੀ ਨਜ਼ਰ ਕਿਸੇ ਲੀਕ ਨੂੰ ਨਹੀਂ ਸੀ ਵੇਖਦੀ।

ਲੈਫਟੀਨੈਂਟ ਈਮਾਨ ਬਾਕੀਆਂ ਤੋਂ ਕੁਝ ਪਰ੍ਹਾਂ ਇੱਕ ਪੱਥਰ ਨਾਲ ਢੋਅ ਲਾ ਕੇ ਬੈਠ ਗਿਆ ਸੀ ਤੇ ਰਿਪੋਰਟ ਲਿਖਣ ਲਈ ਉਹਨੇ ਆਪਣੇ ਪਾਊਚ ਵਿੱਚੋਂ ਕਾਪੀ ਕੱਢ ਲਈ ਸੀ। ਮੈਂ ਉਹਦੇ ਕੋਲ ਜਾ ਕੇ ਹੱਸਿਆ, 'ਕਮ ਔਨ ਈਮਾਨ, ਰੀਲੈਕਸ। ਉਨ੍ਹਾਂ ਨੂੰ ਕੋਰਾ ਕਾਗਜ਼ ਫੜਾ ਦੇਵੀਂ। ਆਖੀਂ, ਇਹੋ ਹੈ ਮੇਰੀ ਰਿਪੋਰਟ।' ਮੇਰੀ ਗੱਲ ਦੇ ਜਵਾਬ ਵਿੱਚ ਉਹ ਹੱਸਿਆ ਨਹੀਂ ਸੀ, ਚੁੱਪ ਰਿਹਾ ਸੀ। ਉਦੋਂ ਮੈਥੋਂ ਉਹਦੀ ਚੁੱਪ ਦੇ ਆਰ-ਪਾਰ ਨਹੀਂ ਸੀ ਵੇਖਿਆ ਗਿਆ।

ਸੱਪਾਂ ਵਾਲੇ ਉਸ ਪਹਾੜ ਉੱਤੇ ਕਈ ਕਹਾਣੀਆਂ ਖਿਲਰੀਆਂ ਪਈਆਂ ਸਨ। ਉਨ੍ਹਾਂ ਵਿੱਚੋਂ ਕੁਝ ਕਹਾਣੀਆਂ ਮੈਂ ਲਿਖ ਵੀ ਲਈਆਂ ਸਨ, ਪਰ ਲੰਮੀ ਗਸ਼ਤ ਬਾਰੇ ਮੈਂ ਕੋਈ ਕਹਾਣੀ ਨਹੀਂ ਸੀ ਲਿਖੀ। ਉਦੋਂ ਮੇਰੀ ਕੁਝ ਬੇਯਕੀਨੀ ਵੀ ਸੀ ਕਿ ਜ਼ਿੰਦਗੀ ਵਿੱਚੋਂ ਇੰਨੀ ਪੂਰੀ ਕਹਾਣੀ ਕਿਸ ਤਰ੍ਹਾਂ ਲੱਭ ਸਕਦੀ ਹੈ ਭਲਾ। ਲੰਮੀ ਗਸ਼ਤ ਵਾਲੀ ਬਾਤ ਵਿੱਚ ਤਾਂ ਕਲਪਨਾ ਦੀ ਗੁੰਜਾਇਸ਼ ਵੀ ਨਹੀਂ ਸੀ ਜਾਪਦੀ।

ਲੈਫਟੀਨੈਂਟ ਈਮਾਨ ਦੀ ਰਿਪੋਰਟ ਵਿੱਚੋਂ ਅਧਿਕਾਰੀਆਂ ਨੂੰ ਹਮਕ ਵੀ ਆਈ ਸੀ। ਉਨ੍ਹਾਂ ਨੂੰ ਇਹ ਵੀ ਜਾਪਿਆ ਸੀ ਕਿ ਈਮਾਨ ਨੇ ਆਪਣੇ ਧਰਮ ਵਾਲਿਆਂ ਦਾ ਪੱਖ ਪੂਰਿਆ ਸੀ। ਲੰਮੀ ਗਸ਼ਤ ਦੀ ਰਿਪੋਰਟ ਲਿਖਣ ਵੇਲੇ ਲੈਫਟੀਨੈਂਟ ਈਮਾਨ ਦੀ ਚਿੰਤਾ ਖ਼ੁਦ ਦੇ ਮੁਸਲਮਾਨ ਹੋਣ ਦੀ ਸੀ।

ਇਹ ਚਿੰਤਾ ਅਸੀਂ ਹਰ ਕਿਸੇ ਲਈ ਪੈਦਾ ਕਰ ਰਹੇ ਸਾਂ, ਕਿਸੇ ਦੇ ਮੁਸਲਮਾਨ ਹੋਣ ਦੀ ਤੇ ਕਿਸੇ ਦੇ ਸਿੱਖ ਹੋਣ ਦੀ। ਕਿਸੇ ਦੇ ਹਿੰਦੂ ਹੋਣ ਦੀ ਤੇ ਕਿਸੇ ਦੇ ਈਸਾਈ ਹੋਣ ਦੀ।

ਉਦੋਂ ਮੇਰੀ ਛਾਤੀ ਵਿੱਚੋਂ ਪੀੜ ਨਹੀਂ ਸੀ ਉੱਠੀ। ਉਦੋਂ ਮੈਂ ਲੈਫਟੀਨੈਂਟ ਈਮਾਨ ਦੇ ਦਰਦ ਨੂੰ ਆਪਣੇ ਅੰਦਰ ਮਹਿਸੂਸ ਨਹੀਂ ਸਾਂ ਕਰ ਸਕਿਆ। 1969 ਦੀ ਉਸ ਘਟਨਾ ਨੂੰ ਚੇਤੇ ਵਿੱਚ ਸਹੇਜ ਕੇ ਮੈਂ 1986 ਦੇ ਵਿਹੜੇ ਤੱਕ ਪਹੁੰਚ ਗਿਆ ਸਾਂ। ਪੰਜਾਬ ਵਿੱਚ ਅਤਿਵਾਦ ਦਾ ਦੌਰ ਦੌਰਾ ਸੀ। ਉਦੋਂ ਫ਼ੌਜੀ ਅਫ਼ਸਰਾਂ ਦੀਆਂ ਸਾਲਾਨਾ ਗੁਪਤ ਰਿਪੋਰਟਾਂ ਉੱਤੇ ਵੀ ਅਤਿਵਾਦ ਦਾ ਪਰਛਾਵਾਂ ਪੈਣਾ ਸ਼ੁਰੂ ਹੋ ਗਿਆ ਸੀ। ਮੈਂ ਪੁਣੇ ਤੋਂ ਨਵਾਂ ਨਵਾਂ ਪੋਸਟਿੰਗ ਆਇਆ ਸਾਂ। ਅਸੀਂ ਕੁਝ ਜਣੇ ਦੁਪਹਿਰ ਦਾ ਖਾਣਾ ਖਾ ਰਹੇ ਸਾਂ। ਪੰਜਾਬ ਦੇ ਉਸ ਵੇਲੇ ਦੇ ਹਾਲਾਤ ਬਾਰੇ ਗੱਲਾਂ ਛਿੜੀਆਂ ਹੋਈਆਂ ਸਨ। ਇੱਕ ਮੇਜਰ ਬੀਅਰ ਦੇ ਸਰੂਰ ਵਿੱਚ ਸੀ, ਅਚਨਚੇਤੀ ਬੋਲਿਆ, 'ਇਨ੍ਹਾਂ ਸਿੱਖਾਂ ਨੂੰ ਤਾਂ ਇੱਕ-ਇੱਕ ਕਰ ਕੇ ਵੱਢ ਸੁੱਟਣਾ ਚਾਹੀਦੈ।' ਸੰਨਾਟਾ ਉਸੇ ਪਲ ਪਸਰ ਗਿਆ।

ਮੈਂ ਮਨੁੱਖ ਬਣਨ ਦੇ ਰਾਹ ਤੁਰਿਆ ਹੋਇਆ ਸਾਂ। ਮੈਂ ਸੋਚਦਾ ਸਾਂ, ਪਿਆਰ ਮੇਰਾ ਮਜ਼ਹਬ ਹੋਵੇ, ਪਰ ਮੇਰੇ ਮਜ਼ਹਬ ਦੇ ਸਿਰ ਉੱਤੇ ਪੱਗ ਬੱਝੀ ਹੋਈ ਸੀ।

ਉਸ ਪਲ ਲੈਫਟੀਨੈਂਟ ਈਮਾਨ ਦਾ ਉਹ ਦਰਦ ਮੇਰੀ ਛਾਤੀ ਵਿੱਚ ਉੱਠਿਆ ਸੀ, ਲੰਮੀ ਗਸ਼ਤ ਦੀ ਰਿਪੋਰਟ ਵਾਲੀ ਘਟਨਾ ਤੋਂ ਉੱਨੀ ਵਰ੍ਹੇ ਪਿੱਛੋਂ।

ਲੈਫਟੀਨੈਂਟ ਈਮਾਨ ਵਾਲਾ ਜ਼ਬਤ ਮੇਰੇ ਕੋਲ ਨਹੀਂ ਸੀ। ਮੈਂ ਗੁੱਸੇ ਵਿੱਚ ਸਾਹਮਣੇ ਪਿਆ ਦਾਲ ਵਾਲਾ ਡੌਂਗਾ ਉਸ ਮੇਜਰ ਵੱਲ ਵਗਾਹ ਮਾਰਿਆ। ਦਾਲ ਖਾਣੇ ਦੇ ਮੇਜ਼ ਉੱਤੇ ਡੁੱਲ੍ਹ ਗਈ। ਡੌਂਗਾ ਭੁੰਜੇ ਡਿੱਗ ਕੇ ਟੁੱਟ ਗਿਆ। ਮੈਂ ਉੱਠ ਕੇ ਖਲੋ ਗਿਆ, 'ਜੇ ਬੰਦੇ ਦਾ ਪੁੱਤ ਐਂ ਤਾਂ ਹੁਣ ਬੋਲ, ਮੈਂ ਵੀ ਵੇਖਾਂ।'

ਉਸ ਮੇਜਰ ਦਾ ਸਰੂਰ ਝੱਗ ਵਾਂਗੂੰ ਸੁਰ ਸੁਰ ਕਰ ਕੇ ਮੁੱਕ ਗਿਆ। ਉਹਨੇ ਭਮੰਤਰੇ ਹੋਏ ਨੇ ਮੇਰੇ ਵੱਲ ਵੇਖਿਆ। ਉਹ, ਜੋ ਉੱਥੇ ਬੈਠੇ ਹੋਏ ਸਨ, ਉਨ੍ਹਾਂ ਨੂੰ ਕੋਰਟ ਆਫ ਇਨਕੁਆਰੀ ਅਤੇ ਕੋਰਟ ਮਾਰਸ਼ਲ ਦੇ ਆਸਾਰ ਸਾਫ਼ ਦਿਸ ਪਏ ਸਨ। ਉਨ੍ਹਾਂ ਨੂੰ ਇਹ ਵੀ ਦਿਸ ਪਿਆ ਸੀ ਕਿ ਸਭਿਅਕ ਹੋਣ ਦੇ ਝੰਡਾਬਰਦਾਰਾਂ ਨੇ ਅਤਿਵਾਦ ਤੇ ਸੰਪਰਦਾਇਕਤਾ ਦੇ ਬੀਜ ਤਿਆਰ ਕਰਨ ਅਤੇ ਬੀਜਣ ਦੀ ਜਾਚ ਸਿੱਖ ਲਈ ਸੀ। ਉਹ ਫ਼ਿਕਰਮੰਦ ਹੋਏ ਸਨ। ਉਨ੍ਹਾਂ ਰਲ ਕੇ ਸਥਿਤੀ ਨੂੰ ਸੰਭਾਲ ਲਿਆ ਸੀ।

ਇਸ ਘਟਨਾ ਪਿੱਛੋਂ ਮੈਂ ਲੰਮੀ ਗਸ਼ਤ ਦੀ ਉਸ ਕਹਾਣੀ ਨੂੰ ਭੁੱਲ ਨਹੀਂ ਸੀ ਸਕਿਆ। ਬਣੀ ਪਿੰਡ ਦੇ ਲੋਕਾਂ ਵਿੱਚੋਂ ਅਸੀਂ ਦੁਸ਼ਮਣੀ ਦੀ ਬੂਅ ਲੱਭਣ ਗਏ ਸਾਂ। ਦਰਅਸਲ ਉਹੀ ਅਸਲੀ ਮਨੁੱਖ ਸਨ। ਉਨ੍ਹਾਂ ਨੂੰ ਸਾਡੇ ਸਭਿਅਕ ਹੋਣ ਨੇ ਪਲੀਤ ਨਹੀਂ ਸੀ ਕੀਤਾ। ਉਨ੍ਹਾਂ ਲਈ ਹਰ ਕੋਈ ਰੱਬ ਦਾ ਜੀਅ ਸੀ। ਚੰਡੀਮੰਦਰ ਦੇ ਅਫ਼ਸਰ ਮੈੱਸ ਵਿੱਚ ਵਾਪਰੀ ਘਟਨਾ ਮੇਰੀ ਕਹਾਣੀ 'ਪੰਛੀਆਂ ਦੀ ਤਫ਼ਤੀਸ਼' ਦੀਆਂ ਜੰਮਣ ਪੀੜਾਂ ਦਾ ਹੀ ਹਿੱਸਾ ਸੀ।

---

ਮਿੰਨੀ ਕਹਾਣੀ

## ਅੰਗੂਠਾ

ਰਿਪੁਦਮਨ ਸਿੰਘ ਰੂਪ/98767-68960



ਹਰਚਰਨ ਸਿੰਘ ਨੇ ਆਪਣੀਆਂ ਨਵੀਆਂ ਲਿਖੀਆਂ ਦੋ ਕਵਿਤਾਵਾਂ ਵੱਟਸਐਪ ਉੱਤੇ ਪਾ ਦਿੱਤੀਆਂ ਤਾਂ ਜੋ ਸੈਂਕੜੇ ਲੋਕ ਪੜ੍ਹ ਕੇ ਆਪਣੀ ਰਾਇ ਦੇ ਸਕਣ। ਨਾਲੇ ਉਹਦੀਆਂ ਕਵਿਤਾਵਾਂ ਦੂਰ ਤੱਕ ਅੱਗੋਂ ਦੀ ਅੱਗੇ ਚਲੀਆਂ ਜਾਣਗੀਆਂ। ਅੱਜਕੱਲ੍ਹ ਸੋਸ਼ਲ ਮੀਡੀਆ ਦਾ ਹੀ ਜ਼ਮਾਨਾ ਹੈ। ਅਖ਼ਬਾਰਾਂ-ਰਸਾਲਿਆਂ ਤੇ ਕਿਤਾਬਾਂ ਨੂੰ ਲੋਕ ਘੱਟ ਹੀ ਪੜ੍ਹਦੇ ਹਨ।

ਵੱਟਸਐਪ ਉੱਤੇ ਕਵਿਤਾਵਾਂ ਪਾਉਂਦਿਆਂ ਹੀ ਉਹਨੂੰ ਲੋਕਾਂ ਦੇ ਸੰਦੇਸ਼ ਆਉਣੇ ਸ਼ੁਰੂ ਹੋ ਗਏ। ਨਾਈਸ! ਗੁੱਡ!! ਕੀਪ ਇਟ ਅੱਪ!!! ਉਹ ਖ਼ੁਸ਼ ਹੋ ਰਿਹਾ ਸੀ। ਦੇਖੋ! ਇੰਨੀ ਛੇਤੀ ਉਹਦੀਆਂ ਕਵਿਤਾਵਾਂ ਕਿੰਨੇ ਲੋਕਾਂ ਨੇ ਪੜ੍ਹ ਲਈਆਂ ਹਨ ਅਤੇ ਕਈਆਂ ਨੇ ਕਵਿਤਾਵਾਂ ਦੇ ਚੰਗੀਆਂ ਹੋਣ ਕਾਰਨ ਆਪਣੇ ਅੰਗੂਠੇ ਉਪਰ ਚੁੱਕੇ ਹੋਏ ਸਨ। ਹਰਚਰਨ ਸਿੰਘ ਬਹੁਤ ਪ੍ਰਸੰਨ ਹੋ ਰਿਹਾ ਸੀ।

ਪ੍ਰਸਿੱਧ ਆਲੋਚਕ ਹਰਦੀਪ ਉਸ ਦਾ ਨਿੱਘਾ ਮਿੱਤਰ ਸੀ। ਉਸ ਵੱਲੋਂ ਵੀ ਸੰਦੇਸ਼ ਆਇਆ, 'ਬਾਕਮਾਲ! ਭਾਵਪੂਰਤ!!' ਅਤੇ ਨਾਲ ਹੀ ਅੰਗੂਠਾ ਵੀ ਉਪਰ ਕੀਤਾ ਹੋਇਆ ਸੀ। ਖ਼ੁਸ਼ੀ 'ਚ ਖੀਵੇ ਹੋਏ ਹਰਚਰਨ ਨੇ ਹਰਦੀਪ ਨੂੰ ਫ਼ੋਨ ਲਾਇਆ, "ਕਿਉਂ ਹਰਦੀਪ ਕਿਹੜੀ ਕਵਿਤਾ ਤੈਨੂੰ ਚੰਗੀ ਲੱਗੀ? ਤੂੰ ਉਸ ਨੂੰ ਕਿਵੇਂ ਸਮਝਿਆ? ਤੇਰੀ ਰਾਇ ਦਾ ਮਤਲਬ ਹੈ ਯਾਰ ਮੇਰੇ ਲਈ।"

"ਯਾਰ ਹਰਚਰਨ, ਮੈਂ ਤੇਰੇ ਨਾਲ ਝੂਠ ਨਹੀਂ ਬੋਲ ਸਕਦਾ। ਇਹ ਇੱਕ ਟੈਕਸਟ ਮੈਸੇਜ ਬਣਾ ਕੇ ਰੱਖਿਆ ਹੋਇਐ। ਮੇਰਾ ਵੱਟਸਐਪ ਅਤੇ ਫੇਸਬੁੱਕ ਲੋਕਾਂ ਦੀਆਂ ਕਹਾਣੀਆਂ-ਕਵਿਤਾਵਾਂ ਅਤੇ ਲੇਖਾਂ ਨਾਲ ਭਰੇ ਰਹਿੰਦੇ ਹਨ। ਕਿਸੇ ਦੀ ਰਚਨਾ ਆਵੇ ਤਾਂ ਇਹੋ ਮੈਸੇਜ ਭੇਜ ਦਿੰਦਾ ਹਾਂ ਤੇ ਅਗਲੇ ਦਾ ਰਾਂਝਾ ਰਾਜ਼ੀ ਹੋ ਜਾਂਦੈ। ਅਸਲ ਵਿੱਚ ਮੈਂ ਤੇਰੀ ਕੋਈ ਕਵਿਤਾ ਨਹੀਂ ਪੜ੍ਹੀ। ਪਰ ਯਾਰ ਪੜ੍ਹੂੰਗਾ ਜ਼ਰੂਰ... ਅਤੇ ਪੜ੍ਹ ਕੇ ਆਪਣੀ ਰਾਇ ਦੇਵਾਂਗਾ।" ਇਸ ਤੋਂ ਪਹਿਲਾਂ ਕਿ ਹਰਚਰਨ ਕੁਝ ਬੋਲਦਾ, ਹਰਦੀਪ ਨੇ ਫ਼ੋਨ ਕੱਟ ਦਿਤਾ।

ਹਰਚਰਨ ਸੁਣ ਕੇ ਹੱਕਾ ਬੱਕਾ ਰਹਿ ਗਿਆ। ਖੜ੍ਹੇ ਅੰਗੂਠੇ ਤੇ ਤਾਰੀਫ਼ਾਂ ਦੇ ਸੰਦੇਸ਼ ਉਸ ਦਾ ਮੂੰਹ ਚਿੜਾ ਰਹੇ ਸਨ।

# ਦੁਨੀਆ ਭਰ ਦੇ ਹਾਕੀ ਪ੍ਰੇਮੀਆਂ ਨੂੰ ਵਿਸ਼ਵ ਕੱਪ ਹਾਕੀ-2023 ਦੀ ਉਡੀਕ

## ਕੀ ਕਦੇ ਪੰਜਾਬ ਵੀ ਇਸ ਪ੍ਰਕਾਰ ਦੇ ਵਿਸ਼ਵ ਪੱਧਰੀ ਟੂਰਨਾਮੈਂਟ ਕਰਾਉਣ ਦੇ ਯੋਗ ਬਣ ਸਕੇਗਾ ?

ਪ੍ਰੋ. ਪਰਮਜੀਤ ਸਿੰਘ ਰੰਧਾਵਾ



ਕੌਮਾਂਤਰੀ ਹਾਕੀ ਫੈੱਡਰੇਸ਼ਨ ਵਲੋਂ ਆਯੋਜਿਤ ਹੋਣ ਵਾਲੇ, ਉੜੀਸਾ ਵਿਸ਼ਵ ਕੱਪ ਹਾਕੀ-2023 ਦੀ ਉਡੀਕ ਦੁਨੀਆ ਭਰ ਦੇ ਹਾਕੀ ਪ੍ਰੇਮੀਆਂ ਨੂੰ ਹੈ। ਭਾਰਤੀ ਟੀਮ ਜੋ ਟੋਕੀਓ ਉਲੰਪਿਕ ਵਿਚ ਮੁੱਦਤਾਂ ਬਾਅਦ ਕਾਂਸੀ ਦਾ ਤਮਗ਼ਾ ਜਿੱਤੀ, ਲਈ ਇਹ ਵਿਸ਼ਵ ਕੱਪ ਸਖ਼ਤ ਚੁਣੌਤੀ ਹੋਵੇਗੀ ਕਿ ਉਹ ਇਸ ਕਾਂਸੀ ਤਮਗ਼ੇ ਨੂੰ ਘਰੇਲੂ ਮੈਦਾਨ ਵਿਚ ਸੋਨੇ 'ਚ ਬਦਲਦੀ ਹੈ ਕਿ ਨਹੀਂ। ਸਾਡੀ ਸਭ ਦੀ ਦਿਲਚਸਪੀ ਦਾ ਸਬੱਬ ਹੈ। ਭੁਵਨੇਸ਼ਵਰ ਦੇ ਕਲਿੰਗਾ ਸਟੇਡੀਅਮ ਅਤੇ ਰੁੜਕੇਲਾ ਦੇ ਬਿਰਸਾ ਮੁੰਡਾ ਕੌਮਾਂਤਰੀ ਹਾਕੀ ਸਟੇਡੀਅਮ 'ਚ ਜਨਵਰੀ 13 ਤੋਂ ਜਨਵਰੀ, 29 ਤੱਕ ਹਾਕੀ ਦੀਆਂ ਕੌਮਾਂਤਰੀ ਰੌਣਕਾਂ ਵੇਖਣ ਹੀ ਵਾਲੀਆਂ ਹੋਣਗੀਆਂ। ਪੰਜਾਬੀਆਂ ਦੇ ਹਿੱਸੇ ਇਹੋ ਜਿਹੀ ਮੇਜ਼ਬਾਨੀ ਕਿੱਥੇ ਹੁਣ। ਪੰਜਾਬੀਆਂ ਦੀ ਖੇਡ ਹੁਣ ਹਾਕੀ ਕਿੱਥੇ ? ਖਿਡਾਰੀ ਟੀਮ 'ਚ ਖੇਡਣ ਵਾਲੇ ਬੇਸ਼ੱਕ ਪੂਰੇ ਵਿਸ਼ਵ ਦਾ ਆਕਰਸ਼ਣ ਰਹਿਣਗੇ ਪੰਜਾਬੀ ਹੋਣ ਕਰਕੇ, ਪਰ ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਖਿਡਾਰੀਆਂ ਨਾਲ ਸਜੀ ਹੋਈ ਟੀਮ ਦੀ ਮੇਜ਼ਬਾਨੀ ਲਈ ਪੰਜਾਬ ਦੀਆਂ ਸਰਕਾਰਾਂ ਚੁੱਪ ਹੀ ਰਹੀਆਂ ਜਿਵੇਂ ਹਾਕੀ ਖੇਡ ਨੇ ਪੰਜਾਬ ਦੇ ਮਾਣ ਸਨਮਾਨ ਲਈ ਕਦੇ ਕੁਝ ਕੀਤਾ ਹੀ ਨਹੀਂ।ਅਫ਼ਸੋਸ ਤੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਪਿਛਲੇ ਕੁਝ ਦਹਾਕਿਆਂ ਤੋਂ ਪੰਜਾਬ ਦੀ ਧਰਤੀ 'ਤੇ ਕੋਈ ਅੰਤਰਰਾਸ਼ਟਰੀ ਮੈਚ ਹੋਣ ਦਾ ਵੀ ਪ੍ਰਬੰਧ ਨਹੀਂ ਹੋਇਆ। ਵਿਸ਼ਵ ਕੱਪ ਹਾਕੀ ਨੂੰ ਆਯੋਜਿਤ ਕਰਨਾ ਨਾ ਤਾਂ ਹੁਣ ਪੰਜਾਬ ਸਰਕਾਰ, ਨਾ ਪੰਜਾਬੀਆਂ ਦੇ ਵੱਸ ਵਿਚ ਰਿਹਾ ਹੈ। ਲਗਾਤਾਰ ਓਡੀਸ਼ਾ ਦੀ ਧਰਤੀ 'ਤੇ ਇਹ ਵਿਸ਼ਵ ਪੱਧਰੀ ਮੈਚ ਆਯੋਜਿਤ ਹੋ ਰਹੇ ਹਨ। ਪੰਜਾਬੀਆਂ ਦੀ ਖੇਡ ਨੂੰ ਹੁਣ ਉੱਥੇ ਤਾਂ ਆਦਰ ਸਨਮਾਨ ਮਿਲ ਰਿਹਾ ਹੈ। ਕੀ ਗੱਲ ਸਾਡੀਆਂ ਸਰਕਾਰਾਂ ਕਿਉਂ ਘੇਸ ਵੱਟੀ ਬੈਠੀਆਂ ਹਨ। ਸਾਡੇ ਵਿਚ ਕੀ ਕਮੀ ਹੈ ਕਿ ਅਸੀਂ ਪੰਜਾਬ ਦੀ ਧਰਤੀ 'ਤੇ ਕੋਈ ਅੰਤਰਰਾਸ਼ਟਰੀ ਪੱਧਰ ਦਾ ਹਾਕੀ ਸਟੇਡੀਅਮ ਹੀ ਪੈਦਾ ਨਹੀਂ ਕਰ ਪਾ ਰਹੇ ?

ਪੰਜਾਬੀਓ ! ਸ਼ਰਮ ਕਰੋ ! ਤੁਹਾਡਾ ਰਾਜ ਹੁਣ ਏਨਾ ਨਿਗੂਣਾ ਹੋ ਗਿਆ ਕਿ ਇਥੇ 'ਹਾਕੀ ਨਾਮਲੇਵਾ' ਹੀ ਖ਼ਤਮ ਹੁੰਦੇ ਜਾ ਰਹੇ ਹਨ। ਨਾ ਤੁਹਾਡੇ ਰਾਜ ਦੇ ਹਾਕੀ ਖੇਡ ਨੂੰ ਸਪਾਂਸਰ ਕਰਨ ਵਾਲੀ ਕੋਈ ਸਰਕਾਰ ਹੈ। ਨਾ ਕੋਈ ਵਪਾਰਕ ਕੰਪਨੀ, ਜ਼ਰਾ ਸੋਚ ਕੇ ਵੇਖੋ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬ ਤੇ ਪੰਜਾਬੀ ਕੌਮ ਦਾ ਨਾਂ ਰੌਸ਼ਨ ਕਰਨ ਵਾਲੇ ਸਾਡੇ ਹਾਕੀ ਜੁਝਾਰੂਆਂ ਦੇ ਮਨ ਵਿਚ ਕੀ ਆਉਂਦਾ ਹੋਵੇਗਾ ਕਿ ਅਸੀਂ ਪੰਜਾਬ ਦੀ ਧਰਤੀ ਤੋਂ ਉੱਠ ਕੇ ਮਿਹਨਤ ਕੀਤੀ ਮੁਸ਼ੱਕਤ ਕੀਤੀ। ਦੇਸ਼ ਦੀ ਕੌਮੀ ਟੀਮ ਦਾ ਸਥਾਨ ਬਣਾਇਆ ਅੰਤਰਰਾਸ਼ਟਰੀ ਪੱਧਰ 'ਤੇ ਮੱਲਾਂ ਮਾਰੀਆਂ ਤੇ ਸਾਡੇ ਪੰਜਾਬ ਵਿਚ ਹਾਕੀ ਦਾ ਕੌਮਾਂਤਰੀ ਟੂਰਨਾਮੈਂਟ ਆਯੋਜਿਤ ਕਰਨ ਦੀ ਵੀ ਹਿੰਮਤ ਨਹੀਂ, ਤਾਕਤ ਨਹੀਂ। ਉੜੀਸਾ ਦੀ ਧਰਤੀ 'ਤੇ ਆਯੋਜਿਤ ਹੋਣ ਵਾਲੇ ਵਿਸ਼ਵ ਕੱਪ ਦਾ ਅਨੰਦ ਮਾਣਦਿਆਂ ਇਹ ਜ਼ਰੂਰ ਸੋਚਿਓ ਕਿ ਕਦੇ ਪੰਜਾਬ ਵੀ ਇਸ ਪ੍ਰਕਾਰ ਦੇ ਵਿਸ਼ਵ ਪੱਧਰੀ ਟੂਰਨਾਮੈਂਟ ਕਰਾਉਣ ਦੇ ਯੋਗ ਬਣ ਸਕੇਗਾ ? ਜਾਂ ਫਿਰ ਪੰਜਾਬ ਇਥੋਂ ਦੇ ਵੱਖ-ਵੱਖ ਸ਼ਹਿਰਾਂ ਵਿਚ ਵਿਸ਼ਵ ਕੱਪ ਟਰਾਫ਼ੀ ਦੇ ਦਰਸ਼ਨ ਕਰਨ ਜੋਗਾ ਹੀ ਹਮੇਸ਼ਾ ਰਹਿ ਜਾਵੇਗਾ ਜਿਵੇਂ ਕਿ ਅੱਜ ਕੱਲ੍ਹ ਇਹ ਟਰਾਫ਼ੀ ਸਾਡੇ ਸ਼ਹਿਰਾਂ ਵਿਚ ਘੁੰਮਦੀ, ਕਈ ਪ੍ਰਸ਼ਨ ਚਿੰਨ੍ਹ ਪੰਜਾਬ ਹਾਕੀ ਪ੍ਰੇਮੀਆਂ ਦੇ ਮਨ ਵਿਚ ਪੈਦਾ ਕਰ ਰਹੀ ਹੈ, ਕੀ ਕਦੇ ਪੰਜਾਬ ਸਰਕਾਰ ਵੀ ਇਸ ਪੱਖੋਂ ਕੁਝ ਸੋਚੇਗੀ ਜਨਾਬ ?

# ਹਾਕੀ ਵਿਸ਼ਵ ਕੱਪ ਵਿਚ ਹਰਮਨਪ੍ਰੀਤ ਕਰੇਗਾ ਭਾਰਤੀ ਟੀਮ ਦੀ ਅਗਵਾਈ

## ਭਾਰਤੀ ਹਾਕੀ ਟੀਮ ਵਿਸ਼ਵ ਕੱਪ ਜਿੱਤਣ ਦੇ ਸਮਰੱਥ : ਦਿਲੀਪ ਟਿਰਕੀ





ਨਵੀਂ ਦਿੱਲੀ/ਏ.ਟੀ.ਨਿਊਜ਼ :- ਉੜੀਸਾ ਵਿੱਚ 13 ਜਨਵਰੀ ਤੋਂ ਸ਼ੁਰੂ ਹੋਣ ਵਾਲੇ ਐੱਫਆਈਐੱਚ ਪੁਰਸ਼ ਹਾਕੀ ਵਿਸ਼ਵ ਕੱਪ ਲਈ ਡਿਫੈਂਡਰ ਹਰਮਨਪ੍ਰੀਤ ਸਿੰਘ ਨੂੰ 18 ਮੈਂਬਰੀ ਭਾਰਤੀ ਟੀਮ ਦਾ ਕਪਤਾਨ ਚੁਣਿਆ ਗਿਆ ਹੈ। ਅਮਿਤ ਰੋਹੀਦਾਸ ਟੀਮ ਦਾ ਉਪ ਕਪਤਾਨ ਹੋਵੇਗਾ। ਹਾਲ ਹੀ ਵਿੱਚ ਆਸਟ੍ਰੇਲੀਆ ਨਾਲ ਖੇਡੀ ਗਈ ਪੰਜ ਮੈਚਾਂ ਦੀ ਲੜੀ ਵਿੱਚ ਵੀ ਹਰਮਨਪ੍ਰੀਤ ਹੀ ਟੀਮ ਦਾ ਕਪਤਾਨ ਸੀ, ਜਿਸ ਵਿੱਚ ਭਾਰਤੀ ਟੀਮ ਸਿਰਫ਼ ਇੱਕ ਮੈਚ ਹੀ ਜਿੱਤ ਸਕੀ ਸੀ। ਟੋਕੀਓ ਓਲੰਪਿਕ ਵਿੱਚ ਇਤਿਹਾਸਕ ਕਾਂਸੇ ਦਾ ਤਮਗ਼ਾ ਜਿੱਤਣ ਵਾਲੀ ਭਾਰਤੀ ਟੀਮ ਦਾ ਕਪਤਾਨ ਰਿਹਾ ਮਨਪ੍ਰੀਤ ਸਿੰਘ ਬਤੌਰ ਖਿਡਾਰੀ ਟੀਮ 'ਚ ਸ਼ਾਮਲ ਹੋਵੇਗਾ। ਵਿਸ਼ਵ ਕੱਪ ਟੀਮ ਦੀ ਚੋਣ ਬੰਗਲੂਰੂ ਦੇ ਐੱਸਏਆਈ ਸੈਂਟਰ 'ਚ ਦੋ ਰੋਜ਼ਾ ਟਰਾਇਲ ਤੋਂ ਬਾਅਦ ਕੀਤੀ ਗਈ ਹੈ। ਕ੍ਰਿਸ਼ਨ ਬੀ ਪਾਠਕ ਅਤੇ ਪੀ.ਆਰ ਸ੍ਰੀਜੇਸ਼ ਗੋਲਕੀਪਰ ਹੋਣਗੇ। ਡਿਫੈਂਸ ਦੀ ਅਗਵਾਈ ਕਪਤਾਨ ਹਰਮਨਪ੍ਰੀਤ ਕਰੇਗਾ, ਜਦਕਿ ਉਸ ਦੇ ਨਾਲ ਉਪ ਕਪਤਾਨ ਰੋਹੀਦਾਸ, ਸੁਰੇਂਦਰ ਕੁਮਾਰ, ਵਰੁਣ ਕੁਮਾਰ, ਜਰਮਨਪ੍ਰੀਤ ਸਿੰਘ ਅਤੇ ਨੀਲਮ ਸੰਜੀਪ ਹੋਣਗੇ। ਮਿੱਡਫੀਲਡਰਾਂ ਵਿੱਚ ਵਿਵੇਕ ਸਾਗਰ ਪ੍ਰਸਾਦ, ਮਨਪ੍ਰੀਤ, ਹਾਰਦਿਕ ਸਿੰਘ, ਨੀਲਕਾਂਤਾ ਸ਼ਰਮਾ, ਸ਼ਮਸ਼ੇਰ ਸਿੰਘ ਅਤੇ ਆਕਾਸ਼ਦੀਪ ਸਿੰਘ ਸ਼ਾਮਲ ਹੋਣਗੇ। ਇਸੇ ਤਰ੍ਹਾਂ ਫਾਰਵਰਡ ਲਾਈਨ ਵਿੱਚ ਮਨਦੀਪ ਸਿੰਘ, ਲਲਿਤ ਉਪਾਧਿਆਏ, ਅਭਿਸ਼ੇਕ ਅਤੇ ਸੁਖਜੀਤ ਸਿੰਘ ਹੋਣਗੇ ।

ਆਪਣੇ ਜ਼ਮਾਨੇ ਦੇ ਦਿੱਗਜ਼ ਖਿਡਾਰੀ ਦਿਲੀਪ ਟਿਰਕੀ ਦਾ ਮੰਨਣਾ ਹੈ ਕਿ ਮੌਜੂਦਾ ਭਾਰਤੀ ਹਾਕੀ ਟੀਮ ਕੋਲ ਬਹੁਤ ਸਾਰੇ ਗੁਣਵਾਨ ਖਿਡਾਰੀ ਹਨ, ਜੋ ਦੇਸ਼ ਨੂੰ 47 ਸਾਲ ਬਾਅਦ ਵਿਸ਼ਵ ਕੱਪ ਜਿਤਾਉਣ ਦੇ ਸਮਰੱਥ ਹਨ। ਭਾਰਤ ਨੇ ਇੱਕੋ-ਇੱਕ ਵਿਸ਼ਵ ਕੱਪ 1975 ਵਿੱਚ ਕੁਆਲਾਲੰਪੁਰ ਵਿੱਚ ਜਿੱਤਿਆ ਸੀ। ਮੇਜ਼ਬਾਨ ਹੋਣ ਦੇ ਨਾਤੇ ਭਾਰਤ ਕੋਲ ਭੁਵਨੇਸ਼ਵਰ ਅਤੇ ਰੂੜਕੇਲਾ ਵਿੱਚ 13 ਤੋਂ 29 ਜਨਵਰੀ ਤੱਕ ਹੋਣ ਵਾਲੇ ਵਿਸ਼ਵ ਕੱਪ ਵਿੱਚ ਪੋਡੀਅਮ 'ਤੇ ਪਹੁੰਚਣ ਦਾ ਸੁਨਹਿਰੀ ਮੌਕਾ ਹੋਵੇਗਾ। ਟਿਰਕੀ ਨੇ ਕਿਹਾ, 'ਮੌਜੂਦਾ ਭਾਰਤੀ ਪੁਰਸ਼ ਟੀਮ ਆਤਮ-ਵਿਸ਼ਵਾਸ ਨਾਲ ਭਰੀ ਹੋਈ ਹੈ ਅਤੇ ਹਾਲ ਹੀ ਵਿੱਚ ਉਨ੍ਹਾਂ ਜਿਸ ਤਰ੍ਹਾਂ ਪ੍ਰਦਰਸ਼ਨ ਕੀਤਾ ਹੈ, ਉਸ ਤੋਂ ਪ੍ਰਸ਼ੰਸਕ ਕਾਫ਼ੀ ਖ਼ੁਸ਼ ਹਨ। ਮੈਨੂੰ ਪੂਰਾ ਭਰੋਸਾ ਹੈ ਕਿ ਉਹ ਵਿਸ਼ਵ ਕੱਪ ਵਿੱਚ ਚੰਗਾ ਪ੍ਰਦਰਸ਼ਨ ਕਰਨਗੇ।' ਉਨ੍ਹਾਂ ਕਿਹਾ, 'ਮੈਂ ਚਾਹੁੰਦਾ ਹਾਂ ਕਿ ਉਹ ਆਪਣਾ ਸ਼ਾਨਦਾਰ ਪ੍ਰਦਰਸ਼ਨ ਕਰਨ ਅਤੇ ਪੂਰੇ ਭਰੋਸੇ ਨਾਲ ਖੇਡਣ। (ਬਾਕੀ ਸਫ਼ਾ 34 'ਤੇ)

# ਆਈ.ਪੀ.ਐਲ.-2023 ਦੇ 5 ਸਭ ਤੋਂ ਮਹਿੰਗੇ ਖਿਡਾਰੀ




ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐੱਲ)-2023 ਦੀ ਨਿਲਾਮੀ ਦੇ ਦੂਜੇ ਦੌਰ 'ਚ ਇੰਗਲੈਂਡ ਦੇ ਸੈਮ ਕਰਨ ਨੂੰ ਸ਼ੁੱਕਰਵਾਰ ਨੂੰ ਪੰਜਾਬ ਕਿੰਗਜ਼ ਨੇ 18.5 ਕਰੋੜ ਰੁਪਏ 'ਚ ਖਰੀਦਿਆ, ਜਿਸ ਤੋਂ ਬਾਅਦ ਉਹ ਆਈ.ਪੀ.ਐੱਲ ਦੇ ਸਭ ਤੋਂ ਮਹਿੰਗੇ ਖਿਡਾਰੀ ਬਣ ਗਏ। ਭਾਰਤ ਦੇ ਸਾਬਕਾ ਧਾਕੜ ਬੱਲੇਬਾਜ਼ ਯੁਵਰਾਜ ਸਿੰਘ ਨੂੰ ਸਭ ਤੋਂ ਪਹਿਲੇ ਆਈ.ਪੀ.ਐੱਲ ਵਿਚ ਸਭ ਤੋਂ ਮਹਿੰਗੇ ਖਿਡਾਰੀ ਹੋਣ ਦਾ ਮਾਣ ਹਾਸਲ ਹੋਇਆ ਸੀ, ਜਦੋਂ 2015 ਦੇ ਸੀਜ਼ਨ 'ਚ ਉਨ੍ਹਾਂ ਨੂੰ 16 ਕਰੋੜ ਰੁਪਏ 'ਚ ਖਰੀਦਿਆ ਗਿਆ ਸੀ।

ਆਈ.ਪੀ.ਐੱਲ 2023 ਦੀ ਮਿੰਨੀ ਨਿਲਾਮੀ ਵਿਚ ਵਿਕਣ ਵਾਲੇ 5 ਬੱਲੇਬਾਜ਼ਾਂ ਦੇ ਬਾਰੇ 'ਚ ਜਿਨ੍ਹਾਂ ਦੇ ਉੱਪਰ ਖ਼ੂਬ ਹੋਈ ਪੈਸਿਆਂ ਦੀ ਬਰਸਾਤ

**1. ਸੈਮ ਕਰਨ**

ਸੈਮ ਕਰਨ ਨੂੰ ਪੰਜਾਬ ਕਿੰਗਜ਼ ਨੇ ਆਈ.ਪੀ.ਐੱਲ 2023 ਦੀ ਨਿਲਾਮੀ 'ਚ 18.50 ਕਰੋੜ ਵਿਚ ਖਰੀਦਿਆ। ਇਸ ਨਾਲ ਉਹ ਨਾ ਸਿਰਫ਼ ਆਈ.ਪੀ.ਐੱਲ ਨਿਲਾਮੀ 2023 ਦੇ ਸਗੋਂ ਇਤਿਹਾਸ ਦੇ ਸਭ ਤੋਂ ਮਹਿੰਗੇ ਵਿਕਣ ਵਾਲੇ ਖਿਡਾਰੀ ਰਹੇ। ਇਸ ਤੋਂ ਪਹਿਲਾਂ ਕਰਨ ਚੇਨਈ ਸੁਪਰ ਕਿੰਗਜ਼ ਟੀਮ ਦਾ ਹਿੱਸਾ ਸਨ। ਉਨ੍ਹਾਂ ਨੇ ਆਈ.ਪੀ.ਐੱਲ 'ਚ ਕੁੱਲ 32 ਮੈਚ ਖੇਡੇ ਹਨ, ਜਿਸ 'ਚੋਂ ਉਨ੍ਹਾਂ ਨੇ 32 ਵਿਕਟਾਂ ਵੀ ਲਈਆਂ ਹਨ। ਇਸ ਤੋਂ ਇਲਾਵਾ ਉਸ ਨੇ ਆਈ.ਪੀ.ਐੱਲ 'ਚ 337 ਦੌੜਾਂ ਵੀ ਬਣਾਈਆਂ ਹਨ। ਸੈਮ ਕਰਨ ਲਈ ਸ਼ੁਰੂਆਤੀ ਰੁਝਾਨ ਮੁੰਬਈ ਇੰਡੀਅਨਜ਼ ਅਤੇ ਰਾਇਲ ਚੈਲੰਜਰਜ਼ ਬੈਂਗਲੂਰੂ ਨੇ ਦਿਖਾਏ। ਦੋਵਾਂ ਨੇ ਬੋਲੀ 6.75 ਕਰੋੜ ਤੱਕ ਲੈ ਗਏ ਜਦੋਂ ਰਾਜਸਥਾਨ ਰਾਇਲਸ ਵੀ ਬੋਲੀ 'ਚ ਆ ਗਈ। ਫਿਰ ਮੁੰਬਈ ਅਤੇ ਰਾਜਸਥਾਨ ਦੀ ਲੜਾਈ 11.50 ਕਰੋੜ ਤੱਕ ਪਹੁੰਚ ਗਈ। ਇੱਥੇ ਚੇਨਈ ਸੁਪਰ ਕਿੰਗਜ਼ ਦੀ ਐਂਟਰੀ ਹੋਈ। ਜਦੋਂ ਰਾਜਸਥਾਨ ਤੋਂ ਲਗਾਤਾਰ 13 ਕਰੋੜ ਦੀ ਬੋਲੀ ਪਿੱਛੇ ਹਟ ਗਈ ਤਾਂ ਪੰਜਾਬ ਕਿੰਗਜ਼ ਨੇ ਬੋਲੀ ਲਗਾਉਣੀ ਸ਼ੁਰੂ ਕਰ ਦਿੱਤੀ। ਲਖਨਊ ਸੁਪਰ ਜਾਇੰਟਸ ਨੇ ਵੀ 16.25 ਕਰੋੜ ਦੀ ਬੋਲੀ ਲਗਾਈ ਪਰ ਮੁੰਬਈ ਇੰਡੀਅਨਜ਼ ਨੇ ਮੁੜ ਐਂਟਰੀ ਮਾਰ ਲਈ। ਅੰਤ 'ਚ ਪੰਜਾਬ ਕਿੰਗਜ਼ ਅਤੇ ਮੁੰਬਈ ਵਿਚਕਾਰ ਮੁਕਾਬਲਾ ਹੋਇਆ ਜਿਸ ਵਿਚ ਪੰਜਾਬ ਨੇ ਰਿਕਾਰਡ 18.50 ਕਰੋੜ ਰੁਪਏ 'ਚ ਉਨ੍ਹਾਂ ਨੂੰ ਖਰੀਦ ਲਿਆ।

**2. ਕੈਮਰੂਨ ਗ੍ਰੀਨ**

ਆਸਟ੍ਰੇਲੀਆ ਦੇ ਉੱਭਰਦੇ ਆਲਰਾਊਂਡਰ ਕੈਮਰੂਨ ਗ੍ਰੀਨ ਦੂਜੇ ਸਭ ਤੋਂ ਮਹਿੰਗੇ ਖਿਡਾਰੀ ਰਹੇ। ਕੈਮਰੂਨ ਦੀ ਬੇਸ ਪ੍ਰਾਈਸ 2 ਕਰੋੜ ਸੀ ਪਰ ਮੁੰਬਈ ਇੰਡੀਅਨਜ਼ ਨੇ ਉਨ੍ਹਾਂ ਨੂੰ 17.50 ਕਰੋੜ 'ਚ ਖਰੀਦਿਆ ਅਤੇ ਆਪਣੀ ਟੀਮ ਵਿਚ ਸ਼ਾਮਲ ਕੀਤਾ। ਆਰ.ਸੀ.ਬੀ. ਨੇ ਸ਼ੁਰੂ 'ਚ ਕੈਮਰੂਨ ਨੂੰ ਖਰੀਦਣ ਵਿਚ ਦਿਲਚਸਪੀ ਦਿਖਾਈ, ਪਰ 6.75 ਕਰੋੜ ਦੀ ਬੋਲੀ ਲਗਾਉਣ ਤੋਂ ਬਾਅਦ ਪਿੱਛੇ ਹਟ ਗਏ। ਮੁੰਬਈ ਉਸ ਨੂੰ ਸਸਤੇ 'ਚ ਖਰੀਦਣ ਦੀ ਕੋਸ਼ਿਸ਼ ਕਰ ਰਿਹਾ ਸੀ ਜਦੋਂ ਦਿੱਲੀ ਕੈਪੀਟਲਜ਼ ਨੇ ਵੀ ਇਸ ਵਿਚ ਛਾਲ ਮਾਰ ਦਿੱਤੀ। ਕੈਮਰਨ ਨੂੰ ਖਰੀਦਣ ਲਈ ਦੋਵਾਂ ਵਿਚਾਲੇ ਮੁਕਾਬਲਾ ਸੀ ਪਰ ਅੰਤ 'ਚ ਮੁੰਬਈ ਨੇ ਮੋਟੀ ਰਕਮ ਅਦਾ ਕਰਕੇ ਇਸ ਆਲਰਾਊਂਡਰ ਨੂੰ ਆਪਣੇ ਨਾਲ ਸ਼ਾਮਲ ਕਰ ਲਿਆ।

**3. ਬੈਨ ਸਟੋਕਸ**

ਦੁਨੀਆ ਦੇ ਮਹਾਨ ਟਵੰਟੀ-20 ਆਲਰਾਊਂਡਰਾਂ 'ਚੋਂ ਇੱਕ, ਬੈਨ ਸਟੋਕਸ ਆਈ.ਪੀ.ਐੱਲ ਨਿਲਾਮੀ 2023 ਵਿਚ ਵਿਕਣ ਵਾਲੇ ਤੀਜੇ ਸਭ ਤੋਂ ਮਹਿੰਗੇ ਖਿਡਾਰੀ ਸਨ। ਸਟੋਕਸ ਲਈ ਪੰਜ ਟੀਮਾਂ ਨੇ ਬੋਲੀ ਲਗਾਈ ਪਰ ਅੰਤ 'ਚ ਚੇਨਈ ਸੁਪਰ ਕਿੰਗਜ਼ ਉਨ੍ਹਾਂ ਨੂੰ 16.25 ਕਰੋੜ ਦੀ ਕੀਮਤ ਵਿਚ ਆਪਣੇ ਨਾਲ ਲਿਆਉਣ 'ਚ ਕਾਮਯਾਬ ਰਹੀ। ਰਾਜਸਥਾਨ ਰਾਇਲਜ਼ ਅਤੇ ਰਾਇਲ ਚੈਲੇਂਜਰਸ ਬੈਂਗਲੁਰੂ ਨੇ ਸਟੋਕਸ ਲਈ ਸਭ ਤੋਂ ਪਹਿਲਾਂ ਦਾਅ ਲਗਾਇਆ ਸੀ। ਰਾਜਸਥਾਨ ਬੋਲੀ ਨੂੰ 6.75 ਕਰੋੜ ਤੱਕ ਲੈ ਗਿਆ, ਫਿਰ ਲਖਨਊ ਸੁਪਰ ਜਾਇੰਟਸ ਨੇ ਐਂਟਰੀ ਕੀਤੀ। ਜਦੋਂ ਬੋਲੀ 7.75 'ਤੇ ਗਈ ਤਾਂ ਸਨਰਾਈਜ਼ਰਸ ਹੈਦਰਾਬਾਦ ਨੇ ਵੀ ਆਪਣੀ ਦਾਅਵੇਦਾਰੀ ਦਿਖਾਈ। ਲੜਾਈ ਲਖਨਊ ਅਤੇ ਹੈਦਰਾਬਾਦ 'ਚ 15 ਕਰੋੜ ਤੱਕ ਚੱਲੀ ਜਦੋਂ ਸੁਪਰ ਕਿੰਗਜ਼ ਵੀ ਬੋਲੀ ਵਿਚ ਸ਼ਾਮਲ ਹੋਏ। ਇਸ ਤੋਂ ਬਾਅਦ ਸੁਪਰ ਕਿੰਗਜ਼ ਨੇ 16.25 ਕਰੋੜ ਦੀ ਆਖਰੀ ਬੋਲੀ ਲਗਾ ਕੇ ਸਟੋਕਸ ਨੂੰ ਆਪਣੀ ਟੀਮ ਨਾਲ ਜੋੜ ਲਿਆ।

**4. ਨਿਕੋਲਸ ਪੂਰਨ**

ਵਿੰਡੀਜ਼ ਦੇ ਵਿਕਟਕੀਪਰ-ਬੱਲੇਬਾਜ਼ ਨਿਕੋਲਸ ਪੂਰਨ ਚੌਥੇ ਸਭ ਤੋਂ ਮਹਿੰਗੇ ਖਿਡਾਰੀ ਰਹੇ। ਉਨ੍ਹਾਂ ਨੇ ਆਪਣੀ ਬੇਸ ਪ੍ਰਾਈਸ 2 ਕਰੋੜ ਰੱਖੀ ਸੀ ਪਰ ਉਹ 16 ਕਰੋੜ 'ਚ ਨਿਲਾਮ ਹੋ ਗਏ, ਜਿਸ ਨੇ ਆਈ.ਪੀ.ਐੱਲ ਦੇ ਇਤਿਹਾਸ ਵਿਚ ਨਵਾਂ ਰਿਕਾਰਡ ਕਾਇਮ ਕੀਤਾ। ਪੂਰਨ ਨੂੰ ਖਰੀਦਣ ਲਈ ਲਖਨਊ ਸੁਪਰਜਾਇੰਟਸ ਨੇ 16 ਕਰੋੜ ਦੀ ਬੋਲੀ ਲਗਾਈ। ਇਸ ਦੇ ਨਾਲ (ਬਾਕੀ ਸਫ਼ਾ 33 'ਤੇ)

# ਇਸ ਸਾਲ ਰਿਲੀਜ਼ ਹੋਈਆਂ ਪੰਜਾਬੀ ਫਿਲਮਾਂ ਨੇ ਦਰਸ਼ਕਾਂ ਦੇ ਪੱਲੇ ਨਿਰਾਸ਼ਾ ਹੀ ਪਾਈ

**ਸੁਰਜੀਤ ਜੱਸਲ**













ਇਸ ਸਾਲ ਦੇ ਪੰਜਾਬੀ ਸਿਨੇਮਾ ਦੀ ਗੱਲ ਕਰਦਿਆਂ ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਇਸ ਸਾਲ ਰਿਲੀਜ਼ ਹੋਈਆਂ ਪੰਜਾਬੀ ਫਿਲਮਾਂ ਨੇ ਦਰਸ਼ਕਾਂ ਦੇ ਪੱਲੇ ਨਿਰਾਸ਼ਾ ਹੀ ਪਾਈ। ਇੱਕੋ ਵਿਸ਼ੇ ਅਤੇ ਉਹੀ ਕਲਾਕਾਰਾਂ, ਕਿਰਦਾਰਾਂ ਦੀਆਂ ਫਿਲਮਾਂ ਤੋਂ ਅੱਕਿਆ ਦਰਸ਼ਕ ਪੰਜਾਬੀ ਸਿਨੇਮਾ ਤੋਂ ਟੁੱਟਦਾ ਨਜ਼ਰ ਆਇਆ। ਪਿਛਲੇ ਸਮਿਆਂ ਦੌਰਾਨ ਚੰਗੀਆਂ ਫਿਲਮਾਂ ਨਾਲ ਵਾਹ ਵਾਹ ਖੱਟ ਚੁੱਕੇ ਇਸ ਵਾਰ ਦਰਸ਼ਕਾਂ ਦੇ ਮਨਾਂ ਵਿਚੋਂ ਲਹਿ ਗਏ। ਅਜਿਹੇ ਹਾਲਾਤ ਵਿੱਚ ਕੱਲ੍ਹ ਤੱਕ ਜਿਹੜੇ ਫਿਲਮਸ਼ਾਜ, ਨਿਰਮਾਤਾ-ਨਿਰਦੇਸ਼ਕ, ਕਲਾਕਾਰ ਪੰਜਾਬੀ ਸਿਨਮਾ ਨੂੰ 'ਹਾਸਾ-ਮਜ਼ਾਕ' ਹੀ ਸਮਝ ਰਹੇ ਸਨ, ਅੱਜ ਉਨ੍ਹਾਂ ਨੂੰ ਇਸ ਪ੍ਰਤੀ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਸਾਲ ਦੇ ਅਖੀਰਲੇ ਦਿਨਾਂ ਵਿੱਚ ਰਿਲੀਜ਼ ਬੌਲੀਵੁੱਡ ਦੀ 'ਸ਼ੋਅਲੇ' ਐਲਾਨੀ ਪੰਜਾਬੀ ਫਿਲਮ 'ਨਿਸ਼ਾਨਾ' ਦਾ ਕਦਮ ਪੁੱਟਦਿਆਂ ਹੀ ਮੂਧੇ-ਮੂੰਹ ਡਿੱਗਣਾ ਪੰਜਾਬੀ ਸਿਨੇਮਾ ਲਈ ਵੱਡੀ ਨਿਰਾਸ਼ਾ ਹੈ। ਜਦੋਂਕਿ ਚਿਰਾਂ ਬਾਅਦ ਆਏ ਹਰੀਸ਼ ਵਰਮਾ ਤੇ ਸਵੀਤਾਜ ਬਰਾੜ ਦੀ ਰੁਮਾਂਟਿਕ ਫਿਲਮ 'ਤੇਰੇ ਲਈ' ਨੂੰ ਵੀ ਬਹੁਤੇ ਦਰਸ਼ਕ ਨਹੀਂ ਮਿਲੇ। ਕਹਾਣੀ ਅਤੇ ਨਿਰਦੇਸ਼ਨ ਪੱਖੋਂ ਚੰਗੀ ਹੋਣ ਦੇ ਬਾਵਜੂਦ ਇਹ ਫਿਲਮ ਦਰਸ਼ਕਾਂ ਦੀ ਪੰਜਾਬੀ ਸਿਨੇਮਾ ਪ੍ਰਤੀ ਬੇਰੁਖੀ ਦੀ ਭੇਂਟ ਚੜ੍ਹ ਗਈ। ਇਸ ਦੇ ਇਲਾਵਾ 'ਮਸੰਦ' ਅਤੇ 'ਬਾਗੀ ਦੀ ਧੀ' ਵੀ ਦਰਸ਼ਕਾਂ ਦੀ ਪਹੁੰਚ ਤੋਂ ਦੂਰ ਰਹੀਆਂ। ਬਿਨਾਂ ਸ਼ੱਕ ਇਸ ਸਾਲ ਪੰਜਾਬੀ ਸਿਨੇਮਾ ਕਰੋੜਾਂ ਦੇ ਘਾਟੇ ਵਿੱਚ ਰਿਹਾ। ਪੂਰੇ ਸਾਲ ਦੌਰਾਨ ਇੱਕਾ-ਦੁੱਕਾ ਫਿਲਮਾਂ ਨੂੰ ਛੱਡ ਕੇ ਜ਼ਿਆਦਾਤਰ ਫਿਲਮਾਂ ਫਲਾਪ ਹੀ ਰਹੀਆਂ। ਪਿਛਲੇ ਸਮਿਆਂ 'ਚ ਰਿਕਾਰਡ ਬਣਾ ਚੁੱਕੀਆਂ ਕਈ ਵੱਡੇ ਬੈਨਰ ਤੇ ਵੱਡੇ ਸਟਾਰਾਂ ਵਾਲੀਆਂ ਫਿਲਮਾਂ ਵੀ ਲੁੜਕ ਗਈਆਂ। ਇਸ ਦਾ ਵੱਡਾ ਕਾਰਨ ਤਾਂ ਇਹੋ ਕਹਿ ਸਕਦੇ ਹਾਂ ਕਿ ਇਸ ਸਾਲ ਬਹੁਤੀਆਂ ਫਿਲਮਾਂ ਲਾਕਡਾਊਨ ਦੇ ਜਾਲ 'ਚ ਫਸੀਆਂ ਹੋਈਆਂ ਰਿਲੀਜ਼ ਹੋਈਆਂ ਜਿਨ੍ਹਾਂ ਪ੍ਰਤੀ ਦਰਸ਼ਕਾਂ ਨੇ ਬਹੁਤਾ ਧਿਆਨ ਨਾ ਦਿੱਤਾ।




ਇਸ ਸਾਲ ਦੀ ਸ਼ੁਰੂਆਤ ਛੋਟੇ ਬਜਟ ਦੀ ਫਿਲਮ 'ਹੇਟਰਜ਼' ਨਾਲ ਹੋਈ ਜੋ ਨੌਜਵਾਨਾਂ ਦੀ ਭਾਵਨਾਵਾਂ ਨਾਲ ਜੁੜੀ ਚੰਗੇ ਵਿਸ਼ੇ ਦੀ ਫ਼ਿਲਮ ਸੀ, ਪਰ ਰਿਲੀਜ਼ ਦਾ ਢੁੱਕਵਾਂ ਸਮਾਂ ਨਾ ਹੋਣ ਕਰਕੇ ਮਾਰ ਖਾ ਗਈ। 'ਸ਼ੂਟਰ' ਫਿਲਮ ਦੀ ਗੱਲ ਕਰੀਏ ਤਾਂ ਇਹ ਕਾਫ਼ੀ ਪਹਿਲਾਂ ਦੀ ਬਣੀ ਹੋਈ ਸੀ ਜੋ ਸੈਂਸਰ ਬੋਰਡ ਦੇ ਚੱਕਰਾਂ ਵਿਚ ਪਈ ਹੋਣ ਕਰਕੇ ਲੇਟ ਹੁੰਦੀ-ਹੁੰਦੀ ਇਸ ਸਾਲ ਰਿਲੀਜ਼ ਹੋਈ। ਗੁਰਮੀਤ ਸਾਜਨ ਤੇ ਮਨਜੀਤ ਸਿੰਘ ਟੋਨੀ ਦੀ 'ਝੱਲੇ ਪੈ ਗਏ ਪੱਲੇ' ਵਿਦੇਸ਼ ਜਾਣ ਵਾਲਿਆਂ ਦੀ ਗੱਲ ਕਰਦੀ ਕਾਮੇਡੀ ਡਰਾਮਾ ਸੀ ਜਿਸ ਨੂੰ ਦਰਸ਼ਕਾਂ ਦਾ ਬਣਦਾ ਪਿਆਰ ਮਿਲਿਆ। ਲਾਕਡਾਊਨ ਦੇ ਮਾਹੌਲ ਵਿੱਚ ਪਨਪੇ ਪਿਆਰ ਦੀ ਪੇਸ਼ਕਾਰੀ ਕਰਦੀ 'ਜਲਵਾਯੂ ਐਨਕਲੇਵ' ਚੰਗੀ ਫਿਲਮ ਸੀ, ਪਰ ਇਸ ਨੂੰ ਵੀ ਦਰਸ਼ਕਾਂ ਦਾ ਖ਼ਾਸ ਪਿਆਰ ਨਾ ਮਿਲਿਆ। ਐਮੀ ਵਿਰਕ ਦੀ 'ਆਜਾ ਮੈਕਸੀਕੋ ਚੱਲੀਏ' ਦੀ ਕਹਾਣੀ ਵਧੀਆ ਸੀ, ਵਿਸ਼ਾ ਚੰਗਾ ਸੀ, ਪਰ ਲੋਕਾਂ ਨੂੰ ਪ੍ਰਭਾਵਿਤ ਨਾ ਕਰ ਸਕੀ। ਦਰਸ਼ਕਾਂ ਨੇ ਸਿਨਮਾ ਨਾਲੋਂ ਜ਼ਿਆਦਾ ਇਸ ਨੂੰ ਓਟੀਟੀ 'ਤੇ ਵੇਖਿਆ। ਗੁਰਨਾਮ ਭੁੱਲਰ ਤੇ ਸੋਨਮ ਬਾਜਵਾ ਦੀ ਫਿਲਮ 'ਮੈਂ ਵਿਆਹ ਨੀਂ ਕਰਾਉਣਾ ਤੇਰੇ ਨਾਲ' ਨੂੰ ਵੀ ਦਰਸ਼ਕਾਂ ਨੇ ਪਸੰਦ ਨਾ ਕੀਤਾ। ਇਸ ਫਿਲਮ ਬਾਰੇ ਬਹੁਤਾ ਪ੍ਰਚਾਰ ਵੀ ਨਾ ਹੋਇਆ ਜਿਸ ਕਰਕੇ ਫਿਲਮ ਆਈ-ਗਈ ਹੋ ਗਈ। 'ਬੱਬਰ' ਸਿੱਧੇ ਸ਼ਬਦਾਂ ਵਿੱਚ ਗੁੰਡਾਗਰਦੀ ਦੀ ਪੇਸ਼ਕਾਰੀ ਸੀ। ਇਸ ਰਾਹੀਂ ਅੰਮ੍ਰਿਤ ਮਾਨ ਆਪਣੇ ਗੀਤਾਂ ਵਰਗੀ ਦਿੱਖ ਲੈ ਕੇ ਆਇਆ ਸੀ, ਪਰ ਦਰਸ਼ਕਾਂ ਨੇ ਪਸੰਦ ਨਹੀਂ ਕੀਤਾ। ਡਾਇਰੈਕਟਰ ਅਮਰ ਹੁੰਦਲ ਨੇ ਆਪਣੀ ਚਰਚਿਤ ਵੈੱਬ-ਸੀਰੀਜ਼ 'ਵਾਰਨਿੰਗ' ਦਾ ਫਾਰਮੂਲਾ ਵਰਤਦਿਆਂ ਹੀ ਇਸ ਫਿਲਮ ਨੂੰ ਉਭਾਰਨਾ ਚਾਹਿਆ, ਪਰ 'ਬੱਬਰ' ਗੱਬਰ ਨਾ ਬਣ ਸਕੀ। 'ਲੇਖ' ਫਿਲਮ ਬਾਰੇ ਕਹਿ ਸਕਦੇ ਹਾਂ ਕਿ ਇਹ ਇੱਕ ਚੰਗੀ ਫਿਲਮ ਸੀ। ਸਕੂਲ ਸਮੇਂ ਦੇ ਅੱਲ੍ਹੜ ਦਿਲਾਂ ਵਾਲੇ ਪਿਆਰ ਨੇ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ ਜਿਸ ਕਰਕੇ ਫਿਲਮ ਦਾ ਪਹਿਲਾਂ ਭਾਗ ਬੜਾ ਵਧੀਆ ਰਿਹਾ ਜਦੋਂਕਿ ਪਿਛਲਾ ਭਾਗ ਵਿਯੋਗਮਈ ਸੀ ਜੋ ਦਰਸ਼ਕਾਂ ਨੂੰ ਉਦਾਸ ਕਰਦਾ ਰਿਹਾ। ਫਿਲਮ ਦੀ ਕਹਾਣੀ ਵਿੱਚ ਕੁਝ ਗੱਲਾਂ ਅਜਿਹੀਆਂ ਵੀ ਸਨ ਜਿਸ ਨੂੰ ਸਾਡਾ ਸਮਾਜ ਮਾਨਤਾ ਨਹੀਂ ਦਿੰਦਾ। ਰੁਮਾਂਟਿਕ ਵਿਸ਼ੇ ਦੀ ਇਸ ਫਿਲਮ ਰਾਹੀਂ ਗੁਰਨਾਮ ਭੁੱਲਰ ਤੇ ਤਾਨੀਆ ਦੀ ਜੋੜੀ ਨੂੰ ਦਰਸ਼ਕਾਂ ਨੇ ਕਾਫ਼ੀ ਪਸੰਦ ਕੀਤਾ। ਤਰਸੇਮ ਜੱਸੜ ਤੇ ਵਾਮਿਕਾ ਗੱਬੀ ਦੀ ਫਿਲਮ 'ਗਲਵੱਕੜੀ' ਦਰਸ਼ਕਾਂ ਨੂੰ ਬਹੁਤਾ ਨਿੱਘ ਨਾ ਦੇ ਸਕੀ। ਇਸ ਦਾ ਵਿਸ਼ਾ ਕਾਮੇਡੀ ਸੀ, ਪਰ ਤਰਸੇਮ ਜੱਸੜ ਦੀ ਗੱਲ ਕਰੀਏ ਤਾਂ ਦਰਸ਼ਕਾਂ ਨੇ ਉਸ ਦੇ ਖੜੂਸੀ ਕਿਰਦਾਰ ਨੂੰ ਬਹੁਤੀ ਅਹਿਮੀਅਤ ਨਾ ਦਿੱਤੀ।

ਪਰਮੀਸ਼ ਵਰਮਾ ਦੀ 'ਮੈਂ ਤੇ ਬਾਪੂ' ਨਹੀਂ ਚੱਲੀ, ਇਵੇਂ ਲੱਗ ਰਿਹਾ ਸੀ ਜਿਵੇਂ ਕੋਈ ਡਾਕੂਮੈਂਟਰੀ ਫਿਲਮ ਹੋਵੇ। 'ਨੀਂ ਮੈਂ ਸੱਸ ਕੁੱਟਣੀ' ਕਾਮੇਡੀ ਵਿਸ਼ੇ ਦੀ ਪਰਿਵਾਰਕ ਫਿਲਮ ਸੀ ਜਿਸ ਨੂੰ ਦਰਸ਼ਕਾਂ ਦਾ ਚੰਗਾ ਪਿਆਰ ਮਿਲਿਆ। ਕਰਮਜੀਤ ਅਨਮੋਲ, ਗੁਰਪ੍ਰੀਤ ਘੁੱਗੀ, ਅਨੀਤਾ ਦੇਵਗਣ, ਨਿਸ਼ਾ ਬਾਨੋ ਕਾਮੇਡੀ ਦੇ ਥੰਮ੍ਹ ਕਲਾਕਾਰਾਂ ਦੇ ਸਿਰ 'ਤੇ ਟਿਕੀ ਇਸ ਫਿਲਮ ਵਿੱਚ ਗਾਇਕ ਮਹਿਤਾਬ ਵਿਰਕ ਹੀਰੋ ਬਣਕੇ ਆਇਆ, ਪਰ ਦਰਸ਼ਕਾਂ ਦਾ ਧਿਆਨ ਨਾ ਖਿੱਚ ਸਕਿਆ ਤੇ ਵੱਡੇ ਕਲਾਕਾਰਾਂ ਦੀ ਭੀੜ 'ਚ ਹੀ ਫਸਿਆ ਨਜ਼ਰ ਆਇਆ। ਡਾਇਰੈਕਟਰ ਜਤਿੰਦਰ ਮੋਹਰ ਦੀ ਚਿਰਾਂ ਤੋਂ ਬਣੀ ਪਈ ਫਿਲਮ 'ਸਾਡੇ ਆਲੇ' ਨੂੰ ਸਾਗਾ ਕੰਪਨੀ ਨੇ ਰਿਲੀਜ਼ ਕੀਤਾ। ਇਹ ਫਿਲਮ ਕਿਸੇ ਨਾਵਲ ਵਰਗੀ ਸੀ ਜਿਸ ਨੂੰ ਜਤਿੰਦਰ ਮੋਹਰ ਨੇ ਆਪਣੀ ਵੱਖਰੀ ਸੋਚ ਨਾਲ ਕੈਨਵਸ 'ਤੇ ਉਤਾਰਨ ਦਾ ਯਤਨ ਕੀਤਾ, ਪਰ ਦਰਸ਼ਕ ਇਸ ਫਿਲਮ ਨੂੰ ਸਮਝਣੋਂ ਅਸਮਰੱਥ ਰਿਹਾ। ਫਿਲਮ 'ਮਾਂ' ਗਿੱਪੀ ਗਰੇਵਾਲ ਦੀ ਵਧੀਆ ਕੋਸ਼ਿਸ਼ ਸੀ, ਪਰ ਫਿਲਮ ਵਿਚਲੀ 'ਮਾਂ' ਬਹੁਤਾ ਪ੍ਰਭਾਵ ਨਾ ਛੱਡ ਸਕੀ। ਦਿੱਵਿਆ ਦੱਤਾ ਦੀ ਅਦਾਕਾਰੀ ਚੰਗੀ ਸੀ। ਪੰਜਾਬੀ ਸਿਨੇਮਾ ਨੂੰ ਜੇ ਠੰਢੀ ਹਵਾ ਦਾ ਬੁੱਲ੍ਹਾ ਆਇਆ ਤਾਂ ਉਹ 'ਸੌਂਕਣ-ਸੌਂਕਣੇ' ਨਾਲ ਆਇਆ। ਇਸ ਫਿਲਮ ਰਾਹੀਂ ਦੋ ਵਹੁਟੀਆਂ 'ਚ ਫਸੇ ਐਮੀ ਵਿਰਕ ਨੇ ਪਰਿਵਾਰਕ ਕਹਾਣੀ ਨੂੰ ਬਾਖ਼ੂਬੀ ਪਰਦੇ 'ਤੇ ਉਤਾਰਿਆ। ਸਰਗੁਣ ਮਹਿਤਾ ਤੇ ਨਿਮਰਤ ਖਹਿਰਾ ਦੀ ਜੁਗਲਬੰਦੀ ਨੇ ਪੰਜਾਬੀ ਸਿਨਮਾ ਦੀ ਗੁਆਚੀ ਨੁਹਾਰ ਨੂੰ ਵਾਪਸ ਲਿਆਉਣ ਦੀ ਕੋਸ਼ਿਸ ਕੀਤੀ। ਮਨੋਰੰਜਨ ਤੇ ਵਪਾਰਕ ਤੌਰ 'ਤੇ ਇਹ ਫਿਲਮ ਚੰਗੀ ਰਹੀ। ਗੁਰਨਾਮ ਭੁੱਲਰ ਵੱਲੋਂ ਨੀਰੂ ਬਾਜਵਾ ਦੇ ਨੱਕ 'ਚ ਪਾਇਆ 'ਕੋਕਾ' ਬਹੁਤੀ ਚਮਕ ਨਾ ਮਾਰ ਸਕਿਆ। 'ਡਾਕੂਆਂ ਦਾ ਮੁੰਡਾ 2' ਵਿੱਚ ਦੇਵ ਖਰੋੜ ਆਪਣੇ ਪਹਿਲਾਂ ਵਾਲੇ ਅੰਦਾਜ਼ ਨਾਲ ਪਰਦੇ 'ਤੇ ਨਜ਼ਰ ਆਇਆ ਜਦਕਿ ਫਿਲਮ ਪਹਿਲਾਂ ਨਾਲੋਂ ਵੱਖਰੇ ਵਿਸ਼ੇ 'ਤੇ ਸੀ। ਇੱਕੋ ਵਿਸ਼ੇ ਦੀ ਫਿਲਮ ਹੋਣ ਕਰਕੇ ਦਰਸ਼ਕਾਂ ਨੇ ਇਸ ਨੂੰ ਪਸੰਦ ਨਾ ਕੀਤਾ।

ਪੰਜਾਬੀ ਸਿਨਮਾ ਨੂੰ ਮੁੜ ਸੁਰਜੀਤ ਕਰਨ ਵਾਲੇ ਹਰਭਜਨ ਮਾਨ ਤੇ ਮਨਮੋਹਨ ਸਿੰਘ 'ਤੇ ਇਹ ਗੱਲ ਸਿੱਧ ਹੁੰਦੀ ਹੈ ਕਿ ਉਹ ਜ਼ਿਆਦਾਤਰ ਵਿਦੇਸ਼ੀ ਮਾਹੌਲ ਵਾਲੀਆਂ ਫਿਲਮਾਂ ਹੀ ਬਣਾਉਂਦੇ ਸਨ, ਪਰ ਇਸ ਸਾਲ ਰਿਲੀਜ਼ ਹੋਈ ਫਿਲਮ 'ਪੀ ਆਰ' ਇਨ੍ਹਾਂ ਦੇ ਚਿਹਰਿਆਂ 'ਤੇ ਨਿਖਾਰ ਨਾ ਲਿਆ ਸਕੀ। ਹਰਭਜਨ ਮਾਨ ਦਾ ਢਲਦੀ ਉਮਰੇ ਹੀਰੋ ਬਣ ਕੇ ਆਉਣਾ ਦਰਸ਼ਕਾਂ ਨੂੰ ਚੰਗਾ ਨਾ ਲੱਗਿਆ। ਇਸੇ ਦਿਨ ਆਪਣੇ ਵੇਲਿਆਂ ਦੀ ਨੈਸ਼ਨਲ ਐਵਾਰਡ ਜੇਤੂ ਇੱਕ ਹੋਰ ਵੱਡੀ ਫਿਲਮ 'ਚੰਨ ਪ੍ਰਦੇਸੀ' ਵੀ ਰਿਲੀਜ਼ ਹੋਈ, ਪਰ ਦੁਬਾਰਾ ਰਿਲੀਜ਼ ਕਰਨ ਲੱਗਿਆਂ ਨਿਰਮਾਤਾਵਾਂ ਨੇ ਸਹੀ ਸਮੇਂ ਅਤੇ ਸਿਨੇਮਿਆਂ ਦੀ ਚੋਣ ਨਾ ਕੀਤੀ। ਇੱਕੋ ਦਿਨ ਚਾਰ ਵੱਡੀਆਂ ਫਿਲਮਾਂ ਰਿਲੀਜ਼ ਹੋਣ ਕਰਕੇ ਇਸ ਫਿਲਮ ਪੱਲੇ ਨਿਰਾਸ਼ਾ ਹੀ ਪਈ। 'ਮਾਹੀ ਮੇਰਾ ਨਿੱਕਾ ਜਿਹਾ' ਪੁਖਰਾਜ ਭੱਲਾ ਦੀ ਇਸ ਸਾਲ ਦੀ ਦੂਸਰੀ ਫਿਲਮ ਸੀ। ਵੈੱਬ-ਸੀਰੀਜ਼ ਕਰਕੇ ਨਾਂ ਕਮਾ ਚੁੱਕੇ ਪੁਖਰਾਜ ਭੱਲਾ ਦੀ ਇਹ ਨਿਵੇਕਲੇ ਵਿਸ਼ੇ ਦੀ ਫਿਲਮ ਸੀ, ਪਰ ਉਹ ਉੱਭਰ ਨਾ ਸਕਿਆ।

'ਪੋਸਤੀ' ਲਾਕਡਾਊਨ ਤੋਂ ਪਹਿਲਾਂ ਦੀ ਬਣੀ ਫਿਲਮ ਸੀ ਜੋ ਇਸ ਸਾਲ ਰਿਲੀਜ਼ ਹੋਈ। ਰਾਣਾ ਰਣਬੀਰ ਦੀ ਇਸ ਫਿਲਮ ਤੋਂ ਸਭ ਨੂੰ ਬਹੁਤ ਉਮੀਦਾਂ ਸਨ, ਪਰ ਉਹ ਗੱਲ ਨਾ ਬਣੀ। ਐਮੀ ਵਿਰਕ ਤੇ ਕੁਲਵਿੰਦਰ ਬਿੱਲਾ ਦੀ ਚਿਰ ਤੋਂ ਬਣੀ ਫਿਲਮ 'ਟੈਲੀਵਿਜ਼ਨ' ਵੀ ਇਸੇ ਸਾਲ ਰਿਲੀਜ਼ ਹੋਈ। 80ਵੇਂ ਦਹਾਕੇ ਦੀਆਂ ਯਾਦਾਂ ਨੂੰ ਚੇਤੇ ਕਰਵਾਉਂਦੀ ਇਹ ਫਿਲਮ ਵੀ ਦਰਸ਼ਕਾਂ ਦਾ ਪਿਆਰ ਨਾ ਲੈ ਸਕੀ। ਇੰਗਲੈਂਡ ਦੀ ਧਰਤੀ 'ਤੇ ਪੈਦਾ ਹੋਏ 'ਸ਼ੇਰ ਬੱਗਾ' ਦੀ ਕਹਾਣੀ ਆਮ ਫਿਲਮਾਂ ਤੋਂ ਹਟਕੇ ਸੀ, ਪਰ ਦਰਸ਼ਕਾਂ ਦੇ ਪਸੰਦ ਨਾ ਆਈ। 'ਲਵਰ' ਫਿਲਮ ਪਿਆਰ 'ਚ ਟੁੱਟੇ ਆਸ਼ਿਕ ਦੀ ਕਹਾਣੀ ਸੀ ਜਿਸ ਨੂੰ ਨੌਜਵਾਨਾਂ ਨੇ ਪਸੰਦ ਕੀਤਾ।

ਗੁਰਨਾਮ ਭੁੱਲਰ ਦੀਆਂ ਪਿਛਲੀਆਂ ਫਿਲਮਾਂ ਦੀ ਲੜੀ ਨੂੰ ਅੱਗੇ ਤੋਰਦੀ ਫਿਲਮ 'ਸਹੁਰਿਆਂ ਦਾ ਪਿੰਡ' ਵਿੱਚ ਸਰਗੁਣ ਮਹਿਤਾ ਨੇ ਮੁੱਖ ਭੂਮਿਕਾ ਨਿਭਾਈ। ਫਿਲਮ ਵਿਆਹਾਂ ਦੇ ਪੁਰਾਣੇ ਵਿਸ਼ੇ 'ਤੇ ਆਧਾਰਿਤ ਸੀ ਜਿਸ ਨੂੰ ਦਰਸ਼ਕਾਂ ਦਾ ਕੋਈ ਖ਼ਾਸ ਹੁੰਗਾਰਾ ਨਾ ਮਿਲਿਆ। 'ਸ਼ਰੀਕ 2' ਫਿਲਮ ਦੀ ਗੱਲ ਕਰੀਏ ਤਾਂ ਪਹਿਲੀ ਫਿਲਮ 'ਸ਼ਰੀਕ' ਨੂੰ ਦਰਸ਼ਕਾਂ ਦਾ ਚੰਗਾ ਹੁੰਗਾਰਾ ਮਿਲਿਆ ਸੀ, ਪਰ 'ਸ਼ਰੀਕ 2' ਦੀ ਉਹ ਗੱਲ ਨਾ ਬਣ ਸਕੀ ਜੋ ਦਰਸ਼ਕ ਚਾਹੁੰਦੇ ਸਨ। 'ਬਾਜਰੇ ਦਾ ਸਿੱਟਾ' ਪੰਜਾਬ ਦੇ ਪੁਰਾਣੇ ਦੌਰ ਨਾਲ ਜੁੜੀ ਫਿਲਮ ਸੀ ਜਦੋਂ ਲੜਕੀਆਂ ਦੇ ਗਾਉਣ ਨੂੰ ਚੰਗਾ ਨਹੀਂ ਸੀ ਮੰਨਿਆ ਜਾਂਦਾ। ਜਸ ਗਰੇਵਾਲ ਦੇ ਨਿਰਦੇਸ਼ਨ ਵਿੱਚ ਬਣੀ ਇਹ ਚੰਗੀ ਫਿਲਮ ਸੀ, ਪਰ ਵੱਡੀ ਚਰਚਾ ਵਿੱਚ ਨਾ ਆ ਸਕੀ।

ਬੌਕਸਿੰਗ ਦੇ ਖੇਤਰ ਵਿੱਚ ਵੱਡੀਆਂ ਪ੍ਰਾਪਤੀਆਂ ਖੱਟਣ ਵਾਲੇ ਜ਼ਿਲ੍ਹਾ ਸੰਗਰੂਰ ਦੇ ਅਣਗੌਲ੍ਹੇ ਪਦਮ ਸ਼੍ਰੀ ਬੌਕਸਰ ਬਾਰੇ ਬਣੀ ਫਿਲਮ 'ਪਦਮ ਸ਼੍ਰੀ ਕੌਰ ਸਿੰਘ' ਦਾ ਅਸਰ ਨਾ ਤਾਂ ਸਰਕਾਰਾਂ 'ਤੇ ਹੋਇਆ ਤੇ ਨਾ ਹੀ ਦਰਸ਼ਕਾਂ 'ਤੇ। ਨਿਰਮਾਤਾ ਕਰਮ ਬਾਠ ਦਾ ਇਹ ਚੰਗਾ ਉਪਰਾਲਾ ਸੀ। 'ਛੱਲਾ ਮੁੜ ਕੇ ਨਾ ਆਇਆ' ਫਿਲਮ ਦੇ ਟਾਈਟਲ ਦੀ ਜਿੰਨੀ ਚਰਚਾ ਸਿਆਸੀ ਗਲਿਆਰਿਆਂ 'ਚ ਹੋਈ, ਓਨੀ ਸਿਨੇਮਾ ਘਰਾਂ ਵਿੱਚ ਨਹੀਂ। ਅਮਰਿੰਦਰ ਗਿੱਲ ਪੰਜਾਬੀ ਸਿਨੇਮਾ ਦਾ ਸੁਲਝਿਆ ਹੋਇਆ ਕਲਾਕਾਰ ਹੈ, ਪਰ ਇਸ ਫਿਲਮ ਦਾ 'ਆਮ' ਫਿਲਮ ਬਣ ਕੇ ਰਹਿ ਜਾਣਾ ਚਿੰਤਾ ਦਾ ਵਿਸ਼ਾ ਹੈ ਜਿਸ ਬਾਰੇ ਪੂਰੀ ਟੀਮ ਨੂੰ ਸੋਚਣ ਦੀ ਲੋੜ ਹੈ। 'ਜਿੰਦ ਮਾਹੀ' ਸੋਨਮ ਬਾਜਵਾ ਤੇ ਅਜੇ ਸਰਕਾਰੀਆ ਦੀ ਫਿਲਮ ਸੀ ਜੋ ਨਹੀਂ ਚੱਲੀ। ਸੋਨਮ ਦੀ ਅਦਾਕਾਰੀ ਠੀਕ ਸੀ, ਪਰ ਕਹਾਣੀ ਬਿਨਾਂ ਸਿਰ ਪੈਰ ਦੀ ਹੋਣ ਕਰਕੇ ਦਰਸ਼ਕਾਂ ਨੇ ਪਸੰਦ ਨਾ ਕੀਤੀ।

ਫਿਲਮ 'ਸ਼ੱਕਰਪਾਰੇ' ਵੀ ਦਰਸ਼ਕਾਂ ਦਾ ਮੂੰਹ ਮਿੱਠਾ ਨਾ ਕਰ ਸਕੀ। ਅਦਾਕਾਰਾ ਤੋਂ ਨਿਰਮਾਰਤੀ ਬਣੀ ਉਪਾਸਨਾ ਸਿੰਘ ਵੱਲੋਂ ਆਪਣੇ ਬੇਟੇ ਨਾਨਕ ਨੂੰ ਹੀਰੋ ਲੈ ਕੇ ਬਣਾਈ ਫਿਲਮ 'ਬਾਈ ਜੀ ਕੁੱਟਣਗੇ' ਵੀ ਕੋਈ ਬਹੁਤਾ ਕਮਾਲ ਨਾ ਕਰ ਸਕੀ। ਇਸ ਫਿਲਮ ਰਾਹੀਂ ਐਕਸ਼ਨ ਤੋਂ ਕਾਮੇਡੀ ਵੱਲ ਆਇਆ ਦੇਵ ਖਰੋੜ ਵੀ ਦਰਸ਼ਕਾਂ ਨੂੰ ਮੋਹ ਨਾ ਸਕਿਆ। ਪਿਛਲੀ 'ਲੌਂਗ ਲਾਚੀ' ਦੇ ਮੁਕਾਬਲੇ ਨਵੀਂ ਆਈ 'ਲੌਂਗ ਲਾਚੀ' ਨੂੰ ਦਰਸ਼ਕਾਂ ਨੇ ਪਸੰਦ ਨਾ ਕੀਤਾ। (ਬਾਕੀ ਸਫ਼ਾ 33 'ਤੇ)



## 'ਵੀਰ ਬਾਲ ਦਿਵਸ' ਦਾ ਨਾਮ ਬਦਲਣ

ਨਾਲ ਕਰਵਾਏ ਗਏ ਇਸ ਪਹਿਲੇ 'ਵੀਰ ਬਾਲ ਦਿਵਸ' ਪ੍ਰੋਗਰਾਮ 'ਚ, ਕੇਂਦਰੀ ਮੰਤਰੀ ਅਰਜੁਨ ਮੇਘਵਾਲ, ਹਰਦੀਪ ਸਿੰਘ ਪੁਰੀ, ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ, ਸੰਸਦ ਮੈਂਬਰ ਮੀਨਾਕਸ਼ੀ ਲੇਖੀ, ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ, ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ, ਦਿੱਲੀ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਹੋਰਨਾਂ ਸ਼ਖ਼ਸੀਅਤਾਂ ਸਮੇਤ ਵੱਡੀ ਗਿਣਤੀ ਵਿਚ ਸਿੱਖਾਂ ਨੇ ਹਾਜ਼ਰੀ ਭਰੀ। ਪ੍ਰੋਗਰਾਮ 'ਚ ਸਕੂਲ ਤੇ ਕਾਲਜ ਦੇ ਬੱਚਿਆਂ ਨੇ ਗੁਰਬਾਣੀ ਸ਼ਬਦ ਗਾਇਨ ਕੀਤਾ ਤੇ ਮਾਰਚ ਪਾਸਟ ਵਿਚ ਹਿੱਸਾ ਲਿਆ। ਮੋਦੀ ਨੇ ਸੰਬੋਧਨ ਦੌਰਾਨ 'ਵੀਰ ਬਾਲ ਦਿਵਸ' ਮਨਾਉਣ ਦਾ ਮਕਸਦ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਿਰਫ 3 ਸਦੀਆਂ ਪਹਿਲਾਂ ਇਸੇ ਮਿੱਟੀ 'ਤੇ ਹੋਈਆਂ ਲਾਸਾਨੀ ਸ਼ਹਾਦਤਾਂ ਨੂੰ ਭੁਲਾ ਦਿੱਤਾ ਗਿਆ ਸੀ, ਪਰ ਹੁਣ ਦੇਸ਼ ਆਪਣੀ ਭੁੱਲ ਵਿਚ ਸੁਧਾਰ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਣ 26 ਦਸੰਬਰ ਨੂੰ ਹਰ ਸਾਲ ਮਨਾਇਆ ਜਾਣ ਵਾਲਾ 'ਵੀਰ ਬਾਲ ਦਿਵਸ' ਪ੍ਰੋਗਰਾਮ ਦੇਸ਼ ਵਾਸੀਆਂ ਨੂੰ ਇਹ ਯਾਦ ਕਰਵਾਇਆ ਕਰੇਗਾ ਕਿ ਦੇਸ਼ ਲਈ ਸਿੱਖ ਪਰੰਪਰਾ ਦਾ ਕਿੰਨਾ ਵੱਡਾ ਤੇ ਮਹੱਤਵਪੂਰਨ ਯੋਗਦਾਨ ਹੈ। ਮੋਦੀ ਨੇ ਵੱਡੇ ਸਾਹਿਬਜ਼ਾਦਿਆਂ ਅਤੇ ਚਮਕੌਰ ਦੀ ਜੰਗ ਦਾ ਜ਼ਿਕਰ ਕਰਦਿਆਂ ਕਿਹਾ ਕਿ ਲੱਖਾਂ ਦੀ ਫ਼ੌਜ ਸਾਹਮਣੇ ਵੀ ਵੱਡੇ ਸਾਹਿਬਜ਼ਾਦੇ ਘਬਰਾਏ ਨਹੀਂ ਅਤੇ ਧਰਮ ਦੇ ਅਸੂਲਾਂ ਦੀ ਰੱਖਿਆ ਖਾਤਰ ਸ਼ਹੀਦੀ ਪਾ ਗਏ। ਮੋਦੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਮਾਤਾ ਗੁਜਰੀ ਜੀ ਤੇ ਹੋਰ ਗੁਰੂ ਸਾਹਿਬਾਨਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਾਡੇ ਗੁਰੂ ਸਾਹਿਬਾਨ ਧਾਰਮਿਕ ਕੱਟੜਤਾ ਦੇ ਖ਼ਿਲਾਫ਼ ਹਮੇਸ਼ਾ ਡਟ ਕੇ ਖੜ੍ਹੇ ਰਹੇ ਸਨ। ਮੋਦੀ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ, ਜੋ ਕਿ ਛੋਟੀ ਉਮਰ ਹੋਣ ਦੇ ਬਾਵਜੂਦ ਕਿਸੇ ਲਾਲਚ ਵਿਚ ਨਹੀਂ ਆਏ ਅਤੇ ਜ਼ਾਲਮ ਹਕੂਮਤ ਉਨ੍ਹਾਂ ਨੂੰ ਡਰਾ ਨਹੀਂ ਸਕੀ।

**ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਬਾਲ ਦਿਵਸ ਦੇ ਸੰਕਲਪ ਨਾਲ ਜੋੜਨ ਦਾ ਵਿਰੋਧ**

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਵੀਰ ਬਾਲ ਦਿਵਸ ਦੇ ਨਾਮ ਨਾਲ ਮਨਾਉਣ ਦਾ ਵਿਰੋਧ ਕੀਤਾ ਸੀ। ਉਨ੍ਹਾਂ ਕੇਂਦਰ ਸਰਕਾਰ ਨੂੰ ਇਸ ਦਿਵਸ ਦਾ ਨਾਮ ਸਾਹਿਬਜ਼ਾਦੇ ਸ਼ਹਾਦਤ ਦਿਵਸ ਰੱਖਣ ਦੀ ਅਪੀਲ ਕੀਤੀ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਐਲਾਨ 'ਤੇ ਆਪਣੀ ਪ੍ਰਤੀਕ੍ਰਿਆ ਦਿੰਦਿਆਂ ਕਿਹਾ ਸੀ ਕਿ ਪ੍ਰਧਾਨ ਮੰਤਰੀ ਦੀਆਂ ਭਾਵਨਾਵਾਂ ਦੀ ਅਸੀਂ ਕਦਰ ਕਰਦੇ ਹਾਂ, ਪਰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਬਾਲ ਸੰਗਿਆ ਨਾਲ ਜੋੜ ਕੇ, ਵੀਰ ਬਾਲ ਦਿਵਸ ਤੱਕ ਸੀਮਤ ਰੱਖਣਾ ਸ਼ਹਾਦਤਾਂ ਦੀ ਭਾਵਨਾ ਤੇ ਸਿੱਖ ਰਵਾਇਤਾਂ ਦੇ ਮੇਚ ਨਹੀਂ ਹੈ।ਉਨ੍ਹਾਂ ਕਿਹਾ ਸੀ ਕਿ ਸਿੱਖ ਇਤਿਹਾਸ, ਸਿਧਾਂਤਾਂ ਅਤੇ ਪਰੰਪਰਾਵਾਂ ਦੇ ਮੱਦੇਨਜ਼ਰ ਦਸਵੇਂ ਪਾਤਸ਼ਾਹ ਜੀ ਦੇ ਸਾਹਿਬਜ਼ਾਦਿਆਂ ਦੀਆਂ ਲਾਸਾਨੀ ਕੁਰਬਾਨੀਆਂ ਵੱਡੇ ਯੋਧਿਆਂ ਵਰਗੀਆਂ ਹਨ ਅਤੇ ਉਨ੍ਹਾਂ ਨੂੰ ਸੰਬੋਧਨ ਸਮੇਂ ਬਾਬਾ ਸ਼ਬਦ ਨਾਲ ਸਤਿਕਾਰ ਦਿੱਤਾ ਜਾਂਦਾ ਹੈ।

ਸ਼੍ਰੋਮਣੀ ਕਮੇਟੀ ਦੇ ਮੈਂਬਰ ਕਿਰਨਜੋਤ ਕੌਰ ਨੇ ਦਿਨ ਦਾ ਨਾਮ ਰੱਖਣ ਦੀ ਥਾਂ ਸ਼ਹੀਦੀ ਨੂੰ ਸਕੂਲਾਂ ਦੇ ਪਾਠਕ੍ਰਮ ਵਿੱਚ ਸ਼ਾਮਲ ਕਰਨ ਦੀ ਮੰਗ ਕੀਤੀ ਸੀ। ਉਨ੍ਹਾਂ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਲਈ ਪੰਥਕ ਸ਼ਬਦਾਵਲੀ ਬਾਬਾ ਹੈ ਅਤੇ ਪੰਥਕ ਸ਼ਬਦਾਵਲੀ ਨਾਲ ਛੇੜਛਾੜ ਕਰਨ ਦਾ ਕਿਸੇ ਗੈਰ ਸਿੱਖ ਨੂੰ ਹੱਕ ਨਹੀਂ।

ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਵੀ ਇਸ ਐਲਾਨ 'ਤੇ ਨਰਾਜ਼ਗੀ ਜਤਾਈ ਗਈ ਸੀ ਅਤੇ ਕਿਹਾ ਕਿ ਸਟੇਟ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਦੇ ਵਿੱਚ ਦਖਲਅੰਦਾਜ਼ੀ ਕਰਨ ਦਾ ਕੋਈ ਹੱਕ ਨਹੀਂ। ਦਲ ਖਾਲਸਾ ਅਨੁਸਾਰ, ਪ੍ਰਧਾਨ ਮੰਤਰੀ ਦਾ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ 'ਵੀਰ ਬਾਲ ਦਿਵਸ' ਵਜੋਂ ਮਨਾਉਣ ਦਾ ਆਪ-ਮੁਹਾਰੇ ਫੈਸਲਾ ਗਲਤ ਪਿਰਤ ਨੂੰ ਤੋਰੇਗਾ, ਇਸ ਫ਼ੈਸਲੇ ਨੂੰ ਇੱਥੇ ਹੀ ਅਪ੍ਰਵਾਨ ਕੀਤਾ ਜਾਵੇ।

ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਖ਼ਾਲਸਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਾਹਿਬਜ਼ਾਦਿਆਂ ਦੀ ਹਿੰਮਤ ਤੇ ਹੌਸਲੇ ਨੂੰ ਢੁਕਵੀਂ ਸ਼ਰਧਾਂਜਲੀ ਵਜੋਂ ਦੇਸ਼ ਭਰ 'ਚ 26 ਦਸੰਬਰ ਨੂੰ ਸਰਕਾਰੀ ਛੁੱਟੀ ਐਲਾਨਦਿਆਂ 'ਵੀਰ ਬਾਲ ਦਿਵਸ' ਵਜੋਂ ਮਨਾਉਣ ਦੇ ਲਏ ਗਏ ਫੈਸਲੇ ਦੀ ਸ਼ਲਾਘਾ ਕੀਤੀ ਸੀ।

ਦਮਦਮੀ ਟਕਸਾਲ ਮੁਖੀ ਅਨੁਸਾਰ, ਪ੍ਰਧਾਨ ਮੰਤਰੀ ਦੇ ਇਸ ਕਦਮ ਨਾਲ ਕੌਮ ਦਾ ਸਿਰ ਉੱਚਾ ਹੋਇਆ ਹੈ, ਖ਼ਾਲਸੇ ਦੇ ਬੋਲ-ਬਾਲੇ ਤੇ ਸਿੱਖੀ ਦੀ ਪਛਾਣ ਵਿਕਸਤ ਹੁੰਦੀ ਹੈ। ਉਨ੍ਹਾਂ ਕਿਹਾ ਸੀ ਕਿ ਜੋ ਵੀ ਵਿਅਕਤੀ ਪੰਥ ਲਈ ਚੰਗਾ ਕਾਰਜ ਕਰਦਾ ਹੈ ਉਸ ਦੀ ਹੌਸਲਾ ਅਫਜ਼ਾਈ ਅਤੇ ਸ਼ਲਾਘਾ ਹੋਣੀ ਚਾਹੀਦੀ ਹੈ। ਨਾ ਕਿ ਉਸ ਬਾਰੇ ਨੁਕਤਾਚੀਨ ਜਾਂ ਨਿੰਦਿਆ ਕਰਦਿਆਂ ਨਾਸ਼ੁਕਰਾ ਹੋਇਆ ਜਾਣਾ ਚਾਹੀਦਾ।

ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਮੁਖੀ ਪਰਮਜੀਤ ਸਿੰਘ ਸਰਨਾ ਨੇ ਕਿਹਾ ਸੀ, 'ਸਾਹਿਬਜ਼ਾਦਿਆਂ ਦੀ ਇਸ ਸ਼ਹੀਦੀ ਨੂੰ ਸਰਕਾਰੀ ਤੌਰ 'ਤੇ ਮਾਨਤਾ ਦੇਣਾ ਇੱਕ ਸਵਾਗਤਯੋਗ ਕਦਮ ਹੈ, ਪਰ 'ਵੀਰ ਬਾਲ ਦਿਵਸ' ਇੱਕ ਉਚਿਤ ਨਾਮਕਰਨ ਨਹੀਂ ਹੈ। ਸਿੱਖ ਧਰਮ ਅਤੇ ਇਤਿਹਾਸ ਵਿੱਚ ਸਾਹਿਬਜ਼ਾਦੇ, ਉਨ੍ਹਾਂ ਦੇ ਉੱਚੇ ਕੱਦ ਲਈ ਬਾਬਿਆਂ ਵਜੋਂ ਸਤਿਕਾਰੇ ਜਾਂਦੇ ਹਨ, ਨਾ ਕਿ ਬੱਚਿਆਂ ਵਜੋਂ।'

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਇਸ ਐਲਾਨ ਦਾ ਸਵਾਗਤ ਕਰਦਿਆਂ ਟਵੀਟ ਕਰਕੇ ਲੀਖਿਆ, 'ਪ੍ਰਧਾਨ ਮੰਤਰੀ ਮੋਦੀ ਦੇ 26 ਦਸੰਬਰ ਨੂੰ 'ਵੀਰ ਬਾਲ ਦਿਵਸ' ਵਜੋਂ ਮਨਾਉਣ ਦੇ ਫੈਸਲੇ ਦਾ ਸਵਾਗਤ ਕਰਦਾ ਹਾਂ।'

ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਸੈਂਟਰ ਦੇ ਡਾਇਰੈਕਟਰ ਡਾ. ਅਮਰਜੀਤ ਸਿੰਘ ਨੇ ਕਿਹਾ ਸੀ ਕਿ ਭਾਰਤ ਸਰਕਾਰ ਵੱਲੋਂ ਕੀਤੇ ਗਏ ਇਸ ਕੰਮ ਦੀ ਮੈਂ ਸ਼ਲਾਘਾ ਕਰਦਾ ਹਾਂ। ਇਸ ਤਰ੍ਹਾਂ ਦੇ ਐਲਾਨ ਨਾਲ ਸਿੱਖ ਇਤਿਹਾਸ ਦੇ ਬਾਰੇ ਜਾਣਕਾਰੀ ਵਧੇਗੀ, ਜਿਹੜੀ ਕਿ ਇੱਕ ਸੈਕਸ਼ਨ ਤੱਕ ਹੀ ਸੀਮਤ ਸੀ।

ਡਾ. ਅਮਰਜੀਤ ਸਿੰਘ ਨੇ ਕਿਹਾ ਸੀ, ਸਾਡੀ ਇੱਕ ਪੰਥਕ ਟਰਮੀਨਾਲੋਜੀ ਵੀ ਹੈ, ਇਸ ਦੇ ਲਈ ਕੋਈ ਦੋ ਰਾਇ ਨਹੀਂ ਹੈ। ਇਕ ਵਾਰੀ ਤੇ ਓਪਰਾ ਲੱਗਦਾ ਹੈ ਕਿ ਵੀਰ ਸ਼ਬਦ ਜਾਂ ਬਾਲ ਸ਼ਬਦ ਕਿੱਥੋਂ ਆ ਗਿਆ, ਜਦਕਿ ਇਹ ਦੋਵੇਂ ਸ਼ਬਦ ਗੁਰਬਾਣੀ ਵਿੱਚ ਵੀ ਵੱਖਰੇ ਵੱਖਰੇ ਪ੍ਰਸੰਗ ਵਿੱਚ ਆਉਂਦੇ ਹਨ।'ਮੇਰਾ ਸੁਝਾਅ ਹੋਏਗਾ ਕਿ ਇਸ ਦੇ ਵਿੱਚ ਜੇ ਸਾਹਿਬਜ਼ਾਦਾ ਸ਼ਬਦ ਨਾਲ ਜੋੜ ਦਿੱਤਾ ਜਾਵੇ ਤਾਂ ਕੁਝ ਲੋਕਾਂ ਦੇ ਜੋ ਇਤਰਾਜ਼ ਹਨ ਉਹ ਖ਼ਤਮ ਹੋ ਜਾਣਗੇ।

ਇਸ ਦੌਰਾਨ ਅਮਰੀਕਾ ਦੀ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਨੇ ਦੋਸ਼ ਲਾਇਆ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਵੀਰ ਬਾਲ ਦਿਵਸ ਦੇ ਨਾਮ ਹੇਠਾਂ ਰਾਸ਼ਟਰਵਾਦ ਦੇ ਰੰਗ ਵਿੱਚ ਰੰਗਣ ਦੀ ਸਾਜ਼ਿਸ਼ ਹੈ। ਕਮੇਟੀ ਦੇ ਕੋਆਰਡੀਨੇਟਰ ਭਾਈ ਹਿੰਮਤ ਸਿੰਘ ਨੇ ਆਖਿਆ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਮੁੱਚੀ ਮਨੁੱਖਤਾ ਅਤੇ ਕੁੱਲ ਕਾਇਨਾਤ ਵਾਸਤੇ ਸੀ। ਇਸੇ ਲਈ ਉਨ੍ਹਾਂ ਨੂੰ ਬਾਬੇ ਕਹਿ ਕੇ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਦੀ ਲਾਸਾਨੀ ਕੁਰਬਾਨੀ ਨੂੰ ਵੀਰ ਬਾਲ ਦਿਵਸ ਦੇ ਨਾਂ ਹੇਠ ਛੁਟਿਆਉਣ ਦਾ ਯਤਨ ਕੀਤਾ ਗਿਆ ਹੈ।

ਦੂਜੇ ਪਾਸੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਮੌਜੂਦਾ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਸ਼੍ਰੋਮਣੀ ਕਮੇਟੀ ਵੱਲੋਂ ਇਸ ਦਿਵਸ ਦੇ ਨਾਮ ਸਬੰਧੀ ਕੀਤੇ ਜਾ ਰਹੇ ਇਤਰਾਜ਼ ਨੂੰ ਬੇਬੁਨਿਆਦ ਅਤੇ ਬੇਲੋੜਾ ਕਰਾਰ ਦਿੰਦਿਆਂ ਕਿਹਾ ਕਿ ਸਿਰਫ਼ ਸਿਆਸੀ ਮੰਤਵ ਨਾਲ ਇਸ ਦਾ ਵਿਰੋਧ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਇੱਕ ਦਿਵਸ ਦਾ ਨਾਮ ਹੈ ਜੋ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਕੀਤਾ ਗਿਆ ਹੈ ਅਤੇ ਉਨ੍ਹਾਂ ਦੀ ਸ਼ਹਾਦਤ ਨੂੰ ਛੁਟਿਆਉਣ ਦਾ ਕੋਈ ਯਤਨ ਨਹੀਂ ਕੀਤਾ ਗਿਆ ਹੈ। ਉਹ ਕੌਮ ਲਈ ਬਾਬੇ ਹਨ ਅਤੇ ਉਨ੍ਹਾਂ ਦਾ ਦਰਜਾ ਬਾਬੇ ਵਾਲਾ ਹੀ ਰਹੇਗਾ। ਉਨ੍ਹਾਂ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਬਹੁਤ ਵੱਡਾ ਸਨਮਾਨ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਹੈ ਜਦੋਂ ਇੰਡੀਆ ਗੇਟ 'ਤੇ ਗਣਤੰਤਰ ਦਿਵਸ ਤੋਂ ਇਲਾਵਾ ਕੋਈ ਮਾਰਚ ਪਾਸਟ ਕੀਤਾ ਗਿਆ ਹੈ ਅਤੇ ਪ੍ਰਧਾਨ ਮੰਤਰੀ ਨੇ ਉਸ ਨੂੰ ਸਲਾਮੀ ਦਿੱਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਹ ਵਿਰੋਧ ਅਤੇ ਇਤਰਾਜ਼ ਸਿਰਫ਼ ਇਸ ਲਈ ਹੈ ਕਿਉਂਕਿ ਹੁਣ ਸ਼੍ਰੋਮਣੀ ਅਕਾਲੀ ਦਲ ਦਾ ਭਾਜਪਾ ਨਾਲ ਗੱਠਜੋੜ ਨਹੀਂ ਹੈ।

***

## ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ...

ਫ਼ਤਿਹਗੜ੍ਹ ਸਾਹਿਬ ਦੀ ਰਹਿਣ ਵਾਲੀ ਬੀਬੀ ਮਨਜੀਤ ਕੌਰ ਨੇ ਦੱਸਿਆ ਕਿ ਉਹ ਕੈਂਸਰ ਦੀ ਮਰੀਜ਼ ਹੈ ਅਤੇ 40 ਦਿਨਾਂ ਤੋਂ ਜ਼ਮੀਨ 'ਤੇ ਸੌਂ ਰਹੀ ਹੈ। ਸਵਾਲ ਦੇ ਜਵਾਬ ਵਿਚ ਉਸ ਨੇ ਕਿਹਾ ਕਿ ਜੇ ਸਾਡੇ ਧਰਮ ਦੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਬੱਚੇ ਧਰਮ ਦੀ ਖਾਤਰ ਆਪਣਾ ਪਰਿਵਾਰ ਕੁਰਬਾਨ ਕਰ ਸਕਦੇ ਹਨ ਤਾਂ ਅਸੀਂ ਜ਼ਮੀਨ 'ਤੇ ਕਿਉਂ ਨਹੀਂ ਸੌਂ ਸਕਦੇ। ਗੁਰੂ ਜੀ ਦੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਬਿਆਨ ਕਰਨ ਲਈ ਸ਼ਬਦ ਨਹੀਂ ਹਨ। ਮਨਜੀਤ ਕੌਰ ਨੇ ਕਿਹਾ ਕਿ ਹਰ ਪਰਿਵਾਰ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਫ਼ਤਿਹਗੜ੍ਹ ਸਾਹਿਬ ਦੇ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਲੈ ਕੇ ਜਾਵੇ ਤੇ ਉਨ੍ਹਾਂ ਨੂੰ ਉਹ ਸਥਾਨ ਦਿਖਾਉਣ, ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ ਗਿਆ ਸੀ।

ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ ਨੇ ਦੱਸਿਆ ਕਿ ਸ਼ਹੀਦੀ ਪੰਦਰਵਾੜੇ ਦੌਰਾਨ ਕਈ ਪਰਿਵਾਰ, ਜਿਨ੍ਹਾਂ ਵਿਚ ਉਨ੍ਹਾਂ ਦਾ ਪਰਿਵਾਰ ਵੀ ਸ਼ਾਮਲ ਹੈ, ਜ਼ਮੀਨ 'ਤੇ ਸੌਂਦੇ ਹੈ। ਜਿਹੜੇ ਲੋਕ ਇਨ੍ਹਾਂ ਦਿਨਾਂ ਵਿਚ ਜ਼ਮੀਨ 'ਤੇ ਸੌਂਦੇ ਹਨ, ਉਨ੍ਹਾਂ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਸਾਹਿਬਜ਼ਾਦਿਆਂ ਨੇ ਉਸ ਸਰਦੀ ਦੌਰਾਨ ਠੰਢੇ ਬੁਰਜ ਵਿਚ ਤਿੰਨ ਦਿਨ ਕਿਵੇਂ ਬਿਤਾਏ ਸਨ ਤੇ ਕਿਵੇਂ ਤਸੀਹੇ ਝੱਲੇ ਸਨ।

ਬੀਰਦਵਿੰਦਰ ਸਿੰਘ, ਸਾਬਕਾ ਡਿਪਟੀ ਸਪੀਕਰ ਨੇ ਕਿਹਾ ਕਿ ਸਿੱਖ ਧਰਮ ਦਾ 'ਸ਼ਹੀਦੀ ਹਫ਼ਤਾ' ਚੱਲ ਰਿਹਾ ਹੈ। ਇਸ ਹਫ਼ਤੇ ਦੌਰਾਨ ਦਸਮ ਪਾਤਸ਼ਾਹ ਹਜ਼ੂਰ ਦੇ ਚਾਰੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਸ਼ਹੀਦੀਆਂ ਪਾ ਗਏ ਸਨ। ਇਹ ਸਾਰਾ ਹਫ਼ਤਾ (22 ਦਸੰਬਰ ਤੋਂ 28 ਦਸੰਬਰ ਤਕ) ਸਾਰੇ ਸਿੱਖ ਜਗਤ ਵੱਲੋਂ, ਸ਼ਹੀਦੀ ਹਫ਼ਤੇ ਵਜੋਂ ਬਿਤਾਇਆ ਜਾਂਦਾ ਹੈ। ਇਸ ਲਈ ਇਸ ਕਰੁਣਾਮਈ ਸਮੇਂ ਵਿਚ ਭਜਨ-ਬੰਦਗੀ ਵਿਚ ਲੀਨ ਹੋ ਕੇ ਗੁਰੂ ਦਸਮ ਪਾਤਸ਼ਾਹ ਹਜ਼ੂਰ ਦੇ ਪਰਿਵਾਰ ਵਿਛੋੜੇ ਦੀ ਪੀੜ ਨੂੰ ਮਹਿਸੂਸ ਕਰਦੇ ਹੋਏ ਸਮਾਂ ਬਿਤਾਉਣ ਦੀ ਕੋਸ਼ਿਸ਼ ਕਰਨਾ ਹੈ।

***

## ਦਾੜ੍ਹੀ ਤੇ ਪਗੜੀ ਵਾਲੇ ਸਿੱਖ

ਪਰ ਯੂਐੱਸ ਮਰੀਨ ਨੇ ਪਿਛਲੇ ਸਾਲ ਟੈਸਟ ਪਾਸ ਕਰਨ ਵਾਲੇ ਤਿੰਨ ਸਿੱਖਾਂ ਨੂੰ 13 ਹਫਤਿਆਂ ਦੀ ਸਿਖਲਾਈ ਅਤੇ ਲੜਾਈ ਦੀਆਂ ਸੰਭਾਵਨਾਵਾਂ ਤੋਂ ਛੋਟ ਦੇਣ ਤੋਂ ਇਨਕਾਰ ਕਰ ਦਿੱਤਾ। ਹਾਲਾਂਕਿ ਇਸ ਤੋਂ ਇਲਾਵਾ ਉਸ ਨੂੰ ਬਾਕੀ ਦੇ ਸਮੇਂ ਲਈ ਦਾੜ੍ਹੀ ਵਧਾਉਣ ਅਤੇ ਪੱਗ ਬੰਨ੍ਹਣ ਦੀ ਇਜਾਜ਼ਤ ਦਿੱਤੀ ਗਈ ਸੀ।

ਮਰੀਨ ਲੀਡਰਸ਼ਿਪ ਦਾ ਤਰਕ, ਆਦੇਸ਼ ਦੇ ਅਨੁਸਾਰ, ਇਹ ਸੀ ਕਿ ਭਰਤੀ ਕਰਨ ਵਾਲਿਆਂ ਨੂੰ ਆਪਣੀ ਨਿੱਜੀ ਪਛਾਣ ਨੂੰ ਜਨਤਕ ਤਿਆਗ ਲਈ ਮਨੋਵਿਗਿਆਨਕ ਤਬਦੀਲੀ ਵਜੋਂ ਛੁਪਾਉਣ ਦੀ ਲੋੜ ਸੀ। ਵਾਸ਼ਿੰਗਟਨ ਵਿਚ ਤਿੰਨ ਜੱਜਾਂ ਦੇ ਬੈਂਚ ਨੇ ਇਸ ਨੂੰ ਰੱਦ ਕਰਦਿਆਂ ਕਿਹਾ ਕਿ ਮਰੀਨ ਦੁਆਰਾ ਪੇਸ਼ ਕੋਈ ਦਲੀਲ ਨਹੀਂ ਹੈ ਕਿ ਦਾੜ੍ਹੀ ਅਤੇ ਪਗੜੀ ਸੁਰੱਖਿਆ ਜਾਂ ਸਿਖਲਾਈ ਵਿਚ ਦਖ਼ਲ ਦੇਵੇਗੀ। ਅਦਾਲਤ ਨੇ ਨੋਟ ਕੀਤਾ ਕਿ ਮਰੀਨ ਨੇ ਰੇਜ਼ਰ ਬੰਪਸ (ਚਮੜੀ ਦੀ ਇੱਕ ਕਿਸਮ) ਵਾਲੇ ਮਰਦਾਂ ਨੂੰ ਛੋਟ ਦਿੱਤੀ ਹੈ।ਨਾਲ ਹੀ ਔਰਤਾਂ ਨੂੰ ਆਪਣੇ ਹੇਅਰ ਸਟਾਈਲ ਅਤੇ ਟੈਟੂ ਬਣਾਉਣ ਦੀ ਇਜਾਜ਼ਤ ਹੈ। ਅਦਾਲਤ ਨੇ ਦਾੜ੍ਹੀ ਬਾਰੇ 1976 ਦੇ ਹੁਕਮ ਨੂੰ ਵੀ ਧਿਆਨ ਵਿੱਚ ਰੱਖਿਆ। ਇੱਕ ਮੁੱਢਲੇ ਹੁਕਮ ਵਿੱਚ ਅਦਾਲਤ ਨੇ ਮਿਲਾਪ ਸਿੰਘ ਚਾਹਲ ਅਤੇ ਜਸਕੀਰਤ ਸਿੰਘ ਨੂੰ ਸਿਖਲਾਈ ਦੌਰਾਨ ਆਪਣੇ ਵਿਸ਼ਵਾਸ ਨਾਲ ਸੰਬੰਧਤ ਸਾਮਾਨ ਪਹਿਨਣ ਦੀ ਇਜਾਜ਼ਤ ਦਿੱਤੀ, ਜਦਕਿ ਜ਼ਿਲ੍ਹਾ ਅਦਾਲਤ ਇਸ ਮਾਮਲੇ 'ਤੇ ਵਿਸਥਾਰ ਨਾਲ ਵਿਚਾਰ ਕਰੇਗੀ। ਉੱਥੇ ਹੀ, ਤਿੰਨਾਂ ਲੋਕਾਂ ਦੀ ਨੁਮਾਇੰਦਗੀ ਕਰ ਰਹੇ ਵਕੀਲ ਐਰਿਕ ਬੈਕਸਟਰ ਨੇ ਟਵੀਟ ਕੀਤਾ, 'ਅਦਾਲਤ ਨੇ ਹੁਣੇ ਹੀ ਇਹ ਫੈਸਲਾ ਸੁਣਾਇਆ ਹੈ ਕਿ ਅਮਰੀਕੀ ਮਰੀਨ ਕਾਰਪਸ ਵਿਚ ਦੇਸ਼ ਦੀ ਸੇਵਾ ਕਰਦੇ ਹੋਏ ਸਿੱਖ ਆਪਣੇ ਧਾਰਮਿਕ ਵਿਸ਼ਵਾਸ ਨੂੰ ਕਾਇਮ ਰੱਖ ਸਕਦੇ ਹਨ। ਹੁਣ ਤਿੰਨ ਸਿੱਖ ਆਪਣੀ ਦਾੜ੍ਹੀ ਰੱਖ ਕੇ ਸਿਖਲਾਈ ਲੈ ਸਕਦੇ ਹਨ। ਇਹ ਧਾਰਮਿਕ ਅਜ਼ਾਦੀ ਦੀ ਵੱਡੀ ਜਿੱਤ ਹੈ-ਸਾਲਾਂ ਤੋਂ ਮਰੀਨ ਕਾਰਪਸ ਦਾੜ੍ਹੀ ਵਾਲੇ ਸਿੱਖਾਂ ਨੂੰ ਚੋਣ ਤੋਂ ਬਾਅਦ ਉਨ੍ਹਾਂ ਨੂੰ ਟ੍ਰੇਨਿੰਗ 'ਚ ਐਂਟਰੀ ਦੇਣ ਤੋਂ ਰੋਕ ਦਿੰਦਾ ਸੀ, ਹੁਣ ਅਜਿਹਾ ਨਹੀਂ ਹੋਵੇਗਾ।'

ਸਿੱਖ ਕੋਲੀਸ਼ਨ ਐਡਵੋਕੇਸੀ ਗਰੁੱਪ ਦੇ ਸੀਨੀਅਰ ਸਟਾਫ ਅਟਾਰਨੀ ਗਿਜ਼ੇਲ ਕਲੈਪਰ ਨੇ ਇਸ ਫੈਸਲੇ 'ਤੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਸਾਡੇ ਦੇਸ਼ ਦੀ ਸੇਵਾ ਕਰਨ ਲਈ ਬੁਲਾਏ ਜਾਣ ਵਾਲੇ ਇਮਾਨਦਾਰੀ ਵਾਲੇ ਸਿੱਖ ਹੁਣ ਅਮਰੀਕੀ ਮਰੀਨ ਵਿਚ ਸੇਵਾ ਕਰਨ ਦੇ ਯੋਗ ਹੋਣਗੇ।

***

## ਸੰਨ 2022 'ਚ ਆਪਣੀ ਹਸਤੀ ਲਈ

7 ਸਤੰਬਰ ਨੂੰ ਨਕੋਦਰ ਦੇ ਕਾਰੋਬਾਰੀ ਟਿੰਮੀ ਚਾਵਲਾ ਦਾ ਵੀ ਗੈਂਗਸਟਰਾਂ ਵਲੋਂ ਫਿਰੌਤੀ ਨਾ ਦੇਣ ਕਾਰਨ ਕਤਲ ਕਰ ਦਿੱਤਾ ਗਿਆ ਸੀ। ਦਸੰਬਰ ਮਹੀਨੇ ਵਿੱਚ ਇੱਕ ਵਾਰ ਫਿਰ ਤੋਂ ਤਰਨਤਾਰਨ ਦੇ ਸਰਹਾਲੀ ਸਥਿਤ ਇੱਕ ਸੁਵਿਧਾ ਸੈਂਟਰ ਉੱਤੇ ਆਰਪੀਜੀ ਹਮਲਾ ਹੋਇਆ ਸੀ।

**ਕਾਂਗਰਸ ਤੇ ਬਾਦਲ ਦਲ ਦਾ ਸੰਕਟ**

ਜੇਕਰ ਰਾਜ ਦੀਆਂ ਰਵਾਇਤੀ ਸਿਆਸੀ ਪਾਰਟੀਆਂ ਦੀ ਗੱਲ ਕਰੀਏ ਤਾਂ ਕਾਂਗਰਸ ਅਤੇ ਅਕਾਲੀ ਦਲ ਵਿਧਾਨ ਸਭਾ ਚੋਣਾਂ ਵਿਚ ਲੱਗੇ ਝਟਕੇ ਤੋਂ ਬਾਅਦ ਅਜੇ ਤੱਕ ਵੀ ਉੱਭਰ ਨਹੀਂ ਸਕੀਆਂ।ਕੌਮੀ ਲੀਡਰਸ਼ਿਪ ਪੰਜਾਬ ਕਾਂਗਰਸ ਵਿਚ ਵੱਡੀ ਤਬਦੀਲੀ ਲਿਆਉਣ ਦੇ ਬਾਵਜੂਦ ਨੌਜਵਾਨ ਆਗੂ ਰਾਜਾ ਵੜਿੰਗ ਰਾਜ ਵਿਚ ਕਾਂਗਰਸ ਦੀ ਸਥਿਤੀ ਨੂੰ ਮਜ਼ਬੂਤ ਕਰਨ ਵਿਚ ਅਜੇ ਤੱਕ ਵੀ ਸਫਲ ਨਹੀਂ ਹੋ ਸਕੇ। ਖ਼ਾਸ ਤੌਰ ਉੱਤੇ ਕਈ ਸਾਬਕਾ ਕਾਂਗਰਸੀ ਮੰਤਰੀਆਂ ਨੂੰ ਵਿਜੀਲੈਂਸ ਦੇ ਕੇਸਾਂ ਦੇ ਸਾਹਮਣਾ ਕਰਨਾ ਪਿਆ। ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ, ਭਾਰਤ ਭੂਸ਼ਣ ਆਸ਼ੂ, ਸੁੰਦਰ ਸ਼ਾਮ ਅਰੋੜਾ, ਸੰਗਤ ਸਿੰਘ ਗਿਲਜ਼ੀਆਂ ਨੂੰ ਵਿਜੀਲੈਂਸ ਦੇ ਕੇਸਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਾਂਗਰਸ ਹੀ ਨਹੀਂ, ਸਗੋਂ ਆਮ ਆਦਮੀ ਪਾਰਟੀ ਦੇ ਸਾਬਕਾ ਸਿਹਤ ਮੰਤਰੀ ਵਿਜੇ ਸਿੰਗਲਾ ਨੂੰ ਵੀ ਕਥਿਤ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਨਾ ਸਿਰਫ਼ ਆਪਣੀ ਕੁਰਸੀ ਤੋਂ ਹੱਥ ਧੋਣਾ ਪਿਆ ਸਗੋਂ ਜੇਲ੍ਹ ਯਾਤਰਾ ਵੀ ਕਰਨੀ ਪਈ। ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ 34 ਸਾਲ ਪੁਰਾਣੇ ਰੋਡ ਰੇਜ ਮਾਮਲੇ 'ਚ ਇੱਕ ਸਾਲ ਦੀ ਸਜ਼ਾ ਸੁਣਾਈ ਗਈ ਸੀ।

ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਵੀ ਡਰੱਗਜ਼ ਮਾਮਲੇ ਵਿੱਚ ਕਾਫ਼ੀ ਸਮਾਂ ਪਟਿਆਲਾ ਜੇਲ੍ਹ ਵਿੱਚ ਰਹੇ ਵਿਧਾਨ ਸਭਾ ਦੀਆਂ ਚੋਣਾਂ ਵਿਚ ਹੋਈ ਵੱਡੀ ਹਾਰ ਤੋਂ ਬਾਅਦ ਅਕਾਲੀ ਦਲ ਦੇ ਅੰਦਰੋਂ ਲੀਡਰਸ਼ਿਪ ਨੂੰ ਤਬਦੀਲੀ ਕਰਨ ਦੀ ਮੰਗ ਉੱਠੀ ਪਰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਲੀਡਰਸ਼ਿਪ ਵਿਚ ਕੋਈ ਤਬਦੀਲੀ ਲਿਆਉਣ ਦੀ ਥਾਂ ਅਕਾਲੀ ਦਲ ਦਾ ਪੂਰਾ ਢਾਂਚਾ ਭੰਗ ਕਰ ਦਿੱਤਾ।ਅਜੇ ਤੱਕ ਝੂੰਦਾ ਕਮੇਟੀ ਦੀ ਰਿਪੋਰਟ ਜਨਤਕ ਨਹੀਂ ਹੋਈ ਪਰ ਬਗ਼ਾਵਤ ਦੇ ਬਾਵਜੂਦ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਫ਼ਿਲਹਾਲ ਆਪਣੀ ਕੁਰਸੀ ਉੱਤੇ ਬਣੇ ਹੋਏ ਹਨ। ਹ

ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਰਾਜ ਇਕਾਈ ਨੂੰ ਹੋਈ ਵੱਡੀ ਹਾਰ ਤੋਂ ਬਾਅਦ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਕਾਂਗਰਸ ਅਤੇ ਹੋਰ ਪਾਰਟੀਆਂ ਦੇ ਹੋਰ ਬਹੁਤ ਸਾਰੇ ਪਾਰਟੀ ਲੀਡਰਾਂ ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ, ਰਾਜ ਕੁਮਾਰ ਵੇਰਕਾ ਤੇ ਰਾਣਾ ਗੁਰਮੀਤ ਸਿੰਘ ਸੋਢੀ ਆਦਿ ਨੂੰ ਭਾਜਪਾ ਵਿਚ ਸ਼ਾਮਿਲ ਕੀਤਾ ਗਿਆ। ਪਰ ਹਾਲੇ ਤੱਕ ਭਾਜਪਾ ਪੰਜਾਬੀਆਂ ਦਾ ਦਿਲ ਨਹੀਂ ਜਿੱਤ ਸਕੀ।

ਜਿੱਥੋਂ ਤੱਕ ਸ਼੍ਰੋਮਣੀ ਕਮੇਟੀ ਦਾ ਸੰਬੰਧ ਹੈ, ਇਸ ਸਾਲ ਇਸ ਨੂੰ ਸੁਪਰੀਮ ਕੋਰਟ ਵਲੋਂ ਹਰਿਆਣੇ ਦੀ ਵੱਖਰੀ ਗੁਰਦੁਆਰਾ ਕਮੇਟੀ ਦੇ ਹੱਕ ਵਿਚ ਸੁਣਾਏ ਗਏ ਫ਼ੈਸਲੇ ਨਾਲ ਵੱਡਾ ਝਟਕਾ ਲੱਗਾ। ਸੁਪਰੀਮ ਕੋਰਟ ਦੇ ਇਸ ਫ਼ੈਸਲੇ ਵਿਰੁੱਧ ਨਜ਼ਰਸਾਨੀ ਪਟੀਸ਼ਨ ਦਾਖਲ ਕਰਨ ਤੋਂ ਇਲਾਵਾ ਵਿਖਾਵਿਆਂ ਰਾਹੀਂ ਵੀ ਸ਼੍ਰੋਮਣੀ ਕਮੇਟੀ ਹਰਿਆਣਾ ਲਈ ਵੱਖਰੀ ਗੁਰਦੁਆਰਾ ਕਮੇਟੀ ਬਣਾਏ ਜਾਣ ਵਿਰੁੱਧ ਆਪਣੀ ਨਾਰਾਜ਼ਗੀ ਪ੍ਰਗਟ ਕਰਦੀ ਰਹੀ ਹੈ। ਕੁਝ ਸਮਾਂ ਪਹਿਲਾਂ ਤਾਂ ਇਹ ਸਮਝਿਆ ਜਾਂਦਾ ਸੀ ਕਿ ਸੰਤ ਬਲਜੀਤ ਸਿੰਘ ਦਾਦੂਵਾਲ ਦਾ ਹਰਿਆਣਾ ਸਰਕਾਰ ਵਲੋਂ ਸਿੱਖ ਗੁਰਦੁਆਰਾ ਮੈਨੇਜਮੈਂਟ ਦੀ ਬਣਾਈ ਗਈ ਐਡਹਾਕ ਕਮੇਟੀ ਦਾ ਦੁਬਾਰਾ ਪ੍ਰਧਾਨ ਬਣਨਾ ਲਗਭਗ ਯਕੀਨੀ ਸੀ ਪਰ ਅਚਾਨਕ ਭਾਜਪਾ ਦੇ ਭਰੋਸੇਯੋਗ ਸਾਥੀ ਮੰਨੇ ਜਾਂਦੇ ਸੰਤ ਬਲਜੀਤ ਸਿੰਘ ਦਾਦੂਵਾਲ ਨੂੰ ਲਾਂਭੇ ਕਰਕੇ ਸੰਘ ਪਰਿਵਾਰ ਤੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਦੇ ਨੇੜੇ ਮੰਨੇ ਜਾਂਦੇ ਮਹੰਤ ਕਰਮਜੀਤ ਸਿੰਘ ਦੇ ਸਿਰ ਪ੍ਰਧਾਨਗੀ ਦਾ ਤਾਜ ਸਜਾ ਦਿੱਤਾ ਗਿਆ। ਹਰਿਆਣਾ ਗੁਰਦੁਆਰਾ ਕਮੇਟੀ ਅਜੇ ਐਡਹਾਕ ਕਮੇਟੀ ਹੈ ਤੇ ਇਸ ਦੇ ਮੈਂਬਰਾਂ ਦੀ ਨਿਯੁਕਤੀ ਹਰਿਆਣਾ ਸਰਕਾਰ ਨੇ ਹੀ ਕੀਤੀ ਹੈ। ਭਾਜਪਾ ਸਰਕਾਰ ਦੀ ਹਰਿਆਣਾ ਕਮੇਟੀ ਵਿਚ ਪੂਰੀ ਦਖਲਅੰਦਾਜ਼ੀ ਦਿਖਾਈ ਦੇ ਰਹੀ ਹੈ। ਪੰਥਕ ਹਲਕਿਆਂ ਵਿਚ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਹਰਿਆਣਾ ਗੁਰਦੁਆਰਾ ਕਮੇਟੀ ਦਾ ਭਗਵਾਂਕਰਨ ਹੋ ਗਿਆ ਹੈ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਥੇ. ਬਲਜੀਤ ਸਿੰਘ ਦਾਦੂਵਾਲ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵ ਨਿਯੁਕਤ ਪ੍ਰਧਾਨ ਮਹੰਤ ਕਰਮਜੀਤ ਸਿੰਘ ਖਿਲਾਫ਼ ਮੋਰਚਾ ਖੋਲ੍ਹ ਦਿਤਾ ਹੈ।

***

## ਪਾਕਿਸਤਾਨ ਦੇ ਸਿੱਖ ਭਾਈਚਾਰੇ ਲਈ ਸਾਲ

ਉਸਾਰੀ ਦਾ ਕਾਫ਼ੀ ਕੰਮ ਨੇਪਰੇ ਚਾੜ੍ਹਿਆ ਜਾਣਾ, ਗੁਰਦੁਆਰਾ ਜਨਮ ਅਸਥਾਨ ਅਤੇ ਗੁਰਦੁਆਰਾ ਸ੍ਰੀ ਤੰਬੂ ਸਾਹਿਬ ਵਿਚ ਯਾਤਰੂਆਂ ਲਈ ਨਵੀਆਂ ਸਰਾਂਵਾਂ ਦੀ ਉਸਾਰੀ, ਸੂਬਾ ਬਲੋਚਿਸਤਾਨ ਦੇ ਡੇਰਾ ਬੁਗਤੀ ਵਿਚ ਜਨਮੇ ਆਕਾਸ਼ ਸਿੰਘ ਖ਼ਾਲਸਾ ਦੀ ਕਸਟਮ ਇੰਟੈਲੀਜੈਂਸ ਇੰਸਪੈਕਟਰ ਅਤੇ ਗੁੰਥੀ ਭਾਈ ਮਦਨ ਸਿੰਘ ਦੀ ਸਰਕਾਰੀ ਲੈਕਚਰਾਰ ਵਜੋਂ ਨਿਯੁਕਤੀ ਆਦਿ ਸਾਲ 2022 ਦੀਆਂ ਸ਼ਲਾਘਾਯੋਗ ਕਾਰਵਾਈਆਂ ਰਹੀਆਂ ਹਨ।

***

## 2022 'ਚ ਤਿੰਨ ਮਹਾਨ ਸਿੱਖ ਸ਼ਖਸੀਅਤਾਂ

ਜੂਨ-84 ਤੋਂ ਬਾਅਦ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਪ੍ਰਧਾਨ ਨਿਯੁਕਤ ਹੋਏ। ਪੰਜਾਬੀ ਮਾਂ ਖੇਡ ਕਬੱਡੀ ਨੂੰ ਦੁਨੀਆ ਵਿਚ ਜਾਣੂ ਕਰਾਉਣ ਲਈ 1985 ਵਿਚ ਵਰਲਡ ਕਬੱਡੀ ਫੈਡਰੇਸ਼ਨ ਦੇ ਫਾਊਂਡਰ ਪ੍ਰੈਜ਼ੀਡੈਂਟ ਬਣੇ। ਦੀਦਾਰ ਸਿੰਘ ਬੈਂਸ ਵਰਲਡ ਸਿੱਖ ਕੌਂਸਲ ਦੇ ਮੈਂਬਰ ਵੀ ਰਹੇ। ਅਮਰੀਕਾ ਵਿਚ 9/11 ਦੇ ਅੱਤਵਾਦੀ ਹਮਲੇ ਤੋਂ ਬਾਅਦ ਅਮਰੀਕਾ ਵਿਚ ਸਿੱਖ ਨਫ਼ਰਤ ਦੇ ਪਾਤਰ ਬਣ ਗਏ। ਇਸ ਨਫਰਤ ਨੂੰ ਦੂਰ ਕਰਨ ਲਈ ਵੀ ਦੀਦਾਰ ਸਿੰਘ ਬੈਂਸ ਨੇ ਅਹਿਮ ਭੂਮਿਕਾ ਨਿਭਾਈ।ਉਹ ਅਮਰੀਕਾ ਵਿੱਚ ਸਿੱਖਾਂ ਵਿਰੁੱਧ ਨਫ਼ਰਤੀ ਹਿੰਸਾ ਨੂੰ ਰੋਕਣ ਲਈ 9/11 ਦੇ ਹਮਲਿਆਂ ਤੋਂ ਬਾਅਦ ਰਾਸ਼ਟਰਪਤੀ ਬੁਸ਼ ਨੂੰ ਮਿਲੇ ਸੀ। ਉਸਨੇ ਕੈਲੀਫੋਰਨੀਆ ਅਤੇ ਵਾਸ਼ਿੰਗਟਨ, ਡੀ.ਸੀ. ਵਿੱਚ ਰਾਜਨੀਤਿਕ ਪ੍ਰਭਾਵ ਕਾਇਮ ਕੀਤਾ ਅਤੇ ਉਹ ਦੱਖਣੀ ਏਸ਼ੀਆਈ ਡਾਇਸਪੋਰਾ ਵਿੱਚ ਇੱਕ ਪ੍ਰਭਾਵਸ਼ਾਲੀ ਪਰਉਪਕਾਰੀ ਇਨਸਾਨ ਸਨ। ਸ਼ਾਇਦ ਹੀ ਕੋਈ ਸਿੱਖ ਆਗੂ ਜਾਂ ਪ੍ਰਚਾਰਕ ਜਾਂ ਜਥੇਦਾਰ ਉਨ੍ਹਾਂ ਦੀ ਥਾਂ 'ਤੇ ਨਾ ਆਇਆ ਹੋਵੇ। ਹੁਣ ਉਨ੍ਹਾਂ ਦਾ ਪੁੱਤਰ ਕਰਮ ਸਿੰਘ ਬੈਂਸ ਵੀ ਹੁਣ ਯੂਬਾ ਸ਼ਹਿਰ ਕੈਲੀਫੋਰਨੀਆ ਵਿੱਚ ਸਿੱਖ ਮਾਮਲਿਆਂ ਵਿੱਚ ਸਰਗਰਮ ਹੈ। ਉਹ ਪੰਜਾਬ ਵਿੱਚ ਹੁਸ਼ਿਆਰਪੁਰ ਦੇ ਨੰਗਲਖੁਰਦ ਤੋਂ ਸਬੰਧ ਰੱਖਦੇ ਸਨ।

ਉੱਘੇ ਸਿੱਖ ਵਿਦਵਾਨ ਤੇ ਨਾਨਕਸ਼ਾਹੀ ਕੈਲੰਡਰ ਬਣਾਉਣ ਵਾਲੇ ਪਾਲ ਸਿੰਘ ਪੁਰੇਵਾਲ ਨੇ ਆਖਰੀ ਸਾਹ ਐਡਮਿੰਟਨ 'ਚ ਲਿਆ ਸੀ। ਪੁਰੇਵਾਲ ਦੀ ਸਿੱਖ ਇਤਿਹਾਸ ਲਈ ਵੱਡੀ ਦੇਣ ਸੀ ਨਾਨਕਸ਼ਾਹੀ ਕੈਲੰਡਰ ਹੈ। ਉਨ੍ਹਾਂ ਨੇ ਨਾਨਕਸ਼ਾਹੀ ਕੈਲੰਡਰ ਨੂੰ ਤਿਆਰ ਕਰਨ ਲਈ ਲਗਪਗ 15 ਵਰ੍ਹੇ ਨਿਰੰਤਰ ਕੰਮ ਕੀਤਾ।

## ਇਸ ਸਾਲ ਰਿਲੀਜ਼ ਹੋਈਆਂ ਪੰਜਾਬੀ ਫਿਲਮਾਂ

ਅੰਬਰਦੀਪ ਚੰਗਾ ਲੇਖਕ ਜ਼ਰੂਰ ਹੈ, ਪਰ ਅਦਾਕਾਰ ਨਹੀਂ। ਇਸ ਵਾਰ ਉਸ ਨੇ ਲੇਖਣੀ ਦੀ ਵੀ ਜੱਖਣਾ ਹੀ ਵੱਢੀ ਕਿਉਂਕਿ ਕਹਾਣੀ ਬਿਨਾਂ ਸਿਰ ਪੈਰ ਦੇ ਸੀ। 'ਭੂਤ ਅੰਕਲ ਤੁਸੀਂ ਗਰੇਟ ਹੋ' ਕਦੋਂ ਆਈ ਤੇ ਕਦੋਂ ਗਈ ਕਿਸੇ ਨੂੰ ਪਤਾ ਹੀ ਨਾ ਲੱਗਾ। 'ਯਾਰ ਮੇਰਾ ਤਿਤਲੀਆਂ ਵਰਗਾ' ਗਿੱਪੀ ਗਰੇਵਾਲ ਦਾ ਇੱਕ ਨਿਵੇਕਲਾ ਉਪਰਾਲਾ ਸੀ ਜਿਸ ਨੂੰ ਦਰਸ਼ਕਾਂ ਨੇ ਪਸੰਦ ਵੀ ਕੀਤਾ। ਜਿੱਥੇ ਇਸ ਫਿਲਮ ਦੀ ਕਹਾਣੀ ਵਿੱਚ ਤਾਜ਼ਗੀ ਸੀ, ਉੱਥੇ ਗਿੱਪੀ ਗਰੇਵਾਲ ਦੀ ਕਾਮੇਡੀ ਵੀ ਪਿਛਲੀਆਂ ਫਿਲਮਾਂ ਤੋਂ ਹਟਕੇ ਸੀ। ਪ੍ਰੀਤੀ ਸਪਰੂ ਦੇ ਨਿਰਦੇਸ਼ਨ ਵਿੱਚ ਬਣੀ ਫਿਲਮ 'ਤੇਰੀ ਮੇਰੀ ਗੱਲ ਬਣ ਗਈ' ਬਾਲੀਵੁੱਡ ਫਿਲਮਾਂ ਵਾਂਗ ਹੀਰੋ-ਹੀਰੋਇਨ ਆਪਣੇ ਮਾਤਾ-ਪਿਤਾ ਦਾ ਵਿਆਹ ਕਰਵਾਉਣ ਦੇ ਚੱਕਰ ਵਿੱਚ ਸੀ ਜੋ ਚੱਲ ਨਾ ਸਕੀ।

ਲੇਖਕ ਨਿਰਦੇਸ਼ਕ ਹਰਦੀਪ ਗਰੇਵਾਲ ਆਪਣੀ ਪਹਿਲੀ ਫਿਲਮ 'ਤੁਣਕਾ ਤੁਣਕਾ' ਤੋਂ ਬਾਅਦ ਇਸ ਸਾਲ 'ਬੈਚ-2013' ਲੈ ਕੇ ਆਇਆ। ਇਹ ਵੀ ਨੌਜਵਾਨਾਂ ਨੂੰ ਉਤਸ਼ਾਹਿਤ ਕਰਦੀ ਚੰਗੇ ਵਿਸ਼ੇ ਦੀ ਕਹਾਣੀ ਸੀ, ਪਰ ਪੰਜਾਬੀ ਚੰਗੇ ਵਿਸ਼ੇ ਦੀਆਂ ਫਿਲਮਾਂ ਘੱਟ ਹੀ ਪਸੰਦ ਕਰਦੇ ਹਨ। ਫਿਲਮ 'ਮਾਂ ਦਾ ਲਾਡਲਾ' 'ਚ ਤਰਸੇਮ ਜੱਸੜ ਪਹਿਲੀ ਵਾਰ ਕਾਮੇਡੀ ਕਰਦਾ ਨਜ਼ਰ ਆਇਆ। ਨੀਰੂ ਬਾਜਵਾ ਨਾਲ ਉਸ ਦੀ ਜੋੜੀ ਦਰਸ਼ਕਾਂ ਨੂੰ ਪਸੰਦ ਆਈ। ਲੇਖਕ ਨਿਰਦੇਸ਼ਕ ਜਗਦੀਪ ਸਿੱਧੂ ਦੀ ਫਿਲਮ 'ਮੋਹ' ਆਮ ਫਿਲਮਾਂ ਤੋਂ ਹਟਕੇ ਵੱਖਰੀ ਤਰ੍ਹਾਂ ਦੀ ਰੁਮਾਂਟਿਕ ਫਿਲਮ ਸੀ ਜਿਸ ਵਿੱਚ ਸੁਰਜੀਤ ਬਿੰਦਰਖੀਆ ਦਾ ਬੇਟਾ 'ਗੀਤਾਂਜ਼' ਆਪਣੀ ਪ੍ਰਭਾਵਸ਼ਾਲੀ ਅਦਾਕਾਰੀ ਸਦਕਾ ਉੱਭਰ ਕੇ ਸਾਹਮਣੇ ਆਇਆ। ਫਿਲਮ ਵਿੱਚ ਸਰਗੁਣ ਮਹਿਤਾ ਨੇ ਵੀ ਪਹਿਲੀਆਂ ਫਿਲਮਾਂ ਤੋਂ ਹਟਕੇ ਕਿਰਦਾਰ ਨਿਭਾਇਆ। 'ਕ੍ਰਿਮੀਨਲ' ਫਿਲਮ ਰਾਹੀਂ ਗਿੱਪੀ ਗਰੇਵਾਲ ਨਾਲ ਕੰਮ ਕਰਨ ਵਾਲਾ ਸਹਿ ਕਲਾਕਾਰ ਪ੍ਰਿੰਸ ਕੰਵਲਜੀਤ ਉੱਭਰ ਕੇ ਆਇਆ, ਪਰ ਫਿਲਮ ਕੋਈ ਚੰਗਾ ਪ੍ਰਭਾਵ ਨਾ ਛੱਡ ਸਕੀ। 'ਬਾਬੇ ਭੰਗੜਾ ਪਾਉਂਦੇ ਨੇ' ਦੀ ਗੱਲ ਕਰੀਏ ਤਾਂ ਕਾਮੇਡੀ ਵਿਸ਼ੇ ਦੀ ਇਸ ਫਿਲਮ ਨੂੰ ਕਾਫ਼ੀ ਹੱਦ ਤੱਕ ਦਿਲਜੀਤ ਨੇ ਆਪਣੇ ਮੋਢਿਆ 'ਤੇ ਸੰਭਾਲਿਆ। ਲੇਖਕ ਨਿਰਦੇਸ਼ਕ ਮਨਜੀਤ ਸਿੰਘ ਟੋਨੀ ਤੇ ਗੁਰਮੀਤ ਸਾਜਨ ਦੀ ਫਿਲਮ 'ਵਿੱਚ ਬੋਲੂੰਗਾ ਤੇਰੇ' ਕਾਮੇਡੀ ਭਰਪੂਰ ਹੌਰਰ ਫਿਲਮ ਬਣਾਉਣ ਦਾ ਨਿਵੇਕਲਾ ਤਜਰਬਾ ਰਿਹਾ। ਰਵਿੰਦਰ ਗਰੇਵਾਲ ਨੇ ਇੱਕ ਭੂਤ ਪ੍ਰੇਮੀ ਦਾ ਕਿਰਦਾਰ ਨਿਭਾਇਆ। ਆਪਣੇ ਵਿਸ਼ੇ ਕਰਕੇ ਚਰਚਾ ਵਿੱਚ ਆਈ ਗਿੱਪੀ ਗਰੇਵਾਲ ਦੀ ਫਿਲਮ 'ਹਨੀਮੂਨ' ਦੋ ਅਰਥੀ ਸੰਵਾਦਾਂ ਕਰਕੇ 'ਥੂਹ-ਥੂਹ' ਕਰਵਾ ਗਈ। ਦਰਸ਼ਕਾਂ ਨੂੰ ਬਹੁਤਾ ਬੁਰਾ ਉਦੋਂ ਲੱਗਿਆ ਜਦੋਂ ਸੀਨੀਅਰ ਅਦਾਕਾਰਾ ਨਿਰਮਲ ਰਿਸ਼ੀ ਤੋਂ ਅਸ਼ਲੀਲ ਡਾਇਲਾਗ ਬੁਲਵਾਏ ਗਏ। 'ਓਏ ਮੱਖਣਾ' ਵੀ ਐਮੀ ਵਿਰਕ ਦੀਆਂ ਪਹਿਲੀਆਂ ਫਿਲਮਾਂ ਵਾਂਗ ਕਾਮੇਡੀ ਅੰਦਾਜ਼ ਵਾਲੀ ਸੀ, ਪਰ ਫਿਲਮ ਦਾ ਅਸਲ ਹੀਰੋ ਗੁੱਗੂ ਗਿੱਲ ਹੀ ਜਾਪਿਆ। 'ਸ਼ੂਟਰ' ਤੋਂ ਬਾਅਦ ਜੈ ਰੰਧਾਵਾ ਦੀ ਨਵੀਂ ਫਿਲਮ 'ਚੋਬਰ' ਵੀ ਇਸੇ ਸਾਲ ਰਿਲੀਜ਼ ਹੋਈ ਜਿਸ ਨੂੰ ਨੌਜਵਾਨ ਵਰਗ ਨੇ ਸਲਾਹਿਆ। ਅੰਬਰਸਰ ਦੇ ਮਸ਼ਹੂਰ ਕੁਲਚੇ ਛੋਲਿਆਂ ਦੀ ਗੱਲ ਕਰਦੀ ਸਾਗਾ ਮਿਊਜ਼ਿਕ ਦੀ ਫਿਲਮ 'ਕੁਲਚੇ ਛੋਲੇ' ਦਰਸ਼ਕਾਂ ਨੂੰ ਸੁਆਦ ਹੀ ਨਾ ਆਏ। ਫਿਲਮ ਬੁਰੀ ਤਰ੍ਹਾਂ ਫਲਾਪ ਰਹੀ। ਸਾਲ ਦੇ ਅਖੀਰ 'ਚ ਰਿਲੀਜ਼ ਫਿਲਮਾਂ 'ਨਿਸ਼ਾਨਾ', 'ਮਸੰਦ' ਅਤੇ 'ਬਾਗੀ ਦੀ ਧੀ' ਵੀ ਬੁਰੀ ਤਰ੍ਹਾਂ ਫਲਾਪ ਰਹੀਆਂ। ਰਾਣਾ ਰਣਬੀਰ ਤੇ ਜ਼ੈਜ਼ੀ ਬੀ ਦੀ ਫਿਲਮ 'ਸਨੋਮੈਨ' ਵੀ ਬਰਫ਼ 'ਚ ਹੀ ਲੱਗ ਗਈ। ਸਿਨੇਮਾ ਦੀ ਬਜਾਏ ਇਸ ਸਾਲ ਕੁਝ ਪੰਜਾਬੀ ਫਿਲਮਾਂ ਓਟੀਟੀ 'ਤੇ ਵੀ ਰਿਲੀਜ਼ ਹੋਈਆਂ ਜਿਨ੍ਹਾਂ ਨੂੰ ਦਰਸ਼ਕਾਂ ਦਾ ਕੋਈ ਖ਼ਾਸ ਹੁੰਗਾਰਾ ਨਾ ਮਿਲਿਆ।

***

## ਆਈ.ਪੀ.ਐਲ.-2023 ਦੇ

ਈਸ਼ਾਨ ਕਿਸ਼ਨ ਦਾ ਰਿਕਾਰਡ ਵੀ ਟੁੱਟ ਗਿਆ। ਦਰਅਸਲ, ਪੂਰਨ ਹੁਣ ਆਈ.ਪੀ.ਐੱਲ ਇਤਿਹਾਸ ਦੇ ਸਭ ਤੋਂ ਮਹਿੰਗੇ ਵਿਕਟਕੀਪਰ ਬਣ ਗਏ ਹਨ। ਪੂਰਨ ਤੋਂ ਪਹਿਲਾਂ, ਈਸ਼ਾਨ ਕਿਸ਼ਨ ਨੂੰ ਆਈ.ਪੀ.ਐੱਲ 2022 ਦੀ ਨਿਲਾਮੀ ਵਿਚ ਮੁੰਬਈ ਇੰਡੀਅਨਜ਼ ਨੇ 15.25 ਕਰੋੜ 'ਚ ਖਰੀਦਿਆ ਸੀ। ਉਦੋਂ ਈਸ਼ਾਨ ਆਈ.ਪੀ.ਐੱਲ ਇਤਿਹਾਸ ਦੇ ਸਭ ਤੋਂ ਮਹਿੰਗੇ ਵਿਕਟਕੀਪਰ ਬਣ ਗਏ ਸਨ ਪਰ ਹੁਣ ਇਹ ਉਪਲਬਧੀ ਪੂਰਨ ਦੇ ਨਾਂ ਹੋ ਗਈ ਹੈ।

**5. ਹੈਰੀ ਬਰੂਕ**

ਇੰਗਲੈਂਡ ਦੇ ਬੱਲੇਬਾਜ਼ ਹੈਰੀ ਬਰੂਕ ਇਸ ਨਿਲਾਮੀ 'ਚ ਵਿਕਣ ਵਾਲੇ 5ਵੇਂ ਸਭ ਤੋਂ ਮਹਿੰਗੇ ਖਿਡਾਰੀ ਰਹੇ। ਬਰੂਕ ਨੂੰ ਸਨਰਾਈਜ਼ਰਸ ਹੈਦਰਾਬਾਦ ਨੇ 13 ਕਰੋੜ 25 ਲੱਖ ਰੁਪਏ ਦੀ ਬੋਲੀ ਲਗਾ ਕੇ ਆਪਣੀ ਟੀਮ ਵਿਚ ਸ਼ਾਮਲ ਕੀਤਾ। ਬਰੂਕ ਦੀ ਬੇਸ ਪ੍ਰਾਈਸ 1.5 ਕਰੋੜ ਸੀ, ਪਰ ਉਨ੍ਹਾਂ 'ਤੇ ਕਰੋੜਾਂ ਦਾ ਮੀਂਹ ਵਰਦਾ ਨਜ਼ਰ ਆਇਆ। ਸ਼ੁਰੂਆਤ ਵਿਚ ਆਰ.ਸੀ.ਬੀ ਨੇ ਵੀ ਉਨ੍ਹਾਂ ਨੂੰ ਖਰੀਦਣ ਵਿਚ ਦਿਲਚਸਪੀ ਦਿਖਾਈ, ਪਰ 4 ਕਰੋੜ 80 ਲੱਖ ਤੋਂ ਬਾਅਦ ਪਿੱਛੇ ਹਟ ਗਈ। ਇਸ ਤੋਂ ਬਾਅਦ ਰਾਜਸਥਾਨ ਰਾਇਲਜ਼ ਨੇ ਅੰਤ ਤੱਕ ਹੈਦਰਾਬਾਦ ਨਾਲ ਮੁਕਾਬਲਾ ਕਰਨ ਦੀ ਕੋਸ਼ਿਸ਼ ਕੀਤੀ ਪਰ ਜਦੋਂ ਬੋਲੀ 13 ਕਰੋੜ ਤੱਕ ਪਹੁੰਚ ਗਈ ਤਾਂ ਪਰਸ ਵਿਚ ਪੈਸੇ ਨਾ ਹੋਣ ਕਾਰਨ ਉਹ ਪਿੱਛੇ ਹਟ ਗਏ, ਜਿਸ ਕਾਰਨ ਬਰੂਕ ਨੂੰ ਹੈਦਰਾਬਾਦ ਨੂੰ ਮੋਟੀ ਰਕਮ ਨਾਲ ਵੇਚ ਦਿੱਤਾ ਗਿਆ।

***

## ਜਾਰੀ ਕੀਤਾ ਫਰਮਾਨ ਨਹੀਂ

ਨੌਜਵਾਨ ਸਪੋਰਟਸ ਐਂਡ ਵੈੱਲਫੇਅਰ ਕਲੱਬ ਦੇ ਪ੍ਰਤੀਨਿਧੀ ਅਵਤਾਰ ਸਿੰਘ ਤੇ ਜੱਸੀ ਸਿੰਘ ਨੇ ਦੱਸਿਆ ਕਿ ਪਿੰਡ ਦੇ ਬਾਹਰੀ ਇਲਾਕਿਆਂ ਵਿਚ ਕਈ ਜਗ੍ਹਾ ਪਿੰਡ ਦੇ ਨੌਜਵਾਨ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਦੇ ਤੇ ਚਿੱਟੇ ਦੇ ਟੀਕੇ ਲਗਾਉਂਦੇ ਪਾਏ ਗਏ ਹਨ। ਇਨ੍ਹਾਂ ਨੂੰ ਨਸ਼ਾ ਨਾ ਕਰਨ ਲਈ ਜਾਗਰੂਕ ਕੀਤਾ ਗਿਆ ਹੈ। ਪਿੰਡ ਤਕ ਨਸ਼ੇ ਦੀ ਸਪਲਾਈ ਦੀ ਚੇਨ ਤੋੜਨ ਦੀ ਕੋਸ਼ਿਸ਼ ਕੀਤੀ ਹੈ। ਪਿੰਡ ਵਿਚ ਦੁਕਾਨਾਂ 'ਤੇ ਵੇਚਣ ਵਾਲੇ ਤੰਬਾਕੂ ਦੇ ਪਦਾਰਥਾਂ ਦੀ ਵਿਕਰੀ ਪੂਰਨ ਤੌਰ 'ਤੇ ਬੰਦ ਕਰਵਾਉਣ ਹਿੱਤ ਲਿਖਤੀ ਮਤਾ ਪੰਚਾਇਤ ਦੇ ਸਹਿਯੋਗ ਨਾਲ ਪਾਇਆ ਹੈ।

ਸਰਪੰਚ ਚਰਨਜੀਤ ਕੌਰ ਦੇ ਪਤੀ ਸ਼ੇਰ ਸਿੰਘ ਨੇ ਦੱਸਿਆ ਕਿ ਪਿੰਡ ਦੀ ਪੰਚਾਇਤ ਨਸ਼ੇ ਦੇ ਖ਼ਿਲਾਫ਼ ਹੈ। ਨੌਜਵਾਨ ਪੀੜ੍ਹੀ ਤੋਂ ਲੈ ਕੇ ਹੋਰ ਵਿਅਕਤੀ ਤੰਬਾਕੂ, ਬੀੜੀ, ਸਿਗਰਟ, ਜ਼ਰਦਾ ਆਦਿ ਸਿੰਥੈਟਿਕ ਨਸ਼ੇ ਦੀ ਗ੍ਰਿਫ਼ਤ ਵਿਚ ਹਨ। ਇਨ੍ਹਾਂ ਨੌਜਵਾਨਾਂ ਨੂੰ ਲਗਾਤਾਰ ਜਾਗਰੂਕ ਕੀਤਾ ਜਾ ਰਿਹਾ ਹੈ। ਪਿੰਡ ਦੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਕੋਈ ਵੀ ਤੰਬਾਕੂ ਪਦਾਰਥ ਨਾ ਵੇਚਣ। ਸਾਰੇ ਦੁਕਾਨਦਾਰਾਂ ਨੇ ਸਹਿਮਤੀ ਜ਼ਾਹਰ ਕੀਤੀ ਹੈ। ਉਨ੍ਹਾਂ ਨੂੰ ਲਿਖਤੀ ਲਿਆ ਗਿਆ ਹੈ। ਬਾਹਰੋਂ ਪਿੰਡ ਵਿਚ ਨਸ਼ਾ ਵੇਚਣ ਵਾਲਿਆਂ ਨਾਲ ਸਖਤੀ ਨਾਲ ਨਿਪਟਿਆ ਜਾਵੇਗਾ।

***

## ਨਵੀਆਂ ਸਿਆਸੀ ਸਮੀਕਰਣਾਂ

ਪਰ ਪੂਰੇ ਦੇਸ਼ ਵਿਚ ਜਿਥੇ ਕਿਧਰੇ ਵੀ ਕਾਂਗਰਸ ਹਾਕਮ ਧਿਰ ਵਜੋਂ ਵਿਚਰ ਰਹੀ ਹੈ, ਉਥੇ ਪਾਟੋਧਾੜ ਹੈ। ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਕਾਂਗਰਸ ਸੁਚੱਜੀ ਲੀਡਰਸ਼ਿਪ ਦੀ ਅਣਹੋਂਦ ਕਾਰਨ ਪੂਰੇ ਦੇਸ਼ ਵਿੱਚ ਬੁਰੀ ਤਰ੍ਹਾਂ ਵਿਖ਼ਰ ਰਹੀ ਹੈ। ਰਾਜਸਥਾਨ ਵਿਚ ਅੰਦਰਲੀ ਉਥਲ-ਪੁਥਲ ਨੇ ਕਾਂਗਰਸੀਆਂ ਨੂੰ ਝੰਜੋੜ ਦਿੱਤਾ ਹੈ।

ਭਾਵੇਂ ਕਿ ਦੇਸ਼ ਦੀਆਂ ਵਿਰੋਧੀ ਪਾਰਟੀਆਂ ਵਲੋਂ ਸਾਂਝਾ ਫਰੰਟ ਬਣਾ ਕੇ 'ਭਾਜਪਾ' ਸਰਕਾਰ ਵਿਰੁੱਧ 2024 ਵਿਚ ਮੈਦਾਨ 'ਚ ਆਉਣ ਦਾ ਯਤਨ ਹੋ ਰਿਹਾ ਹੈ, ਪਰ ਸਾਂਝੇ ਫਰੰਟ ਦੀ ਰੂਪਰੇਖਾ ਕਿਹੋ ਜਿਹੀ ਹੋਵੇਗੀ, ਪ੍ਰਧਾਨ ਮੰਤਰੀ ਦਾ ਉਮੀਦਵਾਰ ਕੌਣ ਹੋਏਗਾ, ਮੁੱਖ ਵਿਰੋਧੀ ਪਾਰਟੀ ਕਿਹੜੀ ਹੋਵੇਗੀ, ਇਸ ਬਾਰੇ ਭੰਬਲਭੂਸਾ ਜਾਰੀ ਹੈ। ਬਿਹਾਰ ਦਾ ਮੁੱਖ ਮੰਤਰੀ ਨਤੀਸ਼ ਕੁਮਾਰ, ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਕਾਂਗਰਸ ਦਾ ਰਾਹੁਲ ਗਾਂਧੀ, ਮਹਾਰਸ਼ਾਟਰ ਦਾ ਸ਼ਰਦ ਪਵਾਰ ਅਤੇ ਆਮ ਆਦਮੀ ਪਾਰਟੀ ਦਾ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਆਦਿ ਇਹੋ ਜਿਹੇ ਨਾਮ ਹਨ, ਜਿਹੜੇ ਦੇਸ਼ ਦੀ ਵਾਂਗਡੋਰ ਸੰਭਾਲਣ ਦੇ ਯਤਨ ਵਿਚ ਹਨ, ਪਰ ਉਹ ਭਾਜਪਾ ਦੇ ਚੋਣ ਪ੍ਰਚਾਰ, ਗੋਦੀ ਮੀਡੀਆ, ਕਾਰਪੋਰੇਟ ਘਰਾਣਿਆਂ ਦਾ ਕੀ ਕਰਨਗੇ, ਜਿਹੜੇ ਹਰ ਹੀਲੇ ਨਰੇਂਦਰ ਮੋਦੀ ਨੂੰ ਮੁੜ ਪ੍ਰਧਾਨ ਮੰਤਰੀ ਦੀ ਗੱਦੀ ਉਤੇ ਬਿਠਾਉਣ ਲਈ 2024 ਦੀਆਂ ਚੋਣਾਂ ਲਈ ਹੁਣੇ ਤੋਂ ਹੀ ਤਿਆਰੀਆਂ ਕਰੀ ਬੈਠੇ ਹਨ।

ਉਂਜ ਸਾਲ 2022 ਦਾ ਸਿਆਸੀ ਮਾਹੌਲ ਬਹੁਤ ਗਰਮ ਰਿਹਾ ਹੈ। 'ਆਇਆ ਰਾਮ ਗਿਆ ਰਾਮ' ਦੀ ਸਿਆਸਤ ਭਾਰੂ ਰਹੀ। ਅਸੂਲਾਂ ਦੀ ਥਾਂ ਲਾਲਚ ਦੀ ਨੀਤੀ ਨੇ ਵਧੇਰੇ ਕੰਮ ਕੀਤਾ। ਸਮੁੱਚੇ ਦੇਸ਼ 'ਚ ਸਾਮ, ਦਾਮ, ਦੰਡ ਦਾ ਹਥਿਆਰ ਹਾਕਮਾਂ ਨੇ ਵਰਤਿਆ।

ਬਿਨ੍ਹਾਂ ਸ਼ੱਕ 2022 ਵਿਚ ਇੱਕ ਸਿਆਸੀ ਧਿਰ ਨੇ ਲੋਕਾਂ ਦੇ ਜਜ਼ਬਿਆਂ ਨੂੰ ਭੜਕਾ ਆਪਣੇ ਹਿੱਤ ਸਾਧਣ ਦਾ ਯਤਨ ਕੀਤਾ ਪਰ ਲੋਕਾਂ ਨੇ ਕੁਝ ਥਾਈਂ ਸੰਘਰਸ਼ ਕਰਕੇ, ਕੁਝ ਥਾਈਂ ਚੋਣਾਂ ਰਾਹੀਂ ਮੌਕਾਪ੍ਰਸਤ, ਸਵਾਰਥੀ ਹਾਕਮਾਂ ਨੂੰ ਇਹ ਸੰਦੇਸ਼ ਦਿੱਤਾ ਕਿ ਦੇਸ਼ ਕਿਸੇ ਵਿਸ਼ੇਸ਼ ਪਾਰਟੀ, ਕਿਸੇ ਵੱਡੇ ਨੇਤਾ ਜਾਂ ਕਿਸੇ ਚੌਧਰੀ ਦੀ ਜਗੀਰ ਨਹੀਂ ਹੈ ਅਤੇ ਦੇਸ਼ ਨੂੰ ਕਾਰਪੋਰੇਟਾਂ ਦਾ ਗਲਬਾ ਅਤੇ ਡਿਕਟੇਟਰਸ਼ਿਪ ਪਸੰਦ ਨਹੀਂ ਹੈ।

***

## 2024 ਦੀਆਂ ਚੋਣਾਂ ਦੌਰਾਨ

ਨਾਲ ਨਾ ਤਾਂ ਲੋਕਾਂ ਨੂੰ ਰੁਜ਼ਗਾਰ ਮਿਲਣ ਵਾਲੇ ਹਨ ਅਤੇ ਨਾ ਹੀ ਉਨ੍ਹਾਂ ਦੀ ਆਮਦਨ ਵਧਣ ਵਾਲੀ ਹੈ। ਜੇਕਰ ਲੋਕਾਂ ਨੂੰ ਆਰਥਿਕ ਰਾਹਤ ਨਹੀਂ ਦਿੱਤੀ ਜਾਵੇਗੀ, ਤਾਂ ਉਹ ਸਰਕਾਰ ਦੇ ਖ਼ਿਲਾਫ਼ ਹੋ ਜਾਣਗੇ। ਇਸ ਤਰ੍ਹਾਂ ਸਥਾਨਕ ਮੁੱਦਿਆਂ ਦੀ ਹਵਾ ਕੱਢਣ ਲਈ ਰਾਸ਼ਟਰੀ-ਅੰਤਰਰਾਸ਼ਟਰੀ ਮੁੱਦਿਆਂ ਦੀ ਵਰਤੋਂ ਕਰਦਿਆਂ ਲਾਭਪਾਤਰੀਆਂ ਦੇ ਸੰਸਾਰ ਨੂੰ ਉਪਜਾ ਕੇ ਭਾਜਪਾ 2024 ਦਾ ਮੈਦਾਨ ਫ਼ਤਹਿ ਕਰਨਾ ਚਾਹੁੰਦੀ ਹੈ।

ਇਹ ਤਾਂ ਰਹੀ ਭਾਜਪਾ ਦੀ ਗੱਲ। ਭਾਜਪਾ ਵਿਰੋਧੀ, ਵਿਰੋਧੀ ਪਾਰਟੀਆਂ ਕੀ ਕਰਨਗੀਆਂ ? ਉਨ੍ਹਾਂ ਦੀ ਰਣਨੀਤੀ ਕੀ ਹੈ ? ਇਸ ਸੰਦਰਭ 'ਚ ਵਾਰ-ਵਾਰ ਇਕ ਗੱਲ ਕਹੀ ਜਾਂਦੀ ਹੈ ਕਿ ਵਿਰੋਧੀ ਏਕਤਾ ਹੋਣੀ ਚਾਹੀਦੀ ਹੈ। ਕਦੇ ਚੰਦਰ ਸ਼ੇਖਰ ਰਾਓ ਇਸ ਤਰ੍ਹਾਂ ਦੇ ਸੰਦੇਸ਼ ਦਿੰਦੇ ਹੋਏ ਦਿਖਾਈ ਦਿੰਦੇ ਹਨ, ਕਦੇ ਨਿਤਿਸ਼ ਕੁਮਾਰ। ਪਰ ਕੀ ਵਿਰੋਧੀ ਏਕਤਾ ਵਿਵਹਾਰਿਕ ਰੂਪ ਨਾਲ ਸੰਭਵ ਹੈ ? 2014 ਤੋਂ ਹੁਣ ਤੱਕ ਦਾ ਤਜਰਬਾ ਦੱਸਦਾ ਹੈ ਕਿ ਵਿਰੋਧੀ ਏਕਤਾ ਦਰਅਸਲ ਨਜ਼ਰ ਦੇ ਧੋਖੇ ਤੋਂ ਇਲਾਵਾ ਕੁਝ ਨਹੀਂ ਹੈ। ਸੱਠ ਦੇ ਦਹਾਕੇ 'ਚ ਜਿਸ ਗ਼ੈਰ-ਕਾਂਗਰਸਵਾਦ ਦਾ ਜਨਮ ਹੋਇਆ ਸੀ, ਉਸ ਦੀਆਂ ਸਫ਼ਲਤਾਵਾਂ ਨੂੰ ਗ਼ੈਰ-ਭਾਜਪਾਵਾਦ ਦੇ ਰੂਪ 'ਚ ਦੁਹਰਾਉਣ ਦਾ ਸੁਪਨਾ ਸਾਕਾਰ ਹੋਣ ਦੀਆਂ ਸੰਭਾਵਨਾਵਾਂ ਉਜਾਗਰ ਨਹੀਂ ਹੋਈਆਂ। ਕਾਰਨ ਇਹ ਹੈ ਕਿ ਰਾਜਨੀਤੀ ਬਦਲ ਚੁੱਕੀ ਹੈ, ਵਿਚਾਰ ਬਦਲ ਚੁੱਕੇ ਹਨ, ਵੋਟਰ ਬਦਲ ਚੁੱਕੇ ਹਨ, ਚੋਣਾਂ ਲੜਨ ਦਾ ਤਰੀਕਾ ਬਦਲ ਚੁੱਕਾ ਹੈ। ਹੁਣ ਨਾ ਧਰਮ-ਨਿਰਪੱਖਤਾ ਦਾ ਫ਼ਿਕਰਾ ਚਲਦਾ ਹੈ, ਨਾ ਸਮਾਜਿਕ ਨਿਆਂ ਦੀਆਂ ਗੱਲਾਂ ਅਸਰਦਾਰ ਰਹਿ ਗਈਆਂ ਹਨ। ਮੁਸਲਮਾਨ ਵੋਟਾਂ ਦੀ ਭਾਜਪਾ ਵਿਰੋਧੀ ਪ੍ਰਭਾਵਕਾਰਿਤਾ ਖ਼ਤਮ ਹੋ ਗਈ ਹੈ। ਪਛੜਿਆਂ ਦੀ ਏਕਤਾ ਨੂੰ ਭਾਜਪਾ ਨੇ ਪੱਕੇ ਤੌਰ 'ਤੇ ਖਿੰਡਾ ਦਿੱਤਾ ਹੈ। ਬਿਹਾਰ ਦੇ ਅਪਵਾਦ ਨੂੰ ਛੱਡ ਕੇ ਉਹ ਹੁਣ ਬ੍ਰਾਹਮਣ-ਬਾਣੀਆ ਪਾਰਟੀ ਨਹੀਂ ਰਹੀ ਅਤੇ ਉਸ ਨੂੰ ਦਲਿਤ-ਆਦਿਵਾਸੀ ਵੀ ਵੋਟਾਂ ਦੇਣ ਲੱਗੇ ਹਨ।

ਇੰਦਰਾ ਗਾਂਧੀ ਨੇ ਆਪਣੀ ਕ੍ਰਿਸ਼ਮਈ ਸ਼ਖ਼ਸੀਅਤ ਦਾ ਲਾਭ ਚੁੱਕ ਕੇ ਜਿਸ ਲੋਕ-ਲੁਭਾਊ ਰਾਜਨੀਤੀ ਦੀ ਸ਼ੁਰੂਆਤ ਕੀਤੀ ਸੀ, ਉਹ ਨਰਿੰਦਰ ਮੋਦੀ ਦੇ ਕ੍ਰਿਸ਼ਮੇ ਤਹਿਤ ਮਾਤਰਾ ਅਤੇ ਆਕਾਰ 'ਚ ਕਿਤੇ ਵਿਸ਼ਾਲ, ਵਿਆਪਕ ਅਤੇ ਪ੍ਰਭਾਵੀ ਹੋ ਚੁੱਕੀ ਹੈ। ਬਜਾਏ ਇਸ ਦੇ ਕਿ ਅਸੀਂ ਵਿਰੋਧੀ ਏਕਤਾ ਦੀਆਂ ਗ਼ੈਰਹਾਜ਼ਰ ਸੰਭਾਵਨਾਵਾਂ 'ਤੇ ਆਪਣਾ ਸਮਾਂ ਖ਼ਰਾਬ ਕਰਦੇ ਰਹੀਏ, ਸਾਨੂੰ ਦੇਖਣਾ ਇਹ ਹੋਵੇਗਾ ਕਿ ਸੂਬਿਆਂ ਵਿਚ ਪ੍ਰਭੂਤਵਸ਼ਾਲੀ ਪਾਰਟੀਆਂ ਭਾਜਪਾ ਦਾ ਮੁਕਾਬਲਾ ਕਿਵੇਂ ਕਰਨਗੀਆਂ ? ਕੀ ਉਹ ਮੋਦੀ ਨੂੰ ਆਪਣੇ ਅਸਰ ਵਾਲੇ ਇਲਾਕਿਆਂ ਵਿਚ ਆਪਣਾ ਪੂਰਾ ਸਫਾਇਆ ਕਰਨ ਦੇਣਗੀਆਂ ਜਾਂ ਉਨ੍ਹਾਂ ਦੀਆਂ ਸੀਟਾਂ ਦੀ ਗਿਣਤੀ ਘਟਾਉਣ ਵਿਚ ਸਫ਼ਲ ਹੋਣਗੀਆਂ ? ਇਹ ਉਹ ਸਵਾਲ ਹੈ, ਜਿਸ ਦੇ ਜਵਾਬ ਦਾ ਮੁਲਾਂਕਣ ਸਾਨੂੰ ਕਰਨਾ ਚਾਹੀਦਾ ਹੈ।

**

## ਦੁਨੀਆਂ ਦੇ ਕਈ ਦੇਸ਼ ਆਰਥਿਕ

ਇਸ਼ਤਿਹਾਰ ਦੇਣ ਵਾਲੇ ਕਾਰਪੋਰੇਟ ਕੰਪਨੀਆਂ ਵਲੋਂ ਖਰਚ ਨੂੰ ਲੈ ਕੇ ਮੁੜ ਵਿਚਾਰ ਕਰਨਾ ਪੈ ਰਿਹਾ ਹੈ ਜਿਸ ਕਰ ਕੇ ਵੱਡੀਆਂ ਤਕਨੀਕੀ ਕੰਪਨੀਆਂ ਸਾਹਮਣੇ ਮਾਲੀਏ ਦੀ ਚੁਣੌਤੀ ਖੜ੍ਹੀ ਹੋ ਗਈ ਹੈ। ਇਸ ਕਰ ਕੇ ਇਨ੍ਹਾਂ ਕੰਪਨੀਆਂ ਦੇ ਮਾਲੀਏ 'ਤੇ ਅਸਰ ਪੈ ਰਿਹਾ ਹੈ।

ਭਾਰਤ ਵਿਚ ਮਾਲੀਆ ਵਿਕਾਸ ਵਿਚ ਮੰਦੀ ਦੇ ਮੱਦੇਨਜ਼ਰ ਭਾਰਤੀ ਤਕਨੀਕੀ ਕੰਪਨੀਆਂ ਨੇ ਭਰਤੀ 'ਤੇ ਰੋਕ ਲਗਾ ਦਿੱਤੀ ਹੈ ਅਤੇ ਨਿਯੁਕਤੀ ਪੱਤਰ ਜਾਰੀ ਕਰਨ ਦਾ ਸਿਲਸਿਲਾ ਮੱਠਾ ਕਰ ਦਿੱਤਾ ਹੈ। ਸਾਲ ਦੇ ਆਖਰੀ ਮਹੀਨੇ ਵਿਚ ਭਾਰਤ ਵਿਚ ਬੇਰੁਜ਼ਗਾਰੀ ਦੀ ਦਰ ਹੁਣ ਤੱਕ ਦੀ ਸਭ ਤੋਂ ਉੱਚੀ ਪੱਧਰ 'ਤੇ ਪੁੱਜ ਗਈ। ਆਜ਼ਾਦ ਏਜੰਸੀ ਸੈਂਟਰ ਫਾਰ ਮਾਨੀਟਰਿੰਗ ਇਕਾਨਮੀ ਅਨੁਸਾਰ ਦਸੰਬਰ ਦੇ ਪਹਿਲੇ ਤਿੰਨ ਹਫਤਿਆਂ ਵਿਚ ਕਾਮਾ ਸ਼ਕਤੀ ਦੇ ਮੁਕਾਬਲੇ ਬੇਰੁਜ਼ਗਾਰੀ ਦੀ ਦਰ 8 ਫੀਸਦੀ ਤੋਂ ਵੀ ਵੱਧ ਚੁਕੀ ਹੈ। ਇਹ ਖੁਲਾਸਾ ਆਜ਼ਾਦ ਏਜੰਸੀ ਸੈਂਟਰ ਫਾਰ ਮਾਨੀਟਰਿੰਗ ਇਕਾਨਮੀ (ਸੀ ਐੱਮ ਆਈ ਈ) ਕਰ ਚੁਕੀ ਹੈ। ਉਸ ਦੀ ਰਿਪੋਰਟ ਅਨੁਸਾਰ 18 ਦਸੰਬਰ ਨੂੰ ਖਤਮ ਹੋਏ ਹਫਤੇ ਵਿਚ ਸ਼ਹਿਰੀ ਖੇਤਰਾਂ ਵਿਚ ਬੇਰੁਜ਼ਗਾਰੀ ਦਰ ਰਿਕਾਰਡ 10.9 ਫੀਸਦੀ ਤੱਕ ਪੁੱਜ ਗਈ ਸੀ। ਇਸ ਦਰਮਿਆਨ ਪੇਂਡੂ ਖੇਤਰਾਂ ਵਿਚ ਬੇਰੁਜ਼ਗਾਰੀ ਦਰ 8.4 ਫੀਸਦੀ ਰਹੀ, ਜਦਕਿ ਨਵੰਬਰ ਵਿਚ ਇਹ 7.6 ਫੀਸਦੀ ਸੀ।

ਇਸ ਤੋਂ ਇਲਾਵਾ ਅਮਰੀਕਾ ਵਿਚ ਐਚ1ਬੀ ਵੀਜ਼ੇ 'ਤੇ ਗਏ ਪਰਵਾਸੀਆਂ ਨੂੰ ਨਿੱਜੀ ਤਰਾਸਦੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਜੇ ਪਹਿਲੀ ਨੌਕਰੀ ਛੁਟ ਜਾਣ ਦੇ 60 ਦਿਨਾਂ ਦੇ ਅੰਦਰ ਅੰਦਰ ਉਹ ਕੋਈ ਬਦਲਵੀਂ ਨੌਕਰੀ ਪ੍ਰਾਪਤ ਕਰਨ ਵਿਚ ਕਾਮਯਾਬ ਨਹੀਂ ਹੁੰਦੇ ਤਾਂ ਉਨ੍ਹਾਂ ਨੂੰ ਵਾਪਸ ਭਾਰਤ ਆਉਣ ਦੇ ਖ਼ਤਰੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਰਿਜ਼ਰਵ ਬੈਂਕ ਦੇ ਗਵਰਨਰ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਨੇੜ ਭਵਿੱਖ ਵਿਚ ਭਾਰਤ ਨੂੰ ਇਕ ਨਵੇਂ ਵਿੱਤੀ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਇਹ ਸੰਕਟ ਦੇਸ਼ 'ਚ ਪ੍ਰਚੱਲਿਤ ਪੁਰਾਤਨ ਆਰਥਿਕ ਪ੍ਰਣਾਲੀ ਨੂੰ ਵੀ ਤਬਾਹ ਕਰ ਸਕਦਾ ਹੈ। ਇਸ ਪ੍ਰਣਾਲੀ ਦੀ ਰਚਨਾ ਹੀ ਇਸ ਲਈ ਕੀਤੀ ਗਈ ਸੀ ਕਿ ਭਵਿੱਖ 'ਚ ਕਿਸੇ ਸੰਭਾਵਿਤ ਖ਼ਤਰੇ ਤੋਂ ਬਚਣ ਲਈ ਇਸ ਨੂੰ ਢਾਲ ਵਜੋਂ ਵਰਤਿਆ ਜਾ ਸਕੇ, ਪਰ ਪ੍ਰਾਈਵੇਟ ਕ੍ਰਿਪਟੋ ਕਰੰਸੀ ਇਸ ਪ੍ਰਣਾਲੀ ਨੂੰ ਵੀ ਤਬਾਹ ਕਰਨ ਦੀ ਸਮਰੱਥਾ ਰੱਖਦੀ ਹੈ।

ਉਨ੍ਹਾਂ ਨੇ ਨਿੱਜੀ ਪੱਧਰ 'ਤੇ ਵਰਤੋਂ ਵਿਚ ਆ ਰਹੀ ਇਸ ਕ੍ਰਿਪਟੋ ਕਰੰਸੀ ਵੱਲ ਇਸ਼ਾਰਾ ਕਰਦਿਆਂ ਚਿਤਾਵਨੀ ਜਾਰੀ ਕੀਤੀ ਹੈ ਕਿ ਇਸ ਦਾ ਪ੍ਰਤੀਫਲ 100 ਫ਼ੀਸਦੀ ਦੜੇ-ਸੱਟੇ 'ਤੇ ਆਧਾਰਿਤ ਹੋ ਸਕਦਾ ਹੈ। ਇਹ ਸਥਿਤੀ ਦੇਸ਼ ਦੀ ਆਰਥਿਕਤਾ ਅਤੇ ਵਿੱਤੀ ਸਥਿਰਤਾ ਲਈ ਇਕ ਵੱਡਾ ਖ਼ਤਰਾ ਸਿੱਧ ਹੋ ਸਕਦੀ ਹੈ। ਗਵਰਨਰ ਨੇ ਆਪਣੀ ਚੁਣੌਤੀ ਅਤੇ ਚਿਤਾਵਨੀ ਦੀ ਪੁਸ਼ਟੀ ਕਰਦਿਆਂ ਪਿਛਲੇ ਇਕ ਸਾਲ ਦੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਕਾਰਨ ਅਮਰੀਕਾ ਵਿਚ ਐਫ.ਟੀ.ਐਕਸ. ਐਕਸਚੇਂਜ ਪੂਰੀ ਤਰ੍ਹਾਂ ਦੀਵਾਲੀਆ ਹੋ ਗਈ ਸੀ। ਇਸ ਕਿਰਿਆ ਨੂੰ ਅਮਰੀਕਾ ਦੇ ਇਤਿਹਾਸ ਦੀ ਇਕ ਸਭ ਤੋਂ ਵੱਡੀ ਧੋਖਾਧੜੀ ਕਰਾਰ ਦਿੱਤਾ ਗਿਆ ਸੀ। ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਅਜਿਹੀਆਂ ਘਟਨਾਵਾਂ ਦਾ ਦੁਹਰਾਓ ਆਉਣ ਵਾਲੇ ਸਮੇਂ 'ਚ ਭਾਰੀ ਵਿੱਤੀ ਸੰਕਟ ਦਾ ਸੰਕੇਤ ਹੋ ਸਕਦਾ ਹੈ, ਜਿਸ ਦਾ ਅਸਰ ਭਾਰਤ ਦੀ ਅਰਥ-ਵਿਵਸਥਾ 'ਤੇ ਪੈਣਾ ਲਾਜ਼ਮੀ ਹੈ।

ਰਿਜ਼ਰਵ ਬੈਂਕ ਦੇ ਗਵਰਨਰ ਨੇ ਦਾਅਵਾ ਕੀਤਾ ਕਿ ਬੇਸ਼ੱਕ ਦੇਸ਼ ਵਿਚ ਕੁਝ ਪੜਾਵਾਂ 'ਤੇ ਮਹਿੰਗਾਈ 'ਚ ਕਮੀ ਆਈ ਹੈ, ਪਰ ਇਸ ਦੇ ਬਾਵਜੂਦ ਉਨ੍ਹਾਂ ਵਿਆਜ ਦਰਾਂ ਦੇ ਮੋਰਚੇ 'ਤੇ ਰਾਹਤ ਨਾ ਦੇਣ ਦਾ ਐਲਾਨ ਕਰਦਿਆਂ ਕਿਹਾ ਸੀ ਕਿ ਖ਼ਤਰਾ ਹਾਲੇ ਟਲਿਆ ਨਹੀਂ ਹੈ। ਉਨ੍ਹਾਂ ਦੇਸ਼ ਦੀ ਮੁਦਰਾ ਨੀਤੀ 'ਤੇ ਸਮੇਂ ਤੋਂ ਪਹਿਲਾਂ ਰੋਕ ਲਗਾਉਣ ਨੂੰ ਇਕ ਨੀਤੀਗਤ ਗ਼ਲਤੀ ਕਰਾਰ ਦਿੱਤਾ, ਜਿਸ ਤੋਂ ਬਚਣ ਦਾ ਉਨ੍ਹਾਂ ਪ੍ਰਭਾਵਸ਼ਾਲੀ ਸੰਕੇਤ ਵੀ ਦਿੱਤਾ।

ਉਮੀਦ ਕਰਨੀ ਚਾਹੀਦੀ ਹੈ ਕਿ ਕੇਂਦਰ ਸਰਕਾਰ ਰਿਜ਼ਰਵ ਬੈਂਕ ਦੀ ਇਸ ਸੰਬੰਧੀ ਦਿੱਤੀ ਚਿਤਾਵਨੀ ਅਤੇ ਚੁਣੌਤੀਆਂ ਦੇ ਮੱਦੇਨਜ਼ਰ ਦੇਸ਼ ਦੇ ਆਮ ਲੋਕਾਂ ਦੀ ਬਿਹਤਰੀ ਲਈ ਕੋਈ ਸਹੀ ਫ਼ੈਸਲਾ ਲਵੇਗੀ।

***

## ਅੰਨ ਸੰਕਟ ਤੇ ਖੇਤੀ ਖੇਤਰ ਦਾ

ਚਾਵਲਾਂ ਦੀਆਂ ਕਿਸਮਾਂ (ਅਸ਼ੋਕਾ 2006 ਅਤੇ ਅਸ਼ੋਕਾ 228) ਦੀ ਖੋਜ ਉਹਨਾਂ ਦੀ ਟੀਮ ਵੱਲੋਂ ਕੀਤੀ ਗਈ ਸੀ।ਬਾਇਓਮੈਟਰਿਕਲ ਜੈਨੇਟਿਕਸ ਅਤੇ ਪਲਾਂਟ ਬਰੀਡਿੰਗ ਵਿਚ ਵਿਗਿਆਨਕ ਗਿਆਨ ਨੂੰ ਅੱਗੇ ਵਧਾਉਣ ਵਿਚ ਪ੍ਰੋਫੈਸਰ ਵਿਰਕ ਦੇ ਸਹਿਯੋਗ ਨੂੰ ਪੂਰੀ ਦੁਨੀਆ ਵਿਚ ਜਾਣਿਆ ਜਾਂਦਾ ਹੈ। ਉਨ੍ਹਾਂ ਨੇ 350 ਤੋਂ ਜ਼ਿਆਦਾ ਪੇਪਰ ਅਤੇ ਪਲਾਂਟ ਬਰੀਡਿੰਗ ਕਿਤਾਬਾਂ ਪਬਲਿਸ਼ ਕੀਤੀਆਂ। ਉਨ੍ਹਾਂ ਨੂੰ ਕਈ ਵਾਰ ਸਨਮਾਨਿਤ ਕੀਤਾ ਗਿਆ ਅਤੇ ਉਹ ਅੱਧੇ ਦਰਜਨ ਤੋਂ ਇਲਾਵਾ ਵਿਗਿਆਨਿਕ ਅਕੈਡਮੀਆਂ ਜਿਵੇਂ ਇੰਡੀਅਨ ਨੈਸ਼ਨਲ ਸਾਇੰਸ ਅਕੈਡਮੀ, ਨੈਸ਼ਨਲ ਅਕੈਡਮੀ ਆਫ ਐਗਰੀਕਲਚਰਲ ਸਾਇੰਸ, ਨੈਸ਼ਨਲ ਅਕੈਡਮੀ ਆਫ ਸਾਇੰਸ ਇੰਡੀਆ, ਰਾਇਲ ਸੋਸਾਇਟੀ ਆਫ ਬਾਇਓਲੋਜੀ ਆਦਿ ਦੇ ਮੈਂਬਰ ਹਨ। ਪੰਜਾਬ ਦੇ ਲਈ ਉਹ ਵੱਡਾ ਯੋਗਦਾਨ ਪਾ ਸਕਦੇ ਹਨ। ਮੈਂ ਇਸ ਮਾਹਿਰ ਨਾਲ ਲੰਬੀ ਇੰਟਰਵਿਊ ਕਰ ਚੁੱਕਾ ਹਾਂ। ਉਹ ਪੰਜਾਬ ਲਈ ਆਪਣਾ ਯੋਗਦਾਨ ਪਾਉਣ ਨੂੰ ਤਿਆਰ ਹਨ। ਪੰਜਾਬ ਦੀ ਬੇਰੁਜ਼ਗਾਰੀ ਸਿਰਫ ਖੇਤੀ ਇੰਡਸਟਰੀ ਹੀ ਦੂਰ ਕਰ ਸਕਦੀ ਹੈ।ਇਸ ਨਾਲ ਹੀ ਪੰਜਾਬ ਦੀ ਆਰਥਿਕਤਾ ਬਚਾਈ ਜਾ ਸਕਦੀ ਹੈ।ਪੰਜਾਬੀਆਂ ਤੇ ਪੰਜਾਬ ਸਰਕਾਰ ਨੂੰ ਵਾਘਾ ਬਾਰਡਰ ਖੋਲ੍ਹਣ ਲਈ ਕੇਂਦਰ ਸਰਕਾਰ ਉਪਰ ਦਬਾਅ ਬਣਾਉਣਾ ਚਾਹੀਦਾ ਹੈ ਤਾਂ ਜੋ ਵਪਾਰ ਨਾਲ ਪੰਜਾਬ ਦੀ ਅਰਥ ਵਿਵਸਥਾ ਮਜਬੂਤ ਹੋ ਸਕੇ।

***

## ਬੀਜੇਪੀ ਵੱਲੋਂ ਗ਼ੈਰਇਕਲਾਖੀ ਲੋਕਾਂ ਨੂੰ

ਹਨ ਕਿ ਉਨ੍ਹਾਂ ਦਾ ਖਰਚ ਇਨ੍ਹਾਂ ਉਤੇ ਨਹੀਂ ਪੈਂਦਾ। ਉਹ ਖਰਚ ਤਾਂ ਸਾਡੇ ਸਭਨਾਂ ਦੇ ਵੱਲੋਂ ਦਿੱਤੇ ਜਾਣ ਵਾਲੇ ਟੈਕਸ ਦੇ ਰੂਪ ਵਿਚ ਦਿੱਤੀ ਗਈ ਰਕਮ ਵਿਚੋਂ ਦਿੱਤਾ ਜਾਂਦਾ ਹੈ ਜੋ ਵਾਧੂ ਬੋਝ ਹੈ। ਇਨ੍ਹਾਂ ਨੂੰ ਪੰਜਾਬ ਪੁਲਿਸ ਦੇ ਸੁਰੱਖਿਆ ਗਾਰਡ ਦੇਣੇ ਚਾਹੀਦੇ ਹਨ ਜਿਸਦਾ ਖਰਚ ਇਨ੍ਹਾਂ ਨੂੰ ਨਿੱਜੀ ਤੌਰ 'ਤੇ ਦੇਣਾ ਪਵੇਗਾ। ਇਸ ਤਰ੍ਹਾਂ ਲੋਕਾਂ ਦੇ ਖਜ਼ਾਨੇ ਦੀ ਵੀ ਦੁਰਵਰਤੋਂ ਰੁਕ ਸਕੇਗੀ ਅਤੇ ਜਿਨ੍ਹਾਂ ਨੇ ਗੈਰ-ਕਾਨੂੰਨੀ ਢੰਗ ਨਾਲ ਮਾਇਆ ਦੇ ਭੰਡਾਰ ਇਕੱਤਰ ਕੀਤੇ ਹਨ, ਉਹ ਆਪਣੀ ਸੁਰੱਖਿਆ ਦਾ ਖਰਚ ਆਪ ਉਠਾਉਣ। ਉਨ੍ਹਾਂ ਆਸਟ੍ਰੇਲੀਆ, ਨਿਊ ਜੀਲੈਂਡ, ਬਰਤਾਨੀਆ ਵਰਗੇ ਜਮਹੂਰੀਅਤ ਪਸੰਦ ਮੁਲਕਾਂ ਦੀ ਉਦਾਹਰਨ ਦਿੰਦੇ ਹੋਏ ਕਿਹਾ ਕਿ ਉਥੋਂ ਦੇ ਐਮ.ਪੀ, ਸੈਨੇਟਰ, ਮੇਅਰ, ਕੌਂਸਲਰ ਆਪਣੇ ਨਾਲ ਕਦੇ ਵੀ ਸੁਰੱਖਿਆ ਨਹੀਂ ਰੱਖਦੇ। ਉਹ ਇਕੱਲੇ ਘੁੰਮਦੇ ਫਿਰਦੇ ਹਨ। ਕਿਉਂਕਿ ਉਨ੍ਹਾਂ ਨੇ ਇਨ੍ਹਾਂ ਆਗੂਆਂ ਦੀ ਤਰ੍ਹਾਂ ਹਕੂਮਤ ਸਮੇਂ ਆਪਣੇ ਖਜ਼ਾਨੇ ਭਰਨ ਜਾਂ ਗੈਰ ਕਾਨੂੰਨੀ ਕੰਮ ਕਰਕੇ ਜਾਇਦਾਦਾਂ ਨਹੀਂ ਬਣਾਈਆਂ ਹੁੰਦੀਆਂ। ਉਹ ਲੋਕਾਂ ਵਿਚ ਸਤਿਕਾਰੇ ਜਾਂਦੇ ਹਨ। ਫਿਰ ਅਜਿਹੇ ਚਿੱਟੇ ਹਾਥੀਆਂ ਉਤੇ ਲੋਕਾਂ ਦੇ ਪੈਸੇ ਰਾਹੀਂ ਲੋਕਾਂ ਉਤੇ ਬੋਝ ਪਾਉਣ ਦੇ ਅਮਲਾਂ ਨੂੰ ਕਿਸੇ ਤਰ੍ਹਾਂ ਵੀ ਦੁਰੱਸਤ ਨਹੀਂ ਕਿਹਾ ਜਾ ਸਕਦਾ।

## ਬੰਦੀ ਸਿੱਖ ਜਿਨ੍ਹਾਂ ਦੀ ਰਿਹਾਈ

ਲਖਵਿੰਦਰ ਸਿੰਘ ਲੱਖਾ ਬੁੜੈਲ ਜੇਲ੍ਹ ਵਿੱਚ ਬੰਦ ਹਨ। ਉਨ੍ਹਾਂ ਦਾ ਸਬੰਧ ਪਟਿਆਲਾ ਨਾਲ ਹੈ।

**ਭਾਈ ਗੁਰਮੀਤ ਸਿੰਘ-** ਲਖਵਿੰਦਰ ਸਿੰਘ ਲੱਖਾ ਵਾਂਗ ਪਟਿਆਲਾ ਦੇ ਵਸਨੀਕ ਗੁਰਮੀਤ ਸਿੰਘ ਬੇਅੰਤ ਸਿੰਘ ਕੇਸ ਵਿੱਚ 1995 ਤੋਂ ਬੁੜੈਲ ਜੇਲ੍ਹ ਵਿੱਚ ਹਨ। ਉਨ੍ਹਾਂ ਦੀ ਰਿਹਾਈ ਦਾ ਮਾਮਲਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਹੈ।

**ਭਾਈ ਸ਼ਮਸ਼ੇਰ ਸਿੰਘ-** ਬੇਅੰਤ ਸਿੰਘ ਕਤਲ ਕੇਸ ਵਿੱਚ ਹੀ ਸਜ਼ਾ ਕੱਟ ਰਹੇ ਸਮਸ਼ੇਰ ਸਿੰਘ 1995 ਤੋਂ ਬੁੜੈਲ ਜੇਲ੍ਹ ਵਿੱਚ ਹਨ।

**ਭਾਈ ਪਰਮਜੀਤ ਸਿੰਘ ਭਿਓਰਾ-** ਰੋਪੜ ਦੇ ਪਿੰਡ ਭਿਓਰਾ ਨਾਲ ਸੰਬੰਧਿਤ ਪਰਮਜੀਤ ਸਿੰਘ ਭਿਓਰਾ ਵੀ ਬੇਅੰਤ ਸਿੰਘ ਕਤਲ ਕਾਂਡ ਵਿੱਚ ਬੁੜੈਲ ਜੇਲ੍ਹ ਵਿੱਚ ਹਨ।1997 -2004 ਤੋਂ ਬੁੜੈਲ ਜੇਲ੍ਹ ਵਿੱਚ ਰਹੇ ਅਤੇ ਉਸ ਤੋਂ ਬਾਅਦ ਜੇਲ੍ਹ ਤੋੜ ਕੇ ਫਰਾਰ ਹੋ ਗਏ। 2006 ਵਿੱਚ ਉਨ੍ਹਾਂ ਨੂੰ ਮੁੜ ਗ੍ਰਿਫ਼ਤਾਰ ਕੀਤਾ ਗਿਆ ਇਸ ਤੋਂ ਬਾਅਦ ਹੁਣ ਤੱਕ ਉਹ ਬੁੜੈਲ ਜੇਲ੍ਹ ਵਿੱਚ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੋਸਟਰਾਂ ਉੱਪਰ ਨਜ਼ਰ ਆਉਣ ਵਾਲੇ 9 ਚਿਹਰਿਆਂ ਤੋਂ ਇਲਾਵਾ ਹੋਰ ਵੀ ਕਈ ਸਿੱਖ ਜੇਲ੍ਹਾਂ ਵਿੱਚ ਹਨ। ਸਤਨਾਮ ਸਿੰਘ, ਦਿਆਲ ਸਿੰਘ ਅਤੇ ਬੂਟਾ ਸਿੰਘ ਉੱਤਰ ਪ੍ਰਦੇਸ਼ ਦੀ ਮੁਰਾਦਾਬਾਦ ਜੇਲ੍ਹ ਵਿਖੇ ਬੰਦ ਹਨ ਅਤੇ ਉਨ੍ਹਾਂ ਉੱਪਰ ਟਾਡਾ ਸਮੇਤ ਕਈ ਕੇਸ ਸਨ। ਇਹ ਮਾਮਲਾ ਸੁਪਰੀਮ ਕੋਰਟ ਵਿੱਚ ਹੈ। ਇਹ ਤਿੰਨੇ ਕੈਦੀ ਤਕਰੀਬਨ 9 ਸਾਲ ਤੋਂ ਜੇਲ੍ਹ ਵਿੱਚ ਹਨ। ਜਗਮੋਹਨ ਸਿੰਘ ਤਕਰੀਬਨ 9 ਸਾਲਾਂ ਤੋਂ ਰਾਜਸਥਾਨ ਦੀ ਜੋਧਪੁਰ ਜੇਲ੍ਹ ਵਿਖੇ ਕੈਦ ਹਨ ਅਤੇ ਉਨ੍ਹਾਂ ਦਾ ਮਾਮਲਾ ਰਾਜਸਥਾਨ ਹਾਈਕੋਰਟ ਵਿਖੇ ਹੈ। ਉਨ੍ਹਾਂ ਦਾ ਸੰਬੰਧ ਪੰਜਾਬ ਦੇ ਫਤਿਹਗੜ੍ਹ ਸਾਹਿਬ ਤੋਂ ਹੈ।

ਇਸ ਤੋਂ ਇਲਾਵਾ ਜਸਵੰਤ ਸਿੰਘ, ਗੁਰਪ੍ਰੀਤ ਸਿੰਘ, ਜਸਪ੍ਰੀਤ ਸਿੰਘ, ਸੁਰਜੀਤ ਸਿੰਘ, ਰਣਜੀਤ ਸਿੰਘ, ਕੁਲਵੀਰ ਸਿੰਘ ਅਤੇ ਰਵਿੰਦਰ ਸਿੰਘ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਹਨ।

ਦੋ ਸਿੱਖ ਕੈਦੀ ਹਰਨੇਕ ਸਿੰਘ ਅਤੇ ਦਇਆ ਸਿੰਘ ਲਾਹੌਰੀਆ 2021 ਤੋਂ ਪਰਮਾਨੈਂਟ ਪੈਰੋਲ ’ਤੇ ਹਨ।

2019 ਵਿੱਚ ਭਾਰਤ ਸਰਕਾਰ ਵੱਲੋਂ ਗੁਰੂ ਨਾਨਕ ਜੀ ਦੇ 550ਵੇਂ ਪ੍ਰਕਾਸ਼ ਪੁਰਬ ’ਤੇ ਅੱਠ ਸਿੱਖ ਕੈਦੀਆਂ ਦੀ ਰਿਹਾਈ ਅਤੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦੀ ਨੋਟੀਫਿਕੇਸ਼ਨ ਜਾਰੀ ਕੀਤੀ ਗਈ ਸੀ। ਇਨ੍ਹਾਂ 8 ਕੈਦੀਆਂ ਵਿੱਚ ਲਾਲ ਸਿੰਘ, ਦਵਿੰਦਰਪਾਲ ਸਿੰਘ ਭੁੱਲਰ, ਸੁਬੇਗ ਸਿੰਘ,ਨੰਦ ਸਿੰਘ, ਹਰਜਿੰਦਰ ਸਿੰਘ, ਵਰਿਆਮ ਸਿੰਘ, ਗੁਰਮੀਤ ਸਿੰਘ ਖੇੜਾ ਅਤੇ ਬਲਬੀਰ ਸਿੰਘ ਦਾ ਨਾਮ ਸ਼ਾਮਿਲ ਸਨ। ਭਾਰਤ ਸਰਕਾਰ ਵੱਲੋਂ ਜਿਨ੍ਹਾਂ ਨੂੰ ਕਾਨੂੰਨੀ ਕਾਰਵਾਈ ਤੋਂ ਬਾਅਦ ਰਿਹਾਅ ਕੀਤਾ ਗਿਆ ਹੈ ਉਨ੍ਹਾਂ ਵਿੱਚ ਨੰਦ ਸਿੰਘ, ਸੁਬੇਗ ਸਿੰਘ, ਬਲਬੀਰ ਸਿੰਘ, ਹਰਜਿੰਦਰ ਸਿੰਘ ਅਤੇ ਲਾਲ ਸਿੰਘ ਸ਼ਾਮਲ ਹਨ।

***

## ਭਾਈ ਹਵਾਰਾ : ਬਾਲੀਬਾਲ ਦੇ ਖਿਡਾਰੀ

ਪਿਛਲੇ ਸਾਲ ਮੌਤ ਹੋ ਚੁੱਕੀ ਹੈ ਅਤੇ ਇੱਕ ਚਾਚਾ ਕੁਲਦੀਪ ਸਿੰਘ ਵਿਦੇਸ਼ ਰਹਿੰਦਾ ਹੈ। ਹਵਾਰਾ ਦਾ ਭਰਾ ਅਤੇ ਭਰਜਾਈ ਵੀ ਇਥੇ ਨਹੀਂ ਰਹਿੰਦੇ। ਉਨ੍ਹਾਂ ਦਾ ਮਕਾਨ ਬਿਲਕੁਲ ਖਾਲੀ ਪਿਆ ਹੈ।ਮੱਘਰ ਸਿੰਘ ਦੱਸਦੇ ਹਨ, ‘ਇਨ੍ਹਾਂ ਦਾ ਪਰਿਵਾਰ ਆਰਥਿਕ ਤੌਰ ਉਪਰ ਵਧੀਆ ਹਾਲਤ ਵਿੱਚ ਸੀ। ਉਸ ਦੇ ਬਾਬੇ ਚਾਰ ਭਰਾ ਸਨ, ਜਿਨ੍ਹਾਂ ਵਿੱਚੋਂ ਦੋ ਇਕੱਠੇ ਰਹਿੰਦੇ ਸਨ। ਉਹਨਾਂ ਕੋਲ 20 ਏਕੜ ਜ਼ਮੀਨ ਸੀ ਅਤੇ ਪਰਿਵਾਰ ਦਾ ਚੰਗਾ ਗੁਜ਼ਾਰਾ ਹੁੰਦਾ ਸੀ। ਉਸ ਦੇ ਦਾਦੇ ਨੂੰ ਪਿੰਡ ਵਿੱਚ ਠੇਕੇਦਾਰ ਕਹਿੰਦੇ ਸਨ।

***

## ਯੂਕਰੇਨ ਜੰਗ ਭੜਕਾਉਣ ਦਾ ਸਭ ਤੋਂ ਮਾੜਾ ਨਤੀਜਾ

ਜੰਗਾਂ ਵੱਲ ਧੱਕਦੀ ਹੈ। ਇਸ ਵੇਲੇ ਦੁਨੀਆ ਦੇ ਹਾਲਾਤ ਵੱਧ ਤੋਂ ਵੱਧ ਇਸੇ ਕਿਸਮ ਦੇ ਬਣ ਰਹੇ ਹਨ।ਜੇ ਪਿਛਲੇ ਕੁਝ ਮਹੀਨਿਆਂ ਦੀ ਹੀ ਗੱਲ ਕਰਨੀ ਹੋਵੇ ਤਾਂ ਯੂਰਪ ਦੇ ਦੋ ਵੱਡੇ ਮੁਲਕਾਂ ਇਟਲੀ ਤੇ ਸਵੀਡਨ ਵਿਚ ਸੱਜੇ-ਪੱਖੀ ਪਾਰਟੀਆਂ ਚੋਣਾਂ ਜਿੱਤ ਕੇ ਸੱਤਾ ਵਿਚ ਆਈਆਂ ਹਨ। ਇਟਲੀ ਦੀ ਨਵੀਂ ਬਣੀ ਪ੍ਰਧਾਨ ਮੰਤਰੀ ਜਾਰਜੀਆ ਮੇਲੋਨੀ ਖੁੱਲ੍ਹੇਆਮ ਇਟਲੀ ਦੇ ਫਾਸ਼ੀਵਾਦੀ ਤਾਨਾਸ਼ਾਹ ਰਹੇ ਮੁਸੋਲਿਨੀ ਦੀ ਹਮਾਇਤ ਕਰਦੀ ਹੈ ਤੇ ਯੂਕਰੇਨ ਜੰਗ ਨੂੰ ਇਟਲੀ ਦੀ ਹਮਾਇਤ ਜਾਰੀ ਰੱਖਣ ਦਾ ਐਲਾਨ ਕਰ ਚੁੱਕੀ ਹੈ। ਇਸੇ ਤਰ੍ਹਾਂ ‘ਸਮਾਜਵਾਦ’ ਦੇ ਅਖੌਤੀ ਮਾਡਲ ਵਜੋਂ ਪ੍ਰਚਾਰੇ ਜਾਂਦੇ ਸਵੀਡਨ ਵਿਚ ਵੀ ਸਤੰਬਰ ਚੋਣਾਂ ਵਿਚ ਪਰਵਾਸੀ ਵਿਰੋਧੀ ਸੱਜ-ਪਿਛਾਖੜੀ ਪਾਰਟੀ ‘ਸਵੀਡਨ ਜਮਹੂਰੀਅਤ ਪਸੰਦ’ ਪਈਆਂ ਵੋਟਾਂ ਦਾ 50% ਹਾਸਲ ਕਰ ਕੇ ਸਰਕਾਰ ਬਣਾਉਣ ਵਿਚ ਕਾਮਯਾਬ ਹੋਈ ਹੈ। ਇਟਲੀ ਅਤੇ ਸਵੀਡਨ ਵਿਚ ਸੱਜ-ਪਿਛਾਖੜੀਆਂ ਦੀ ਜਿੱਤ ਯੂਰੋਪ ਦੇ ਵੱਖ ਵੱਖ ਮੁਲਕਾਂ ਵਿਚ ਪਿਛਲੇ ਕੁਝ ਸਾਲਾਂ ਤੋਂ ਹਾਵੀ ਹੋ ਰਹੀਆਂ ਸੱਜੇ-ਪੱਖੀ ਤਾਕਤਾਂ ਦੀ ਹੀ ਲਗਾਤਾਰਤਾ ਹੈ।

ਅੰਧ ਮਹਾਂਸਾਗਰ ਦੇ ਪਰਲੇ ਪਾਸੇ ਅਮਰੀਕਾ ਵਿਚ ਵੀ ਹਾਕਮ ਯੂਕਰੇਨ ਜੰਗ ਦੇ ਬਹਾਨੇ ਜੰਗੀ ਜਨੂਨ ਨੂੰ ਉਕਸਾ ਰਿਹਾ ਹੈ। ਸਰਮਾਏਦਾਰਾ ਪ੍ਰਬੰਧ ਦੇ ਖ਼ੂੰਖਾਰ ਹੁੰਦੇ ਖਾਸੇ ਦੀ ਸਭ ਤੋਂ ਉੱਘੜਵੀਂ ਤਸਵੀਰ ਯੂਕਰੇਨ ਜੰਗ ਹੈ। ਆਪਣੇ ਸਾਮਰਾਜੀ ਹਿੱਤਾਂ ਕਾਰਨ ਦੁਨੀਆ ਦੀਆਂ ਇਨ੍ਹਾਂ ਵੱਡੀਆਂ ਤਾਕਤਾਂ ਨੇ ਮਨੁੱਖਤਾ ਨੂੰ ਨਵੀਂ ਮਾਰੂ ਜੰਗ ਵਿਚ ਝੋਕ ਦਿੱਤਾ ਹੈ ਤੇ ਇਸ ਤੋਂ ਵੱਡੀ ਜੰਗ ਦੀ ਤਿਆਰੀ ਕੀਤੀ ਜਾ ਰਹੀ ਹੈ। ਯੂਕਰੇਨ ਜੰਗ ਕਾਰਨ ਵੱਡੀ ਪੱਧਰ ’ਤੇ ਹੋਏ ਜਾਨੀ ਤੇ ਮਾਲੀ ਨੁਕਸਾਨ ਦੇ ਬਾਵਜੂਦ ਪੱਛਮੀ ਮੁਲਕ ਯੂਕਰੇਨ ਮਸਲੇ ਨੂੰ ਗੱਲਬਾਤ ਰਾਹੀਂ ਸੁਲਝਾਉਣ ਦੀ ਥਾਂ ਯੂਕਰੇਨ ਸਰਕਾਰ ਨੂੰ ਹਥਿਆਰਾਂ ਦੀਆਂ ਨਵੀਆਂ ਖੇਪਾਂ ਭੇਜ ਰਹੇ ਹਨ। ਯੂਕੇ ਦੇ ਨਵੇਂ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ ਆਪਣੇ ਚੁਣੇ ਜਾਣ ਦੇ ਕੁਝ ਦਿਨਾਂ ਮਗਰੋਂ ਹੀ ਯੂਕਰੇਨ ਦਾ ਦੌਰਾ ਕਰ ਕੇ ਜੰਗ ਲਈ ਯੂ.ਕੇ. ਤਰਫ਼ੋਂ ਹੋਰ ਹਮਾਇਤ ਦਾ ਪੱਕਾ ਭਰੋਸਾ ਦਿੱਤਾ। ਇਸੇ ਤਰ੍ਹਾਂ ਅਮਰੀਕਾ ਵੀ ਯੂਕਰੇਨ ਨੂੰ ਲਗਾਤਾਰ ਹਥਿਆਰ ਭੇਜ ਰਿਹਾ ਹੈ।

ਸਰਮਾਏਦਾਰਾ ਹਾਕਮਾਂ ਵੱਲੋਂ ਯੂਕਰੇਨ ਜੰਗ ਭੜਕਾਉਣ ਦਾ ਸਭ ਤੋਂ ਮਾੜਾ ਨਤੀਜਾ ਪੱਛਮ, ਖਾਸਕਰ ਯੂਰੋਪ ਦੇ ਕਿਰਤੀਆਂ ’ਤੇ ਪੈ ਰਿਹਾ ਹੈ। ਯੂਕਰੇਨ ਜੰਗ ਤੋਂ ਬਾਅਦ ਹੋਰ ਤੇਜ਼ ਹੋਈ ਊਰਜਾ ਤੇ ਹੋਰ ਬੁਨਿਆਦੀ ਵਸਤਾਂ ਦੀ ਮਹਿੰਗਾਈ ਕਾਰਨ ਪੱਛਮ ਵਿਚ ਕਰੋੜਾਂ ਲੋਕ ਇਨ੍ਹਾਂ ਸਹੂਲਤਾਂ ਤੋਂ ਵਾਂਝੇ ਹੋ ਗਏ ਹਨ। ਪੱਛਮ ਦੇ ਕਿਰਤੀ ਲੋਕ ਸਰਕਾਰਾਂ ਦੀ ਜੰਗੀ ਜਨੂਨ ਵਾਲ਼ੀ ਸਿਆਸਤ ਨੂੰ ਸਮਝਦੇ ਹੋਏ ਇਸ ਖਿਲਾਫ ਜੱਥੇਬੰਦ ਹੋ ਰਹੇ ਹਨ। ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਅਤੇ ਯੂਕਰੇਨ ਜੰਗ ਵਿਚ ਸ਼ਮੂਲੀਅਤ ਖਿਲਾਫ ਜੱਥੇਬੰਦ ਹੋ ਰਹੇ ਸੰਘਰਸ਼ ਦਾ ਕੇਂਦਰ ਇਸ ਵੇਲੇ ਯੂਰਪ ਹੈ। ਤਿੰਨ-ਚਾਰ ਮਹੀਨਿਆਂ ਵਿਚ ਯੂਰੋਪ ਦਾ ਸ਼ਾਇਦ ਹੀ ਕੋਈ ਅਜਿਹਾ ਮੁਲਕ ਹੋਵੇ ਜਿੱਥੇ ਮਹਿੰਗਾਈ ਤੇ ਯੂਕਰੇਨ ਜੰਗ ਵਿਰੋਧੀ ਵੱਡੇ ਵੱਡੇ ਮੁਜ਼ਾਹਰੇ ਜੱਥੇਬੰਦ ਨਾ ਹੋਏ ਹੋਣ। ਜਰਮਨੀ, ਫਰਾਂਸ, ਸਪੇਨ, ਇਟਲੀ, ਆਸਟਰੀਆ, ਹੰਗਰੀ ਆਦਿ ਹਰ ਛੋਟੇ-ਵੱਡੇ ਮੁਲਕ ਵਿਚ ਦਹਿ-ਹਜ਼ਾਰਾਂ ਦੇ ਇਕੱਠ ਯੂਰਪ ਦੀ ਜੱਥੇਬੰਦ ਹੋ ਰਹੀ ਮਜ਼ਦੂਰ ਜਮਾਤ ਦਾ ਸ਼ੁਭ ਸੰਕੇਤ ਦਿੰਦੇ ਹਨ। ਯੂ.ਕੇ. ਵਿਚ ਤਾਂ ਹਾਲਾਤ ਹੋਰ ਵੀ ਸਪੱਸ਼ਟ ਹੈ ਜਿੱਥੇ ਸਿੱਧਮ-ਸਿੱਧਾ ਮਜ਼ਦੂਰ ਜਮਾਤ ਦੀ ਅਗਵਾਈ ਵਿਚ ਵੱਡੀਆਂ ਹੜਤਾਲਾਂ ਜੱਥੇਬੰਦ ਕੀਤੀਆਂ ਜਾ ਰਹੀਆਂ ਹਨ। ਪਿਛਲੇ ਡੇਢ-ਦੋ ਮਹੀਨੇ ਵਿਚ ਹੀ ਰੇਲ ਮਜ਼ਦੂਰਾਂ ਤੇ ਨਰਸਾਂ ਦੀ ਹੜਤਾਲ ਕਾਮਯਾਬੀ ਨਾਲ ਜੱਥੇਬੰਦ ਕੀਤੀ ਗਈ। ਆਉਂਦੇ ਮਹੀਨਿਆਂ ਵਿਚ ਹੋਰਾਂ ਖੇਤਰਾਂ ਦੇ ਮਜ਼ਦੂਰਾਂ ਦੇ ਵੀ ਰਿਸ਼ੀ ਸੂਨਕ ਖਿਲਾਫ ਸੰਘਰਸ਼ ਦਾ ਰਾਹ ਅਖ਼ਤਿਆਰ ਕਰਨ ਦੇ ਸੰਕੇਤ ਮਿਲ ਰਹੇ ਹਨ।ਪੱਛਮ ਵਿਚ ਜੱਥੇਬੰਦ ਹੋ ਰਹੇ ਸਰਕਾਰ ਵਿਰੋਧੀ ਮੁਜ਼ਾਹਰੇ ਦੋ ਪੱਖਾਂ ਤੋਂ ਅਹਿਮ ਹਨ। ਪਹਿਲਾ ਇਹ ਕਿ ਇਨ੍ਹਾਂ ਮੁਜ਼ਾਹਰਿਆਂ ਵਿਚ ਮਜ਼ਦੂਰ ਜਮਾਤ ਦੇ ਹੇਠਲੇ ਹਿੱਸੇ ਮੋਹਰੀ ਭੂਮਿਕਾ ਅਦਾ ਕਰ ਰਹੇ ਹਨ; ਯੂ.ਕੇ. ਦੇ ਮਾਮਲੇ ਵਿਚ ਤਾਂ ਸਨਅੱਤੀ ਮਜ਼ਦੂਰ ਜਮਾਤ ਮੋਹਰੀ ਬਣੀ ਹੋਈ ਹੈ। ਦੂਸਰਾ, ਮਹਿੰਗਾਈ ਘਟਾਉਣ ਤੇ ਦਿਹਾੜੀ ਵਧਾਉਣ ਜਿਹੀਆਂ ਆਰਥਿਕ ਮੰਗਾਂ ਤੋਂ ਬਿਨਾ ਯੂਰਪ ਦੇ ਇਨ੍ਹਾਂ ਮੁਜ਼ਾਹਰਿਆਂ ਵਿਚ ਯੂਕਰੇਨ ਜੰਗ ਖਿਲਾਫ ਰੋਸ ਕੇਂਦਰ ਬਿੰਦੂ ਹੈ। ਲੋਕ ਆਪੋ-ਆਪਣੀਆਂ ਸਰਕਾਰਾਂ ਤੋਂ ਅਮਰੀਕੀ ਅਗਵਾਈ ਵਿਚ ਨਾਟੋ ਵੱਲੋਂ ਥੋਪੀ ਯੂਕਰੇਨ ਜੰਗ ਤੋਂ ਬਾਹਰ ਨਿੱਕਲਣ ਦੀ ਮੰਗ ਕਰ ਰਹੇ ਹਨ। ਯੂਰਪ ਭਰ ਦੇ ਕਿਰਤੀ ਇਸ ਮੰਗ ਲਈ ਚੇਤੰਨ ਹੋ ਰਹੇ ਹਨ ਕਿ ਜੰਗ ਦਾ ਸਭ ਤੋਂ ਵੱਧ ਨੁਕਸਾਨ ਉਨ੍ਹਾਂ ਨੂੰ ਹੀ ਭੁਗਤਣਾ ਪੈ ਰਿਹਾ ਹੈ।

***

## ਹਾਕੀ ਵਿਸ਼ਵ ਕੱਪ ਵਿਚ ਹਰਮਨਪ੍ਰੀਤ

ਸਾਡੀ ਟੀਮ ਵਿੱਚ ਕਈ ਚੰਗੇ ਖਿਡਾਰੀ ਹਨ।’ ਸਾਲ 2004 ਵਿੱਚ ਪਦਮਸ਼੍ਰੀ ਹਾਸਲ ਕਰਨ ਵਾਲੇ ਟਿਰਕੀ ਨੇ ਕਿਹਾ, ‘ਮੈਂ ਆਪਣਾ ਪਹਿਲਾ ਵਿਸ਼ਵ ਕੱਪ 1998 ਵਿੱਚ ਖੇਡਿਆ ਸੀ। ਇਹ ਮੇਰੇ ਲਈ ਬੇਹੱਦ ਸਨਮਾਨ ਦੀ ਗੱਲ ਹੈ ਕਿ ਮੈਂ ਵਿਸ਼ਵ ਕੱਪ ਟੀਮ ਦਾ ਹਿੱਸਾ ਸੀ। ਭਾਰਤੀ ਟੀਮ ਦੀ ਕਪਤਾਨੀ ਕਰਨਾ ਵੀ ਸ਼ਾਨਦਾਰ ਤਜਰਬਾ ਰਿਹਾ।’

**

## ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ

ਜੁਡੀਸ਼ੀਅਲ ਮੈਜਿਸਟ੍ਰੇਟ ਦੇ ਸਾਹਮਣੇ ਪੇਸ਼ ਨਹੀਂ ਕੀਤਾ ਗਿਆ, ਸਗੋਂ ਪੁਲਿਸ ਦੀ ਗੱਡੀ ਵਿਚ ਬਾਹਰ ਬਿਠਾ ਦਿੱਤਾ ਗਿਆ। ਹਾਲਾਂਕਿ, ਜੁਡੀਸ਼ੀਅਲ ਮੈਜਿਸਟਰੇਟ ਨੇ ਰਿਕਾਰਡ ’ਤੇ ਕਿਹਾ ਹੈ ਕਿ ਉਹ ਕੁਮਾਰ ਨੂੰ ਮਿਲਿਆ ਸੀ ਅਤੇ ਕੁਮਾਰ ਨੇ ਪੁਲਿਸ ਦੁਆਰਾ ਕਿਸੇ ਵੀ ਸਰੀਰਕ ਛੇੜਛਾੜ ਦੀ ਸ਼ਿਕਾਇਤ ਨਹੀਂ ਕੀਤੀ ਸੀ। ਇਹ ਵੀ ਕਿਹਾ ਗਿਆ ਹੈ, ‘ਇੱਥੋਂ ਤੱਕ ਕਿ ਵੀ ਨੇ ਕਾਮਰਾਨ, ਜੋ ਉਸ ਸਮੇਂ ਜੇ.ਐਮ.ਆਈ.ਸੀ. (ਸੋਨੀਪਤ) ਵਜੋਂ ਤਾਇਨਾਤ ਸੀ, ਨੇ ਵੀ ਆਪਣੀ ਡਿਊਟੀ ਉਸ ਤਰ੍ਹਾਂ ਨਹੀਂ ਨਿਭਾਈ ਜਿਸ ਤਰ੍ਹਾਂ ਉਸ ਤੋਂ ਉਮੀਦ ਕੀਤੀ ਜਾਂਦੀ ਸੀ।’ ਬਿਆਨਾਂ ਵਿੱਚ ਤਸ਼ੱਦਦ ਦੇ ਹੈਰਾਨ ਕਰਨ ਵਾਲੇ ਵੇਰਵੇ ਹਨ। ਸ਼ਿਵ ਕੁਮਾਰ ਅਨੁਸਾਰ ਪੁਲਿਸ ਰਿਮਾਂਡ ਦੌਰਾਨ ਉਸ ਨੂੰ ‘ਚਮਾਰ’ ਵਰਗੀਆਂ ਜਾਤੀਵਾਦੀ ਗਾਲ੍ਹਾਂ ਦੀ ਵਰਤੋਂ ਕਰਕੇ ਤਸੀਹੇ ਦਿੱਤੇ ਗਏ ਅਤੇ ਪਖਾਨੇ ਸਾਫ਼ ਕਰਨ ਲਈ ਕਿਹਾ ਗਿਆ। ਇਸ ਤੋਂ ਇਲਾਵਾ ਹਰਿਆਣਾ ਪੁਲਿਸ ਦੇ ਅਧਿਕਾਰੀਆਂ ਨੇ ਉਸ ’ਤੇ ਥੁੱਕਿਆ, ਉਸ ਨੂੰ ਆਪਣੇ ਹੱਥ-ਪੈਰ ਉੱਬਲਦੇ ਪਾਣੀ ਵਿਚ ਪਾਉਣ ਲਈ ਕਿਹਾ ਗਿਆ ਅਤੇ ਹਾਈ ਪ੍ਰੈਸ਼ਰ ਪਾਈਪਲਾਈਨ ਰਾਹੀਂ ਪਾਣੀ ਉਸ ਦੇ ਚਿਹਰੇ ’ਤੇ ਸੁੱਟਿਆ ਗਿਆ। ਜਾਂਚ ਰਿਪੋਰਟ ਵਿਚ ਕਿਹਾ ਗਿਆ ਹੈ, ‘ਹਿਰਾਸਤ ਦੌਰਾਨ ਸੀਆਈਏ (ਹਰਿਆਣਾ ਦੀ ਅਪਰਾਧ ਜਾਂਚ ਏਜੰਸੀ) ਦੇ ਏਐਸਆਈ ਜੈ ਭਗਵਾਨ ਨੇ ਉਸ ਨੂੰ ਵਾਲਾਂ ਤੋਂ ਫੜ ਲਿਆ ਅਤੇ ਸੀਆਈਏ ਦੇ ਦੋ ਹੋਰ ਵਿਅਕਤੀਆਂ ਨੇ ਉਸ ਦੀ ਦੋਵੇਂ ਲੱਤ ਫੜ ਲਈਆਂ ਅਤੇ ਉਸ ਨੂੰ ਉਲਟ ਦਿਸ਼ਾਵਾਂ ਵੱਲ ਖਿੱਚਣਾ ਸ਼ੁਰੂ ਕਰ ਦਿੱਤਾ। ਇੰਸਪੈਕਟਰ ਰਵੀ ਕੁਮਾਰ ਅਤੇ ਮਨਦੀਪ ਉਸ ਦੇ ਪੱਟਾਂ ’ਤੇ ਖੜ੍ਹੇ ਸਨ ਅਤੇ ਉਹ ਉਲਟ ਦਿਸ਼ਾਵਾਂ ਵਿਚ ਦਬਾਅ ਵੀ ਪਾ ਰਹੇ ਸਨ। ਸ਼ਿਵ ਕੁਮਾਰ ਨੇ ਬਿਆਨ ਵਿਚ ਕਿਹਾ ਸੀ ਕਿ ਜਦੋਂ ਉਸ ਨੂੰ ਖ਼ੂਨ ਵਹਿ ਰਿਹਾ ਸੀ ਤਾਂ ਵੀ ਉਸ ਦੀ ਮਦਦ ਨਹੀਂ ਕੀਤੀ ਗਈ ਸੀ। ਕਾਰਕੁਨ ਸ਼ਿਵ ਨੇ ਰਿਕਾਰਡ ’ਤੇ ਇਹ ਵੀ ਕਿਹਾ ਹੈ ਕਿ 28 ਜਨਵਰੀ ਤੋਂ 31 ਜਨਵਰੀ, 2021 ਤੱਕ ਉਸ ਨੂੰ ਐਸਆਈ ਸ਼ਮਸ਼ੇਰ ਸਿੰਘ ਦੋ ਹੋਰ ਪੁਲਿਸ ਮੁਲਾਜ਼ਮਾਂ ਨਾਲ ਪਾਣੀਪਤ ਅਤੇ ਹਰਿਦੁਆਰ ਲੈ ਗਿਆ ਸੀ। ਦੋਵਾਂ ਥਾਵਾਂ ’ਤੇ ਕੁਮਾਰ ਨੂੰ ਹੱਥਕੜੀਆਂ ਲਾ ਕੇ ਇਕ ਕਮਰੇ ਵਿਚ ਬੈੱਡ ਨਾਲ ਬੰਨ੍ਹ ਕੇ ਰੱਖਿਆ ਗਿਆ ਸੀ ਅਤੇ ਪੁਲਿਸ ਵਾਲੇ ਸ਼ਰਾਬ ਪੀ ਰਹੇ ਸਨ। ਇਸ ਮਾਮਲੇ ਦੀ ਇਹ ਪਹਿਲੀ ਨਿਆਂਇਕ ਜਾਂਚ ਰਿਪੋਰਟ ਹੈ, ਜੋ ਸ਼ਿਵ ’ਤੇ ਤਸ਼ੱਦਦ ਵਿਚ ਮੈਜਿਸਟ੍ਰੇਟ, ਡਾਕਟਰਾਂ ਅਤੇ ਇੰਸਪੈਕਟਰਾਂ ਦੀ ਸ਼ਮੂਲੀਅਤ ਨੂੰ ਸਾਬਤ ਕਰਦੀ ਹੈ।

***

## ਭਾਰਤੀ ਮੀਡੀਆ ਨੂੰ ਨਿਗਲ ਰਹੇ

ਵਜੋਂ, 1983 ਵਿੱਚ, 90 ਪ੍ਰਤੀਸ਼ਤ ਅਮਰੀਕੀ ਮੀਡੀਆ ਉਪਰ 50 ਕੰਪਨੀਆਂ ਦੀ ਮਲਕੀਅਤ ਸੀ। ਅਤੇ 2011 ਆਉਣ ਤੱਕ ਇਹੀ 90 ਫ਼ੀਸਦੀ ਹਿੱਸਾ ਸਿਰਫ਼ 6 ਕੰਪਨੀਆਂ ਦੇ ਕਬਜ਼ੇ ਵਿੱਚ ਰਹਿ ਗਿਆ ਹੈ। ਭਾਰਤ ਵਿੱਚ, ਮੀਡੀਆ ਵਿੱਚ ਅਜ਼ਾਦ ਵਿਚਾਰ ਤੇ ਵਿਭਿੰਨਤਾ ਦੇ ਬਣਨ ਤੋਂ ਪਹਿਲਾਂ ਹੀ ਇਸ ਕਿਸਮ ਦੀ ਸਰਕਾਰੀ ਇਕਸੁਰਤਾ ਸ਼ੁਰੂ ਹੋ ਗਈ ਹੈ। ਐਨਡੀਟੀਵੀ ਉਪਰ ਕਾਰਪੋਰੇਟ ਦਾ ਕਬਜ਼ਾ ਇਸ ਗਲ ਦੀ ਉਦਾਹਰਣ ਹੈ। ਇਹ ਚੈਨਲ ਮੋਦੀ ਨੂੰ ਖ਼ੁਸ਼ ਕਰਨ ਵਾਲੇ ਚੈਨਲਾਂ ਦੀ ਬਹੁਤਾਤ ਦੇ ਵਿਚਾਲੇ ਇੱਕ ਰੁਕਾਵਟ ਸੀ, ਇਸ ਤੋਂ ਇਲਾਵਾ, ਜਿਵੇਂ ਕਿ ਅਡਾਨੀ ਸਮੂਹ ਮੀਡੀਆ ਖੇਤਰ ਵਿਚ ਆਪਣੀ ਸਥਿਤੀ ਮਜ਼ਬੂਤ ਕਰਦਾ ਹੈ, ਇਸ ਦਾ ਸਾਹਮਣਾ ਪਹਿਲਾਂ ਤੋਂ ਮਜ਼ਬੂਤ ਅੰਬਾਨੀ ਸਮੂਹ ਨਾਲ ਹੋਵੇਗਾ। ਹਰ ਭਾਰਤੀ ਨਾਗਰਿਕ ਦੇ ਜੀਵਨ ’ਤੇ ਇਸ ਸਮੂਹ ਦਾ ਪ੍ਰਭਾਵ ਕਿਸੇ ਇੱਕ ਅਖ਼ਬਾਰ ਜਾਂ ਕਿਸੇ ਇੱਕ ਚੈਨਲ ਦੇ ਪ੍ਰਭਾਵ ਨਾਲੋਂ ਕਿਤੇ ਵੱਧ ਹੈ। ਇਸ ਨੂੰ ਰਿਲਾਇੰਸ ਜੀਓ ਨੈੱਟਵਰਕ ਤੋਂ ਸਮਝਿਆ ਜਾ ਸਕਦਾ ਹੈ, ਜੋ ਕਿ ਇਸ ਸਮੂਹ ਦੀ ਦੂਰਸੰਚਾਰ ਕੰਪਨੀ ਹੈ ਅਤੇ ਦੇਸ਼ ਦਾ ਸਭ ਤੋਂ ਵੱਡਾ ਮੋਬਾਈਲ ਨੈੱਟਵਰਕ ਵੀ ਹੈ। ਜਦੋਂ ਅਸੀਂ ਰਿਲਾਇੰਸ ਸਮੂਹ ਦੀ ਇੱਛਾ ਨੂੰ ਪੂਰੀ ਤਰ੍ਹਾਂ ਸਮਝਦੇ ਹਾਂ, ਤਾਂ ਅਸੀਂ ਸਮਝ ਸਕਦੇ ਹਾਂ ਕਿ ਇਹ ਸਮੂਹ ਭਾਰਤ ਦਾ ਸਭ ਤੋਂ ਮਹੱਤਵਪੂਰਨ ਮੀਡੀਆ ਬਣ ਗਿਆ ਹੈ। ਰਾਜਨੀਤੀ ਦੇ ਮੁਕਾਬਲੇ, ਮੀਡੀਆ ਵਿੱਚ ਮਾਲਕੀ ਦਾ ਪੈਟਰਨ ਲੰਬੇ ਸਮੇਂ ਲਈ ਕਾਇਮ ਰਹਿੰਦਾ ਹੈ। ਹਿੰਦੁਸਤਾਨ ਟਾਈਮਜ਼ ਗਰੁੱਪ ਵਿੱਚ ਬਿਰਲਾ ਦੀ ਮਲਕੀਅਤ 90 ਸਾਲਾਂ ਤੋਂ ਬਰਕਰਾਰ ਹੈ। ਇਨ੍ਹਾਂ 90 ਸਾਲਾਂ ਵਿੱਚ ਅੰਗਰੇਜ਼ ਭਾਰਤ ਛੱਡ ਕੇ ਚਲੇ ਗਏ, ਕਾਂਗਰਸ ਕਮਜ਼ੋਰ ਹੋਈ ਅਤੇ ਭਾਰਤੀ ਜਨਤਾ ਪਾਰਟੀ ਉੱਭਰੀ। ਸਾਡੀ ਜਾਣਕਾਰੀ ’ਤੇ ਅਡਾਨੀ ਜਾਂ ਕਿਸੇ ਅੰਬਾਨੀ ਦੇ ਕੰਟਰੋਲ ਤੋਂ ਛੁਟਕਾਰਾ ਪਾਉਣ ਨਾਲੋਂ ਦੇਸ਼ ’ਤੇ ਮੋਦੀ ਜਾਂ ਭਾਜਪਾ ਦੇ ਕੰਟਰੋਲ ਤੋਂ ਛੁਟਕਾਰਾ ਪਾਉਣਾ ਆਸਾਨ ਹੋਵੇਗਾ। ਪਹਿਲਾਂ ਹੀ, ਟਾਈਮਜ਼ ਗਰੁੱਪ ਜਾਂ ਭਾਸਕਰ ਗਰੁੱਪ ਵਰਗੇ ਰਵਾਇਤੀ ਮੀਡੀਆ ਹਾਊਸ ਰਿਲਾਇੰਸ ਦੇ ਆਕਾਰ ਅਤੇ ਪ੍ਰਭਾਵ ਤੋਂ ਨਿਰਾਸ਼ ਹੋ ਰਹੇ ਹਨ। ਜਿਵੇਂ ਕਿ ਅਡਾਨੀ ਸਮੂਹ ਮੀਡੀਆ ਵਿੱਚ ਆਪਣੀ ਮੌਜੂਦਗੀ ਵਧਾਉਂਦਾ ਹੈ, ਇੰਡੀਆ ਟੂਡੇ ਸਮੂਹ ਵਰਗੇ ਹੋਰ ਸਮੂਹ ਵੀ ਘਟਣਗੇ। ਇਸ ਖ਼ਤਰੇ ਦੇ ਬਾਵਜੂਦ ਅਜਿਹਾ ਨਹੀਂ ਲੱਗਦਾ ਕਿ ਮੀਡੀਆ ਪ੍ਰਣਾਲੀ ਨੂੰ ਮੁੜ ਉਸਾਰਨ ਦੀ ਸਿਆਸੀ ਇੱਛਾ ਭਾਰਤੀ ਲੋਕਤੰਤਰ ਅੰਦਰ ਨਜ਼ਰ ਆਵੇਗੀ। ਇਹ ਮਾੜੀ ਸਥਿਤੀ, ਜੋ ਆਜ਼ਾਦੀ ਤੋਂ ਬਾਅਦ ਪ੍ਰਚਲਿਤ ਹੈ, ਉਦਾਰੀਕਰਨ ਦੇ ਸਾਲਾਂ ਵਿੱਚ ਵਿਗੜ ਗਈ ਹੈ। ਖ਼ਾਸ ਕਰਕੇ ਮੋਦੀ ਸਰਕਾਰ ਦੇ ਦੌਰ ਵਿੱਚ ਭਾਜਪਾ ਤੋਂ ਬਾਅਦ ਆਉਣ ਵਾਲੀ ਨਵੀਂ ਸਰਕਾਰ ਮੋਦੀ ਦੇ ਨਕਸ਼ੇ-ਕਦਮਾਂ ’ਤੇ ਚੱਲੇਗੀ ਅਤੇ ਸਥਿਤੀ ਨੂੰ ਸੁਧਾਰਨ ਦੀ ਕੋਸ਼ਿਸ਼ ਨਹੀਂ ਕਰੇਗੀ। ਆਉਣ ਵਾਲੇ ਸਮੇਂ ਵਿਚ ਭਾਰਤੀ ਮੀਡੀਆ ਦੀ ਅਜ਼ਾਦੀ ਤੇ ਵਿਭਿੰਨਤਾ ਕਾਰਪੋਰੇਟ ਨਿਗਲ ਜਾਵੇਗਾ ਜੋ ਜਮਹੂਰੀਅਤ ਲਈ ਖ਼ਤਰਨਾਕ ਹੈ।

***

## ਕੈਨੇਡਾ ਵਿਚ ਬੇਰੁਜ਼ਗਾਰੀ ਕਾਰਨ

ਓਂਟਾਰੀਓ ਦੇ ਮਿਸੀਸਾਗਾ ਵਿਚ ਇਕ ਪੈਟਰੋਲ ਪੰਪ ’ਤੇ ਕੰਮ ਕਰਦੀ ਪਵਨਪ੍ਰੀਤ ਕੌਰ ਨੂੰ ਰਾਤ ਵੇਲੇ ਡਿਊਟੀ ਦੌਰਾਨ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਸੀ। ਤਿੰਨ ਦਸੰਬਰ ਦੀ ਰਾਤ ਨੂੰ ਐਡਮਿੰਟਨ ਦੇ 24 ਸਾਲਾ ਨੌਜਵਾਨ ਸਨਰਾਜ ਸਿੰਘ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਚ 10 ਦਸੰਬਰ ਨੂੰ 40 ਸਾਲਾ ਹਰਪ੍ਰੀਤ ਕੌਰ ਦੇ ਘਰ ਵਿਚ ਦਾਖ਼ਲ ਹੋ ਕੇ ਉਸ ਨੂੰ ਕਿਸੇ ਨੇ ਚਾਕੂ ਨਾਲ ਵਿੰਨ੍ਹ ਦਿੱਤਾ ਸੀ। ਉਸ ਤੋਂ ਦੋ ਦਿਨ ਬਾਅਦ ਹੀ ਓਂਟਾਰੀਓ ਦੇ 28 ਸਾਲਾ ਸਤਵਿੰਦਰ ਸਿੰਘ ਨੂੰ ਗੋਲੀ ਮਾਰ ਦਿੱਤੀ ਗਈ ਸੀ। ਇਸ ਤੋਂ ਪਿੱਛੇ ਚਲੇ ਜਾਈਏ ਤਾਂ ਬਰੈਂਪਟਨ ਦੇ ਰੇਡੀਓ ਹੋਸਟ ਜੋਤੀ ਮਾਨ ’ਤੇ ਉਸ ਦੇ ਘਰ ਦੇ ਬਾਹਰ ਹੀ ਹਮਲਾ ਕੀਤਾ ਸੀ।

***

## ਸਿੱਖ ਇਸਤਰੀ ਦਾ ਪਰਿਵਾਰ

ਪਰ ਫ਼ਿਕਰ ਵਾਲੀ ਗੱਲ ਇਹ ਹੈ ਕਿ ਪਰਵਾਰ ਟੁੱਟਦੇ ਜਾ ਰਹੇ ਹਨ। ਅੱਜ 75% ਅਦਾਲਤਾਂ ਵਿਚ ਕੇਸ ਤਲਾਕ ਦੇ ਚੱਲ ਰਹੇ ਹਨ ਅਤੇ ਲੱਗਭਗ ਹਰ ਕੇਸ ਵਿਚ ਦਾਜ ਦਾ ਇਲਜ਼ਾਮ ਲਾਇਆ ਜਾ ਰਿਹਾ ਹੈ।

ਅਸਲ ਵਿਚ ਔਰਤ ਦੀ ਉਥੇ ਹਾਲਤ ਮਾੜੀ ਹੈ ਜਿੱਥੇ ਪਰਿਵਾਰਿਕ ਜੀਅ ਗੁਰੂ ਸਾਹਿਬ ਦੀ ਸਿੱਖਿਆ ਭੁੱਲਦੇ ਜਾ ਰਹੇ ਹਨ। ਗੁਰਬਾਣੀ ਦਾ ਤਾਂ ਸੰਦੇਸ਼ ਹੈ ਕਿ ਸਾਰੀ ਦੁਨੀਆਂ ਹੀ ਇਕ ਪਰਿਵਾਰ ਹੈ। ਫਿਰ ਘਰ-ਪਰਿਵਾਰ ’ਚ ਤਾਂ ਵੱਖ-ਵੱਖ ਜੀਆਂ ਵਿਚਕਾਰ ਆਪਸੀ ਪਿਆਰ ਤੇ ਮਿਲਵਰਤਨ ਹੋਣਾ ਹੋਰ ਵੀ ਜ਼ਰੂਰੀ ਹੈ। ਗੁਰਬਾਣੀ ਦੀ ਸੇਧ ’ਚ ਚੱਲਿਆਂ ਸਭ ਤਰ੍ਹਾਂ ਦੇ ਘਰੇਲੂ ਝਗੜੇ ਖ਼ਤਮ ਹੋ ਸਕਦੇ ਹਨ। ਨਿਮਰਤਾ, ਹਲੀਮੀ, ਕੁਰਬਾਨੀ ਤੇ ਆਪਾ-ਤਿਆਗ ਦੇ ਗੁਣ ਗੁਰਬਾਣੀ ਦੀ ਸੇਧ ਵਿਚ ਚੱਲਿਆਂ ਘਰ ਪਰਿਵਾਰ ’ਚ ਰਹਿੰਦਿਆਂ ਹੀ ਵਿਕਸਿਤ ਹੋ ਸਕਦੇ ਹਨ।

ਕੁੱਲ ਸਮੱਸਿਆਵਾਂ ਦੀ ਮੂਲ ਜੜ੍ਹ ਇਹ ਹੈ ਕਿ ਸਿੱਖ-ਇਸਤਰੀ ਸਿੱਖ ਪਰਵਾਰ ਨਾਲ ਸੰਬੰਧਿਤ ਹੋ ਕੇ ਗੁਰੂ ਦੀ ਨਿਰਮਲ ਸਿੱਖਿਆ ਤੋਂ ਅਨਜਾਣ ਹੈ। ਅਗਰ ਅਸੀਂ ਲੜਕੀ ਦੇ ਜੰਮਣ ਤੋਂ ਪਹਿਲਾਂ ਹੀ ਉਸ ਨੂੰ ਮਾਰ ਦੇਣ ਦੀ ਗੱਲ ਸੁਣਦੇ ਹਾਂ ਤਾਂ ਉਹ ਵੀ ਨੂੰਹ, ਸੱਸ, ਨਨਾਣ, ਭਰਜਾਈ ਤੋਂ ਹੀ ਚੱਲਦੀ ਹੈ ਤੇ ਖ਼ੁਦ ਇਸਤਰੀ ਹੀ ਇਸ ਦੀ ਜ਼ਿੰਮੇਵਾਰ ਹੈ। ਜੇਕਰ ਉਹ ‘ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ’ ਦੇ ਗੁਰ-ਫ਼ਰਮਾਨ ਨੂੰ ਸਮਝ ਲਵੇ ਤਾਂ ਉਹ ਇਸ ਕੁਰਾਹੇ ਤੋਂ ਤੋਬਾ ਕਰ ਲਵੇਗੀ। ਅਸਲ ਵਿਚ ਗੁਰਮਤਿ ਜੀਵਨ-ਜਾਚ ਤੋਂ ਥਿੜਕ ਕੇ ਔਰਤ ਹੀ ਔਰਤ ਦੀ ਦੁਸ਼ਮਣ ਬਣ ਗਈ ਹੈ। ਬਹੁਤ ਹੱਦ ਤਕ ਔਰਤ ਆਪਣੀ ਬਰਬਾਦੀ ਦੀ ਆਪ ਜ਼ਿੰਮੇਵਾਰ ਹੈ। ਔਰਤ ਨੂੰ ਆਪਣਾ ਅਸਲੀ ਵਜੂਦ ਬਰਕਰਾਰ ਰੱਖਣ ਵਾਸਤੇ ਇਸ ਮਸਲੇ ’ਤੇ ਉਸਾਰੂ ਸੋਚ ਤੇ ਅਮਲ ਦਰਸਾਉਣਾ ਪਵੇਗਾ।

ਅਫ਼ਸੋਸ! ਅੱਜ ਦੇ ਫੈਸ਼ਨ ਦੇ ਯੁੱਗ ਵਿਚ ਔਰਤ ਆਪਣੇ ਗੁਣਾਂ ਨੂੰ ਪਹਿਲ ਦੇਣ ਦੀ ਥਾਂ ਔਗੁਣਾਂ ਨੂੰ ਸੱਦਾ ਦੇ ਰਹੀ ਹੈ। ਔਰਤ ਕੋਲ ਹੁਣ ਆਪਣੇ ਬੱਚਿਆਂ ਲਈ ਅਤੇ ਪਤੀ ਲਈ ਕੋਈ ਵਕਤ ਨਹੀਂ ਹੈ। ਹੋਰ ਤਾਂ ਹੋਰ ਅੱਜ ਦੀ ਔਰਤ ਨਸ਼ੇ ਵਰਗੀ ਘਾਤਕ ਚੀਜ਼ ਜਿਸ ਵੱਲ ਉਹ ਤੱਕਦੀ ਵੀ ਨਹੀਂ ਸੀ, ਅੱਜ ਅਪਣਾ ਰਹੀ ਦਿੱਸਦੀ ਹੈ ਜੋ ਘੋਰ ਚਿੰਤਾ ਦਾ ਮਸਲਾ ਹੈ। ਪਹਿਲਾਂ ਇਸਤਰੀ ਵਿਚ ਸਹਿਨਸ਼ੀਲਤਾ, ਦਇਆ ਅਤੇ ਹਮਦਰਦੀ ਦੇ ਗੁਣ ਮਿਲਦੇ ਸਨ। ਅੱਜ ਦੀ ਇਸਤਰੀ ਆਪਣੇ ਬਾਰੇ ਸੋਚਦੀ ਹੈ ਅਤੇ ਸੁਪਨਿਆਂ ਦੀ ਦੁਨੀਆਂ ਵਿਚ ਰਹਿ ਕੇ ਝੂਠੀ ਸ਼ੋਹਰਤ ਅਤੇ ਸ਼ਾਨ ਦੀ ਖ਼ਾਤਰ ਆਪਣੀ ਅਸਲ ਪਹਿਚਾਨ ਨੂੰ ਗਵਾ ਰਹੀ ਹੈ। ਇਹ ਉਸ ਦੇ ਗੁਰਬਾਣੀ ਦੇ ਉਪਦੇਸ਼ ਨੂੰ ਭੁੱਲ ਜਾਣ ਕਰਕੇ ਵਾਪਰ ਰਿਹਾ ਹੈ।

ਪੁਰਾਣੇ ਜ਼ਮਾਨੇ ਵਿਚ ਜਦ ਪਰਿਵਾਰ ਇਕੱਠੇ ਹੁੰਦੇ ਸਨ ਤਦ ਦਾਦੀ ਮਾਂ ਜਾਂ ਨਾਨੀ ਮਾਂ ਬੱਚਿਆਂ ਨੂੰ ਰਾਤ ਨੂੰ ਸੁਹਣੀਆਂ ਕਹਾਣੀਆਂ ਅਤੇ ਗੁਰਮਤਿ ਦੀਆਂ ਸਾਖੀਆਂ ਸੁਣਾਉਂਦੀਆਂ ਸਨ ਜਿਹੜੀਆਂ ਬੱਚਿਆਂ ’ਤੇ ਬਹੁਤ ਚੰਗਾ ਅਸਰ ਪਾਉਂਦੀਆਂ ਸਨ। ਅੱਜ ਦੀ ਪਨੀਰੀ ਕੱਲ੍ਹ ਦੀ ਵਾਰਸ ਹੈ। ਗੁਰਬਾਣੀ ਵਿਚ ਪਤੀ-ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਪ੍ਰੇਮ ਹੀ ਦੱਸਿਆ ਹੈ। ਦਸਮ ਪਾਤਸ਼ਾਹ ਉਚਾਰਨ ਕਰਦੇ ਹਨ :

ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥ (ਸਵੱਯੇ ਪਾ: ੧੦)

ਜੇਕਰ ਅਸੀਂ ਨਿਸਚੈ ਤੇ ਪਿਆਰ ਨਾਲ ਪਰਮਾਤਮਾ ਦੀ ਪ੍ਰਾਪਤੀ ਕਰ ਸਕਦੇ ਹਾਂ ਤਾਂ ਕੀ ਦੁਨਿਆਵੀ ਪਤੀ ਨੂੰ ਨਹੀਂ ਜਿੱਤਿਆ ਜਾ ਸਕਦਾ?

ਜੇਕਰ ਇਸਤਰੀ ਪਿਆਰ, ਲਗਨ ਅਤੇ ਸਤਿਕਾਰ ਦਾ ਹਥਿਆਰ ਅਪਣਾ ਲਵੇ ਤਾਂ ਘਰ ਵਿਚ ਨਾ ਸਿਰਫ਼ ਸੁਖ-ਸ਼ਾਂਤੀ ਦਾ ਹੀ ਵਰਤਾਰਾ ਹੋਵੇਗਾ ਬਲਕਿ ਉਹ ਘਰ ਸੱਚਖੰਡ ਬਣ ਜਾਵੇਗਾ। ਔਰਤ ਘਰ ਦਾ ਸ਼ਿੰਗਾਰ ਹੀ ਨਹੀਂ ਬਲਕਿ ਰੂਹ ਵੀ ਹੈ। ਔਰਤ ਸੁਚੇਤ ਹੋਵੇ ਤਾਂ ਮਰਦ ਜੀਵਨ ਦੇ ਸਹੀ ਮਾਰਗ ’ਤੇ ਜਾਵੇਗਾ ਅਤੇ ਘਰ, ਪਰਵਾਰ ਤੇ ਸਮਾਜ ਦੀ ਤਰੱਕੀ ’ਚ ਭਰਪੂਰ ਹਿੱਸਾ ਪਾਏਗਾ।

ਜੇਕਰ ਅੱਜ ਵੀ ਭੈਣਾਂ ਅਤੇ ਬੱਚੀਆਂ ਆਪਣੇ ਧਰਮ, ਆਪਣੇ ਸਭਿਆਚਾਰ ਨਾਲ ਜੁੜਨ ਦੀ ਕੋਸ਼ਿਸ਼ ਕਰਨ ਤਾਂ ਅੱਜ ਵੀ ਬੀਬੀਆਂ ਪਹਿਲੀਆਂ ਮਾਤਾਵਾਂ ਵਾਂਗ, ਸਿੱਖ ਬੀਬੀਆਂ ਤੇ ਪਹਿਲੇ ਵਾਂਗ ਵਾਹਿਗੁਰੂ ਦੀ ਬਖਸ਼ਿਸ਼ ਦੀਆਂ ਪਾਤਰ ਬਣ ਜਾਣਗੀਆਂ। ਸਿੱਖ ਬੀਬੀਆਂ ਦੁਆਰਾ ਗੁਰਮਤਿ ਅਸੂਲਾਂ, ਗੁਰਬਾਣੀ ਵਿਚ ਵਰਣਤ ਰੂਹਾਨੀ ਅਤੇ ਸਦਾਚਾਰਕ ਗੁਣਾਂ ਦਾ ਸੰਚਾਰ ਤੇ ਪਾਸਾਰ ਸਿੱਖ ਕੌਮ ਨੂੰ ਸਭ ਤਰ੍ਹਾਂ ਦੇ ਮੌਜੂਦ ਸੰਕਟਾਂ ’ਚੋਂ ਕੱਢ ਕੇ ਚੜ੍ਹਦੀ ਕਲਾ ਵੱਲ ਲਿਜਾ ਸਕਦਾ ਹੈ।

## ਸਤਗੁਰ ਕੇ ਲਾਲ ਬੋਲੇ

ਬਸ ਇਹ ਉਹ ਹੀ ਸਮਾਂ ਸੀ ਕਿ ਇਸ ਸੰਗਤ ਰੂਪੀ ਇਕੱਤਰਤਾ ਦਾ ਨਾਂ ਸਿੰਘ ਸਭਾ ਪੈ ਗਿਆ। ਭਾਰਤ ਤੇ ਪਾਕਿਸਤਾਨ ਦੀ ਹੋਈ 1947 ਈ: ਦੀ ਵੰਡ ਮਗਰੋਂ ਜਦੋਂ ਵੱਡੀ ਗਿਣਤੀ 'ਚ ਸਿੱਖ ਅਤੇ ਹਿੰਦੂ ਸ਼ਰਨਾਰਥੀਆਂ ਦੇ ਰੂਪ 'ਚ ਭਾਰਤ ਆਏ ਤਾਂ ਬਹੁਤੇ ਲੋਕਾਂ ਆਪਣੇ ਰੈਣ-ਬਸੇਰੇ ਲਈ ਪੰਜਾਬ ਤੇ ਹਰਿਆਣੇ ਦੇ ਇਲਾਕੇ ਚੁਣੇ ਤੇ ਉਸ ਮਗਰੋਂ ਸਮੇਂ ਦੇ ਨਾਲ-ਨਾਲ ਇਸ ਅਸਥਾਨ 'ਤੇ ਸੰਗਤਾਂ ਦਾ ਇਕੱਠ ਵਧਣ ਲੱਗਾ। ਪਟਿਆਲਾ ਰਿਆਸਤ ਦੇ ਮਹਾਰਾਜਾ ਭੁਪਿੰਦਰ ਸਿੰਘ ਨੇ ਆਪਣੇ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਉਸ ਸਮੇਂ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਨਾਂ ਜਗੀਰ ਲੁਆਈ ਅਤੇ ਇਸ ਅਸਥਾਨ ਤੇ ਦਰਸ਼ਨੀ ਡਿਊੜੀ ਵੀ ਬਣਵਾਈ।ਸ੍ਰੀ ਫ਼ਤਹਿਗੜ੍ਹ ਸਾਹਿਬ ਦੀ ਧਰਤੀ ਤੇ ਹਰ ਸਾਲ 11,12 ਅਤੇ 13 ਪੋਹ ਨੂੰ ਸ਼ਹੀਦੀ ਸਿੰਘ ਸਭਾ 'ਚ ਜਿੱਥੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਆਉਂਦੇ, ਉੱਥੇ ਇਸ ਅਸਥਾਨ ਤੇ ਵਪਾਰਕ ਬਿਰਤੀ ਦੇ ਲੋਕਾਂ ਵੱਲੋਂ ਇਸ ਅਸਥਾਨ ਦੀ ਮਹਾਨਤਾ ਨੂੰ ਅੱਖੋਂ ਪਰੋਖੇ ਕਰ ਸਰਕਸਾਂ, ਝੂਲੇ ਅਤੇ ਅਨੇਕਾਂ ਤਰ੍ਹਾਂ ਦੀਆਂ ਵਪਾਰਕ ਖੇਡਾਂ ਦੇ ਕਾਰਨ ਕਦੋਂ ਸ਼ਹੀਦੀ ਸਿੰਘ ਸਭਾ ਨੇ ਮੇਲੇ ਦਾ ਰੂਪ ਧਾਰਨ ਕਰ ਲਿਆ ਪਤਾ ਹੀ ਨਾ ਲੱਗਾ। ਸਮਾਂ ਬਦਲਿਆ ਤੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਨੂੰ ਡਿਪਟੀ ਕਮਿਸ਼ਨਰ ਦੇ ਰੂਪ 'ਚ ਇਕ ਨੇਕ ਦਿਲ ਇਨਸਾਨ ਸੁਰਿੰਦਰ ਕੁਮਾਰ ਆਹਲੂਵਾਲੀਆ ਜੀ ਮਿਲੇ, ਜਦੋਂ ਉਨ੍ਹਾਂ ਦੇ ਧਿਆਨ 'ਚ ਇਸ ਸ਼ਹੀਦੀ ਸਿੰਘ ਸਭਾ ਵਿਚ ਹੁੰਦੀਆਂ ਘੋਰ ਕੁਤਾਹੀਆਂ ਦਾ ਪਤਾ ਲੱਗਾ ਤਾਂ ਉਨ੍ਹਾਂ ਜਥੇਦਾਰ ਸ. ਗੁਰਚਰਨ ਸਿੰਘ ਟੌਹੜਾ ਨਾਲ ਵਿਚਾਰ-ਵਟਾਂਦਰਾ ਕਰ ਇਸ ਮੇਲਾ ਬਣ ਚੁੱਕੀ ਸ਼ਹੀਦੀ ਸਿੰਘ ਸਭਾ ਨੂੰ ਮੁੜ ਸੁਰਜੀਤ ਕਰਨ ਲਈ ਯਤਨ ਅਰੰਭ ਦਿੱਤੇ। ਡਿਪਟੀ ਕਮਿਸ਼ਨਰ ਆਹਲੂਵਾਲੀਆ ਜੀ ਵੱਲੋਂ ਸਖਤੀ ਨਾਲ ਇੱਥੇ ਲੱਗਣ ਵਾਲੇ ਸਰਕਸਾਂ, ਝੂਲੇ ਅਤੇ ਅਨੇਕਾਂ ਤਰ੍ਹਾਂ ਦੀਆਂ ਵਪਾਰਕ ਖੇਡਾਂ ਤੇ ਕਾਨੂੰਨੀ ਪਾਬੰਦੀ ਲਾਉਣ ਦਾ ਪ੍ਰਬੰਧ ਕੀਤਾ ਗਿਆ। ਪੁਰਾਤਨ ਸਮੇਂ 'ਚ ਕੁਝ ਲੋਕ ਸ਼ਹੀਦੀ ਸਿੰਘ ਸਭਾ ਦੇ ਦਿਨਾਂ 'ਚ ਹਰ ਸਾਲ ਤਿੰਨ ਦਿਨ 11,12 ਅਤੇ 13ਪੋਹ ਨੂੰ ਧਰਤੀ ਤੇ ਭੁੰਜੇ ਸੌਂਦੇ ਤੇ ਆਪਣੇ ਸ਼ਰਧਾ ਦੇ ਫੁੱਲ ਭੇਂਟ ਕਰਦੇ, ਨਾਲ ਹੀ ਸ਼ਹੀਦੀ ਦਿਨਾਂ 'ਚ ਸੋਗ ਵਜੋਂ ਲੋਕ ਆਪਣੇ ਘਰਾਂ 'ਚ ਚੁੱਲ੍ਹਾ ਤੱਕ ਨਾ ਬਾਲਦੇ ਅਤੇ ਪੋਹ ਦੇ ਮਹੀਨੇ ਕੋਈ ਵੀ ਸ਼ਗਨ-ਸੁਆਰਥ ਨਹੀਂ ਸਨ ਕਰਦੇ। ਇਹ ਕੁਰਬਾਨੀਆਂ ਭਰਿਆ ਹਫਤਾ ਸਾਨੂੰ ਅਣਖ ਨਾਲ ਜਿੰਦਗੀ ਜਿਉਣ ਦੀ ਜੀਵਨ-ਜਾਂਚ ਸਿਖਾਉਂਦਾ ਹੈ।

***

## ਸਫੇਦ ਚਾਦਰ

ਤੁਹਾਨੂੰ ਗਲਤ ਸਮਝਦੀ ਰਹੀ।'

'ਕੋਈ ਗੱਲ ਨਹੀਂ ਅਵਨੀਤ ਤੈਨੂੰ ਜੋ ਕੁੱਝ ਦੱਸਿਆ ਗਿਆ ਤੂੰ ਉਹ ਹੀ ਸੱਚ ਮੰਨਣਾ ਸੀ।ਅਵਨੀਤ ਬਸ ਆਪਣਾ ਮਨ ਕਰੜਾ ਕਰਕੇ ਰਹੀਂ ।ਇੱਕ ਵਿਧਵਾ ਔਰਤ ਦੀ ਜੂਨ ਗਲੀ ਵਿੱਚ ਫਿਰਦੀ ਲਾਵਾਰਿਸ ਕੁੱਤੀ ਵਰਗੀ (ਇਹ ਸ਼ਬਦ ਵਰਤਣ ਲਈ ਮੁਆਫੀ ਚਾਹੁੰਦੀ ਹਾਂ ਪਰ ਇਹ ਕੌੜੀ ਸੱਚਾਈ ਹੈ) ਹੋ ਜਾਂਦੀ ਹੈ ਜਿਸ ਦਾ ਸ਼ਿਕਾਰ ਗਲੀ ਦਾ ਹਰ ਅਵਾਰਾ ਕੁੱਤਾ ਕਰਨਾ ਲੋਚਦਾ ਹੈ। ਯਾਦ ਰੱਖੀਂ,...ਔਰਤ ਕਦੇ ਵੀ ਜਿਸਮ ਦੀ ਭੁੱਖ ਨਾਲ ਨਹੀਂ ਮਰਦੀ ਪਰ ਉਹ ਉਦੋਂ ਮਰ ਜਾਂਦੀ ਹੈ ਜਦੋਂ ਕੋਈ ਉਹਦੇ ਚਰਿੱਤਰ ਤੇ ਸਵਾਲੀਆ ਨਿਸ਼ਾਨ ਲਗਾ ਦੇਵੇ।'

ਉਹ ਦੋਵੇਂ ਕਾਫੀ ਦੇਰ ਇੱਕ ਦੂਜੇ ਨੂੰ ਗਲ ਨਾਲ ਲਾ ਕੇ ਰੋਂਦੀਆਂ ਰਹੀਆਂ। ਫਿਰ ਉਹ ਮਨ ਹੌਲਾ ਕਰਕੇ ਤੁਰ ਗਈ। ਅਵਨੀਤ ਨੇ ਵਾਅਦਾ ਲਿਆ ਕਿ ਉਹ ਰੋਜ ਉਹਦੇ ਕੋਲ ਆਇਆ ਕਰੇਗੀ।

ਉਮਰ ਭਰ ਸੰਭਾਲਦੀ ਰਹੀ ਉਹ ਮੋਢੇ ਤੇ ਚੁੰਨੀ ਨੂੰ
ਚਰਿੱਤਰ ਨੂੰ ਬਚਾਉਂਦਿਆਂ ਬਚਾਉਂਦਿਆਂ
ਉਹ ਚਰਿੱਤਰਹੀਣ ਹੋ ਗਈ......।

***

## ਸੂਬਾ ਸਰਕਾਰਾਂ ਦੇ ਪ੍ਰਸਤਾਵ

ਮਾਨਸੂਨ ਇਜਲਾਸ 2022 ਵਿੱਚ ਵੀ ਸ਼੍ਰੋਮਣੀ ਅਕਾਲੀ ਦਲ

ਦੇ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਵੱਲੋਂ ਇਹ ਮੁੱਦਾ ਚੁੱਕਿਆ ਗਿਆ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਰੋਸ ਪ੍ਰਦਰਸ਼ਨ ਵੀ ਕੀਤਾ ਗਿਆ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਜੰਤਰ ਮੰਤਰ 'ਤੇ ਸਿੱਖ ਕੈਦੀਆਂ ਦੀ ਰਿਹਾਈ ਨੂੰ ਲੈ ਕੇ ਧਰਨਾ ਪ੍ਰਦਰਸ਼ਨ ਵੀ ਕੀਤਾ ਗਿਆ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 11 ਮੈਂਬਰੀ ਕਮੇਟੀ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਅਰਵਿੰਦ ਕੇਜਰੀਵਾਲ ਨੂੰ ਵੀ ਇਸ ਬਾਰੇ ਚਿੱਠੀ ਲਿਖੀ ਸੀ।ਇਸ ਮਸਲੇ ਬਾਰੇ ਸਿੱਖ ਜਥੇਬੰਦੀਆਂ ਰਿਹਾਈ ਮਾਰਚ ਵੀ ਕਰਦੀਆਂ ਰਹੀਆਂ ਹਨ ਅਤੇ ਸੱਤਾਧਾਰੀ ਪਾਰਟੀਆਂ ਤੱਕ ਪਹੁੰਚ ਵੀ ਕਰਦੀਆਂ ਰਹੀਆਂ ਹਨ।2019 ਵਿਚ ਤਾਂ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ ਮੌਕੇ ਕੁਝ ਨੂੰ ਰਿਹਾਅ ਕਰਨ ਦਾ ਵੀ ਐਲਾਨ ਕੀਤਾ ਸੀ। ਪਰ ਹੋਇਆ ਕੁਝ ਨਹੀਂ।

***

## ਕਾਲਪੀ ਰਿਸ਼ੀ ਦੀ ਯਾਦਗਾਰ

ਕਿਹਾ ਜਾਂਦਾ ਹੈ ਇਹ ਉਹੀ ਸਥਾਨ ਸੀ ਜਿੱਥੇ ਬੈਠ ਕੇ ਕਾਲਪੀ ਰਿਸ਼ੀ ਤਪ ਕਰਦੇ ਸਨ। ਸਿੱਖਾਂ ਦੀ ਇਸ ਅਸਥਾਨ ਪ੍ਰਤੀ ਵੀ ਸ਼ਰਧਾ ਹੈ ਕਿਉਂਕਿ ਇਹ ਵੀ ਦਸਮੇਸ਼ ਪਿਤਾ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ ਹੈ। ਇਸੇ ਭਾਵਨਾ ਕਰਕੇ ਸਿੱਖਾਂ ਨੇ ਕਈ ਵਾਰੀ ਇਸ ਅਸਥਾਨ ਨੂੰ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ ਪਰ ਹਾਲੇ ਤੱਕ ਸਫ਼ਲਤਾ ਨਹੀਂ ਮਿਲੀ।

1931 ਵਿਚ, ਭਾਈ ਧੰਨਾ ਸਿੰਘ ਦੱਸਦੇ ਹਨ ਕਿ ਕਿਸੇ ਸਮੇਂ ਦਸਮੇਸ਼ ਪਿਤਾ ਦੀ ਇੱਥੇ ਇਕ ਪੱਕੀ ਮੰਜੀ ਸਾਹਿਬ ਮੌਜੂਦ ਸੀ ਅਤੇ ਨਿਸ਼ਾਨ ਸਾਹਿਬ ਝੂਲ ਰਹੇ ਸਨ, ਪਰ ਇੱਥੇ ਕੋਈ ਸੇਵਾ ਕਰਨ ਲਈ ਨਹੀਂ ਆਇਆ ਅਤੇ 30-35 ਸਾਲ ਤੋਂ ਉਹ ਵੀ ਢੱਠੀਆਂ ਪਈਆਂ ਹਨ।

ਪਿਛਲੇ ਕੁੱਝ ਸਮੇਂ ਤੋਂ ਸਿੱਖਾਂ ਦੇ ਮਨ ਵਿਚ ਇਸ ਅਸਥਾਨ ਨੂੰ ਪੁਨਰ-ਸਥਾਪਿਤ ਕਰਨ ਦਾ ਵਿਚਾਰ ਦੁਬਾਰਾ ਪੈਦਾ ਹੋ ਗਿਆ ਹੈ ਅਤੇ ਉਹ ਇਸ ਦੇ ਦਰਸ਼ਨ ਲਈ ਨਿਰੰਤਰ ਉੱਥੇ ਜਾ ਰਹੇ ਹਨ। ਇੱਥੇ ਝੂਲ ਰਿਹਾ ਇਕ ਛੋਟਾ ਜਿਹਾ ਨਿਸ਼ਾਨ ਸਾਹਿਬ ਸਿੱਖਾਂ ਦੀ ਇਸ ਅਸਥਾਨ ਪ੍ਰਤੀ ਸ਼ਰਧਾ ਅਤੇ ਦ੍ਰਿੜ੍ਹਤਾ ਦੀ ਨਿਸ਼ਾਨਦੇਹੀ ਕਰਦਾ ਹੈ। ਸਥਾਨਕ ਵੱਸੋਂ ਵਿਚੋਂ ਨਰਿੰਦਰ ਮਹਿਤਾ ਪੰਜਾਬੀ ਪਰਿਵਾਰ ਨਾਲ ਸੰਬੰਧਿਤ ਇਕ ਬਜ਼ੁਰਗ ਹੈ ਜਿਹੜਾ ਕਿ ਡਾਕਖ਼ਾਨੇ ਦੇ ਸਾਹਮਣੇ ਹੀ ਦੁਕਾਨ ਕਰਦਾ ਹੈ। ਜਦੋਂ ਇਸ ਨਾਲ ਮੁਲਾਕਾਤ ਹੋਈ ਤਾਂ ਇਸ ਨੇ ਦੱਸਿਆ ਕਿ ਮੌਜੂਦਾ ਕਾਨੂੰਨ ਅਨੁਸਾਰ ਇੱਥੇ ਕੋਈ ਵੀ ਬਾਹਰਲਾ ਵਿਅਕਤੀ ਜ਼ਮੀਨ ਨਹੀਂ ਖਰੀਦ ਸਕਦਾ ਜਿਸ ਕਰਕੇ ਭਾਵੇਂ ਇੱਥੇ ਗੁਰਦੁਆਰਾ ਬਣਨਾ ਮੁਸ਼ਕਿਲ ਹੈ ਪਰ ਇਸ ਨੂੰ ਅਸੰਭਵ ਨਹੀਂ ਕਿਹਾ ਜਾ ਸਕਦਾ।

ਸਥਾਨਕ ਵੱਸੋਂ ਵਿਚੋਂ ਵੀ ਜਿਹੜੇ ਲੋਕਾਂ ਨਾਲ ਮੁਲਾਕਾਤ ਹੋਈ ਸਭਨਾਂ ਨੇ ਇੱਥੇ ਗੁਰ-ਅਸਥਾਨ ਦੀ ਉਸਾਰੀ ਲਈ ਯਤਨ ਕਰਨ 'ਤੇ ਜ਼ੋਰ ਦਿੱਤਾ। ਭਾਵੇਂ ਕਿ ਉਨ੍ਹਾਂ ਦਾ ਮਨੋਰਥ ਸਿੱਖ ਸ਼ਰਧਾਲੂਆਂ ਦੇ ਇਸ ਅਸਥਾਨ 'ਤੇ ਆਉਣ ਨਾਲ ਕਾਰੋਬਾਰ ਵਧਣ ਦੀ ਇੱਛਾ ਨਾਲ ਸੰਬੰਧਿਤ ਹੋ ਸਕਦਾ ਹੈ ਪਰ ਗੁਰਸਿੱਖ ਇਸ ਅਸਥਾਨ ਨੂੰ ਗੁਰੂ ਸਾਹਿਬ ਦੀ ਯਾਦਗਾਰ ਵਜੋਂ ਵਿਕਸਿਤ ਹੋਇਆ ਦੇਖਣਾ ਚਾਹੁੰਦੇ ਹਨ।

***

## ਖੇਤੀ ਨੂੰ ਲਾਹੇਵੰਦ ਬਣਾਉਣ

ਸਰਕਾਰ ਨੇ ਨਹੀਂ ਖਰੀਦੀ, ਉਹ ਬਾਅਦ ਵਿਚ ਘੱਟੋ-ਘੱਟ ਸਮਰਥਨ ਮੁੱਲ ਭਾਵ ਐਮ.ਐਸ.ਪੀ.ਤੋਂ ਤਿੰਨ ਹਿੱਸੇ ਘਟ ਕੀਮਤ 'ਤੇ ਵਿਕੀ। ਜੇ ਅਸੀਂ ਪ੍ਰੋਸੈਸ ਕਰਨ ਦੇ ਸਮਰੱਥ ਹੁੰਦੇ ਤਾਂ ਛਿਲਕਾ ਲਾ ਕੇ ਦਲੀ ਹੋਈ ਮੂੰਗੀ ਨੂੰ ਪੈਕਿੰਗ ਕਰ ਕੇ ਮਾਰਕਾ ਲਾ ਕੇ ਕੇ ਵੇਚਿਆ ਜਾ ਸਕਦਾ ਸੀ ਤੇ ਫੇਰ ਮੁਨਾਫ਼ਾ ਵੀ ਹੋ ਜਾਣਾ ਸੀ। ਕਾਰਪੋਰੇਟ ਇਹੋ ਹੀ ਤਾਂ ਕਰਦੇ ਹਨ।

ਇਸ ਵੇਲੇ ਲੋੜ ਹੈ ਨੌਜਵਾਨਾਂ ਨੂੰ ਸਹੀ ਢੰਗ ਨਾਲ ਸਿਖਲਾਈ ਦਿੱਤੀ ਜਾਵੇ ਪਰ ਜੋ ਇਸ ਵੇਲੇ ਪੰਮਤੀ ਵਰਗੇ ਸਟੇਟ ਟ੍ਰੇਨਿੰਗ ਇੰਸਟੀਟਿਊਟ ਖੁੱਲ੍ਹੇ ਹਨ ਉਹ ਸਿਧਾਂਤਕ ਤੌਰ 'ਤੇ ਜੋ ਪ੍ਰਬੰਧਨ ਦਾ ਕੰਨਸੈਪਟ ਦੱਸਦੇ ਹਨ, ਭਾਵ ਖੇਤੀ ਨਾਲ ਸੰਬੰਧਿਤ ਮਹਿਕਮਿਆਂ ਨੂੰ ਕਾਰੋਬਾਰੀ ਪ੍ਰਬੰਧਨ (ਬਿਜ਼ਨੈੱਸ ਮੈਨੇਜਮੈਂਟ) ਦੀ ਥਿਊਰੀ ਤਾਂ ਪੜ੍ਹਾ ਦਿੰਦੇ ਹਨ ਤਾਂ ਕਿ ਉਨ੍ਹਾਂ ਦਾ ਰੁਝਾਨ ਮੰਡੀਕਰਨ ਵੱਲ ਨੂੰ ਆਵੇ ਪਰ ਉਨ੍ਹਾਂ ਨੂੰ ਅਮਲੀ ਰੂਪ ਵਿਚ ਕੋਈ ਸਿਖਲਾਈ ਨਹੀਂ ਦਿੱਤੀ ਜਾਂਦੀ ਤਾਂ ਕਿ ਉਹ ਅੱਗੇ ਕਿਸਾਨਾਂ ਨੂੰ ਇਸ ਯੋਗ ਬਣਾ ਸਕਣ ਕਿ ਉਹ ਆਪਣੀ ਪੈਦਾਵਾਰ ਦੀ ਗੁਣਵੱਤਾ ਵਧਾ ਕੇ ਲਾਹੇਵੰਦ ਮੁੱਲ ਲੈ ਸਕਣ। ਅੱਜ ਵੀ 15-20 ਸਾਲ ਪਹਿਲਾਂ ਵਾਲੇ ਸਿਖਲਾਈ ਕੋਰਸ ਹੀ ਲਾਏ ਜਾਂਦੇ ਹਨ। ਮੈਂ ਗੱਲ ਕਰਨੀ ਚਾਹਾਂਗਾ ਕਿ ਪੰਜਾਬ ਵਿਚ ਤਿੰਨ ਫੂਡ ਪਾਰਕ ਖੁੱਲ੍ਹੇ ਸਨ। ਇਕ ਬੰਦ ਹੋ ਗਿਆ, ਦੋ ਬੰਦ ਹੋਣ ਦੀ ਕਾਗਾਰ 'ਤੇ ਹਨ। ਇਸ ਬਾਰੇ ਜੇ ਸਰਕਾਰਾਂ ਵਾਕਿਆ ਹੀ ਕੁਝ ਕਰਨਾ ਚਾਹੁੰਦੀਆਂ ਹਨ ਤਾਂ ਜਿਹੜੇ ਸਟੇਟ ਟ੍ਰੇਨਿੰਗ ਇੰਸਟੀਚਿਊਟ ਹਨ, ਉਨ੍ਹਾਂ ਵਿਚ ਖੇਤੀਬਾੜੀ ਦੀ ਪੈਦਾਵਾਰ ਵਧਾਉਣ ਵਾਲੇ ਵਿਗਿਆਨੀਆਂ ਨੂੰ ਮੁਖੀ ਲਾਉਣ ਦੀ ਬਜਾਏ ਉਸ ਵਿਚ ਮੁਖੀ ਤੇ ਸਟਾਫ ਵਪਾਰ ਅਤੇ ਕਾਰੋਬਾਰੀ ਪ੍ਰਬੰਧਨ (ਬਿਜ਼ਨੈੱਸ ਮੈਨੇਜਮੈਂਟ) ਦੀ ਪੜ੍ਹਾਈ ਅਤੇ ਸਿਖਲਾਈ ਵਾਲਾ ਲਾਇਆ ਜਾਵੇ, ਜਿਨ੍ਹਾਂ ਨੇ ਵਪਾਰ ਦੇ ਕੋਰਸ ਦੀ ਗ੍ਰੈਜੂਏਸ਼ਨ ਕੀਤੀ ਹੋਵੇ ਤੇ ਐਮ.ਬੀ.ਏ. ਅਤੇ ਪੀ.ਐਚ. ਡੀ. ਮਾਰਕੀਟਿੰਗ ਦੀ ਕੀਤੀ ਹੋਵੇ। ਇਨ੍ਹਾਂ ਦਾ ਮੁੱਖ ਰੋਲ ਨੌਜਵਾਨਾਂ ਨੂੰ ਜੋੜ ਕੇ ਉਨ੍ਹਾਂ ਨੂੰ ਕਾਰੋਬਾਰੀ ਯੋਜਨਾ ਬਣਵਾ ਕੇ ਲਾਗੂ ਕਰਨ ਵਿਚ ਮਦਦ ਕਰਨਾ ਹੋਵੇ। ਸਿਖਲਾਈ ਦੇਣ ਵਾਲਿਆਂ ਨੂੰ ਵਪਾਰਕ (ਮਰਕੈਨਟਾਈਲ) ਕਾਨੂੰਨ ਬਾਰੇ ਵੀ ਜਾਣਕਾਰੀ ਜ਼ਰੂਰੀ ਹੋਵੇ।

ਇਸ ਵਿਚ ਸਰਕਾਰ ਅਗਾਂਹ ਲਈ ਨਵੀਂ ਸਿੱਖਿਆ ਨੀਤੀ ਵਿਚ ਵੀ ਬਦਲਾਅ ਲਿਆਵੇ। ਰੱਟਾ ਮਾਰਨ ਵਾਲੀ ਪੜ੍ਹਾਈ ਤੋਂ ਬਦਲ ਕੇ ਅਮਲੀ ਜਾਮਾ ਪਹਿਨਾਉਣ ਵਾਲੀ ਪੜ੍ਹਾਈ ਕਰਵਾਵੇ, ਭਾਵ ਜੇ ਵਿਦਿਆਰਥੀ ਨੂੰ ਕਲਾਸ ਵਿਚ ਕੰਪਨੀ ਰਜਿਸਟ੍ਰੇਸ਼ਨ ਦਾ ਤਰੀਕਾ ਦੱਸਿਆ ਗਿਆ ਹੈ ਤਾਂ ਉਸ ਤੋਂ ਡੱਮੀ ਕੰਪਨੀ ਰਜਿਸਟਰ ਕਰਵਾਈ ਜਾਵੇ, ਤਾਂ ਜੋ ਉਸ ਨੂੰ ਅਮਲੀ ਤੌਰ 'ਤੇ ਕੀ ਮੁਸ਼ਕਲਾਂ ਆਉਂਦੀਆਂ ਹਨ, ਉਸ ਬਾਰੇ ਪਤਾ ਲੱਗੇ। ਇਸੇ ਤਰ੍ਹਾਂ ਅੱਜ ਸਾਡੇ ਵਿਦਿਆਰਥੀ ਬੀ.ਕਾਮ, ਬੀ.ਬੀ.ਏ., ਐਮ.ਬੀ.ਏ. ਕਰਕੇ ਵੀ ਕਾਰੋਬਾਰੀ ਨੀਤੀ (ਬਿਜ਼ਨੈਸ ਪਲੈਨ) ਜਾਂ ਫਿਰ ਵਹੀ ਖਾਤਾ (ਬੈਲੇਂਸ ਸ਼ੀਟ) ਨਹੀਂ ਬਣਾ ਸਕਦੇ। ਸੋ, ਇਹ ਸਾਡੀ ਪੜ੍ਹਾਈ ਉੱਪਰ ਇੱਕ ਵੱਡਾ ਸਵਾਲੀਆ ਨਿਸ਼ਾਨ ਹੈ।

## ਨਵੇਂ ਸਾਲ ਦੌਰਾਨ ਸਿੱਖ ਕੌਮ ਨੂੰ ਦਰਪੇਸ਼

ਸਿੱਖ ਬੱਚਿਆਂ ਨੂੰ ਗੁਰਮੁਖੀ ਅਤੇ ਗੁਰਬਾਣੀ ਸਮਝਣੀ ਚਾਹੀਦੀ ਹੈ। ਗੁਰਦੁਆਰੇ ਇਸ ਵਿੱਚ ਵੱਡੀ ਭੂਮਿਕਾ ਅਦਾ ਕਰ ਸਕਦੇ ਹਨ। ਇਹ ਨਿਰਾਸ਼ਾਯੋਗ ਗੱਲ ਹੈ ਕਿ ਸਾਡੇ ਗੁਰਦੁਆਰੇ ਅਧਿਆਤਮਕਤਾ ਦੀ ਥਾਂ ਸ਼ਕਤੀ ਦੇ ਅਖਾੜੇ ਬਣਦੇ ਜਾ ਰਹੇ ਹਨ। ਸਾਡੇ ਗੁਰਦੁਆਰਿਆਂ ਵਿੱਚ ਪ੍ਰਬੰਧਕੀ ਚੋਣਾਂ ਕਰਕੇ ਹਰਦਮ ਸੰਘਰਸ਼ ਚਲਦਾ ਰਹਿੰਦਾ ਹੈ ਅਤੇ ਲਾਲਚੀ ਪ੍ਰਬੰਧਕ ਹਮੇਸ਼ਾਂ ਗੁਰਦੁਆਰੇ ਨੂੰ ਅਪਣੇ ਕਬਜ਼ੇ ਵਿੱਚ ਲੈਣ ਲਈ ਭਿਆਨਕ ਮੌਖਿਕ ਅਤੇ ਸਰੀਰਕ ਝੜਪਾਂ ਕਰਦੇ ਰਹਿੰਦੇ ਹਨ। ਇਸਦਾ ਸਿੱਟਾ ਹੈ ਕਿ ਉਹ ਨਵੀਂ ਪੀੜ੍ਹੀ ਦੇ ਸਿੱਖਾਂ ਲਈ ਘਟੀਆ ਰੋਲ ਮਾਡਲ ਹੋਕੇ ਸਿੱਖੀ ਦੀ ਬੜੀ ਕੋਝੀ ਤਸਵੀਰ ਪੇਸ਼ ਕਰਦੇ ਹਨ। ਸਿੱਖ ਨੌਜਵਾਨ ਇਸੇ ਲਈ ਬੇਉਤਸ਼ਾਹੀ ਹੋ ਗਏ ਹਨ ਅਤੇ ਗੁਰਦੁਆਰੇ ਜਾਣ ਤੋਂ ਕਤਰਾਉਂਦੇ ਹਨ।

ਸੋ ਜ਼ਰੂਰੀ ਹੈ ਕਿ ਨੌਜਵਾਨਾਂ ਵਿੱਚ ਉਤਸ਼ਾਹ ਪੈਦਾ ਕੀਤਾ ਜਾਵੇ। ਇਸ ਲਈ ਬਜ਼ੁਰਗਾਂ ਅਤੇ ਮਾਪਿਆਂ ਨੂੰ ਉਦਾਹਰਣ ਪੇਸ਼ ਕਰਨੀ ਚਾਹੀਦੀ ਹੈ ਨਹੀਂ ਤਾਂ ਇਹ ਗੁਰੂਆਂ ਪ੍ਰਤੀ ਗੈਰ ਜ਼ਿੰਮੇਵਾਰੀ ਹੋਵੇਗੀ। ਇਸ ਲਈ ਸਾਨੂੰ ਆਤਮ ਚਿੰਤਨ ਦੀ ਲੋੜ ਹੈ ਪਰ ਸਾਨੂੰ ਪਹਿਲਾਂ ਇਹ ਨਿਸ਼ਚਿਤ ਕਰਨਾ ਪਵੇਗਾ ਕਿ ਸਾਡੇ ਗੁਰਦੁਆਰੇ ਹੇਠ ਲਿਖੇ ਤਰੀਕਿਆਂ ਨਾਲ ਸਿੱਖੀ ਦੀ ਸੇਵਾ ਕਰ ਸਕਦੇ ਹਨ :-

1. ਸਾਡੀ ਨੌਜਵਾਨ ਪੀੜ੍ਹੀ ਨੂੰ ਗੁਰਬਾਣੀ, ਗੁਰੂਆਂ, ਪਰਮਾਤਮਾਂ ਅਤੇ ਅਧਿਆਤਮਕਤਾ ਦੇ ਨੇੜੇ ਲਿਆਉਣ ਲਈ ਖੁੱਲਾ ਨਜ਼ਰੀਆ।

2. ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਅਨੁਸਾਰ ਹਰ ਇੱਕ ਨੂੰ ਸਹੀ ਸਿੱਖੀ ਜੀਵਨ ਬਤੀਤ ਕਰਨ ਲਈ ਰਹਿਨੁਮਾਈ ਦੇਣੀ।

3. ਨਵੇਂ ਢੰਗ ਜਿਵੇਂ ਸੈਮੀਨਾਰ, ਵਰਕਸ਼ਾਪ ਅਤੇ ਖੁੱਲੇ ਆਚਾਰ ਵਿਚਾਰ ਕਰਨੇ ਅਤੇ ਸਿੱਖੀ ਦੇ ਫੈਲਾਅ ਲਈ ਨਵੇਂ ਤਰੀਕੇ ਖੋਜਣੇ ਅਤੇ ਸੁਝਾਉਣੇ। ਇੱਥੇ ਹੀ ਸਿੱਖੀ ਦੇ ਤਿੰਨ ਮੂਲ ਸਿਧਾਂਤ ਨਾਮ ਜਪਣਾ, ਵੰਡ ਛਕਣਾ ਅਤੇ ਕਿਰਤ ਕਰਨਾ ਸਿਖਾਉਣੇ ਚਾਹੀਦੇ ਹਨ। ਗੁਰਦੁਆਰਿਆਂ ਦੀ ਪ੍ਰਬੰਧਕੀ ਚੋਣ ਲਈ ਪੰਚ ਪ੍ਰਧਾਨੀ ਪ੍ਰਣਾਲੀ ਸਹੀ ਰਹੇਗੀ।ਅਗਲਾ ਕਦਮ ਸਕੂਲੀ ਪੱਧਰ ਅਤੇ ਉੱਚ ਸਿੱਖਿਆ ਦਾ ਹੈ। ਸਿੱਖਿਆ ਨਾ ਕੇਵਲ ਸਿੱਖੀ ਸਿਧਾਂਤਾਂ ਅਤੇ ਚੇਤੰਨਤਾ ਭਰਦੀ ਹੈ ਬਲਕਿ ਆਤਮ ਵਿਸ਼ਵਾਸ, ਸਵਾਧੀਨਤਾ ਅਤੇ ਸਵੈਮਾਨ ਵੀ ਜਗਾਉਂਦੀ ਹੈ। ਸਮੇਂ ਦੀ ਮੰਗ ਉੱਚ ਮਿਆਰੀ ਨਵੇਂ ਕਿੱਤੇਮੁਖੀ ਅਤੇ ਸੰਤੁਲਿਤ ਸਿੱਖਿਆ ਪ੍ਰਣਾਲੀ ਜੋ ਸਤਿਕਾਰਯੋਗ ਜੀਵਨੀ ਪ੍ਰਦਾਨ ਕਰ ਸਕੇ ਅਤੇ ਨਾਲ ਹੀ ਸਿੱਖ ਕਦਰਾਂ ਕੀਮਤਾਂ, ਸੱਭਿਆਚਾਰ ਅਤੇ ਬੋਲੀ ਦਾ ਫੈਲਾਅ ਕਰ ਸਕੇ।ਇਹ ਬੜੇ ਦੁੱਖ ਦੀ ਗੱਲ ਹੈ ਸਿੰਘ ਸਭਾ ਲਹਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੀਫ ਖਾਲਸਾ ਦੀਵਾਨ ਦੁਆਰਾ ਸਥਾਪਿਤ ਕੀਤੀਆਂ ਗਈਆਂ ਸਿੱਖਿਆ ਸੰਸਥਾਵਾਂ ਚੱਲ ਤਾਂ ਰਹੀਆਂ ਹਨ ਪਰ ਇਨ੍ਹਾਂ ਸੰਸਥਾਵਾਂ ਦਾ ਮਿਆਰ, ਭਰੋਸੇਯੋਗਤਾ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਦਿਨ ਪ੍ਰਤੀ ਦਿਨ ਇਸ ਹੱਦ ਤੱਕ ਗਿਰਦੇ ਜਾ ਰਹੇ ਹਨ ਕਿ ਇਹ ਲੋਕਾਂ ਲਈ ਅਖੀਰਲਾ ਰਸਤਾ ਹੀ ਰਹਿ ਗਏ ਹਨ। ਇਸ ਦਾ ਮੁੱਖ ਕਾਰਨ ਸੰਪੂਰਨ ਅਤੇ ਸ਼ਰੇਆਮ ਪ੍ਰਬੰਧਕੀ ਕਬਜ਼ੇ ਅਤੇ ਸਕੂਲਾਂ ਦਾ ਰਾਜਨੀਤੀਕਰਨ ਹੈ। ਪ੍ਰਬੰਧਕ ਦਿਸ਼ਾਹੀਨ ਵਿਅਕਤੀ ਹਨ ਜੋ ਨਾਂ ਕਿੱਤੇ ਦੇ ਮਾਹਰ ਤੇ ਨਾਂ ਹੀ ਤਜਰਬੇਕਾਰ ਹਨ।

ਚੋਣਾਂ ਸਮੇਂ ਸਾਡੇ ਉੱਘੇ ਵਿਦਵਾਨਾਂ ਅਤੇ ਤਜਰਬੇਕਾਰ ਪ੍ਰਬੰਧਕਾਂ ਨੇ ਸਿੱਖਿਆ ਡਾਇਰੈਕਟੋਰੇਟ ਅਤੇ ਵਿਸ਼ਵ ਸਿੱਖ ਯੁਨੀਵਰਸਿਟੀ ਦੀ ਸਥਾਪਨਾ ਦਾ ਵਾਅਦਾ ਤਾਂ ਕੀਤਾ ਪਰ ਜੋ ਸੰਗਠਨ ਸਾਹਮਣੇ ਆਏ ਹਨ ਉਹ ਸਿੱਖੀ ਕਦਰਾਂ ਕੀਮਤਾਂ ਤੋਂ ਕਿਤੇ ਦੂਰ ਜਾਪਦੇ ਹਨ। ਇਸ ਤਰ੍ਹਾਂ ਮੈਨੇਜਮੈਂਟ, ਪਾਲਿਸੀ ਬਣਾਉਣਾਂ ਅਤੇ ਇਨ੍ਹਾਂ ਸਕੂਲਾਂ ਲਈ ਫੈਸਲੇ ਲੈਣ ਦਾ ਕੰਮ ਸਿਰਫ ਦਫਤਰੀ ਬਾਬੂਆਂ ਜਾਂ ਰਾਜਨੀਤਕਾਂ ਦੇ ਹੱਥ ਹੀ ਹੈ। ਤਜਵੀਜ਼ ਕੀਤੀ ਜਾਂਦੀ ਹੈ ਕਿ :-

1. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਵਿੱਚ ਆਟੋਨੌਮਸ ਸਿੱਖਿਆ ਡਾਇਰੈਕਟੋਰੇਟਾਂ ਦੀ ਸਥਾਪਨਾ ਵਿੱਚ ਦੇਰੀ ਨਹੀਂ ਹੋਣੀ ਚਾਹੀਦੀ। ਆਟੋਨੋਮਸ ਸਿੱਖਿਆ ਡਾਇਰੈਕਟੋਰੇਟ ਵਿੱਚ ਉੱਘੇ ਸਿੱਖ, ਸਿਖਿਆਕਾਰ, ਤਜਰਬੇਕਾਰ ਪ੍ਰਬੰਧਕ, ਜਾਣੇ ਪਛਾਣੇ ਕਿੱਤਾਕਾਰ ਅਤੇ ਗੁਰਦੁਆਰਾ ਕਮੇਟੀ ਦੇ ਨੁਮਾਇੰਦੇ ਹੋਣੇ ਚਾਹੀਦੇ ਹਨ। ਚੇਅਰਮੈਨ ਅਤੇ ਕਾਊਂਸਲ ਦੇ ਵਧੇਰੇ ਮੈਂਬਰਾਂ ਕੋਲ ਸਕੂਲਾਂ ਦੇ ਪ੍ਰਬੰਧ, ਅਧਿਆਪਕਾਂ ਦੀ ਚੋਣ ਅਤੇ ਬਦਲੀ, ਦਾਖਲਾ ਸਬੰਧੀ ਕਾਨੂੰਨ, ਸਿੱਖਿਆ ਦਾ ਢਾਂਚਾ ਘੜਣ ਆਦਿ ਦੇ ਗਿਣੇ ਮਿਥੇ ਅਧਿਕਾਰ ਹੋਣੇ ਚਾਹੀਦੇ ਹਨ। ਸਿੱਖਿਆ ਕਾਉਂਸਲ ਦਾ ਇੱਕ ਹੋਰ ਮਹੱਤਵਪੂਰਨ ਕੰਮ ਕਿੱਤਾ ਮੁਖੀ ਸਿਖਲਾਈ ਦੀ ਜਰੂਰਤ ਅਤੇ ਮੰਗ ਅਨੁਸਾਰ ਕਲਾ, ਵਿਗਿਆਨ ਅਤੇ ਵਣਜ-ਵਪਾਰ ਵਿੱਦਿਆ ਨੂੰ ਕਿੱਤਾਮੁਖੀ ਸਿੱਖਿਆ ਨਾਲ ਜੋੜਨਾ ਹੈ। ਇਸੇ ਤਰ੍ਹਾਂ ਸਿੱਖੀ ਉੱਤੇ ਖੋਜ ਕਰਨ ਲਈ ਵਧੇਰੇ ਉਚੇਰੀ ਖੋਜ ਸੰਸਥਾ ਹੋਣੀ ਚਾਹੀਦੀ ਹੈ।

2. ਵਿਸ਼ਵ ਸਿੱਖ ਵਿਸ਼ਵ ਵਿਦਿਆਲਿਆ ਸਮੇਂ ਦੀ ਮੰਗ ਸੀ। ਵਿਸ਼ਵ ਪੱਧਰ ਤੇ ਸਿੱਖਿਆ ਨਾਲ ਸਬੰਧਿਤ ਅਤੇ ਸਿੱਖੀ ਸਿਧਾਂਤਾਂ 'ਤੇ ਖਰੇ ਉਤਰਨ ਵਾਲੇ ਵਿਅਕਤੀ ਨੂੰ ਇਸ ਦਾ ਵਾਇਸ ਚਾਂਸਲਰ ਨਿਯੁਕਤ ਕੀਤਾ ਜਾਣਾ ਚਾਹੀਦਾ ਸੀ ਪਰ ਇਸ ਨੂੰ ਆਮ ਯੂਨੀਵਰਸਿਟੀ ਵਾਂਗ ਹੀ ਬਣਾ ਲਿਆ ਗਿਆ ਜੋ ਬਾਅਦ ਵਿੱਚ ਲੜਾਈ ਝਗੜੇ ਦਾ ਕਾਰਨ ਬਣ ਗਏ। ਯੁਨੀਵਰਸਿਟੀ ਵਿੱਚ ਸਿੱਖ ਵਿਦਿਆਰਥੀਆਂ ਲਈ ਸਿੱਖੀ ਦੇ ਵੱਖਰੇ-ਵੱਖਰੇ ਪੱਖ ਜਿਵੇਂ ਸਿੱਖੀ ਅਧਿਆਤਮ, ਸਿੱਖ ਇਤਿਹਾਸ, ਸ੍ਰੀ ਗੁਰੂ ਗ੍ਰੰਥ ਸਾਹਿਬ, ਬਾਣੀ-ਬਾਣਾ, ਗੁਰਬਾਣੀ ਦੇ ਵਿਕਾਸ ਦੇ ਪੱਖ, ਸਿੱਖੀ ਪ੍ਰਬੰਧ, ਸਿੱਖੀ ਕਾਨੂੰਨ, ਸਿੱਖ ਯੁੱਧ, ਸਿੱਖੀ ਦਾ ਵਿਸ਼ਵ ਤੇ ਅਸਰ, ਸਿੱਖ ਭੁਗੋਲਿਕ ਹੱਦਾਂ, ਸਿੱਖ ਆਰਥਿਕਤਾ, ਸਿੱਖ ਸਿਆਸਤ, ਸਿੱਖ ਪ੍ਰਬੰਧਕੀ ਢਾਂਚਾ, ਮਿਸਲ ਪ੍ਰਣਾਲੀ, ਕੀਰਤਨ, ਅਧਿਆਤਮ, ਸਿੱਖੀ ਕਦਰਾਂ ਕੀਮਤਾਂ ਨੂੰ ਖਤਰਾ ਅਤੇ ਹੋਰ ਅਨੇਕਾਂ ਹੀ ਵਿਸ਼ੇ ਹਨ ਜਿਨ੍ਹਾਂ ਦੇ ਖੋਜ ਅਧਿਐਨ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਜੋ ਅਜੇ ਤੱਕ ਨਹੀਂ।

3. ਸਕੂਲ ਪ੍ਰਬੰਧਕਾਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਪਾਠਕ੍ਰਮ ਵਿੱਚ ਸਿੱਖੀ ਦਾ ਭਵਿੱਖ, ਕਦਰਾਂ ਕੀਮਤਾਂ ਨੂੰ ਸਹੀ ਤਰੀਕੇ ਨਾਲ ਸ਼ਾਮਿਲ ਕੀਤਾ ਜਾਵੇ। ਇਸ ਮੰਤਵ ਲਈ ਯੋਗ ਅਧਿਆਪਕਾਂ ਨੂੰ ਲੈਣਾ ਚਾਹੀਦਾ ਹੈ ਜੋ ਸਿੱਖ ਧਰਮ ਦੀਆਂ ਪ੍ਰੰਪਰਾਵਾਂ; ਪੰਜਾਬੀ ਬੋਲੀ ਅਤੇ ਸਿੱਖੀ ਦੇ ਮੂਲ ਸਿਧਾਂਤਾਂ ਵਿੱਚ ਪਰਪੱਕ ਹੋਣ।

4. ਸਿੱਖ ਸਕੂਲਾਂ/ਕਾਲਜਾਂ ਵਿੱਚ ਉਨ੍ਹਾਂ ਸਿੱਖ ਬੱਚਿਆਂ ਲਈ ਜੋ ਬਦਕਿਸਮਤੀ ਨਾਲ ਸ਼ਰਾਬ, ਨਸ਼ੇ, ਤੰਬਾਕੂ ਦਾ ਸੇਵਨ ਕਰਦੇ ਹਨ ਜਾਂ ਏਡਜ਼ ਦੇ ਸ਼ਿਕੰਜੇ ਵਿੱਚ ਫਸ ਗਏ ਹਨ ਦੇ ਇਲਾਜ ਦਾ ਬੰਦੋਬਸਤ ਹੋਵੇ ਤੇ ਮੁਢਲੀ ਸਿੱਖਿਆ ਦਿੱਤੀ ਜਾਵੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਸਥਾਂਵਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਿੱਖੀ ਵਿੱਚ ਪਰਪੱਕ ਅਧਿਆਪਕ ਹੀ ਰੱਖੇ ਜਾਣ। ਸਕੂਲ ਦੇ ਪਾਠਕ੍ਰਮ ਵਿੱਚ ਸਿੱਖ ਧਰਮ ਦੀਆਂ ਸਿੱਖਿਆਵਾਂ ਅਤੇ ਧਿਆਨ ਲਾਉਣ ਦੇ ਤਰੀਕੇ ਪਾਏ ਜਾਣ। ਦਿਨ ਦੀ ਸ਼ੁਰੂਆਤ ਢੁਕਦੇ ਸ਼ਬਦ ਨਾਲ ਹੋਣੀ ਚਾਹੀਦੀ ਹੈ, ਇਸ ਤੋਂ ਬਾਅਦ ਸਿੱਖ ਇਤਿਹਾਸ ਜਾਂ ਸਿੱਖ ਸਿਧਾਂਤਾਂ ਤੇ ਲੈਕਚਰ ਹੋਣਾ ਚਾਹੀਦਾ ਹੈ। ਸਾਰੀਆਂ ਹੀ ਸਿੱਖ ਸੰਸਥਾਵਾਂ ਨਾਲ ਸੰਬੰਧਿਤ ਗੁਰਦੁਆਰੇ ਹਨ। ਸਾਰੇ ਵਿਦਿਆਰਥੀਆਂ ਨੂੰ ਸਾਰੇ ਗੁਰਪੁਰਬ ਮਨਾਉਣਾ ਜ਼ਰੂਰੀ ਹੋਵੇ। ਸਾਰੇ ਸਿੱਖ ਸਿਧਾਂਤਾਂ ਦੀ ਸਿੱਖਿਆ ਦਿੱਤੀ ਜਾਵੇ। ਅਧਿਆਪਕ ਖੁਦ ਉਦਾਹਰਣ ਬਣਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਧਿਆਪਕ ਨਿਯੁਕਤ ਹੋਣ ਜਾਂ ਉਨ੍ਹਾਂ ਦੀ ਤਨਖਾਹ ਦਾ ਪ੍ਰਬੰਧ ਕੀਤਾ ਜਾਵੇ। ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਸਿੱਖੀ ਸਿਧਾਂਤਾਂ ਵੱਲ ਖਾਸ ਧਿਆਨ ਦਿੱਤਾ ਜਾਵੇ। ਇਸ ਮੰਤਵ ਲਈ ਇੱਕਜੁਟ ਹੋ ਕੇ ਹੰਭਲਾ ਮਾਰਨ ਦੀ ਲੋੜ ਹੈ।

ਸਿੱਖੀ ਸਿਧਾਂਤਾਂ ਪ੍ਰਤੀ ਉਦਾਸੀਨਤਾ ਸਿੱਖਾਂ ਨੂੰ ਡੇਰਿਆਂ ਵੱਲ ਖਿੱਚ ਰਹੀ ਹੈ। ਇਹ ਡੇਰੇ ਆਪਣੇ ਆਪ ਨੂੰ ਸਿੱਖੀ ਦੇ ਪ੍ਰਚਾਰਕ ਕਹਿੰਦੇ ਹਨ ਜਦ ਕਿ ਇਹ ਸਿੱਖੀ ਦੇ ਨਾਂ ਤੇ ਆਪਣਾ ਉੱਲੂ ਸਿੱਧਾ ਕਰ ਰਹੇ ਹਨ। ਸਮੇਂ ਦੀ ਲੋੜ ਹੈ ਕਿ ਇੱਕ ਯੋਜਨਾਬੱਧ ਤਰੀਕੇ ਨਾਲ ਇੱਕ ਮੁਹਿੰਮ ਚਲਾਈ ਜਾਵੇ ਤਾਂ ਜੋ ਇਨ੍ਹਾਂ ਡੇਰਿਆਂ ਦਾ ਪਰਦਾਫਾਸ਼ ਕੀਤਾ ਜਾ ਸਕੇ। ਕੇਂਦਰੀ ਅਤੇ ਸੁਰੱਖਿਆ ਸੇਵਾਵਾਂ ਵਿੱਚ ਸਿੱਖਾਂ ਦੀ ਗਿਣਤੀ ਦਿਨੋਂ ਦਿਨ ਘਟ ਰਹੀ ਹੈ। ਸਾਨੂੰ ਸਾਰੇ ਨੌਜਵਾਨਾਂ ਨੂੰ ਟ੍ਰੇਨਿੰਗ ਦੇ ਕੇ ਸਫਲ ਹੋਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਉਸੇ ਤਰ੍ਹਾਂ ਆਈ ਆਈ ਟੀ, ਆਈ ਆਈ ਐਮ ਤੇ ਆਈ ਆਈ ਐਸ ਵਰਗੇ ਸੰਸਥਾਨਾਂ ਵਿੱਚ ਵੀ ਸਿੱਖ ਵਿਦਿਆਰਥੀਆਂ ਦੀ ਸੰਖਿਆ ਘਟ ਰਹੀ ਹੈ। ਸਾਨੂੰ ਖਾਸ ਤੌਰ 'ਤੇ ਸਿੱਖ ਵਿਦਿਆਰਥੀਆਂ ਨੂੰ ਇਸ ਮੰਤਵ ਦੀ ਪੂਰਤੀ ਲਈ ਸਿਖਲਾਈ ਦੇਣੀ ਚਾਹੀਦੀ ਹੈ। ਇਸ ਲਈ ਸਾਨੂੰ ਨਿਵੇਕਲੀ ਸੰਸਥਾ ਕਾਇਮ ਕਰਨੀ ਚਾਹੀਦੀ ਹੈ।ਸਾਡੇ ਕੋਲ ਸੂਝਵਾਨ ਵਿਅਕਤੀਆਂ ਦੀ ਕਮੀ ਹੈ। ਮਿਸ਼ਨਰੀ ਸਿੱਖਿਆ ਦੀ ਪ੍ਰਣਾਲੀ ਹੁਣ ਨੌਕਰੀ ਅਤੇ ਪੈਸੇ ਦਾ ਸ੍ਰੋਤ ਬਣ ਕੇ ਰਹਿ ਗਈ ਹੈ। ਬਹੁਤ ਥੋੜ੍ਹੇ ਵਿਦਿਆਰਥੀ ਸਹੀ ਪ੍ਰਚਾਰਕ ਸਿੱਧ ਹੁੰਦੇ ਹਨ। ਰਾਗੀ ਅਤੇ ਪ੍ਰਚਾਰਕ ਹੁਣ ਅਧਿਆਤਮਕ ਪ੍ਰਾਪਤੀਆਂ ਦੀ ਥਾਂ ਤੇ ਸੰਸਾਰਕ ਪ੍ਰਾਪਤੀਆਂ ਵਿੱਚ ਪੈ ਗਏ ਹਨ। ਸਾਨੂੰ ਮਿਸ਼ਨਰੀ ਸਿੱਖਿਆ ਵਿੱਚ ਪੂਰਾ ਬਦਲਾਉ ਲਿਆਉਣ ਦੀ ਲੋੜ ਹੈ।

***

## ਬਾਬਾ ਬਿਕਰਮਾ ਸਿੰਘ ਬੇਦੀ ਦੇ ਸੰਦਰਭ

ਸ਼ਾਮ ਚੌਰਾਸੀ ਦੇ ਇਲਾਕੇ ਤੋਂ ਨਿਤਨੇਮ ਕਰਦਿਆਂ ਗ੍ਰਿਫ਼ਤਾਰ ਕਰ ਲਿਆ ਗਿਆ।

ਰੂਹਾਨੀ ਤਾਕਤ ਨਾਲ ਲਬਰੇਜ਼ ਬਾਬਾ ਬਿਕਰਮਾ ਸਿੰਘ ਬੇਦੀ ਦਾ ਇਹ ਮੰਨਣਾ ਸੀ ਕਿ ਖ਼ਾਲਸੇ ਨੂੰ ਪਾਤਸ਼ਾਹੀ ਦਾ ਹੱਕ ਸਤਿਗੁਰੂ ਨੇ ਆਪ ਬਖ਼ਸ਼ਿਆ ਹੈ ਅਤੇ ਜਿੰਨਾ ਚਿਰ ਪਾਤਸ਼ਾਹੀ ਦੁਬਾਰਾ ਨਹੀਂ ਮਿਲ ਜਾਂਦੀ, ਉਨਾ ਚਿਰ ਉਹ ਜੰਗ ਜਾਰੀ ਰੱਖਣਗੇ। ਆਪ ਅੰਦਰ ਇਸ ਗੱਲ ਦਾ ਅਕਹਿ ਦਰਦ ਸੀ ਕਿ 'ਦੇਸ਼ ਪੰਜਾਬ' ਨੇ ਕਦੇ ਗੁਲਾਮ ਨਹੀਂ ਸੀ ਹੋਣਾ, ਜੇਕਰ 'ਆਪਣਿਆਂ' ਵੱਲੋਂ ਗ਼ੱਦਾਰੀ ਕਰਕੇ ਖ਼ਾਲਸਾ ਰਾਜ ਨੂੰ ਗੁਲਾਮ ਨਾ ਬਣਾਇਆ ਜਾਂਦਾ। ਬਾਬਾ ਬਿਕਰਮਾ ਸਿੰਘ ਬੇਦੀ ਦੇ ਦਲੇਰਾਨਾ ਕਥਨ ਸਨ ਕਿ ਸਿੱਖਾਂ ਦਾ ਕਤਰਾ-ਕਤਰਾ ਅੰਗਰੇਜ਼ ਰਾਜ ਤੋਂ ਬਗ਼ਾਵਤ ਕਰੇਗਾ ਅਤੇ ਉਹ ਦੇਸ਼ ਪੰਜਾਬ ਵਿੱਚੋਂ ਅੰਗਰੇਜ਼ਾਂ ਨੂੰ ਕੱਢ ਕੇ ਹੀ ਸਾਹ ਲੈਣਗੇ। ਅੰਗਰੇਜ਼ਾਂ ਵੱਲੋਂ ਬਾਬਾ ਬੇਦੀ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਨਜ਼ਦੀਕ ਇਕ ਡਿਓੜੀ ਦੇ ਕਮਰੇ ਵਿੱਚ ਨਜ਼ਰਬੰਦ ਰੱਖਿਆ ਗਿਆ, ਜਿੱਥੇ ਉਨ੍ਹਾਂ ਦੀਆਂ ਅੱਖਾਂ ਦੀ ਰੋਸ਼ਨੀ ਚਲੀ ਗਈ। ਕਿਹਾ ਜਾਂਦਾ ਹੈ ਕਿ ਅੰਗਰੇਜ਼ ਸਰਕਾਰ ਨੇ ਉਨ੍ਹਾਂ ਨੂੰ ਧੀਵਾਂ ਜ਼ਹਿਰ ਦਿੱਤਾ ਸੀ। ਇਸ ਨਜ਼ਰਬੰਦੀ ਦੌਰਾਨ ਅੰਗਰੇਜ਼ਾਂ ਦੇ ਜਬਰ ਝੱਲਦਿਆਂ ਬਾਬਾ ਬਿਕਰਮਾ ਸਿੰਘ ਬੇਦੀ ਸੰਨ 1863 ਵਿਚ ਸ਼ਹੀਦੀ ਪਾ ਗਏ। ਦੇਸ ਪੰਜਾਬ 'ਤੇ ਅੰਗਰੇਜ਼ਾਂ ਦੇ ਕਬਜ਼ੇ ਨਾਲ ਹੀ ਆਜ਼ਾਦ ਖ਼ਾਲਸਾ ਰਾਜ ਦੀ ਪ੍ਰਭੂਸੱਤਾ ਖ਼ਤਮ ਹੋ ਗਈ। ਬ੍ਰਿਟਿਸ਼ ਰਜਵਾੜਿਆਂ ਨੇ ਆਪਣੀ ਹਿੰਦੋਸਤਾਨੀ ਬਸਤੀ ਵਿਚ ਦੇਸ਼ ਪੰਜਾਬ ਨੂੰ ਸ਼ਾਮਲ ਕਰਦੇ ਸਾਰ ਹੀ, ਖ਼ਾਲਸਾ ਰਾਜ ਦੇ ਆਖ਼ਰੀ ਵਾਰਿਸ ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਬਣਾ ਲਿਆ ਅਤੇ ਵਲੈਤ ਘੱਲ ਦਿੱਤਾ। ਉਨ੍ਹਾਂ ਕਿਹਾ ਕਿ ਇਹ ਪੁਸਤਕ ਸਿੱਖ ਇਤਿਹਾਸ ਵਿਚ ਅਹਿਮ ਦਰਜਾ ਰੱਖਦੀ ਹੈ ਜਿਸ ਵਿਚ ਪੁਰਾਤਨ ਦਸਤਾਵੇਜ਼ ਤੇ ਖਾਲਸਾ ਰਾਜ ਦੀਆਂ ਯਾਦਾਂ ਤੇ ਸਿੱਖ ਸ਼ਹਾਦਤਾਂ ਦਾ ਵਰਨਣ ਹੈ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ




ON

jus PUNJABI HD

sling

CREDIBILITY RELIABILITY

Minute to Minute Coverage of Punjab Elections

Punjabi Super Pack

20 channels for only $25/month on sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com